
ਸਾਹਿਤਕ ਏਕਮ

ਅਕਤੂਬਰ-ਦਸੰਬਰ • 2021


ਮੁੱਲ : 50/-






ਕਹਾਣੀ

ਡਾ. ਨਰੇਸ਼



ਨਿਬੰਧ

ਸੁਰਿੰਦਰ ਸਿੰਘ ਤੇਜ



ਰੇਖਾ ਚਿੱਤਰ

ਪ੍ਰੇਮ ਸਿੰਘ ਮਾਨ



ਨਾਵਲ ਅੰਸ਼

ਬਲਬੀਰ ਪਰਵਾਨਾ




ਕਹਾਣੀ


ਰਾਜਿੰਦਰ ਸਿੰਘ ਰਾਜਨ

ਡੈਣ ਮੰਨੇ ਜਾਣ ਤੋਂ ਪਦਮਸ਼ਿਰੀ ਤੱਕ ਦਾ ਸਫ਼ਰ

ਝਾਰਖੰਡ ਦੇ ਇੱਕ ਪਿੰਡ ਸਰਾਏਕੇਲਾ ਖਰਸਾਵਾਂ ਵਿੱਚ 1995 ਵਿੱਚ ਛੁਟਨੀ ਦੇਵੀ ਮਹਤੋ ਨਾਮ ਦੀ ਔਰਤ ਰਹਿੰਦੀ ਸੀ। ਗੁਆਂਢੀਆਂ ਦੀ ਲੜਕੀ ਬੀਮਾਰ ਹੋ ਗਈ ਤਾਂ ਉਨ੍ਹਾਂ ਨੇ ਛੁਟਨੀ ਵੱਲੋਂ ਲੜਕੀ ’ਤੇ ਜਾਦੂ ਟੂਣਾ ਕੀਤਾ ਹੋਣ ਦਾ ਇਲਜ਼ਾਮ ਲਾਇਆ ਤੇ ਪਿੰਡ ਦੀ ਪੰਚਾਇਤ ਵੱਲੋਂ ਉਸ ’ਤੇ ਡੈਣ ਹੋਣ ਦਾ ਇਲਜ਼ਾਮ ਲਾ ਦਿੱਤਾ ਗਿਆ। ਇੱਕ ਜਾਦੂ ਟੂਣੇ ਕਰਨ ਵਾਲੇ ਨੇ ਪਿੰਡ ਵਾਲ਼ਿਆਂ ਨੂੰ ਛੁਟਨੀ ਮਹਤੋ ਨੂੰ ਮੈਲ਼ਾ ਪਿਆਉਣ ਵਾਸਤੇ ਕਿਹਾ। ਇਸ ਫ਼ੈਸਲੇ ਤੋਂ ਪ੍ਰੇਸ਼ਾਨ ਹੋ ਕੇ ਉਹ ਰਾਤ ਵੇਲੇ ਆਪਣੇ ਚਾਰ ਬੱਚਿਆਂ ਸਮੇਤ ਆਪਣੇ ਪੇਕੇ ਬੀਰਵਾਂਸ ਨਾਮ ਦੇ ਪਿੰਡ ਦੌੜ ਗਈ । ਏਥੇ ਵੀ ਅੰਧ ਵਿਸ਼ਵਾਸ ਸੀ ਪਰ ਉਸ ਦੇ ਪੇਕਿਆਂ ਤੇ ਪਤੀ ਨੇ ਉਸ ਦਾ ਸਾਥ ਦਿੱਤਾ। ਪੰਜ ਸਾਲਾਂ ਪਿੱਛੋਂ ਉਹ ਡੈਣ ਕਹਿ ਕੇ ਤੰਗ ਕੀਤੀਆਂ ਜਾਂਦੀਆਂ ਔਰਤਾਂ ਵਾਸਤੇ ਕੰਮ ਕਰਨ ਲੱਗ ਪਈ। ਜਦੋਂ ਉਸ ਨੂੰ ਡੈਣ ਕਹਿ ਕੇ ਪ੍ਰੇਸ਼ਾਨ ਕੀਤਾ ਗਿਆ ਸੀ, ਉਹ ਕੁਝ ਨਹੀਂ ਸੀ ਕਰ ਸਕੀ ਪਰ ਉਹ ਅਜਿਹੀਆਂ ਔਰਤਾਂ ਦਾ ਦਰਦ ਮਹਿਸੂਸ ਕਰ ਸਕਦੀ ਸੀ।

ਉਹ ਦੱਸਦੀ ਹੈ ਪਿਛਲੇ ਪੰਜ ਸਾਲਾਂ ਵਿੱਚ ਅੰਧਵਿਸ਼ਵਾਸ ਦੇ ਚੱਲਦਿਆਂ 215 ਔਰਤਾਂ ਦੀ ਡੈਣ ਕਹਿ ਕੇ ਹੱਤਿਆ ਹੋ ਚੁੱਕੀ ਹੈ ।ਇਸ ਤਰੀਕੇ ਨਾਲ ਹਰ ਸਾਲ ਤਕਰੀਬਨ ਪੰਜਾਹ ਔਰਤਾਂ ਨੂੰ ਉਨ੍ਹਾਂ ਦੇ ਪਰਿਵਾਰ ਵਾਲ਼ਿਆਂ, ਰਿਸ਼ਤੇਦਾਰਾਂ ਜਾਂ ਆਲੇ ਦੁਆਲੇ ਦੇ ਲੋਕਾਂ ਵੱਲੋਂ ਮਾਰ ਦਿੱਤਾ ਜਾਂਦਾ ਹੈ। ਨੈਸ਼ਨਲ ਕ੍ਰਾਈਮ ਰੀਕਾਰਡ ਬਿਊਰੋ ਦੇ ਅੰਕੜੇ ਵੀ ਇਸ ਦੀ ਪੁਸ਼ਟੀ ਕਰਦੇ ਹਨ। ਅੰਧਵਿਸ਼ਵਾਸ ਕਾਰਨ ਕੀਤੇ ਜਾ ਰਹੇ ਇਸ ਜ਼ੁਲਮ ਖ਼ਿਲਾਫ਼ ਛੁਟਨੀ ਦੇਵੀ ਮਹਤੋ ਦੋ ਦਹਾਕਿਆਂ ਤੋਂ ਲੜ ਰਹੀ ਹੈ ।ਝਾਰਖੰਡ ਵਿੱਚ ਜਦੋਂ ਵੀ ਕੋਈ ਅਜਿਹਾ ਮਸਲਾ ਸਾਹਮਣੇ ਆਉਂਦਾ ਹੈ ਛੁਟਨੀ ਦੇਵੀ ਮਹਤੋ ਨੂੰ ਹੀ ਯਾਦ ਕੀਤਾ ਜਾਂਦਾ ਹੈ। ਹੁਣ ਤੱਕ ਪੁਲੀਸ ਦੀ ਮਦਦ ਨਾਲ ਉਹ 140 ਔਰਤਾਂ ਨੂੰ ਇਨਸਾਫ਼ ਦੁਆ ਚੁੱਕੀ ਹੈ। ਇਸ ਤਰ੍ਹਾਂ ਦੇ ਕੇਸਾਂ ਵਿੱਚ ਪਹਿਲਾਂ ਉਹ ਦੋਸ਼ੀ ਲੋਕਾਂ ਨੂੰ ਗ੍ਰਿਫਤਾਰ ਕਰਵਾਉਂਦੀ ਹੈ ਫਿਰ ਪਿੰਡ ਵਿੱਚ ਜਾ ਕੇ ਲੋਕਾਂ ਨੂੰ ਸਮਝਾਉਂਦੀ ਹੈ। ਇਸ ਤੋਂ ਪਿੱਛੋਂ ਇਸ ਤਰ੍ਹਾਂ ਦੀਆਂ ਔਰਤਾਂ ਦੇ ਪੁਨਰਵਾਸ ਵਿੱਚ ਮਦਦ ਵੀ ਕਰਦੀ ਹੈ। ਹੁਣ ਲੋਕ ਉਸ ਦੀ ਗੱਲ ਸੁਣਨ ਵੀ ਲੱਗ ਪਏ ਹਨ। ਉਹ ਦੱਸਦੀ ਹੈ ਕਿ ਇਸ ਤਰ੍ਹਾਂ ਦੇ ਕੇਸਾਂ ਦੀ ਵਜ੍ਹਾ ਅਕਸਰ ਔਰਤਾਂ ਦੇ ਨਾਮ ਵਾਲੀ ਜ਼ਮੀਨ ਜਾਇਦਾਦ ਨੂੰ ਰਿਸ਼ਤੇਦਾਰਾਂ ਵੱਲੋਂ ਹਥਿਆਉਣਾ ਹੁੰਦਾ ਹੈ। ਇਸ ਸੰਬੰਧ ਵਿੱਚ ਕੀਤੇ ਜਾਂਦੇ ਸੈਮੀਨਾਰਾਂ ਵਿੱਚ ਛੁਟਨੀ ਦੇਵੀ ਮਹਤੋ ਨੂੰ ਮੁੱਖ ਤੌਰ ’ਤੇ ਬੁਲਾਇਆ ਜਾਂਦਾ ਹੈ। ਉਸਨੇ ਇਸ ਅੰਧਵਿਸ਼ਵਾਸ ਨੂੰ ਖਤਮ ਕਰਨਾ ਹੀ ਆਪਣੀ ਜ਼ਿੰਦਗੀ ਦਾ ਮਕਸਦ ਬਣਾ ਲਿਆ ਹੈ। ਉਸ ਨੂੰ ਪਦਮਸ਼ਿਰੀ ਦਾ ਸਨਮਾਨ ਵੀ ਮਿਲ ਚੁੱਕਾ ਹੈ।





ਸਾਹਿਤਕ
ਏਕਮ
ਅਕਤੂਬਰ-ਦਸੰਬਰ • 2021

ਸਾਹਿਤਕ
ਏਕਮ

ਆਧੁਨਿਕ ਸਾਹਿਤ, ਕਲਾ ਅਤੇ ਪੰਜਾਬੀ ਜ਼ੁਬਾਨ ਦੀ
ਪ੍ਰਤੀਨਿਧ ਤ੍ਰੈਮਾਸਿਕ ਪੱਤ੍ਰਿਕਾ

ਅੰਕ 39

ਸੰਪਾਦਕ :
ਅਰਤਿੰਦਰ ਸੰਧੂ
ਮੋਬਾਇਲ : 98153-02081
ਈ-ਮੇਲ : **sandhuartinder89@gmail.com**

*

ਮੈਨੇਜਰ (ਆਨਰੇਰੀ)
ਰਾਜਖ਼ੁਸ਼ਵੰਤ ਸਿੰਘ ਸੰਧੂ
ਫ਼ੋਨ : 94648-54755

*

ਸਲਾਹਕਾਰ ਬੋਰਡ
ਜਸਬੀਰ ਭੁੱਲਰ
ਜੰਗ ਬਹਾਦਰ ਗੋਇਲ
ਸੁਰਿੰਦਰ ਸ਼ਰਮਾ

*

ਮੁੱਲ : 50/-

*

ਚਿੱਠੀਆਂ :
404, ਤਿਲਕ ਨਗਰ, ਅੰਮ੍ਰਿਤਸਰ-143001

*

ਸਹਿਯੋਗ ਦਾ ਵੇਰਵਾ :
600/-
(ਤਿੰਨ ਸਾਲ ਲਈ, 100 ਰੁਪਏ ਡਾਕ ਖਰਚ ਅਲੱਗ)

ਵਿਦੇਸ਼ : 50 ਪੌਂਡ
70 ਅਮਰੀਕੀ ਡਾਲਰ • 80 ਕੈਨੇਡੀਅਨ ਡਾਲਰ

*

ਸਹਿਯੋਗ ਰਾਸ਼ੀ ਮਨੀਆਰਡਰ ਰਾਹੀਂ 'ਸ੍ਰੀਮਤੀ ਅਰਤਿੰਦਰ ਸੰਧੂ, 404 ਤਿਲਕ ਨਗਰ, ਅੰਮ੍ਰਿਤਸਰ-143001' ਦੇ ਨਾਂ 'ਤੇ ਭੇਜੀ ਜਾਵੇ ਜਾਂ ਬੈਂਕ ਖਾਤਾ

Sahitak Ekam, C.A. No. 506401010200449, Union Bank of India, Shivala Bhayian, Amritsar, IFS Code UBIN0550647

ਵਿਚ ਸਿੱਧੀ ਜਮਾਂ ਕਰਵਾਈ ਜਾਵੇ ਜਾਂ NEFT ਰਾਹੀਂ ਭੇਜੀ ਜਾਵੇ। ਰਾਸ਼ੀ ਭੇਜਣ ਉਪਰੰਤ ਫ਼ੋਨ 'ਤੇ ਸੂਚਿਤ ਜ਼ਰੂਰ ਕੀਤਾ ਜਾਵੇ।



ਚਿਤਰਕਾਰ ਜਿਸ ਅੰਦਾਜ਼ ਨੂੰ ਅਪਨਾਅ ਰਿਹਾ ਹੈ ਉਸ ਵਿਚ ਗਤੀ ਹੈ । ਗਤੀ ਬਦਲਾਅ ਦਾ ਸੰਕੇਤ ਹੈ ਤੇ ਸੰਦੇਸ਼ ਵੀ। ਇਥੇ ਦੋ ਚਿਹਰੇ ਹਨ ਉੱਪਰ ਥੱਲੇ, ਬਸ। ਉਨ੍ਹਾਂ ਦੀ ਦੇਹ ਚਿੱਤਰ ਦਾ ਅੰਗ ਨਹੀਂ ਬਣੀ । ਚਿਹਰਿਆਂ ਦੇ ਆਲੇ-ਦੁਆਲੇ ਹਰਿਆਵਲ ਹੈ। ਇਸ ਬਨਸਪਤੀ ਦਰਮਿਆਨ ਪੰਖੇਰੂ ਹਨ, ਜਾਨਵਰਾਂ ਦੀ ਉਪਸਥਿਤੀ ਵੀ ਹੈ। ਸੁਰਜੀਤ ਕੌਰ ਅਨੁਸਾਰ ਵਿਅਕਤੀ ਜਿਵੇਂ ਜਿਵੇਂ ਕੁਦਰਤ ਤੋਂ ਦੂਰ ਹੁੰਦਾ ਜਾਂਦਾ ਹੈ ਉਸਦੇ ਭਾਵ, ਵਿਹਾਰ ਵਿਚ ਪਰਿਵਰਤਨ ਆ ਜਾਂਦਾ ਹੈ। ਸਾਵੇ ਰੰਗ ਦੀ ਭਰਪੂਰਤਾ ਦਰਸ਼ਕ ਅੱਖ ਨੂੰ ਠੰਡਕ ਦੇਂਦੀ ਹੈ।

-ਜਗਤਾਰਜੀਤ ਸਿੰਘ

ਅੰਦਰ ਝਾਤ

ਸੰਪਾਦਕੀ / *ਪੱਤਣ ਤੋਂ*



ਦੇਸ਼ ਦੇ ਆਜ਼ਾਦ ਹੋਣ ਦੇ ਸਮੇਂ ਤੋਂ ਲੈ ਕੇ ਹੁਣ ਤੱਕ ਝਾਤ ਪੈਂਦੀ ਹੈ ਤਾਂ ਜਾਪਣ ਲੱਗਦਾ ਹੈ ਕਿ ਸਮੇਂ ਦੀ ਤੋਰ ਪਹਿਲਾਂ ਨਾਲੋਂ ਤੇਜ਼ ਹੋ ਗਈ ਹੈ। ਪਰ ਪੰਜਾਬ ਵਿਚ ਸਿਆਸੀ ਪੱਧਰ ’ਤੇ ਵਾਪਰ ਰਹੀਆਂ ਘਟਨਾਵਾਂ ਦੀ ਤੋਰ ਤਾਂ ਸਮੇਂ ਦੀ ਤੋਰ ਤੋਂ ਵੀ ਤੇਜ਼ ਹੋ ਰਹੀ ਲੱਗਦੀ ਹੈ। ਜਿਸ ਪਾਰਟੀ ਦੇ ਮੈਂਬਰਾਂ ਬਾਰੇ ਪਹਿਲਾਂ ਕਿਹਾ ਜਾਂਦਾ ਸੀ ਕਿ ਇਹ ਤਾਂ ਪਾਣੀ ਵੀ ਦਿੱਲੀ ਤੋਂ ਪੁੱਛ ਕੇ ਪੀਂਦੇ ਹਨ, ਉਸ ਵਿਚ ਆਇਆ ਭੁਚਾਲ ਹੁਣ ਸਭ ਹੱਦਾਂ ਬੰਨ੍ਹੇ ਤੋੜਦਾ ਜਾ ਰਿਹਾ ਹੈ। ਲੋਕਾਂ ਨੂੰ ਵੀ ਇਹ ਸਪੱਸ਼ਟ ਹੋਣ ਲੱਗ ਪਿਆ ਹੈ ਕਿ ਸਾਡੇ ਸਿਆਸਤਦਾਨਾਂ ਦਾ ਮੁੱਖ ਮੰਤਵ ਸੱਤਾ ਵਿਚ ਰਹਿ ਕੇ ਸ਼ਕਤੀਸ਼ਾਲੀ ਬਣੇ ਰਹਿਣਾ ਤੇ ਸੁੱਖ ਸਹੂਲਤਾਂ ਮਾਨਣੀਆਂ ਹੀ ਹੈ। ਲੋਕਾਂ ਦੀ ਤੇ ਪੰਜਾਬ ਦੀ ਹਾਲਤ ਦਾ ਫ਼ਿਕਰ ਇਨ੍ਹਾਂ ਦੇ ਕਿਸੇ ਏਜੰਡੇ ਵਿਚ ਬਿਲਕੁਲ ਨਹੀਂ। ਲੋਕ ਤਾਂ ਇਨ੍ਹਾਂ ਨੂੰ ਸਿਆਣੇ ਤੇ ਜ਼ੁੰਮੇਵਾਰ ਮੰਨ ਕੇ, ਵੋਟ ਰਾਹੀਂ ਆਪਣੇ ’ਤੇ ਰਾਜ ਕਰਨ ਦਾ ਹੱਕ ਦੇਂਦੇ ਰਹੇ ਹਨ। ਉਹ ਹਰ ਵਾਰ ਯਕੀਨ ਵੀ ਕਰ ਲੈਂਦੇ ਹਨ ਕਿ ਇਹ ਲੋਕ ਜੋ ਕਹਿੰਦੇ ਹਨ, ਉਸ ਮੁਤਾਬਕ, ਪੰਜਾਬ ਤੇ ਇਥੇ ਵਸਦੇ ਲੋਕਾਂ ਨੂੰ ਦਰਪੇਸ਼ ਮਸਲਿਆਂ ਦਾ ਕੁਝ ਨਾ ਕੁਝ ਹੱਲ ਤਾਂ ਕਰਨਗੇ ਹੀ। ਪਰ ਵਾਅਦਿਆਂ ਦੀਆਂ ਝੜੀਆਂ ਲਾ ਕੇ ਜਿੱਤੇ ਲੋਕਾਂ ਦੀ ਕਾਰਗੁਜ਼ਾਰੀ ਵੇਖਣ ਤੋਂ ਬਾਅਦ ਲੋਕਾਂ ਦੀ ਨਿਰਾਸ਼ਤਾ ਹੋਰ ਵਧ ਜਾਂਦੀ ਹੈ। ਦੇਖਦਿਆਂ ਦੇਖਦਿਆਂ ਸਾਰੇ ਦੇਸ਼ ਵਿਚੋਂ ਖ਼ੁਸ਼ਹਾਲ ਮੰਨਿਆ ਜਾਂਦਾ ਸਾਡਾ ਪੰਜਾਬ ਹੁਣ ਬਹੁਤ ਸਾਰੇ ਖੇਤਰਾਂ ਵਿਚ ਪੱਛੜਿਆ ਸੂਬਾ ਬਣਦਾ ਜਾ ਰਿਹਾ ਹੈ। ਇੰਨਾ ਹੀ ਨਹੀਂ, ਸਗੋਂ ਦਿਨ ਪ੍ਰਤੀ ਦਿਨ ਵੱਧ ਰਹੇ ਕਰਜ਼ੇ ਦੇ ਬੋਝ ਹੇਠ ਵੀ ਦੱਬੀਦਾ ਜਾ ਰਿਹਾ ਹੈ। ਉਧਰ ਲੋਕ ਵੀ ਟੈਕਸਾਂ ਦੇ ਬੋਝ ਹੇਠ ਦੱਬੇ ਪਏ ਹਨ। ਕਿੱਥੇ ਜਾ ਰਿਹਾ ਹੈ ਪੰਜਾਬ ਦਾ ਪੈਸਾ ਆਖ਼ਰ ?

ਤੇ ਪੰਜਾਬ ਦੀ ਨਿੱਘਰਦੀ ਜਾਂਦੀ ਹਾਲਤ ਦਾ ਜ਼ੁੰਮੇਵਾਰ ਕੌਣ ਹੈ ?

ਟੈਕਸਾਂ ਦੇ ਨਿੱਤ ਵਧਦੇ ਬੋਝ ਹੇਠਾਂ ਦੱਬੇ ਲੋਕਾਂ ਨੂੰ ਮੁਫ਼ਤ ਦੀਆਂ ਸਹੂਲਤਾਂ ਦੇ ਲਾਲਚ ਦਿੱਤੇ ਜਾਂਦੇ ਹਨ। ਉਹ ਪੈਸਾ ਕਿੱਥੋਂ ਆਉਣਾ ਹੁੰਦਾ ਹੈ। ਜੇ ਮੁਫ਼ਤ ਦੀਆਂ ਸਹੂਲਤਾਂ ਵਾਸਤੇ ਪੈਸਾ ਹੈ ਹੀ ਤਾਂ ਉਸ ਪੈਸੇ ਨਾਲ ਕਾਰੋਬਾਰ ਪੈਦਾ ਕਰਕੇ ਲੋਕਾਂ ਨੂੰ ਸਵੈ-ਨਿਰਭਰ ਕਿਉਂ ਨਹੀਂ ਬਣਾਇਆ ਜਾਂਦਾ ? ਇਹ ਪੰਜਾਬ ਦੇ ਅਣਖੀਲੇ ਲੋਕਾਂ ਨੂੰ ਬੇਅਣਖੇ ਤੇ ਮੰਗਤੇ ਬਣਾਉਣ ਦੀ ਪ੍ਰਕਿਰਿਆ ਤਾਂ ਨਹੀਂ ਕਿਤੇ।


ਪੰਜਾਬ ਦੀ ਨਿੱਘਰਦੀ ਜਾਂਦੀ ਹਾਲਤ ਦਾ ਜ਼ਿੰਮੇਵਾਰ ਕੌਣ ਹੈ ਆਖ਼ਰ।

◆ ◆ ◆

ਕੇਂਦਰ ਸਰਕਾਰ ਵੱਲੋਂ ਦੇਸ਼ ਦੀ ਕਿਸਾਨੀ ਬਾਰੇ ਕਾਹਲੀ ਨਾਲ ਪਾਸ ਕੀਤੇ ਤਿੰਨ ਖੇਤੀ ਕਾਨੂੰਨਾਂ ਨੂੰ ਬਣਿਆਂ ਇਕ ਸਾਲ ਤੋਂ ਵਧੇਰੇ ਸਮਾਂ ਹੋ ਗਿਆ ਹੈ। ਕਿਸਾਨਾਂ ਨੂੰ ਇਨ੍ਹਾਂ ਕਾਨੂੰਨਾਂ ਖ਼ਿਲਾਫ਼ ਦਿੱਲੀ ਦੀਆਂ ਸਰਹੱਦਾਂ ’ਤੇ ਬੈਠਿਆਂ ਵੀ ਗਿਆਰਾਂ ਮਹੀਨੇ ਹੋਣ ਵਾਲੇ ਹਨ। ਪੰਜਾਬ ਦੇ ਕਿਸਾਨ ਤਾਂ ਦਿੱਲੀ ਜਾਣ ਤੋਂ ਪਹਿਲਾਂ ਵਿਰੋਧ ਵਜੋਂ ਪੰਜਾਬ ਦੀਆਂ ਸੜਕਾਂ ਤੇ ਰੇਲਵੇ ਲਾਈਨਾਂ ਉੱਤੇ ਵੀ ਬੈਠੇ ਰਹੇ ਸਨ। ਪਹਿਲੇ ਸਮਿਆਂ ਵਿਚ ਕਿਸੇ ਸੰਗਠਨ ਜਾਂ ਜਮਾਤ ਵੱਲੋਂ ਸਰਕਾਰਾਂ ਦੇ ਕਿਸੇ ਫ਼ੈਸਲੇ ਦੇ ਵਿਰੋਧ ਵਿਚ ਸੰਘਰਸ਼ ਕੀਤਾ ਜਾਂਦਾ ਜਾਂ ਧਰਨੇ ਆਦਿ ਲਾਏ ਜਾਂਦੇ ਤਾਂ ਸਰਕਾਰਾਂ ਲੋਕਾਂ ਨਾਲ ਗੱਲਬਾਤ ਕਰ ਕੇ ਮਸਲੇ ਹੱਲ ਕਰਨ ਦੀ ਕੋਸ਼ਿਸ਼ ਕਰਦੀਆਂ ਸਨ। ਪਰ ਇਹ ਪਹਿਲੀ ਵਾਰ ਹੈ ਕਿ ਕੇਂਦਰ ਸਰਕਾਰ ਨੇ ਲੋਕ ਵਿਰੋਧੀ ਕਾਨੂੰਨ ਵੀ ਬਣਾਏ ਹਨ ਤੇ ਉਨ੍ਹਾਂ ਸੰਬੰਧੀ ਆਪਣੇ ਲੋਕਾਂ ਦੇ ਗੁੱਸੇ ਗਿਲੇ ਸੁਣਨ ਤੇ ਮੰਨਣ ਤੋਂ ਵੀ ਮੁਨਕਰ ਹੈ। ਸਰਕਾਰ ਵੱਲੋਂ ਕਿਸਾਨ ਲੀਡਰਾਂ ਨਾਲ ਕੀਤੀਆਂ ਗਈਆਂ ਨਾਮ-ਧਰੀਕ ਮਿਲਣੀਆਂ ਵਿਚ ਸਰਕਾਰ ਕਿਸਾਨਾਂ ਦੇ ਖ਼ਦਸ਼ਿਆਂ ਨੂੰ ਦੂਰ ਕਰਨ ਵਿਚ ਨਾਕਾਮ ਰਹੀ ਤੇ ਹਰੇਕ ਮੀਟਿੰਗ ਦਾ ਨਤੀਜਾ ਸਿਫ਼ਰ ਹੀ ਰਿਹਾ।

ਕਿਸਾਨ ਇਨ੍ਹਾਂ ਕਾਨੂੰਨਾਂ ਦੇ ਨੁਕਸਾਨ-ਪੱਖੀ ਨਤੀਜਿਆਂ ਨੂੰ ਸਮਝਦਿਆਂ ਹੋਇਆ ਭਰ ਸਰਦੀਆਂ, ਤਪਦੀਆਂ ਗਰਮੀਆਂ ਤੇ ਭਾਰੀ ਬਰਸਾਤਾਂ ਵਿਚ ਵੀ ਸਿਦਕ ਤੇ ਸਿਰੜ ਨਾਲ ਸੜਕਾਂ ’ਤੇ ਟਿਕੇ ਰਹੇ। ਛੇ ਸੌ ਤੋਂ ਜ਼ਿਆਦਾ ਕਿਸਾਨਾਂ ਦੀਆਂ ਜਾਨਾਂ ਜਾ ਚੁੱਕੀਆਂ ਹਨ। ਇਕ ਸਿਆਸੀ ਪਾਰਟੀ ਨੂੰ ਛੱਡ ਕੇ ਬਾਕੀ ਸਾਰੀਆਂ ਸਿਆਸੀ ਪਾਰਟੀਆਂ ਇਸ ਸੰਘਰਸ਼ ਦੀ ਹਮਾਇਤ ਕਰ ਰਹੀਆਂ ਹਨ, ਕਿਉਂਕਿ ਇਹ ਕਿਸਾਨੀ ਦੀ ਹੋਂਦ ਨਾਲ ਜੁੜਿਆ ਹੋਇਆ ਹੈ।

ਏਨੀ ਦੇਰ ਤੋਂ ਚੱਲ ਰਹੇ ਇਸ ਸੰਘਰਸ਼ ਵਿਚ ਵੱਖ-ਵੱਖ ਵਿਚਾਰਧਾਰਾਵਾਂ ਰੱਖਦੀਆਂ ਕਿਸਾਨੀ ਜਮਾਤਾਂ ਤੇ ਸਿਆਸੀ ਪਾਰਟੀਆਂ ਵਿਚਕਾਰ ਕਦੇ ਮੱਤਭੇਦ ਨਹੀਂ ਉੱਭਰੇ। ਉਮੀਦ ਹੈ ਅੱਗੇ ਵਾਸਤੇ ਵੀ ਇਹ ਸਰਬ-ਸੰਮਤੀਆਂ ਬਣੀਆਂ ਰਹਿਣਗੀਆਂ ਤੇ ਸਰਕਾਰ ਨੂੰ ਸੋਚਣ ਤੇ ਮਸਲਿਆਂ ਦਾ ਸੁਚਾਰੂ ਹੱਲ ਕੱਢਣ ਵਾਸਤੇ ਮਜ਼ਬੂਰ ਵੀ ਕਰਨਗੀਆਂ।



ਕਹਾਣੀ

ਡਾ. ਨਰੇਸ਼

ਜ਼ਹਿਰ

ਅੱਜ ਸਵੇਰ ਤੋਂ ਹੀ ਉਸਦਾ ਜੀਅ ਕਰਦਾ ਸੀ ਕਿ ਉਹ ਕੁਲਵੰਤ ਨੂੰ ਮਿਲੇ। ਸਵੇਰ ਤੋਂ ਉਹ ਕਈ ਵਾਰੀ ਕੁਲਵੰਤ ਦੇ ਘਰ ਜਾਣਾ ਚਾਹ ਚੁੱਕਾ ਸੀ ਪਰ ਹਰ ਵਾਰੀ ਪਿਛਲੀ ਮੁਲਾਕਾਤ ਦੀ ਯਾਦ ਆਪਣੇ ਕਾਲੇ ਪਰਛਾਵੇਂ ਸਮੇਤ ਉਸ ਦੀਆਂ ਅੱਖਾਂ ਵਿਚ ਉਤਰ ਆਈ ਸੀ ਅਤੇ ਹਰ ਵਾਰੀ ਉਸ ਨੂੰ ਆਪਣਾ ਫੈਸਲਾ 'ਫੇਰ ਕਿਸੇ ਵੇਲੇ' 'ਤੇ ਮੁਲਤਵੀ ਕਰਨਾ ਪਿਆ ਸੀ। ਪਰ ਅੱਜ ਐਤਵਾਰ ਸੀ। ਸਵੇਰ ਦਾ ਉਹ ਆਪਣੇ ਘਰ ਅੰਦਰ ਡੱਕਿਆ ਹੋਇਆ ਸੀ। ਘਰ ਦੀ ਚਾਰ ਦੀਵਾਰੀ ਤੋਂ ਉਪਰਾਮ ਉਹ ਘਰੋਂ ਬਾਹਰ ਨਿਕਲਣਾ ਲੋਚ ਰਿਹਾ ਸੀ। ਕਿਤੇ ਵੀ, ਕਿਸੇ ਵੀ ਦੋਸਤ ਦੇ ਘਰ ਜਾ ਕੇ ਉਹ ਆਪਣੀ ਉਕਤਾਹਟ, ਆਪਣੇ ਇਕੱਲੇਪਣ ਦੇ ਅਹਿਸਾਸ ਤੋਂ ਮੁਕਤ ਹੋਣਾ ਚਾਹ ਰਿਹਾ ਸੀ। ਕੁਲਵੰਤ ਉਸਦਾ ਬਚਪਨ ਦਾ ਦੋਸਤ ਸੀ। ਦੋਵੇਂ ਇਕੱਠੇ ਖੇਡੇ, ਇਕੱਠੇ ਪੜ੍ਹੇ, ਇਕੱਠੇ ਪਲੇ ਸਨ। ਦੇਸ਼ ਦੀ ਵੰਡ ਸਮੇਂ ਸਰਗੋਧਿਓਂ ਉੱਜੜ ਉੱਖੜ ਕੇ ਆਏ ਅਨੇਕਾਂ ਪਰਿਵਾਰਾਂ ਵਿਚ ਇਕ ਛੋਟਾ ਜਿਹਾ ਬੇ-ਮਾਂ ਦਾ ਪਰਿਵਾਰ ਸੀ, ਜਿਸ ਵਿਚ ਪਤਨੀ-ਹੀਣ ਪਿਤਾ ਦੀਆਂ ਤਿੰਨ ਨਗੀਨਾ ਔਲਾਦਾਂ ਵਿਚ ਮੰਝਲਾ ਕੁਲਵੰਤ ਸੀ। ਪਿਤਾ ਨੇ ਤਿੰਨਾਂ ਬੇ-ਮਾਂ ਦੇ ਬੱਚਿਆਂ ਨੂੰ ਸੁਰੱਖਿਅਤ ਭਾਰਤ ਪੁਚਾ ਕੇ ਜਿਵੇਂ ਹੱਲਿਆਂ ਵਿਚ ਮਾਰੀ ਗਈ ਆਪਣੀ ਪਤਨੀ ਦੀ ਆਤਮਾ ਨੂੰ ਸ਼ਾਂਤੀ ਪੁਚਾ ਦਿੱਤੀ ਸੀ। ਅੰਦਰੋਂ ਲੀਰੋ ਲੀਰ ਪਰ ਬਾਹਰੋਂ ਠਹਿਰੇ, ਸ਼ਾਂਤ ਪਿਤਾ ਨੇ ਸ਼ਹਿਰ ਦੇ ਲਗਭਗ ਵੀਰਾਨ ਪਏ ਗੁਰਦੁਆਰੇ ਵਿਚ ਪਨਾਹ ਲੈ ਕੇ ਉਸ ਨੀਲੀ ਛਤਰੀ ਵਾਲੇ ਦਾ ਭਾਣਾ ਮੰਨ ਲਿਆ ਸੀ ਤੇ ਨਵੇਂ ਸਿਰਿਉਂ ਜ਼ਿੰਦਗੀ ਸ਼ੁਰੂ ਕਰ ਲਈ ਸੀ।

ਗੁਰਦੁਆਰੇ ਦੀ ਉਪਰਲੀ ਮੰਜ਼ਿਲ 'ਤੇ ਤਿੰਨ ਕਮਰੇ ਸਨ। ਇਕ ਕਮਰੇ ਵਿਚ ਰਸੋਈ ਬਣਾ ਕੇ ਬਾਕੀ ਦੇ ਦੋ ਕਮਰਿਆਂ ਵਿਚ ਉਹ ਚਾਰੇ ਜੀਅ ਰਹਿਣ ਲੱਗੇ ਸਨ। ਪਿਤਾ ਤਾਂ ਸਾਰਾ ਦਿਨ ਗੁਰਦੁਆਰੇ ਅਰਥਾਤ ਹੇਠਾਂ ਵਾਲੇ ਹਾਲ ਕਮਰੇ ਵਿਚ ਗੁਰੂ ਗ੍ਰੰਥ ਸਾਹਿਬ ਦੀ ਸੇਵਾ ਅਤੇ ਪਾਠ ਵਿਚ ਰੁੱਝਿਆ ਰਹਿੰਦਾ ਸੀ ਜਾਂ ਗੁਰਦੁਆਰੇ ਦੇ ਬਾਹਰ ਬਰਾਮਦੇ ਵਿਚ ਦਰੀ ਵਿਛਾ ਕੇ ਲੇਟ ਜਾਂਦਾ ਸੀ। ਛੋਟਾ ਪੁੱਤਰ ਅਜੇ ਬਹੁਤ ਛੋਟਾ ਸੀ, ਸਿਰਫ਼ ਪੰਜਾਂ ਸਾਲਾਂ ਦਾ। ਉਹ ਲਗਭਗ ਸਾਰਾ ਦਿਨ ਪਿਤਾ ਨਾਲ ਗੁਰਦੁਆਰੇ ਅੰਦਰ ਜਾਂ ਉਸ ਦੀਆਂ ਪਲਕਾਂ ਦੀ ਛਾਂ ਹੇਠਾਂ ਖੇਡ ਕੇ ਬਿਤਾ ਦਿੰਦਾ ਸੀ। ਕੁਲਵੰਤ ਤੇ ਉਸਦਾ ਵੱਡਾ ਭਰਾ ਉੱਤੇ ਦੇ ਦੋ ਕਮਰਿਆਂ ਵਿਚ ਆਪੋ ਆਪਣੀ ਪੜ੍ਹਾਈ ਕਰਦੇ ਹੁੰਦੇ ਸਨ।

ਸਨਾਤਨ ਧਰਮ ਸਕੂਲ ਦੀ ਅੱਠਵੀਂ ਜਮਾਤ ਵਿਚ ਦਾਖ਼ਲ ਹੁੰਦਿਆਂ ਹੀ, ਪਹਿਲੇ ਦਿਨ ਕੁਲਵੰਤ ਦੀ ਦੋਸਤੀ ਜਿਸ ਮੁੰਡੇ ਨਾਲ ਪਈ ਸੀ, ਉਹ ਨੀਰਜ ਸੀ, ਜੋ ਹੁਣ ਉਮਰ-ਪੌੜੀ ਦੇ ਪੰਜਾਹਵੇਂ ਡੰਡੇ 'ਤੇ ਖਲੋਤਾ, ਕੁਲਵੰਤ ਦੇ ਘਰ ਜਾਣਾ ਚਾਹ ਕੇ ਵੀ ਆਪਣੇ ਕਦਮਾਂ ਨੂੰ ਰੁਕਣੋਂ ਨਹੀਂ ਰੋਕ ਪਾ ਰਿਹਾ ਸੀ। ਕਦਮਾਂ ਨੂੰ ਬਾਰ-ਬਾਰ ਰੋਕਣ ਵਾਲੀ ਜ਼ੰਜੀਰ ਸੀ ਪਿਛਲੇ ਮਹੀਨੇ ਦੀ ਇਕ ਮੁਲਾਕਾਤ, ਜਿਸ ਵਿਚ ਕੁਲਵੰਤ ਨਾਲ ਹਿੰਦੂ-ਸਿੱਖ ਮਸਲਾ ਡਿਸਕਸ ਕਰਦਿਆਂ ਉਹ ਰਤਾ ਭਾਵੁਕ ਹੋ ਕੇ ਕਹਿ ਗਿਆ ਸੀ, "ਸਿੱਖ ਦਾ ਤਾਂ ਕਰੈਕਟਰ ਇਹੋ ਹੈ ਕਿ ਉਹ ਤਾਕਤ ਦੇ ਪਿੱਛੇ ਦੌੜਦਾ ਹੈ। ਹੈ ਕੋਈ ਇਕ ਵੀ ਸਿੱਖ ਜਿਸ ਨੇ ਦੇਸ਼ ਲਈ ਜਾਨ ਦੀ ਬਾਜ਼ੀ ਲਾਈ ਹੋਵੇ ? ਤੁਸੀਂ ਬਹੁਤ ਵਧਾ-ਚੜ੍ਹਾ ਕੇ ਭਗਤ ਸਿੰਘ ਦਾ ਨਾਂ ਲੈਂਦੇ ਹੋ। ਪਰ ਕੀ ਭਗਤ ਸਿੰਘ ਸਿੱਖ ਸੀ ? ਆਰੀਆ ਸਮਾਜੀ ਪਰਿਵਾਰ ਦਾ ਇਕ ਨੌਜਵਾਨ ਮੁੰਡਾ ਆਰੀਆ ਸਮਾਜ ਦੇ ਮਹਾਨ ਨੇਤਾ ਲਾਲਾ ਲਾਜਪਤ ਰਾਏ ਦੀ ਹੱਤਿਆ ਬਰਦਾਸ਼ਤ ਨਾ ਕਰ ਸਕਿਆ ਤੇ ਉਸਨੇ ਪੂਰੀ ਅੰਗਰੇਜ਼ ਕੌਮ ਨੂੰ ਇਕ ਵਾਰੀ ਹਲੂਣ ਦੇਣ ਦਾ ਨਿਸ਼ਚਾ ਕਰ ਲਿਆ। ਨਾਂ ਨਾਲ ਜੁੜੇ ਸਿੰਘ ਤੋਂ ਤੁਸੀਂ ਉਸ ਨੂੰ ਸਿੱਖ ਆਖਣ ਲੱਗ ਪਏ। ਬਸ, ਹੋਰ ਸਾਰੀ ਸਿੱਖ ਕੌਮ ਵਿਚ, ਜੇਕਰ ਸਿੱਖ ਕੋਈ ਹੈ ਤਾਂ ਸਰਦਾਰ ਬਹਾਦਰ ਬਹੁਤ ਮਿਲਣਗੇ, ਅੰਗਰੇਜ਼ਾਂ ਦੇ ਪਿੱਠੂ, ਅੰਗਰੇਜ਼ਾਂ ਦੇ ਗੁਲਾਮ, ਪਰ ਦੇਸ਼ ਭਗਤ, ਭਾਰਤ ਲਈ ਮਰ ਮਿਟਣ ਵਾਲਾ ਇਕ ਨਾਂ ਵੀ ਨਹੀਂ ਮਿਲੇਗਾ। ਮੈਕਾਲਿਫ਼ ਤਾਂ ਇਥੋਂ ਤਕ ਲਿਖਦਾ ਹੈ ਕਿ ਗੁਰੂ ਗੋਬਿੰਦ ਸਿੰਘ ਨੇ ਵੀ ਸਾਰੀਆਂ ਲੜਾਈਆਂ ਸ਼ਹਿਜ਼ਾਦਾ ਮੁਅੱਜ਼ਮ ਦੇ ਪੈਸੇ ਨਾਲ ਤੇ ਉਸਦੇ ਇਸ਼ਾਰੇ 'ਤੇ ਲੜੀਆਂ ਸਨ।

ਇਸ ਮੋੜ 'ਤੇ ਪੁੱਜ ਕੇ ਗੱਲਬਾਤ ਨੇ ਭਿਆਨਕ ਰੂਪ ਧਾਰਨ ਕਰ ਲਿਆ ਸੀ। ਵਰ੍ਹਿਆਂ ਪੁਰਾਣੇ ਨਿੱਘੇ ਮਿੱਤਰ ਕੁਲਵੰਤ ਦੀਆਂ ਅੱਖਾਂ ਵਿਚ ਲਹੂ ਉਤਰ ਆਇਆ ਸੀ। ਨਫ਼ਰਤ ਨਾਲ ਧਰਤੀ 'ਤੇ ਥੁੱਕ ਕੇ ਉਸਨੇ ਆਖਿਆ ਸੀ, "ਹਰ ਹਿੰਦੂ ਸਾਲਾ ਅੰਦਰੋਂ ਇਹੋ ਕੁਝ ਹੈ, ਬੇਈਮਾਨ। ਨੀਰਜ ! ਇਹ ਗੱਲ ਤੇਰੀ ਥਾਂ ਕਿਸੇ ਹੋਰ ਨੇ ਆਖੀ ਹੁੰਦੀ ਤਾਂ ਸਹੁੰ ਵਾਹਿਗੁਰੂ ਦੀ ਹੁਣ ਤਕ ਮੇਰੀ ਕਿਰਪਾਨ ਉਸਦੀ ਛਾਤੀ ਵਿਚੋਂ ਦੀ ਲੰਘ ਚੁੱਕੀ ਹੁੰਦੀ।"

ਨੀਰਜ ਸੁੰਨ ਹੋ ਗਿਆ ਸੀ। ਕੁਲਵੰਤ ਦੀ ਇਹ ਪ੍ਰਤੀਕਿਰਿਆ ਉਸਦੀ ਕਲਪਨਾ ਤੋਂ ਪਰ੍ਹਾਂ ਦੀ ਚੀਜ਼ ਸੀ। ਉਹ ਤਾਂ ਆਪਣੇ ਬਚਪਨ ਦੇ ਦੋਸਤ ਨਾਲ ਆਪਣੇ ਦ੍ਰਿਸ਼ਟੀਕੋਣ ਸਾਂਝਾ ਕਰ ਰਿਹਾ ਸੀ। ਦ੍ਰਿਸ਼ਟੀਕੋਣ, ਜੋ ਉਸ ਨੂੰ ਇਤਿਹਾਸ ਦੇ ਡੂੰਘੇ ਅਧਿਐਨ ਨੇ ਦਿੱਤਾ ਸੀ। ਦ੍ਰਿਸ਼ਟੀਕੋਣ, ਜੋ ਹਵਾ ਵਿਚ ਪੱਸਰੇ ਜ਼ਹਿਰੀਲੇ ਜਰਾਸੀਮਾਂ ਤੋਂ ਬਣਿਆ ਸੀ। ਦ੍ਰਿਸ਼ਟੀਕੋਣ, ਜਿਸ ਨੂੰ ਜਨਮ ਦਿੱਤਾ ਸੀ ਹਰ ਰੋਜ਼ ਦੀਆਂ ਅਖ਼ਬਾਰੀ ਖ਼ਬਰਾਂ ਨੇ ਕਿ ਸਿੱਖ ਹਿੰਦੂਆਂ ਨਾਲੋਂ ਵੱਖਰੀ ਕੌਮ ਹਨ। ਨੀਰਜ ਅਸਲ ਵਿਚ ਕਿਸੇ ਸਿੱਖ ਨਾਲ ਨਹੀਂ, ਆਪਣੇ ਇਕ ਬਹੁਤ ਪਿਆਰੇ ਦੋਸਤ ਨਾਲ ਗੱਲ ਕਰ ਰਿਹਾ ਸੀ। ਦੋਸਤ ਸਿੱਖ ਸੀ, ਇਸ ਦਾ ਅਹਿਸਾਸ ਅੱਜ ਉਸ ਨੂੰ ਪਹਿਲੀ ਵਾਰੀ ਹੋਇਆ ਸੀ।

ਭਾਵੇਂ ਜੁਦਾ ਹੋਣ ਤੋਂ ਪਹਿਲਾਂ ਉਨ੍ਹਾਂ ਦੋਵਾਂ ਨੇ ਗੱਲਬਾਤ ਦੀ ਕੁੜੱਤਣ ਘਟਾਉਣ ਦੀ ਕੋਸ਼ਿਸ਼ ਕੀਤੀ ਸੀ ਤੇ ਗੱਲਬਾਤ ਦਾ ਪਹਿਲੂ ਬਦਲ ਕੇ ਕੁਝ ਚਿਰ ਇਧਰ-ਉਧਰ ਦੀਆਂ ਗੱਲਾਂ ਕੀਤੀਆਂ ਸਨ ਪਰ ਦਰਅਸਲ ਕੁੜੱਤਣ ਘੱਟ ਨਹੀਂ ਹੋਈ ਸੀ, ਸਗੋਂ ਇਹ ਕੁੜੱਤਣ ਉਨ੍ਹਾਂ

ਦੋਵਾਂ ਵਿਚਕਾਰ ਇਕ ਅਦਿੱਖ ਦੀਵਾਰ ਬਣ ਕੇ ਖਲੋ ਗਈ ਸੀ। ਪਿਛਲੇ ਪੈਂਤੀ ਵਰ੍ਹਿਆਂ ਵਿਚ ਕੋਈ ਇਕ ਮਹੀਨਾ ਅਜਿਹਾ ਨਹੀਂ ਸੀ ਲੰਘਿਆ, ਜਿਸ ਵਿਚ ਉਹ ਘੱਟੋ ਘੱਟ ਦਸ ਵਾਰੀ ਨਾ ਮਿਲੇ ਹੋਣ ਪਰ ਹੁਣ ਇਕ ਮਹੀਨਾ ਅਜਿਹਾ ਵੀ ਹੋ ਗਿਆ ਸੀ। ਵਿਚਾਲੇ ਉੱਗੀ ਇਹ ਅਦਿੱਖ ਦੀਵਾਰ ਅਦਿੱਖ ਜ਼ਰੂਰ ਸੀ ਪਰ ਉਹ ਦੋਵੇਂ ਇਸ ਹੱਦ ਤੋਂ ਜਾਣੂ ਸਨ ਤੇ ਸ਼ਾਇਦ ਆਪੋ-ਆਪਣੀ ਥਾਵੇਂ ਇਸ ਦੇ ਨਾਮੁਨਾਸਿਬ ਵਜੂਦ ਤੋਂ ਦੁਖੀ ਵੀ ਸਨ।

ਨੀਰਜ ਨੇ ਆਪਣੀ ਸਾਈਕਲ ਕੱਢੀ ਤੇ ਸ਼ਹਿਰ ਦੇ ਬਾਹਰਵਾਰ ਬਣੇ ਮਕਾਨਾਂ ਵੱਲ ਨੂੰ ਹੋ ਲਿਆ। ਇਹ ਮਕਾਨ ਨਵੀਂ ਆਬਾਦੀ ਅਖਵਾਉਂਦੇ ਸਨ ਤੇ ਇਸ ਨਵੀਂ ਆਬਾਦੀ ਵਿਚ ਇਕ ਮਕਾਨ ਕੁਲਵੰਤ ਦਾ ਵੀ ਸੀ। ਦਸ ਵਰ੍ਹੇ ਪਹਿਲਾਂ ਕੁਲਵੰਤ ਦੇ ਪਿਤਾ ਜੀ ਅਕਾਲ ਚਲਾਣਾ ਕਰ ਗਏ ਸਨ ਤੇ ਗੁਰਦੁਆਰੇ ਦੀ ਪ੍ਰਬੰਧਕ ਕਮੇਟੀ ਨੇ ਉਨ੍ਹਾਂ ਦੀ ਥਾਂ 'ਤੇ ਨਵਾਂ ਗ੍ਰੰਥੀ ਰੱਖ ਲਿਆ ਸੀ। ਹੁਣ ਤਕ ਕੁਲਵੰਤ ਅਤੇ ਉਸਦੇ ਦੋਵਾਂ ਭਰਾਵਾਂ ਦੀਆਂ ਸ਼ਾਦੀਆਂ ਹੋ ਚੁੱਕੀਆਂ ਸਨ। ਵੱਡਾ ਭਰਾ ਸਰਕਾਰੀ ਨੌਕਰੀ ਮਿਲਣ 'ਤੇ ਜਲੰਧਰ ਜਾ ਵਸਿਆ ਸੀ ਤੇ ਛੋਟਾ ਫ਼ੌਜ ਵਿਚ ਭਰਤੀ ਹੋ ਗਿਆ ਸੀ। ਕੁਲਵੰਤ ਨੂੰ ਮਿਊਨਸਿਪਲ ਕਮੇਟੀ ਵਿਚ ਮੁਹੱਰਰ ਦੀ ਨੌਕਰੀ ਮਿਲ ਗਈ ਸੀ ਤੇ ਅਸਲ ਵਿਚ ਉਸਨੇ ਗੁਰਦੁਆਰੇ ਤੋਂ ਆਪਣੀ ਰਿਹਾਇਸ਼ ਤਬਦੀਲ ਕਰਨੀ ਸੀ। ਜਿਵੇਂ-ਕਿਵੇਂ ਚਾਰ ਦਮੜੇ ਜੋੜ ਕੇ ਉਸਨੇ ਨਵੀਂ ਆਬਾਦੀ ਵਿਚ ਇਕ ਛੋਟਾ ਜਿਹਾ ਮਕਾਨ ਪਾ ਲਿਆ ਸੀ ਤੇ ਨਵੇਂ ਗ੍ਰੰਥੀ ਦੇ ਆਉਣ ਤੋਂ ਇਕ ਦਿਨ ਪਹਿਲਾਂ ਹੀ ਆਪਣੀ ਗੁੱਲੀ-ਜੁੱਲੀ ਸਾਂਭ ਆਪਣੇ ਨਵੇਂ ਘਰ ਵਿਚ ਰਿਹਾਇਸ਼ ਆ ਕੀਤੀ ਸੀ। ਇਸ ਮਕਾਨ ਦੀ ਉਸਾਰੀ ਵਿਚ ਨੀਰਜ ਦਾ ਦੋ ਹਜ਼ਾਰ ਰੁਪਿਆ ਅਜੇ ਤੀਕ ਉਧਾਰ ਚਲਿਆ ਆ ਰਿਹਾ ਸੀ ਤੇ ਦਸ ਵਰ੍ਹੇ ਪਹਿਲਾਂ ਇਸ ਨਵੇਂ ਮਕਾਨ ਦਾ ਮਹੂਰਤ ਨੀਰਜ ਦੀ ਨਿਗਰਾਨੀ ਹੇਠਾਂ ਹੀ ਹੋਇਆ ਸੀ। ਇਸ ਮਕਾਨ ਵੱਲ ਆਉਂਦੇ ਹੋਏ ਨੀਰਜ ਨੂੰ ਕਦੀ ਇਹ ਅਹਿਸਾਸ ਨਹੀਂ ਹੋਇਆ ਸੀ ਕਿ ਉਹ ਕਿਸੇ ਦੇ ਘਰ ਜਾ ਰਿਹਾ ਹੈ। ਅੱਜ ਇਹ ਪਹਿਲਾ ਮੌਕਾ ਸੀ ਜਦੋਂ ਉਸ ਨੂੰ ਅਹਿਸਾਸ ਹੋਇਆ ਸੀ ਕਿ ਉਹ ਕੁਲਵੰਤ ਦੇ ਘਰ ਜਾ ਰਿਹਾ ਹੈ। ਇਹ ਵੀ ਉਸਦੀ ਆਪਣੀ ਜਜ਼ਬਾਤੀ ਕਮਜ਼ੋਰੀ ਹੀ ਸੀ, ਅੰਦਰ ਡੂੰਘੀ ਵਸਦੀ ਦੋਸਤੀ ਦਾ ਜਜ਼ਬਾ ਹੀ ਸੀ, ਜਿਸ ਤੋਂ ਪ੍ਰੇਰਿਤ ਹੋ ਕੇ ਉਸਦੀ ਸਾਈਕਲ ਉਸ ਚੌੜੀ ਅਦਿੱਖ ਸੜਕ 'ਤੇ ਵਧੀ ਜਾ ਰਹੀ ਸੀ, ਨਹੀਂ ਤਾਂ ਇਹ ਪਹਿਲ ਕੁਲਵੰਤ ਵੱਲੋਂ ਵੀ ਹੋ ਸਕਦੀ ਸੀ, ਜੋ ਨਹੀਂ ਹੋਈ ਸੀ।

ਜ਼ਿੰਦਗੀ ਵਿਚ ਪਹਿਲੀ ਵਾਰੀ ਉਸਨੇ ਕੁਲਵੰਤ ਦੇ ਬੂਹੇ 'ਤੇ ਦਸਤਕ ਦਿੱਤੀ ਵਰਨਾ ਅੱਜ ਤਕ ਉਹ ਬਿਨਾਂ ਦਸਤਕ ਜਾਂ ਆਵਾਜ਼ ਤੋਂ ਹੀ ਇਸ ਘਰ ਅੰਦਰ ਆਉਂਦਾ ਰਿਹਾ ਹੈ। ਦਰਵਾਜ਼ਾ ਖੁੱਲ੍ਹਾ ਸੀ ਪਰ ਉਸਦੇ ਕਦਮ ਸਿੱਧੇ ਅੰਦਰ ਨਾ ਵੜ ਸਕੇ ਤੇ ਉਸਦੀ ਉਂਗਲ ਨੇ ਬੂਹਾ ਖੜਕਾ ਦਿੱਤਾ। 'ਕੌਣ ਹੈ' ਆਖਦਿਆਂ ਕੁਲਵੰਤ ਦਰਵਾਜ਼ੇ 'ਤੇ ਆ ਪੁੱਜਾ। "ਆ ਉਏ ਈਦ ਦਿਆ ਚੰਨਾ। ਆਹ ਬੂਹਾ ਭੰਨ ਕੇ ਆਉਣਾ ਕਿੱਥੋਂ ਸਿੱਖ ਆਇਐਂ ? ਮੈਂ ਸੋਚਿਆ ਤੂੰ ਸ਼ਾਇਦ ਸ਼ਹਿਰ ਹੀ ਛੱਡ ਗਿਐਂ। ਮੈਂ ਆਪ ਤਾਂ ਬਿਮਾਰ ਸੀ ਪਰ ਤੂੰ ਆ ਕੇ ਖ਼ਬਰ ਸਾਰ ਵੀ ਨਾ ਲਈ ਕਿ ਜਿਉਂਦਾ ਹੈ ਜਾਂ ਮਰ ਗਿਆ।"

"ਬਿਮਾਰ ਸੀ ਤਾਂ ਕਹਾ ਭੇਜਣਾ ਸੀ। ਮੈਂ ਤੇਰਾ ਸ਼ਰੀਕ ਤਾਂ ਨਹੀਂ ਬਈ ਤੇਰੀ ਨੱਕ ਵੱਢੀ ਜਾਣੀ ਸੀ।"

"ਕਹਾਉਂਦਾ ਕੀਹਦੇ ਕੋਲੋਂ ? ਤੇਰੀ ਭਾਬੀ ਤੇ ਬੱਚੇ ਕੱਲ੍ਹ ਹੀ ਮੁੜੇ ਨੇ। ਇਸ ਦਾ ਭਾਈ ਆਇਆ ਹੋਇਐ ਕਨੇਡਾ ਤੋਂ। ਇਹ ਪਿੰਡ ਚਲੀ ਗਈ ਤੇ ਆਪਾਂ ਮੰਜਾ ਮੱਲ ਲਿਆ।"

"ਮਤਲਬ ਤੂੰ ਰੋਗੀ ਨਹੀਂ, ਵਿਜੋਗੀ ਸੀ।"

ਤੇ ਉਹ ਦੋਵੇਂ ਠਹਾਕਾ ਮਾਰ ਕੇ ਹੱਸ ਪਏ।

ਬੈਠਕ ਵਿਚ ਡੱਠੀ ਮੰਜੀ 'ਤੇ ਬੈਠਦਿਆਂ ਹੀ ਸੁਭਾਵਕ ਤੌਰ 'ਤੇ ਨੀਰਜ ਦਾ ਹੱਥ ਉਸਦੀ ਜੇਬ ਵੱਲ ਵਧਿਆ ਪਰ ਬਿਨਾਂ ਸਿਗਰਟ ਦੀ ਡੱਬੀ ਕੱਢਿਆਂ ਹੀ ਪਰਤ ਆਇਆ। ਉਸ ਨੂੰ ਅਚਾਨਕ ਮਹਿਸੂਸ ਹੋਇਆ ਕਿ ਇਸ ਘਰ ਵਿਚ ਉਸ ਨੂੰ ਸਿਗਰਟ ਨਹੀਂ ਪੀਣੀ ਚਾਹੀਦੀ। ਸਾਮ੍ਹਣੇ ਦੀ ਕੰਧ 'ਤੇ ਗੁਰੂ ਗੋਬਿੰਦ ਸਿੰਘ ਦੀਆਂ ਰੋਅਬਦਾਰ ਤਸਵੀਰਾਂ 'ਤੇ ਉਸ ਦੀਆਂ ਨਜ਼ਰਾਂ ਜਾ ਟਿਕੀਆਂ। ਪਹਿਲਾਂ ਇਸ ਘਰ ਵਿਚ ਇਹ ਤਸਵੀਰਾਂ ਨਹੀਂ ਹੁੰਦੀਆਂ ਸਨ। ਉਸਨੇ ਦਿਲ ਵਿਚ ਪੱਕਾ ਨਿਸ਼ਚਾ ਕਰ ਲਿਆ ਕਿ ਅੱਜ ਉਹ ਧਰਮ ਧੁਰਮ ਦੀ ਕੋਈ ਗੱਲ ਨਹੀਂ ਕਰੇਗਾ। ਪਰ ਸਿਗਰਟ ਦੀ ਤਲਬ ਅੱਜ ਵਧੇਰੇ ਹੀ ਹੋ ਰਹੀ ਸੀ। ਉਸਦਾ ਜੀਅ ਕੀਤਾ ਕਿ ਸਿਗਰਟ ਸੁਲਗਾ ਲਵੇ। ਸਿਗਰਟ ਤਾਂ ਉਹ ਗੁਰਦੁਆਰੇ ਦੇ ਉਪਰ ਵਾਲੇ ਕਮਰੇ ਵਿਚ ਵੀ ਪੀ ਲੈਂਦਾ ਸੀ, ਜਿਸ ਨੂੰ 'ਕੁਲਵੰਤ ਦਾ ਕਮਰਾ' ਆਖਿਆ ਜਾਣ ਲੱਗਾ ਸੀ। ਫਿਰ ਇਸ ਘਰ ਵਿਚ ਇਹ ਸੰਕੋਚ ਕਿਉਂ ? ਪਰ ਸੰਕੋਚ ਸੀ, ਕੌੜੇ ਸੱਚ ਵਾਂਗ ਵਿਆਪਤ ਤੇ ਵਿਦਮਾਨ। ਅਤੇ ਉਸਦਾ ਹੱਥ ਬੋਝੇ 'ਚੋਂ ਡੱਬੀ ਕੱਢਣ ਤੋਂ ਅਸਮਰਥ ਸੀ।

"ਸਾਸਰੀ ਕਾਲ ਭਾ'ਜੀ।" ਕੁਲਵੰਤ ਦੀ ਪਤਨੀ ਸਿਰ ਦਾ ਪੱਲਾ ਠੀਕ ਕਰਦੀ ਕਮਰੇ 'ਚ ਵੜੀ।

"ਸਤਿ ਸ੍ਰੀ ਅਕਾਲ। ਭਾਬੀ, ਤੂੰ ਤਾਂ ਪੇਕੇ ਜਾ ਬੈਠੀ ਤੇ ਇਹ ਵਿਚਾਰਾ ਤੇਰੇ ਗ਼ਮ 'ਚ ਬਿਮਾਰ ਪਿਆ ਰਿਹਾ।"

ਸੁਰਜੀਤ ਦੇ ਚਿਹਰੇ 'ਤੇ ਹਯਾ ਦੀ ਸੁਰਖ਼ੀ ਝਲਕ ਪਈ। ਉਸ ਦੀਆਂ ਗੱਲ੍ਹਾਂ ਅੱਧਪੱਕੇ ਬੇਰ ਵਰਗੀਆਂ ਹੋ ਗਈਆਂ। ਬੋਲੀ, "ਲੈ ਹੋਰ ਸੁਣੋ। ਤੁਸੀਂ ਵੀ ਉਹੋ ਗੱਲ ਕੀਤੀ ਭਾ'ਜੀ। ਬਿਮਾਰ ਪਏ ਇਹ ਆਪਣੀਆਂ ਕਰਤੂਤਾਂ ਨਾਲ। ਨਾ ਇਹ ਸ਼ਰਾਬ ਨੂੰ ਛੱਡਣ, ਨਾ ਸ਼ਰਾਬ ਇਨ੍ਹਾਂ ਨੂੰ ਛੱਡੇ। ਮੈਂ ਤਾਂ ਐਵੇਂ ਵਿਚ-ਵਿਚਾਲੇ ਬਦਨਾਮ ਹੋ ਰਹੀ ਆਂ।"

"ਚੱਲ ਛੱਡ ਪਰ੍ਹਾਂ। ਹੋਰ ਸੁਣਾ, ਭਾਈ ਹੁਰੀਂ ਤਾਂ ਠੀਕ ਠਾਕ ਸਨ ? ਕਦੋਂ ਆਇਐ ?"

"ਆਏ ਨੂੰ ਤਾਂ ਮਹੀਨਾ ਹੋ ਗਿਆ। ਆਉਂਦਿਆਂ ਹੀ ਅੰਬਰਸਰ ਚਲਾ ਗਿਆ ਦਰਬਾਰ ਸਾਹਿਬ ਮੱਥਾ ਟੇਕਣ। ਦਸ-ਬਾਰਾਂ ਦਿਨ ਉਥੇ ਲਾ ਆਇਆ। ਪਿੰਡ ਪਹੁੰਚਿਆ ਤਾਂ ਮੈਨੂੰ ਸੱਦ ਭੇਜਿਆ"

"ਅੰਮ੍ਰਿਤਸਰ ਮੱਥਾ ਹੀ ਟੇਕਦਾ ਰਿਹਾ ਉਹ ਦਸ-ਬਾਰ੍ਹਾਂ ਦਿਨ ?" ਨੀਰਜ ਨੇ ਟਿੱਚਰ ਕੀਤੀ।

"ਰਾਮ ਜਾਣੇ ਭਾ'ਜੀ। ਮੈਂ ਪੁੱਛਿਆ ਤਾਂ ਕਹਿਣ ਲੱਗਾ ਦਸ-ਬਾਰਾਂ ਦਿਨ ਕੀ, ਦਸ-ਬਾਰਾਂ ਜਨਮ ਵੀ ਦਰਬਾਰ ਸਾਹਿਬ ਦੀ ਪਰਕਰਮਾ ਵਿਚ ਲੰਘ ਜਾਣ ਤਾਂ ਥੋੜ੍ਹੇ ਨੇ।"

ਚੌਦ੍ਹਾਂ ਵਰ੍ਹਿਆਂ ਦੇ ਪੱਪੂ ਨੇ ਆਪਣੇ ਮਾਮੇ ਦੀ ਗੱਲ ਸਪੱਸ਼ਟ ਕਰਦਿਆਂ ਆਖਿਆ, "ਮਾਮਾ ਜੀ ਕਨੇਡਾ ਤੋਂ ਆਏ ਨੇ ਖਾਲਿਸਤਾਨ ਬਣਾਉਣ। ਇਸੇ 'ਚ ਰੁੱਝੇ ਰਹਿੰਦੇ ਨੇ ਰਾਤ ਦਿਨੇ।"

ਤੇ ਆਪਣੇ ਅੰਦਰ ਦੇ ਉਤਸ਼ਾਹ ਤੋਂ ਪ੍ਰੇਰਿਤ ਹੋ ਕੇ ਪੱਪੂ ਦੀ ਛੋਟੀ ਭੈਣ ਬੋਲੀ, "ਚਾਚਾ ਜੀ, ਇਕ ਗੱਲ ਆਖਾਂ ?"

"ਹਾਂ ਪੁੱਤਰ।"

"ਗੁੱਸਾ ਤਾਂ ਨਹੀਂ ਕਰੋਗੇ ?"

"ਮੈਂ ਕਦੀ ਗੁੱਸਾ ਕੀਤਾ ਹੈ ਆਪਣੀ ਰਾਣੀ ਧੀ ਦੀ ਕਿਸੇ ਗੱਲ ਦਾ ?"



ਡਾ. ਨਰੇਸ਼ ਦਾ ਪੰਜਾਬੀ ਸਾਹਿਤ ਨੂੰ ਯੋਗਦਾਨ

ਡਾ. ਸੁਦਰਸ਼ਨ ਗਾਸੋ

ਡਾ. ਨਰੇਸ਼ ਪੰਜਾਬੀ ਸਾਹਿਤ ਦੀ ਉਸ ਪੀੜ੍ਹੀ ਦੇ ਆਗੂ ਹਨ, ਜਿਸ ਪੀੜ੍ਹੀ ਨੇ ਪੰਜਾਬੀ ਨੂੰ ਆਪਣੀ ਪ੍ਰਤਿਭਾ, ਲਗਨ, ਪ੍ਰਤਿਬੱਧਤਾ, ਸੁਹਿਰਦਤਾ, ਗੰਭੀਰਤਾ, ਮਾਨਵ-ਹਿਤਕਾਰੀ ਕੀਮਤਾਂ ਅਤੇ ਸੋਚ ਦੇ ਲੜ ਲੱਗ ਕੇ ਚੱਲਣਾ ਸਿਖਾਇਆ। ਡਾ. ਨਰੇਸ਼ ਅਜੋਕੇ ਆਪਾਧਾਪੀ, ਸੁਆਰਥ ਪ੍ਰਧਾਨ, ਸ੍ਵੈ-ਕੇਂਦ੍ਰਿਤ ਅਤੇ ਪੈਸਾ ਪ੍ਰਧਾਨ ਸੋਚ ਦੇ ਦੌਰ ਵਿਚ ਜਿਨ੍ਹਾਂ ਉੱਚੀਆਂ ਅਤੇ ਸੁੱਚੀਆਂ ਕਦਰਾਂ-ਕੀਮਤਾਂ ਨੂੰ ਲੈ ਕੇ ਚੱਲ ਰਹੇ ਹਨ, ਉਨ੍ਹਾਂ ਦੀ ਸਾਨੂੰ ਅਜੋਕੇ ਸਮਾਜ ਵਿਚ ਬਹੁਤ ਜ਼ਰੂਰਤ ਹੈ। ਵਿਸ਼ਵੀਕਰਨ ਦਾ ਇਹ ਬੇਰਹਿਮ ਦੌਰ ਮਨੁੱਖ ਤੋਂ ਜਿਸ ਸੰਵੇਦਨਾ, ਸੁਪਨੇ, ਸੁਹਿਰਦਤਾ, ਸਨੇਹ, ਸੂਖ਼ਮਤਾ ਅਤੇ ਸੋਚ ਨੂੰ ਖੋਹ ਰਿਹਾ ਹੈ, ਡਾ. ਨਰੇਸ਼ ਉਸ ਹਨ੍ਹੇਰੀ ਦੇ ਖ਼ਿਲਾਫ਼ ਲੜਾਈ ਦਾ ਇਹ ਇਕ ਸ਼ਕਤੀਸ਼ਾਲੀ ਢੰਗ ਹੈ। ਸਾਡਾ ਇਹ ਸ਼ਬਦ ਸ਼ਿਲਪੀ, ਸ਼ਬਦ ਸਾਧਕ ਅਤੇ ਸ਼ਬਦ ਉਪਾਸ਼ਕ ਸਾਡੇ ਸਾਹਿਤ ਜਗਤ ਦਾ ਮਾਣਮੱਤਾ ਸਿਤਾਰਾ ਹੈ।

ਡਾ. ਨਰੇਸ਼ ਇਕ ਅਜਿਹਾ ਪ੍ਰਤਿਭਾਵਾਨ ਸਾਹਿਤਕਾਰ ਹੈ ਜਿਸ ਨੂੰ ਪੰਜਾਬੀ, ਹਿੰਦੀ, ਉਰਦੂ ਅਤੇ ਅੰਗਰੇਜ਼ੀ ਉਪਰ ਇਕੋ ਜਿੰਨਾ ਆਬੂਰ ਹਾਸਿਲ ਹੈ। ਡਾ. ਨਰੇਸ਼ ਨੇ ਜਿਥੇ ਦੂਸਰੀਆਂ ਭਾਸ਼ਾਵਾਂ ਵਿਚ ਆਪਣੇ ਵਿਚਾਰਾਂ ਨਾਲ ਸਭ ਨੂੰ ਪ੍ਰਭਾਵਿਤ ਕੀਤਾ ਹੈ, ਉਥੇ ਪੰਜਾਬੀ ਸਾਹਿਤ ਦੇ ਵਿਕਾਸ ਵਿਚ ਵੀ ਆਪ ਨੇ ਮੁੱਲਵਾਨ, ਇਤਿਹਾਸਕ ਯੋਗਦਾਨ ਪਾਇਆ ਹੈ।

ਡਾ. ਨਰੇਸ਼ ਨੇ ਸਾਹਿਤ ਸਿਰਜਣਾ ਦੇ ਨਾਲ ਨਾਲ ਸਾਹਿਤ ਸਿਧਾਂਤ ਦੇ ਖੇਤਰ ਵਿਚ ਵੀ ਮੁੱਲਵਾਨ ਭੂਮਿਕਾ ਨਿਭਾਈ ਹੈ। ਇਸ ਦ੍ਰਿਸ਼ਟੀ ਤੋਂ ਆਪ ਦੀਆਂ ਪੁਸਤਕਾਂ 'ਗ਼ਜ਼ਲ ਦੀ ਪਰਖ' ਅਤੇ 'ਗ਼ਜ਼ਲ ਦਾ ਰਚਨਾ ਵਿਧਾਨ' ਦਾ ਵਿਸ਼ੇਸ਼ ਰੂਪ ਵਿਚ ਜ਼ਿਕਰ ਕੀਤਾ ਜਾ ਸਕਦਾ ਹੈ। ਇਨ੍ਹਾਂ ਪੁਸਤਕਾਂ ਦੇ ਪ੍ਰਕਾਸ਼ਿਤ ਹੋਣ ਤੋਂ ਪਹਿਲਾਂ ਪੰਜਾਬੀ ਗ਼ਜ਼ਲ ਦੀ ਪਰਖ ਪੜਚੋਲ ਤੇ ਰਚਨਾ, ਉਰਦੂ ਫ਼ਾਰਸੀ ਦੀਆਂ ਪ੍ਰਚਲਿਤ ਬਹਿਰਾਂ ਅਤੇ ਸ਼ਬਦਾਵਲੀ ਦੇ ਅਧੀਨ ਕੀਤੀ ਜਾਂਦੀ ਸੀ ਪਰੰਤੂ ਡਾ. ਨਰੇਸ਼ ਨੇ ਪੰਜਾਬੀ ਲਬੋ ਲਹਿਜੇ ਵਿਚ ਨਾ ਕੇਵਲ ਪੰਜਾਬੀ ਗ਼ਜ਼ਲ ਲਿਖਣ ਦੀ ਪਹਿਲ ਕੀਤੀ ਬਲਕਿ ਇਸ ਲਈ ਸਿਧਾਂਤ, ਨਿਯਮਾਵਲੀ ਤੇ ਤਕਨੀਕੀ ਸ਼ਬਦਾਵਲੀ ਦਾ ਵੀ ਨਿਰਮਾਣ ਕੀਤਾ। ਇਹ ਆਪਣੇ ਆਪ ਵਿਚ ਇਕ ਇਤਿਹਾਸਕ ਕਾਰਜ ਸੀ। ਅੱਜ ਵੀ ਪੰਜਾਬੀ ਦੇ ਅਧਿਆਪਕ ਇਨ੍ਹਾਂ ਪੁਸਤਕਾਂ ਤੋਂ ਗਿਆਨ ਹਾਸਿਲ ਕਰਕੇ ਵਿਦਿਆਰਥੀਆਂ ਦਾ ਮਾਰਗ ਦਰਸ਼ਨ ਕਰ ਰਹੇ ਹਨ। ਡਾ. ਨਰੇਸ਼ ਦਾ ਪੰਜਾਬੀ ਸਾਹਿਤ ਵਿਚ ਸੂਫ਼ੀਮਤ ਨੂੰ ਸਥਾਪਤ ਕਰਨ ਵਿਚ ਅਮੁੱਲਾ ਯੋਗਦਾਨ ਹੈ। ਆਪ ਨੇ ਸੂਫ਼ੀਮਤ ਦੇ ਸਿਧਾਂਤਾਂ ਨੂੰ ਸਥਾਪਤ ਕਰਨ ਅਤੇ ਉਸਦੇ ਅਰਥਾਂ ਦੀ ਵਿਆਖਿਆ ਕਰਨ ਵਿਚ ਅਹਿਮ ਭੂਮਿਕਾ ਨਿਭਾਈ ਹੈ। ਇਸ ਪੱਖ ਤੋਂ ਆਪ ਦੀਆਂ ਪੁਸਤਕਾਂ 'ਸੂਫ਼ੀ ਮੱਤ ਅਤੇ ਸੂਫ਼ੀ ਕਵਿਤਾ', 'ਸ਼ਾਹ ਹੁਸੈਨ ਜੀਵਨ ਤੇ ਰਚਨਾ' ਅਤੇ 'ਸੁਲਤਾਨ ਬਾਹੂ ਦੀ ਪੰਜਾਬੀ ਕਵਿਤਾ' ਜ਼ਿਕਰਯੋਗ ਹਨ।

ਡਾ. ਨਰੇਸ਼ ਨੇ ਪੰਜਾਬ ਦੇ ਵਿਰਸੇ ਨੂੰ ਸੰਭਾਲਣ ਲਈ ਵਿਸ਼ੇਸ਼ ਉਪਰਾਲੇ ਕੀਤੇ। ਆਪ ਨੇ ਪਹਿਲੀ ਵਾਰੀ ਪੰਜਾਬ ਦੇ ਬਾਗ਼ਾਂ, ਦਰਗਾਹਾਂ ਅਤੇ ਸਾਧਾਂ ਸੰਤਾਂ ਦੇ ਡੇਰਿਆਂ ਨੂੰ ਆਪਣੀ ਪੁਸਤਕ 'ਬੋਲਦੀਆਂ ਤਸਵੀਰਾਂ' ਵਿਚ ਬਹੁਤ ਹੀ ਖ਼ੂਬਸੂਰਤ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਉਜਾਗਰ ਕੀਤਾ ਹੈ। ਇਸ ਪੁਸਤਕ ਵਿਚ ਸਾਡਾ ਪਿਆਰਾ ਇਤਿਹਾਸ ਫਿਰ ਜੀਵਤ ਹੋ ਉੱਠਿਆ ਹੈ। ਇਹ ਪੁਸਤਕ ਪਾਕਿਸਤਾਨ ਵਿਚ ਸ਼ਾਹਮੁਖੀ ਵਿਚ ਵੀ ਪ੍ਰਕਾਸ਼ਿਤ ਹੋ ਚੁੱਕੀ ਹੈ।

ਸਭਿਆਚਾਰ ਦੇ ਖੇਤਰ ਵਿਚ ਡਾ. ਨਰੇਸ਼ ਵੱਲੋਂ ਲਿਖਿਤ ਖੋਜ ਭਰਪੂਰ ਪੁਸਤਕ 'ਸਾਡੀਆਂ ਰਸਮਾਂ' ਨੂੰ ਇਤਿਹਾਸਕ ਮੁੱਲ ਅਤੇ ਮਹੱਤਵ ਵਾਲੀ ਪੁਸਤਕ ਕਹਿ ਸਕਦੇ ਹਾਂ। ਇਸ ਪੁਸਤਕ ਵਿਚ ਆਪ ਨੇ ਸਾਡੇ ਰੀਤੀ ਰਿਵਾਜ਼ਾਂ ਨੂੰ ਸਮਾਜਕ, ਭੂਗੋਲਿਕ, ਆਰਥਿਕ ਇਤਿਹਾਸਕ ਅਤੇ ਮਨੋਵਿਗਿਆਨਕ ਨਜ਼ਰੀਏ ਤੋਂ ਉਜਾਗਰ ਕੀਤਾ ਹੈ। ਡਾ. ਨਰੇਸ਼ ਨੇ ਵੈਦਿਕ ਯੁੱਗ ਤੋਂ ਲੈ ਕੇ ਵਰਤਮਾਨ ਦੌਰ ਤੱਕ ਸਾਡੇ ਸਭਿਆਚਾਰ ਦੇ ਅਤਿ ਮਹੱਤਵਪੂਰਨ ਪੱਖਾਂ ਨੂੰ ਆਲੋਕ ਵਿਚ ਲਿਆਂਦਾ ਹੈ।

ਆਪ ਨੇ ਕੁਝ ਬਹੁਤ ਹੀ ਨਿਵੇਕਲੇ ਇਤਿਹਾਸਕ ਮਹੱਤਵ ਵਾਲੀਆਂ ਪੁਸਤਕਾਂ ਦਾ ਪੰਜਾਬੀ ਭਾਸ਼ਾ ਵਿਚ ਅਨੁਵਾਦ ਵੀ ਕੀਤਾ ਹੈ। ਇਨ੍ਹਾਂ ਵਿਚ 'ਗ਼ਦਰ ਅੰਦੋਲਨ', 'ਨੇਤਾ ਜੀ ਸੁਭਾਸ਼ ਚੰਦਰ ਬੋਸ', '1857 ਦੀ ਬਗ਼ਾਵਤ', 'ਨਾਮਧਾਰੀ ਗੁਰੂ ਰਾਮ ਸਿੰਘ', 'ਨਹਿਰੂ ਪਟੇਲ : ਸਹਿਮਤੀ ਵਿਚ ਅਸਹਿਮਤੀ', 'ਮੁਲਕ ਰਾਜ ਆਨੰਦ', 'ਦੀਵਾਰ ਅਤੇ ਹੋਰ ਕਹਾਣੀਆਂ', '1857 ਬਾਰੇ ਨਹਿਰੂ ਤੇ ਆਜ਼ਾਦ ਦੇ ਵਿਚਾਰ' ਆਦਿ ਉਲੇਖਯੋਗ ਹਨ। ਇਹ ਪੁਸਤਕਾਂ ਆਪਣੀ ਪ੍ਰਕਿਰਤੀ ਕਰਕੇ ਮਾਨਵੀ ਮੁੱਲਾਂ ਦੇ ਨਿਰਮਾਣ ਵਿਚ ਸਹਾਇਕ ਕਹੀਆਂ ਜਾ ਸਕਦੀਆਂ ਹਨ।

ਡਾ. ਨਰੇਸ਼ ਦਾ ਯੋਗਦਾਨ ਸਾਡੇ ਸਾਂਝੇ ਵਿਰਸੇ ਤੇ ਵਿਰਾਸਤ ਦੀ ਬਰਕਰਾਰੀ ਲਈ ਨਿਰੰਤਰ ਕੀਤੇ ਗਏ ਰਚਨਾਤਮਕ ਉਪਰਾਲਿਆਂ ਦੀ ਦ੍ਰਿਸ਼ਟੀ ਤੋਂ ਵੀ ਨਿਰਸੰਕੋਚ ਸਵੀਕਾਰਿਆ ਜਾ ਸਕਦਾ ਹੈ। ਡਾ. ਨਰੇਸ਼ ਇਕ ਅਜਿਹਾ ਜੀਵਨ ਯਾਤਰੀ ਹੈ ਜਿਹੜਾ ਜ਼ਿੰਦਗੀ ਨੂੰ ਹੋਰ ਖ਼ੂਬਸੂਰਤ ਤੇ ਜੀਵਨ ਉਪਯੋਗੀ ਬਣਾਉਣ ਲਈ ਅਨੇਕਾਂ ਖੇਤਰਾਂ ਦੀ ਅਣਥੱਕ ਪਰਿਕਰਮਾ ਕਰਨ ਤੋਂ ਗੁਰੇਜ ਨਹੀਂ ਕਰਦਾ। ਨਿਰੰਤਰ ਸਾਧਨਾ ਵਿਚ ਲੀਨ ਰਹਿਣ ਵਾਲਾ ਇਹ ਕਰਮਯੋਗੀ ਸਾਹਿਤਕਾਰ ਆਪਣੀ ਸਿਰਜਣਾਤਮਕ ਪ੍ਰਤਿਭਾ ਦਾ ਚਾਨਣ ਕੇਵਲ ਪੁਸਤਕਾਂ ਦੇ ਮਾਧਿਅਮ ਦੁਆਰਾ ਹੀ ਨਹੀਂ ਕਰਦਾ ਰਿਹਾ ਬਲਕਿ ਇਕ ਸੁਯੋਗ ਤੇ ਸਮਰੱਥ ਅਧਿਆਪਕ ਵਜੋਂ, ਇਕ ਵਾਰਤਾਕਾਰ ਵਜੋਂ, ਇਕ ਪ੍ਰਤਿਭਾਸ਼ਾਲੀ ਵਕਤਾ ਵਜੋਂ, ਇਕ ਸੁਯੋਗ ਸੰਪਾਦਕ ਵਜੋਂ, ਇਕ ਉੱਚਪਾਏ ਦੇ ਸਾਹਿਤਕ ਆਯੋਜਕ ਵਜੋਂ ਵੀ ਸਮਾਜ ਵਿਚ ਆਪਣੇ ਹੁਨਰ ਦੀ ਮਹਿਕ ਬਿਖੇਰਦਾ ਰਿਹਾ ਹੈ।

ਡਾ. ਨਰੇਸ਼ ਦੇ ਬਹੁਪੱਖੀ ਤੇ ਬਹੁਮੁੱਲੇ ਸਾਹਿਤਕ ਯੋਗਦਾਨ ਨੂੰ ਇਸ ਅਤਿ ਸੰਖੇਪ ਵੇਰਵੇ ਦੁਆਰਾ ਰੇਖਾਂਕਿਤ ਕਰਨਾ ਬੇਸ਼ੱਕ ਸੰਭਵ ਨਹੀਂ ਸੀ ਪਰੰਤੂ ਫਿਰ ਵੀ ਸਾਨੂੰ ਉਨ੍ਹਾਂ ਦਿਸ਼ਾਵਾਂ ਦਾ ਗਿਆਨ ਤਾਂ ਹੋ ਹੀ ਜਾਂਦਾ ਹੈ ਜਿਨ੍ਹਾਂ ਦਿਸ਼ਾਵਾਂ ਵਿਚ ਆਪ ਨੂੰ ਪੂਰਨ ਪ੍ਰਤਿਬੱਧਤ, ਲਗਨ ਤੇ ਸੁਹਿਰਦਤਾ ਨਾਲ ਸਿਰਜਣਾਤਮਕ ਸਰਗਰਮੀ ਦਿਖਾਈ ਹੈ।

ਅੰਤ ਵਿਚ ਡਾ. ਨਰੇਸ਼ ਦੀ ਗ਼ਜ਼ਲ ਦੇ ਕੁਝ ਸ਼ਿਅਰਾਂ ਨਾਲ ਆਪਣੀ ਗੱਲ ਸਮਾਪਤ ਕਰਨ ਦੀ ਖ਼ੁਸ਼ੀ ਲੈ ਰਿਹਾ ਹਾਂ। ਉਮੀਦ ਹੈ ਇਹ ਸ਼ਿਅਰ ਆਪ ਨੂੰ ਵੀ ਪਸੰਦ ਆਉਣਗੇ :

- ਫੁੱਲ ਕੁਮਲਾ ਗਏ ਨੇ ਝੜੇ ਤਾਂ ਨਹੀਂ
  ਹਾਦਸੇ ਜ਼ਿੰਦਗੀ ਤੋਂ ਬੜੇ ਤਾਂ ਨਹੀਂ।
- ਰਿਸ਼ਤਿਆਂ ਤੋਂ ਪਾਰ ਦੀ ਭਾਸ਼ਾ ਤਾਂ ਪੜ੍ਹ
  ਕਿੰਵ ਸਮਝਾਵਾਂ ਤੂੰ ਮੇਰਾ ਕੌਣ ਹੈਂ ?
- ਸਮਝੇਗਾ ਕੌਣ ਰਮਜ਼ ਫ਼ਕੀਰਾਂ ਦੀ ਏ ਨਰੇਸ਼!
  ਮਹਿਬੂਬ ਵੇਖਣਾ ਹੈ ਨਜ਼ਰ ਬਿਨ ਹੈ ਵੇਖਣਾ।
- ਮੈਂ ਹੀ ਹੈਦਰ, ਮੈਂ ਹੀ ਬਾਹੂ, ਮੈਂ ਹੀ ਬੁਲ੍ਹੇ ਸ਼ਾਹ ਨਰੇਸ਼
  ਉਸਦੇ ਹਿਜ਼ਰ ਫ਼ਿਰਾਕ ਵਿਗੁੱਤਾ ਮੇਰਾ ਇਕ ਇਕ ਸਾਹ ਨਰੇਸ਼।
- ਚਰਖ਼ਾ ਟੁੱਟਣ 'ਤੇ ਨਾ ਐਵੇਂ ਖ਼ੁਸ਼ ਹੋ ਤੂੰ
  ਕੱਤਣੀ ਕਿਸ ਨੇ ਤੇਰੇ ਹਿੱਸੇ ਦੀ ਰੂੰ।

ਮੋਬਾ. 09896201036

"ਤਾਂ ਫੇਰ ਤੁਸੀਂ ਵੀ ਸਿੱਖ ਸਜ ਜਾਓ। ਮਾਮਾ ਜੀ ਕਹਿੰਦੇ ਸੀ ਇਥੋਂ ਬੋਦੀ ਮਾਸਟਰ ਕਰਿਆੜਾਂ ਦੀ ਛੁੱਟੀ ਕਰ ਦੇਣੀ ਆ।"

ਉਹੋ ਅਦਿੱਖ ਦੀਵਾਰ ਜਿਵੇਂ ਨੀਰਜ ਦੇ ਉੱਪਰ ਢਹਿ ਪਈ ਸੀ ਤੇ ਉਹ ਇਸ ਦੇ ਮਲਬੇ ਹੇਠਾਂ ਆਪਣਾ ਸਾਹ ਘੁੱਟ ਹੁੰਦਾ ਮਹਿਸੂਸ ਕਰ ਰਿਹਾ ਸੀ।

"ਚਲ ਜਾ, ਖੇਡ ਜਾ ਕੇ ਆਪਣਾ। ਵੱਡੀ ਆਈ ਖਾਲਸਤਾਨਣ। ਦਫ਼ਾ ਹੋ।" ਕੁਲਵੰਤ ਦੇ ਕੌੜੇ ਦਖ਼ਲ 'ਤੇ ਦੋਵੇਂ ਬੱਚੇ ਬਾਹਰ ਵਿਹੜੇ ਵਿਚ ਜਾ ਬੈਠੇ ਤਾਂ ਨੀਰਜ ਨੂੰ ਜਾਪਿਆ ਜਿਵੇਂ ਮਲਬੇ ਹੇਠਾਂ ਦਬ ਕੇ ਵੀ ਉਹ ਅਜੇ ਮੋਇਆ ਨਹੀਂ, ਜ਼ਿੰਦਾ ਹੈ।

ਗੁਆਂਢ ਦੀ ਕਿਸੇ ਜ਼ਨਾਨੀ ਨੇ ਪੱਪੂ ਨੂੰ ਵਾਜ ਮਾਰੀ ਤਾਂ ਸੁਰਜੀਤ "ਆਈ ਸੰਤੋਖ ਦੀ ਮਾਂ" ਕਹਿੰਦੀ ਹੋਈ ਬਾਹਰ ਵੱਲ ਤੁਰ ਗਈ।

"ਤੇਰੀ ਬਿਲਟੀ ਦਾ ਕੀ ਬਣਿਆ ? ਮਾਲ ਮਿਲਿਆ ਕਿ ਨਹੀਂ ?"

"ਗੁੰਮ ਹੋਇਆ ਮਾਲ ਰੇਲਵੇ 'ਤੇ ਮੁਕੱਦਮਾ ਕਰਕੇ ਮਿਲਦਾ ਏ, ਹੁਣ ਉਹੋ ਕਰਾਂਗਾ।"

ਗੱਲਾਂ ਹੋ ਰਹੀਆਂ ਸਨ ਹਮੇਸ਼ਾ ਵਾਂਗ, ਘਰ ਦੀਆਂ, ਕਾਰੋਬਾਰ ਦੀਆਂ, ਲੋਕਾਂ ਦੀਆਂ, ਇਧਰ-ਉਧਰ ਦੀਆਂ, ਪਰ ਗੱਲਾਂ ਦੇ ਦੌਰਾਨ ਇਕ ਡਰ ਵੀ ਨੀਰਜ ਦੇ ਅੰਦਰ ਧੌਣ ਚੁੱਕੀ ਜਾ ਰਿਹਾ ਸੀ। ਇਸ ਡਰ ਨੂੰ ਉਹ ਬੜੀ ਆਸਾਨੀ ਨਾਲ 'ਮੌਤ ਦਾ ਡਰ' ਆਖ ਸਕਦਾ ਸੀ। ਉਹ ਨਿਸ਼ਚਿਤ ਰੂਪ ਵਿਚ ਜਾਣਦਾ ਸੀ ਕਿ ਇਸ ਘਰ ਅੰਦਰ ਉਸਦੀ ਜਾਨ ਨੂੰ ਕਿਸੇ ਕਿਸਮ ਦਾ ਕੋਈ ਖ਼ਤਰਾ ਨਹੀਂ ਸੀ ਪਰ ਤਾਂ ਵੀ ਇਹ ਖ਼ਤਰਾ ਉਸ ਨੂੰ ਮਹਿਸੂਸ ਹੋ ਰਿਹਾ ਸੀ। ਉਹ ਸੋਚਣ ਲੱਗਾ, ਉਸ ਨੂੰ ਕਿਸ ਤੋਂ ਡਰ ਲੱਗ ਰਿਹਾ ਹੈ ? ਕੁਲਵੰਤ ਤੋਂ ? ਜੋ ਬਚਪਨ ਤੋਂ ਹੀ ਉਸ ਦੇ ਸਾਹਾਂ ਨਾਲ ਜੁੜਿਆ ਹੋਇਆ ਹੈ। ਸੁਰਜੀਤ ਤੋਂ ? ਜਿਸ ਨੂੰ ਉਹ ਆਪ ਆਪਣੀ ਭਾਬੀ ਬਣਾ ਕੇ ਲਿਆਇਆ ਸੀ। ਪੱਪੂ ਜਾਂ ਬੰਟੀ ਤੋਂ ? ਜਿਨ੍ਹਾਂ ਨੇ ਪੈਦਾ ਹੁੰਦਿਆਂ ਹੀ ਪਹਿਲੀ ਪੁਰਖ-ਛੋਹ ਦੇ ਰੂਪ ਵਿਚ ਉਸਦੇ ਹੱਥਾਂ ਦੀ ਛੋਹ ਪ੍ਰਾਪਤ ਕੀਤੀ ਸੀ।

ਬਾਹਰੋਂ ਕਿਸੇ ਨੇ ਕੁਲਵੰਤ ਨੂੰ ਆਵਾਜ਼ ਮਾਰੀ। "ਆਇਆ" ਆਖ ਉਹ ਦਰਵਾਜ਼ੇ 'ਤੇ ਚਲਾ ਗਿਆ। ਨੀਰਜ ਨੇ ਮੂੰਹ ਉਤਾਂਹ ਚੁੱਕ ਕੇ ਉਸ ਡਰ ਨੂੰ ਸੁੰਘਣ ਦਾ ਯਤਨ ਕੀਤਾ ਜੋ ਉਸਦੇ ਅੰਦਰ ਖੌਲ ਰਿਹਾ ਸੀ। ਉਸ ਨੂੰ ਜਾਪਿਆ ਪੂਰੇ ਘਰ ਵਿਚ ਉਸ ਡਰ ਦੀ ਗੰਧ ਭਰੀ ਪਈ ਹੈ। ਕੰਧਾਂ ਤੋਂ, ਛੱਤਾਂ ਤੋਂ, ਬਾਰੀਆਂ ਤੋਂ, ਰੌਸ਼ਨਦਾਨਾਂ ਤੋਂ ਉਤਰ ਕੇ ਇਹ ਬੋ ਉਸਦੇ ਨੱਕ ਵਿਚ ਵੜੀ ਜਾ ਰਹੀ ਹੈ। ਉਸਨੇ ਬੋ ਨੂੰ ਪਛਾਣਨ ਦਾ ਯਤਨ ਕੀਤਾ। ਇਹ ਉਹੋ ਬੋ ਸੀ, ਜੋ ਬੇਰਹਿਮ ਹੱਤਿਆ ਦਾ ਸ਼ਿਕਾਰ ਹੋਏ ਹਿੰਦੂਆਂ ਦੇ ਸਰੀਰਾਂ 'ਚੋਂ ਮਿਲੀ ਸੀ। ਉਹ ਕੰਬ ਗਿਆ।

ਹਮੇਸ਼ਾ ਦੀ ਤਰ੍ਹਾਂ ਚਾਹ ਦੇ ਦੋ ਗਿਲਾਸ ਫੜੀ ਕੁਲਵੰਤ ਕਮਰੇ 'ਚ ਮੁੜ ਆਇਆ। ਨੁੱਕਰੇ ਪਈ ਛੋਟੀ ਮੇਜ਼ ਧੂਹ ਕੇ ਉਸਨੇ ਨੀਰਜ ਦੀ ਮੰਜੀ ਅਤੇ ਆਪਣੀ ਕੁਰਸੀ ਵਿਚਾਲੇ ਕਰ ਕੇ ਚਾਹ ਦੇ ਗਿਲਾਸ ਉਸ 'ਤੇ ਰੱਖ ਦਿੱਤੇ। ਅਚਾਨਕ ਉਸ ਨੂੰ ਮਹਿਸੂਸ ਹੋਇਆ ਕਿ ਅੱਜ ਨੀਰਜ ਨੇ ਹਾਲੀ ਤਕ ਸਿਗਰਟ ਨਹੀਂ ਪੀਤੀ ਹੈ।

"ਤੂੰ ਸਿਗਰਟ ਛੱਡ ਦਿੱਤੀ ?"

"ਤੂੰ ਮਹੀਨਾ ਭਰ ਮਿਲਿਆ ਹੀ ਨਹੀਂ ਮੈਨੂੰ। ਇਸ ਦੌਰਾਨ ਬੜਾ ਕੁਝ ਛੁੱਟ ਗਿਆ, ਸਿਗਰਟ, ਚਾਹ, ਮਿਰਚ, ਮਸਾਲੇ।"

"ਕੀ ਹੋਇਆ ?"

"ਹਾਈ ਬਲੱਡ ਪ੍ਰੈਸ਼ਰ।"

"ਕੀ ?"

"ਹਾਂ।"

ਨੀਰਜ ਜਾਣਦਾ ਸੀ ਕਿ ਉਹ ਝੂਠ ਬੋਲ ਰਿਹਾ ਹੈ, ਸਰਾਸਰ ਝੂਠ, ਸਫ਼ੈਦ ਝੂਠ। ਸਿਗਰਟ ਦੀ ਡੱਬੀ ਇਸ ਸਮੇਂ ਵੀ ਉਸਦੀ ਜੇਬ ਵਿਚ ਸੀ ਤੇ ਉਸ ਦੀਆਂ ਉਂਗਲਾਂ ਸਿਗਰਟ ਫੜਨ ਲਈ ਮਚਲ ਰਹੀਆਂ ਸਨ। ਚਾਹ ਦਾ ਕੱਪ ਸਾਮ੍ਹਣੇ ਪਿਆ ਸੀ, ਸਿਗਰਟ ਦਾ ਪੈਕਟ ਬੋਝੇ ਵਿਚ ਸੀ। ਇਹ ਉਸਦੀ ਅੱਯਾਸ਼ੀ ਦਾ ਮੁਕੰਮਲ ਸਾਮਾਨ ਸੀ ਪਰ ਉਹ ਝੂਠ ਬੋਲ ਗਿਆ। ਅਚਾਨਕ ਉਸ ਨੂੰ ਮਹਿਸੂਸ ਹੋਇਆ ਕਿ ਚਾਹ ਦਾ ਜਿਹੜਾ ਗਿਲਾਸ ਉਸਦੇ ਸਾਮ੍ਹਣੇ ਰੱਖਿਆ ਗਿਆ ਹੈ, ਉਸ ਵਿਚ ਜ਼ਹਿਰ ਘੋਲਿਆ ਗਿਆ ਹੈ। ਕੁਲਵੰਤ, ਸੁਰਜੀਤ, ਪੱਪੂ, ਬੰਟੀ ਕੋਈ ਵੀ ਉਸਦੀ ਹੱਤਿਆ ਨਹੀਂ ਕਰ ਸਕਦਾ ਪਰ ਇਕ ਸਿੱਖ ਪਰਿਵਾਰ ਇਕ ਹਿੰਦੂ ਦੀ ਹੱਤਿਆ ਕਰਕੇ ਆਪਣੇ ਧਾਰਮਿਕ ਕਰਜ਼ੇ ਤੋਂ ਮੁਕਤ ਤਾਂ ਹੋ ਹੀ ਸਕਦਾ ਹੈ ਤੇ ਉਹ ਮਰਨਾ ਨਹੀਂ ਸੀ ਚਾਹੁੰਦਾ। ਘੱਟੋ ਘੱਟ ਇਸ ਤਰ੍ਹਾਂ ਮਰਨਾ ਨਹੀਂ ਸੀ ਚਾਹੁੰਦਾ।

"ਕਮਾਲ ਹੋ ਗਿਆ ਯਾਰਾ। ਨਾ ਮਿਲਣਾ ਹੀ ਪਾਪ ਹੋ ਗਿਆ। ਇਧਰ ਮੈਂ ਬਿਮਾਰ ਤੇ ਤੂੰ ਬੇਖ਼ਬਰ, ਉਧਰ ਤੂੰ ਬਿਮਾਰ ਤੇ ਮੈਂ ਬੇਖ਼ਬਰ। ਖ਼ੈਰ, ਬਲੱਡ ਪ੍ਰੈਸ਼ਰ ਹਾਈ ਰਹਿਣ ਲੱਗਾ ਹੈ ਤਾਂ ਮੈਂ ਚਾਹ ਲਈ ਤਾਂ ਨਹੀਂ ਆਖਾਂਗਾ, ਪਰ ਕੁਝ ਠੰਡਾ ਲੈ ਲੈ।"

"ਨਹੀਂ, ਕੁਝ ਨਹੀਂ, ਲੋੜ ਹੀ ਨਹੀਂ। ਬਸ ਤੈਨੂੰ ਦੇਖਣ ਨੂੰ ਬੇਕਰਾਰ ਹੋ ਗਿਆ ਸੀ, ਚਲਾ ਆਇਆ।"

"ਸੁਰਜੀਤ, ਬਈ ਇਸ ਦੀ ਚਾਹ-ਸਿਗਰਟ ਤਾਂ ਹਰਦਵਾਰ ਜਾ ਪੁੱਜੀ। ਤੂੰ ਪੀ ਲੈ।" ਕਮਰੇ 'ਚ ਵੜਦੀ ਸੁਰਜੀਤ ਨੂੰ ਚਾਹ ਦਾ ਗਿਲਾਸ ਫੜਾਉਂਦਿਆਂ ਕੁਲਵੰਤ ਨੇ ਆਖਿਆ। "ਭਾਈ ਹੁਰੀਂ ਹਾਈ ਬਲੱਡ ਪ੍ਰੈਸ਼ਰ ਲਈ ਫਿਰਦੇ ਨੇ।"

"ਵਾਹਿਗੁਰੂ, ਇਹ ਬਿਮਾਰੀ ਕਿੱਥੋਂ ਸਹੇੜ ਲਈ ਭਾ'ਜੀ ?"

"ਭਾਬੀ, ਜਿਵੇਂ ਜਿਵੇਂ ਉਮਰ ਵਧਦੀ ਐ ਸਰੀਰ ਦੀ ਮਸ਼ੀਨਰੀ ਕਮਜ਼ੋਰ ਪਈ ਜਾਂਦੀ ਐ। ਹੁਣ ਅਸੀਂ ਪੰਜਾਹਾਂ ਨੂੰ ਆ ਲੱਗੇ ਹਾਂ।"

"ਲੈ ਭਾ'ਜੀ, ਪੰਜਾਹ ਸਾਲ ਵੀ ਕੋਈ ਉਮਰ ਹੁੰਦੀ ਏ। ਉਮਰ ਤਾਂ ਸੱਠਾਂ ਮਗਰੋਂ ਢਲਣ ਲੱਗਦੀ ਏ।"

"ਲੈ ਬਈ, ਹੁਣ ਚੱਲੀਏ।"

ਹਮੇਸ਼ਾ ਵਾਂਗ ਕੁਲਵੰਤ ਅਤੇ ਸੁਰਜੀਤ ਉਸ ਨੂੰ ਬਾਹਰ ਤਕ ਛੱਡਣ ਆਏ।

ਘਰ ਮੁੜਦਿਆਂ ਉਹ ਸੋਚਣ ਲੱਗਾ ਕਿ ਜੇਕਰ ਚਾਹ ਦੇ ਉਸ ਗਿਲਾਸ ਵਿਚ ਜ਼ਹਿਰ ਘੋਲਿਆ ਗਿਆ ਸੀ ਤਾਂ ਫਿਰ ਉਹ ਗਿਲਾਸ ਸੁਰਜੀਤ ਨੂੰ ਕਿਵੇਂ ਫੜਾ ਦਿੱਤਾ ਕੁਲਵੰਤ ਨੇ ? ਤਾਂ ਕੀ ਇਹ ਜ਼ਹਿਰ ਸੁਰਜੀਤ ਨੇ ਨਹੀਂ ਘੋਲਿਆ ਸੀ ? ਉਸਨੇ ਸਿਰਫ਼ ਚਾਹ ਬਣਾਈ ਸੀ। ਜ਼ਹਿਰ ਕੁਲਵੰਤ ਨੇ ਘੋਲਿਆ ਸੀ ਤੇ ਉਹ ਜਾਣਦਾ ਸੀ ਕਿ ਕਿਹੜਾ ਗਿਲਾਸ ਨੀਰਜ ਨੂੰ ਦੇਣਾ ਹੈ। ਜਾਂ ਹੋ ਸਕਦਾ ਹੈ ਕੁਲਵੰਤ ਅਤੇ ਸੁਰਜੀਤ ਦੋਵਾਂ ਤੋਂ ਅੱਖ ਬਚਾ ਕੇ ਬੰਟੀ ਜਾਂ ਪੱਪੂ ਨੇ ਜ਼ਹਿਰ ਰਲਾ ਦਿੱਤਾ ਹੋਵੇ। ਪਰ ਸੁਰਜੀਤ ਇਸ ਜ਼ਹਿਰ ਨੂੰ ਕਿਵੇਂ ਪੀਵੇਗੀ, ਕਿਵੇਂ ਪਚਾਵੇਗੀ ? ਹੋ ਸਕਦਾ ਹੈ ਉਨ੍ਹਾਂ ਚੌਹਾਂ 'ਚੋਂ ਕਿਸੇ ਨੇ ਵੀ ਜ਼ਹਿਰ ਨਾ ਘੋਲਿਆ ਹੋਵੇ, ਘਰ ਦੀਆਂ ਕੰਧਾਂ ਤੋਂ, ਛੱਤਾਂ ਤੋਂ, ਬਾਰੀਆਂ- ਰੌਸ਼ਨਦਾਨਾਂ ਤੋਂ ਵਰ੍ਹ ਰਹੇ ਜ਼ਹਿਰਲੇ ਮਾਹੌਲ ਦਾ ਜ਼ਹਿਰ ਆਪ ਮੁਹਾਰੇ ਹੀ ਚਾਹ ਵਿਚ ਘੁਲ ਗਿਆ ਹੋਵੇ, ਜਿਸ ਨੂੰ ਪੀਣ ਅਤੇ ਪਚਾਉਣ ਵਿਚ ਸੁਰਜੀਤ ਭਾਵੇਂ ਸਮਰਥ ਹੋਵੇ ਪਰ ਉਹ ਅਸਮਰਥ ਹੈ, ਬਿਲਕੁਲ ਅਸਮਰਥ।

ਹੁਣੇ ਜਿਹੇ ਕੈਨੇਡਾ ਦੇ ਇਤਿਹਾਸ ਵਿਚ ਹੋਈ ਬਹੁਤ ਵੱਡੀ ਟ੍ਰੈਜਡੀ ਤੋਂ ਪਰਦਾ ਉੱਠਿਆ ਹੈ; ਕੈਨੇਡੀਅਨ ਕੈਥੋਲਿਕ ਚਰਚਾਂ ਦੇ ਮੂਲ ਵਾਸੀਆਂ ਦੇ ਸਭਿਆਚਾਰ ਨੂੰ ਖ਼ਤਮ ਕਰਨ ਲਈ ਉਨ੍ਹਾਂ ਦੇ ਬੱਚੇ ਖੋਹ ਕੇ ਜ਼ਬਰਦਸਤੀ ਰੈਜ਼ੀਡੈਂਸ਼ੀਅਲ ਸਕੂਲਾਂ ਵਿਚ ਰੱਖੇ ਤੇ ਉਨ੍ਹਾਂ ਨਾਲ ਅਣਮਨੁੱਖੀ ਵਿਵਹਾਰ ਕੀਤਾ। ਕੈਮਲੂਪਸ ਦੇ ਇਕ ਸਕੂਲ ਵਿਚੋਂ 215 ਬੱਚਿਆਂ ਦੀਆਂ ਅਸਥੀਆਂ ਮਿਲਣ 'ਤੇ ਸਾਡਾ ਕੈਨੇਡਾ ਕੰਬ ਉੱਠਿਆ।



ਕਵਿਤਾਵਾਂ

ਸੁਰਜੀਤ (ਕੈਨੇਡਾ)

ਲਹੂ ਭਿੱਜਾ ਦਸਤਾਵੇਜ਼

ਮੈਂ 'ਕੈਮਲੂਪਸ ਇੰਡੀਅਨ ਰੈਜ਼ੀਡੈਂਸ਼ੀਅਲ ਸਕੂਲ'
ਕੇਵਲ ਲਾਲ ਰੰਗ ਦੀਆਂ ਇੱਟਾਂ ਦੀ ਇਮਾਰਤ ਨਹੀਂ ਹਾਂ
ਕੈਨੇਡਾ ਦੇ ਇਤਿਹਾਸ ਦਾ ਇਕ
ਲਹੂ-ਭਿੱਜਾ ਦਸਤਾਵੇਜ਼ ਹਾਂ !

ਮੈਂ ਉਨ੍ਹਾਂ ਦਰਦਨਾਕ ਹਾਦਸਿਆਂ ਦਾ ਚਸ਼ਮਦੀਦ ਗਵਾਹ ਹਾਂ
ਜਿਨ੍ਹਾਂ ਸਦਕਾ ਇਕ ਸਦੀ ਦੇ ਨਾਂ 'ਤੇ
'ਖ਼ੌਫ਼ਨਾਕ, ਸ਼ਰਮਨਾਕ, ਹੌਲਨਾਕ' ਵਰਗੇ ਸ਼ਬਦ ਲਿਖੇ ਗਏ

ਸਕੂਲ ਨਾ ਆਖੋ ਮੈਨੂੰ
ਮੈਂ ਦੋ ਸੌ ਪੰਦਰਾਂ ਮਾਸੂਮਾਂ ਦੇ ਪਿੰਜਰ ਸਾਂਭੀ ਬੈਠਾ ਕਬਰਿਸਤਾਨ ਹਾਂ

ਭਾਵੇਂ ਪੱਥਰਾਂ ਦਾ ਬਣਿਆ ਹਾਂ
ਪਰ ਤੱਕਦਾ ਰਿਹਾਂ ਤੇ ਰੋਂਦਾ ਰਿਹਾਂ
ਮੂੰਹ ਘੁੱਟ ਕੇ ਹਉਕੇ ਭਰਦੇ ਬਾਲਾਂ ਦੇ
ਹੰਝੂ-ਹਾਵੇ ਵੇਖ ਟੁੱਟ ਜਾਂਦਾ ਰਿਹਾਂ !

ਮੈਂ ਬੇਜ਼ੁਬਾਨ ਹਾਂ
ਕਿਵੇਂ ਦੱਸਦਾ ਤੁਹਾਨੂੰ ਧੂਹ ਕੇ ਲਿਆਂਦੇ ਮੂਲਵਾਸੀ ਬੱਚੇ
ਜੰਗੀ ਕੈਦੀਆਂ ਵਾਂਗ ਜ਼ਬਰਦਸਤੀ ਡੱਕੇ
ਇਨ੍ਹਾਂ ਕੈਥੋਲਿਕ ਸਕੂਲਾਂ ਵਿਚ
ਕਿੰਵ ਇਕ ਇਕ ਪਲ ਬੇਇਜ਼ਤੀ ਨਮੋਸ਼ੀ ਤੇ ਤਸ਼ੱਦਦ ਸਹਿੰਦੇ
ਸਹਿਮੇ ਸਹਿਮੇ ਹੰਝੂ ਲਿਬੜੀਆਂ ਗੱਲ੍ਹਾਂ ਨਾਲ
ਆਪਣੀ ਚਾਦਰ ਦੀ ਕੰਨੀ ਮੂੰਹ 'ਚ ਤੁੰਨ
ਹਟਕੋਰੇ ਭਰਦੇ, ਨਾ ਜਾਗਦੇ ਨਾ ਸੌਂਦੇ
ਨਿੱਕੀ ਜਿਹੀ ਆਹਟ 'ਤੇ ਸਹਿਮਦੇ, ਉੱਠ ਖਲੋਂਦੇ !

ਮੈਂ ਪੂਰੇ ਹੋਸ਼ ਹਵਾਸ ਨਾਲ ਦੱਸਦਾਂ
ਉਹ ਸ਼ਰਮਨਾਕ ਖ਼ੌਫ਼ਨਾਕ ਹੌਲਨਾਕ ਮੰਜ਼ਰ

ਜਦ ਕੰਵ ਕੁਆਰੀਆਂ ਕਲੀਆਂ ਨੂੰ
ਪਾਜੀ ਪਾਦਰੀ ਮਸਲ ਦਿੰਦੇ ਰਹੇ
ਮੈਂ ਉਨ੍ਹਾਂ ਬੇਗ਼ੈਰਤਾਂ ਨੂੰ ਵੇਖ ਕਈ ਮੌਤਾਂ ਮਰਦਾ ਰਿਹਾਂ !

ਉਹ ਗਰਭਿਤ ਬੱਚੀਆਂ ਢਿੱਡ ਵਿਚ ਮੁੱਕੀਆਂ ਦੇ ਦੇ ਰੋਂਦੀਆਂ
ਮੇਰੀਆਂ ਕੰਧਾਂ ਨਾਲ ਸਿਰ ਭੰਨਦੀਆਂ
ਪੀੜਾਂ ਪਰੁੰਨੀਆਂ ਬੱਚੇ ਜੰਮਦੀਆਂ
ਮੈਂ ਦਰਦ ਵਿੰਨ੍ਹਿਆ ਦੇਖਦਾ ਰਿਹਾਂ !

ਦਰਿੰਦੇ ਉਨ੍ਹਾਂ ਦੇ ਨਵ-ਜੰਮਿਆਂ ਨੂੰ
ਚਿਮਨੀਆਂ 'ਚ ਸੁੱਟ ਜੀਉਂਦਿਆਂ ਸਾੜ ਦਿੰਦੇ
ਤੇ ਆਪਣੇ ਗੁਨਾਹਾਂ ਦੀਆਂ ਪੈੜਾਂ ਮਿਟਾ ਦਿੰਦੇ
ਤਿੰਨ-ਤਿੰਨ ਸਾਲਾਂ ਦੇ ਮਾਸੂਮਾਂ ਨੂੰ ਬੇਰਹਿਮੀ ਨਾਲ ਮਾਰ
ਔਹ ਸਾਹਮਣੇ ਖੇਡ ਦੇ ਮੈਦਾਨ ਵਿਚ ਦਬਾ ਦਿੰਦੇ !

ਉਹ ਚਿੱਟ-ਕਪੜੀਆਂ, ਚਿਕਨੀਆਂ-ਚੋਪੜੀਆਂ
ਔਰਤ ਦੇ ਨਾਂ 'ਤੇ ਦਾਗ਼ ਡੈਣਾਂ ਗੋਰੀਆਂ
ਕਿੰਨੇ ਤਰੀਕੇ ਲੱਭ ਲੈਂਦੀਆਂ ਬਾਲਾਂ ਨੂੰ ਡਰਾਉਣ ਦੇ
ਉਨ੍ਹਾਂ ਦੀ ਅਸਮਤ ਤੇ ਸਵੈਮਾਣ ਨੂੰ ਮਿੱਟੀ 'ਚ ਮਿਲਾਉਣ ਦੇ !

ਉਹ ਤੁਰੇ ਸਨ ਇਕ ਸਭਿਆਚਾਰ ਮੁਕਾਉਣ ਨੂੰ
ਇਕ ਜੀਉਂਦੀ ਜਾਗਦੀ ਬੋਲੀ ਭੁਲਾਉਣ ਨੂੰ
ਤੇ ਸਜ਼ਾ ਮਿਲੀ ਭੋਲਿਆਂ ਬਾਦਸ਼ਾਹਾਂ ਨੂੰ !

ਮੈਂ ਦਵਾਈ ਖੁਣੋਂ ਬੱਚਿਆਂ ਨੂੰ ਟੀ.ਬੀ. ਨਾਲ ਮਰਦੇ ਵੇਖਿਆ
ਮੈਂ ਠੰਢ 'ਚ ਨਿਮਾਣਿਆਂ ਨੂੰ
ਠੁਰ ਠੁਰ ਕਰਦਿਆਂ ਵੇਖਿਆ
ਤੇ ਦਿਨ-ਦਿਹਾੜੇ ਉਨ੍ਹਾਂ ਨੂੰ ਤਿਲ ਤਿਲ ਮਰਦਿਆਂ ਵੇਖਿਆ !

ਮੈਂ ਸਕੂਲ ਨਹੀਂ ਹਾਂ
ਮੇਰੀ ਖੇਡ ਗਰਾਊਂਡ ਇਕ ਕਬਰਿਸਤਾਨ ਹੈ
ਰੋਮਨ ਕੈਥੋਲਿਕ ਚਰਚਾਂ ਤੇ ਪਾਦਰੀਆਂ ਦੇ ਮੱਥੇ 'ਤੇ
ਲੱਗਿਆ ਇਕ ਘਿਣਾਉਣਾ ਦਾਗ਼ ਹਾਂ
ਕੇਵਲ ਲਾਲ ਰੰਗ ਦੀਆਂ ਇੱਟਾਂ ਦੀ ਇਮਾਰਤ ਨਹੀਂ ਹਾਂ
ਮੈਂ ਕੈਨੇਡਾ ਦੇ ਇਤਿਹਾਸ ਦਾ
ਲਹੂ-ਭਿੱਜਾ ਦਸਤਾਵੇਜ਼ ਹਾਂ !

◆

ਮੋਬਾ. 416-605-3784

ਮਿੰਨੀ ਕਹਾਣੀਆਂ

ਕੇ. ਸਾਈਂ ਲੋਕ

ਤਬਾਦਲਾ

ਦਾਦਾ ਬਚਨਾ ਭਾਰਤ ਮਾਂ ਦੀ ਹਿੱਕ 'ਚ ਪਾੜ ਪਾਉਣ ਤੋਂ ਇਕ ਦਹਾਕਾ ਪਹਿਲਾਂ ਨਸੀਬ ਕੌਰ ਦੀ ਕੁੱਖੋਂ ਜੰਮਿਆ। ਬਚਪਨ 'ਚ ਭਾਰਤ ਮਾਂ ਦੇ ਉਸ ਪਾਸੇ ਲੰਗੋਟ ਗਿੱਲੇ ਕਰਦਾ ਰਿਹਾ ਜਿਥੇ ਅੱਜ-ਕੱਲ੍ਹ ਜੇਹਲਮ, ਝਨਾਬ ਧਰਤੀ ਗਿੱਲੀ ਕਰਦੇ ਹਨ। ਜ਼ਮੀਨ ਨਾਲ ਸ਼ੁਰੂ ਤੋਂ ਹੀ ਬੜਾ ਮੋਹ ਸੀ, ਉਥੇ ਜ਼ਮੀਨ ਵਾਹੁੰਦਾ ਰਿਹਾ ਆਪਣੇ ਬਾਪੂ ਨਾਲ। ਫਿਰ ਤਬਾਦਲੇ ਤੋਂ ਬਾਅਦ ਗੁਰਦਾਸਪੁਰ ਦੇ ਇਕ ਪਿੰਡ 'ਚ ਆ ਗਏ ਜਿਥੇ ਕੁਝ ਦਿਨ ਇਕ ਜ਼ਮੀਨ 'ਚ ਆਪਣਾ ਮੋਹ ਲੱਭਣ ਲੱਗਾ, ਪਰ ਬਦਕਿਸਮਤੀ ਨਾਲ ਉਹ ਜ਼ਮੀਨ ਵੀ ਉਸਦੀ ਨਾ ਹੋਈ। ਫਿਰ ਵੰਡ 'ਚ ਹਿੱਸੇ ਆਈ ਜ਼ਮੀਨ ਬਾਰਡਰ ਨਾਲ ਲੱਗਦੇ ਕਿਸੇ ਪਿੰਡ ਕੋਲ ਮਿਲੀ। ਉਹ ਜ਼ਮੀਨ ਨਾਲ ਮੋਹ ਪਾਇਆ ਤੇ ਵਿਆਹ ਵੀ ਓਥੇ ਹੀ ਹੋਇਆ। ਪਰ ਉਸ ਨਾਲ ਵੀ ਲੰਮੀ ਸਾਂਝ ਨਾ ਨਿਭੀ। ਫਿਰ ਤਾਇਆ ਨਾਨਕ ਸਾਹਿਬ ਦੇ ਚਰਨ ਛੋਹ ਪ੍ਰਾਪਤ, ਸ਼ਿਵ ਜੀ ਦੇ ਇਤਿਹਾਸਕ ਮੰਦਰ ਪ੍ਰਾਪਤ ਤੇ ਅਕਬਰ ਦੀ ਹਕੂਮਤ ਦੀ ਨਿਸ਼ਾਨੀ ਰਾਜਗੱਦੀ ਸਾਂਭੀ ਬੈਠੇ ਸ਼ਹਿਰ ਕਲਾਨੌਰ ਕੋਲ ਰਹਿਣ ਲੱਗਾ। ਇਸ ਜ਼ਮੀਨ 'ਤੇ ਬੱਚੇ ਪੈਦਾ ਹੋਏ, ਵੱਡੇ ਹੋਏ ਤੇ ਬੱਚਿਆਂ ਦਾ ਵਿਆਹ ਵੀ ਏਥੇ ਹੀ ਹੋਇਆ। ਫਿਰ ਤਾਏ ਦਾ ਦੇਹਾਂਤ ਹੋ ਗਿਆ, ਤਾਏ ਨੂੰ ਸਸਕਾਰ ਲਈ ਜ਼ਮੀਨ ਰਾਵੀ ਦੇ ਕੰਢੇ ਮਿਲੀ। ਸਸਕਾਰ ਤੋਂ ਅਗਲੇ ਦਿਨ ਹੀ ਰਾਵੀ ਹੜ੍ਹ ਆਈ। ਤਾਏ ਦੇ ਫੁੱਲ ਚੁਗਣ ਲਈ ਜ਼ਮੀਨ ਦੀ ਭਾਲ ਜਾਰੀ ਆ ਪਰ ਕੋਈ ਵੀ ਨਿਸ਼ਾਨ-ਦਈ ਨਹੀਂ ਮਿਲ ਰਹੀ, ਲੱਗਦਾ ਤਾਏ ਦਾ ਮੋਹ ਇਸ ਜ਼ਮੀਨ ਨਾਲ ਵੀ ਨਹੀਂ ਪਿਆ। ਹੁਣ ਲੱਗਦਾ ਤਾਏ ਦਾ ਜ਼ਮੀਨ ਨਾਲ ਨਹੀਂ ਤਬਾਦਲਿਆਂ ਨਾਲ ਮੋਹ ਪੈ ਗਿਆ ਹੈ। ਏਸੇ ਲਈ ਤਾਏ ਦਾ ਫਿਰ ਹੋ ਗਿਆ ਹੈ ਤਬਾਦਲਾ।

ਚਿਹਰਾ

ਮਾਂ ਕਹਿੰਦੀ ਸੀ ਕਿ ਬਚਪਨ ਤੋਂ ਮੇਰੇ 'ਤੇ ਗਿਆ ਹੈ। ਜਿਸ ਦਿਨ ਉਹ ਖ਼ੁਸ਼ ਹੋਵੇ ਤਾਂ ਲਿਖਦਾ ਹੈ। ਫਿਰ ਉਸਦੀ ਕਲਮ ਦੀ ਚਾਲ ਫਿਰ ਜਾਦੂ ਹੀ ਬਿਆਨ ਕਰਦੀ ਹੈ। ਪਰ ਅੱਜ ਜਦੋਂ ਮੈਂ ਉਸਦੇ ਕਮਰੇ 'ਚ ਗਿਆ ਤਾਂ ਕਲਮ ਆਰਾਮ ਕਰ ਰਹੀ ਸੀ। ਅਚਾਨਕ ਬਾਹਰ ਦਰਵਾਜ਼ੇ ਦੀ ਆਵਾਜ਼ ਆਈ ਤੇ ਮੈਂ ਜਲਦੀ ਨਾਲ ਕਮਰੇ 'ਚੋਂ ਬਾਹਰ ਆਇਆ ਤੇ ਉਹ ਗੁੱਸੇ 'ਚ ਆਪਣੇ ਕਮਰੇ 'ਚ ਚਲਾ ਗਿਆ। ਉਸਨੇ ਸਾਰਾ ਸਮਾਨ ਇਧਰ-ਉਧਰ ਸੁੱਟ ਦਿੱਤਾ। ਕਮਰੇ 'ਚੋਂ ਸਾਮਾਨ ਦੇ ਡਿੱਗਣ ਦੀ ਆਵਾਜ਼ ਆ ਰਹੀ ਸੀ। ਮੈਂ ਭੱਜ ਕੇ ਉਹਦੇ ਕਮਰੇ 'ਚ ਗਿਆ ਤਾਂ ਉਸਦੀ ਕਲਮ ਮੇਰੇ ਪੈਰਾਂ 'ਚ ਆ ਗਈ। ਮੈਂ ਰੁਕ ਗਿਆ। ਫਿਰ ਉਸਨੇ ਇਕ ਤਸਵੀਰ ਸੁੱਟੀ ਤੇ ਉਸਦਾ ਸਰੀਰ ਪਾਣੀ ਹੁੰਦਾ ਨਜ਼ਰ ਆਇਆ। ਮੈਂ ਦੌੜ ਕੇ ਓਦੇ ਲਈ ਪੀਣ ਵਾਸਤੇ ਪਾਣੀ ਲੈਣ ਗਿਆ। ਜਦ ਮੈਂ ਵਾਪਸ ਆਇਆ ਤਾਂ ਸਾਰਾ ਸਾਮਾਨ ਆਪਣੀ-ਆਪਣੀ ਜਗ੍ਹਾ 'ਤੇ ਪਿਆ ਸੀ। ਉਸਨੇ ਮੇਰੇ ਤੋਂ ਪਾਣੀ ਲੈ ਕੇ ਪੀਤਾ ਤੇ ਕਲਮ ਖੋਹ ਕੇ ਲਿਖਣ ਲੱਗ ਪਿਆ। ਮੈਂ ਕਮਰੇ ਦਾ ਮਾਹੌਲ ਵੇਖ ਕੇ ਹੈਰਾਨ ਹੋ ਰਿਹਾ ਸੀ ਤੇ ਸੋਚ ਰਿਹਾ ਸੀ, ਤੂਫ਼ਾਨ ਦਾ ਉਲਟਾ ਸਿਧਾਂਤ ਵੀ ਹੁੰਦਾ ਹੈ। ਪਹਿਲਾਂ ਸਿੱਧਾ ਗਿਆ ਸੀ ਤੇ ਫਿਰ ਓਸੇ ਰਸਤੇ ਵਾਪਸ ਆ ਗਿਆ ਸੀ। ਫਿਰ ਮੇਰਾ ਧਿਆਨ ਓਸੇ ਹੀ ਤਸਵੀਰ ਵੱਲ ਪਿਆ। ਮੈਂ ਇਕ ਵਾਰ ਤਸਵੀਰ ਵੱਲ ਤੇ ਫਿਰ ਉਸ ਵੱਲ ਵੇਖਿਆ ਤੇ ਮੈਨੂੰ ਦੋਵੇਂ ਪਾਸੇ ਲੱਭ ਰਿਹਾ ਸੀ, ਲੋਹੇ ਦੀਆਂ ਜ਼ੰਜੀਰਾਂ 'ਚ ਘਿਰਿਆ ਹੋਇਆ, ਸ਼ੀਸ਼ੇ ਦੀਆਂ ਤ੍ਰੇੜਾਂ 'ਚੋਂ ਨਜ਼ਰ ਆ ਰਿਹਾ ਸੀ ਹੱਸਦਾ ਹੋਇਆ ਮਾਂ ਦਾ ਚਿਹਰਾ।


ਠਿੱਪੀਆਂ

ਮਾਂ ਬਾਪ ਸਭ ਪਰੇਸ਼ਾਨ ਸੀ। ਉਹ ਦਰਵਾਜ਼ਾ ਨਹੀਂ ਸੀ ਖੋਲ੍ਹ ਰਿਹਾ, ਮੈਂ ਵੀ ਖੜਕਦੇ ਦਰਵਾਜ਼ੇ ਦੀ ਆਵਾਜ਼ ਸੁਣ ਕੇ ਭੱਜ ਕੇ ਆਇਆ। ਮਾਂ ਦਾ ਚਿਹਰਾ ਪੱਤਰ ਦੀ ਚਿੰਤਾ 'ਚ ਸੂਰਜਮੁਖੀ ਫੁੱਲ ਦੀ ਸ਼ਾਮ ਵਾਂਗ ਹੋ ਗਿਆ ਸੀ। ਚਿੰਤਾ ਦੇ ਨਾਲ-ਨਾਲ ਦਰਵਾਜ਼ੇ ਨੂੰ ਲੱਗ ਰਿਹਾ ਬਲ ਤੇ ਖੜਾਕ ਦੀ ਆਵਾਜ਼ ਵਧਦੀ ਜਾ ਰਹੀ ਸੀ। ਆਖਿਰਕਾਰ ਦਰਵਾਜ਼ਾ ਤੋੜ ਦਿੱਤਾ ਗਿਆ, ਅਸੀਂ ਅੰਦਰ ਚਲੇ ਗਏ। ਉਸਦੇ ਚਿਹਰੇ ਨੂੰ ਚਿੰਤਾ ਬਿਆਨ ਕਰ ਦਿੱਤੀ ਸੀ ਪਰ ਉਸਨੇ ਲੱਖ ਕੋਸ਼ਿਸ਼ਾਂ ਦੇ ਬਾਵਜੂਦ ਵੀ ਬੁੱਲ੍ਹਾਂ ਦੇ ਦਰਵਾਜ਼ੇ 'ਚੋਂ ਅੰਦਰ ਹਵਾ ਨਹੀਂ ਸੀ ਜਾਣ ਦਿੱਤੀ। ਸਭ ਥੱਕ ਹਾਰ ਕੇ ਬਹਿ ਗਏ। ਸਾਡੇ ਗੁਆਂਢ 'ਚ ਇਕ ਆਦਮੀ ਰਹਿੰਦਾ ਸੀ। ਉਹ ਹੱਥ ਵਿਚ ਗੇਂਦ ਲੈ ਕੇ ਆਇਆ ਜਿਵੇਂ ਖੇਡਣ ਆਇਆ ਹੋਵੇ। ਉਹ ਪ੍ਰੋਫ਼ੈਸਰ ਸੀ ਜਾਂ ਜਾਦੂਗਰ, ਇਹ ਪਤਾ ਨਹੀਂ ਪਰ ਉਹ ਕਮਰੇ 'ਚ ਗਿਆ ਤੇ ਉਸਦੇ ਪਹਿਲੇ ਲਫ਼ਜ਼ ਨੇ ਉਹਨੂੰ ਮਜਬੂਰ ਕਰ ਦਿੱਤਾ ਬੁੱਲ੍ਹਾਂ ਦਾ ਦਰਵਾਜ਼ਾਂ ਖੋਲ੍ਹਣ 'ਤੇ। ਸਾਡੇ ਸਭ ਦੇ ਕੰਨ ਤੇ ਮਨ ਦੋਵੇਂ ਅੰਦਰ ਲੱਗੇ ਹੋਏ ਸੀ। ਫੇਰ ਪ੍ਰੋਫ਼ੈਸਰ ਸਾਹਿਬ ਉਸ ਨੂੰ ਖਿੜਕੀ 'ਚ ਲੈ ਗਏ। ਉਨ੍ਹਾਂ ਦਾ ਪਹਿਲਾ ਇਸ਼ਾਰਾ ਥੱਲੇ ਸੀ ਤੇ ਫਿਰ ਉਪਰ ਪਰ ਉਹ ਮੂੰਹ 'ਚੋਂ ਕੀ ਕਹਿ ਰਹੇ ਸੀ, ਕੁਝ ਪਤਾ ਨਹੀਂ। ਫੇਰ ਉਹ ਗੇਂਦ ਥੱਲੇ ਸੁੱਟ ਕੇ ਉਸਦੇ ਕੰਨ 'ਚ ਕੁਝ ਕਹਿ ਕੇ ਚਲੇ ਗਏ। ਉਹ ਬੜੇ ਧਿਆਨ ਨਾਲ ਦੇਖ ਰਿਹਾ ਸੀ ਤੇ ਕੁਝ ਗੁਣਗਣਾ ਰਿਹਾ ਸੀ। ਹੌਲੀ ਹੌਲੀ ਉਸਦੀ ਆਵਾਜ਼ ਉੱਚੀ ਹੁੰਦੀ ਗਈ—'ਕਦੇ ਅਰਸ਼ ਕਦੇ ਫਰਸ਼ ਏਹੀ ਤਾਂ ਸੰਘਰਸ਼', 'ਕਦੇ ਅਰਸ਼ ਕਦੇ ਫਰਸ਼ ਏਹੀ ਤਾਂ ਸੰਘਰਸ਼', ਕਦੇ ਅਰਸ਼...।

ਤੇ ਅਸੀਂ ਭੱਜ ਕੇ ਅੰਦਰ ਗਏ ਪਰ ਹਾਲੇ ਵੀ ਉਹ ਵੇਖ ਰਿਹਾ ਸੀ ਬੜੇ ਧਿਆਨ ਨਾਲ 'ਗੇਂਦੀ ਦੀਆਂ ਠਿੱਪੀਆਂ'।

•

ਮੋਬਾ. 82644 40525



ਨਾਵਲ ਅੰਸ਼

ਬਲਬੀਰ ਪਰਵਾਨਾ

ਸਿਆੜਾਂ ਦੀ ਕਰਵਟ

ਦਿਨ ਕਦੋਂ ਚੜ੍ਹਦਾ, ਰਾਤ ਕਦੋਂ ਪੈਂਦੀ, ਪਤਾ ਹੀ ਨਾ ਲੱਗਦਾ; ਇੰਜ ਰੁੱਝੇ ਹੋਏ ਸਨ। ਹਰ ਪਲ ਹੀ ਲੱਗਦਾ; ਹੁਣ ਵੀ ਕੁਝ ਹੋਇਆ, ਹੁਣ ਵੀ ਕੁਝ ਹੋਇਆ! ਪਹਿਲੇ ਕੁਝ ਦਿਨ ਤੌਖਲਾ ਹੋਰ ਤਰ੍ਹਾਂ ਦਾ ਸੀ। ਸਰਕਾਰ ਦੀ ਚੁੱਪ ਤੇ ਲਾਪਰਵਾਹੀ, ਜਿਵੇਂ ਬਾਰਡਰਾਂ 'ਤੇ ਕੁਝ ਹੋ ਹੀ ਨਾ ਰਿਹਾ ਹੋਵੇ! ਸਭ ਕੁਝ ਆਮ ਵਾਂਗ ਹੀ ਚੱਲ ਰਿਹਾ ਹੋਵੇ। ਵੱਖ-ਵੱਖ ਬਾਰਡਰਾਂ 'ਤੇ ਧਰਨੇ ਦੇ ਰਹੇ ਲੱਖਾਂ ਕਿਸਾਨ, ਹਜ਼ਾਰਾਂ ਟਰੈਕਟਰ-ਟਰਾਲੀਆਂ। ਸੜਕਾਂ 'ਤੇ ਰਾਤਾਂ ਗੁਜ਼ਾਰ ਰਹੇ ਬਜ਼ੁਰਗ, ਅੱਧਖੜ, ਗੱਭਰੂ, ਔਰਤਾਂ, ਬੱਚੇ ਵੀ। ਔਰਤ ਮਰਦ 'ਚ ਜਿਵੇਂ ਕੋਈ ਫਰਕ ਨਹੀਂ ਸੀ ਰਹਿ ਗਿਆ। ਦਿਸਦਾ ਸੀ ਤਾਂ ਇੱਕ ਨਿਸ਼ਾਨਾ, ਇੱਕ ਸੰਘਰਸ਼ ਤੇ ਇੱਕ ਨਿਸ਼ਠਾ : "ਅਸੀਂ ਖੇਤੀ ਕਾਨੂੰਨ ਰੱਦ ਕਰਵਾਉਣ ਲਈ ਅੰਦੋਲਨ ਵਿੱਢਿਆ... ਇਹ ਤਿੰਨੇ ਕਾਨੂੰਨ ਵਾਪਸ ਕਰਾ ਕੇ ਹੀ ਮੁੜਾਂਗੇ।"

ਸਿਮਰ ਹੁਰੀਂ ਸਵੇਰੇ ਹੀ ਤਿਆਰ ਹੋ ਕੇ ਨਿਕਲ ਤੁਰਦੇ। ਦਸ ਵੱਜਦੇ ਨੂੰ ਉਹ ਵਲੰਟੀਅਰ ਡਿਊਟੀ ਵਾਲੇ ਥਾਂ ਪੁੱਜ ਜਾਂਦੇ। ਉੱਥੇ ਬੰਗਿਆਂ ਵਾਲੇ ਕਰਮਵੀਰ ਹੁਰਾਂ ਦਾ ਗਰੁੱਪ ਡਿਊਟੀ 'ਤੇ ਹੁੰਦਾ। ਉਹਨਾਂ ਤੋਂ ਉਹ ਵਲੰਟੀਅਰਾਂ ਵਾਲੀਆਂ ਡਾਂਗਾਂ ਲੈਂਦੇ ਤਾਂ ਕਰਮਵੀਰ ਹੁਰੀਂ ਆਪਣੀਆਂ ਟਰਾਲੀਆਂ ਵੱਲ ਮੁੜ ਪੈਂਦੇ ਅਰਾਮ ਲਈ, ਸੌਣ ਲਈ। ਉੱਥੇ ਉਹ ਹਰ ਇੱਧਰ-ਉੱਧਰ ਜਾ-ਆ ਰਹੇ 'ਤੇ ਨਿਗਾਹ ਰੱਖਦੇ। ਕੋਈ ਸ਼ੱਕੀ ਲੱਗਦਾ ਤਾਂ ਉਸਦੀ ਜਾਂਚ-ਪੜਤਾਲ ਵੀ ਕਰਦੇ ਪਰ ਹਲੀਮੀ ਨਾਲ; ਕਿਸੇ ਨੂੰ ਕੋਈ ਸਹਾਇਤਾ ਚਾਹੀਦੀ ਹੁੰਦੀ ਜਾਂ ਆਪਣੇ ਇਲਾਕੇ ਦੀਆਂ ਆਈਆਂ ਟਰਾਲੀਆਂ ਦਾ ਪਤਾ ਨਾ ਲੱਗ ਰਿਹਾ ਹੁੰਦਾ। ਉਹਨਾਂ ਨੂੰ ਸਖਤ ਆਦੇਸ਼ ਸੀ, ਰਾਜੇਵਾਲ ਵਾਰ-ਵਾਰ ਸਟੇਜ ਤੋਂ ਐਲਾਨ ਕਰਦਾ, "ਹਰ ਹਾਲਤ 'ਚ ਸ਼ਾਂਤਮਈ ਰਹਿਣਾ ਹੈ। ਜੇ ਸ਼ਾਂਤਮਈ ਰਹੇ, ਅਸੀਂ ਜਿੱਤਾਂਗੇ, ਜੇ ਹਿੰਸਕ ਹੋ ਗਏ ਤਾਂ ਸਰਕਾਰ.. ਉਂ ਵੀ ਹਰ ਅੰਦੋਲਨ ਦੀਆਂ ਆਪਣੀਆਂ ਨੀਤੀਆਂ ਹੁੰਦੀਆਂ, ਆਪਣੇ ਨਿਸ਼ਾਨੇ ਤੇ ਪੱਧਰ ਵੀ। ਉਹ ਨਿਸ਼ਾਨੇ ਹਰ ਪਲ ਤੁਹਾਡੇ ਸਾਹਮਣੇ ਹੋਣੇ ਚਾਹੀਦੇ ਐ... ਭਰਾਵੋ, ਅਸੀਂ ਇੱਥੇ ਕੋਈ ਬਗਾਵਤ ਕਰਨ ਲਈ ਨਹੀਂ ਆਏ। ਸਾਡਾ ਮੁੱਖ ਮਕਸਦ ਹੈ, ਸਰਕਾਰ ਨਵੇਂ ਬਣੇ ਤਿੰਨੇ ਖੇਤੀ ਕਾਨੂੰਨਾਂ ਨੂੰ ਰੱਦ ਕਰਕੇ ਐਮ.ਐਸ.ਪੀ. ਦਾ ਕਾਨੂੰਨ ਬਣਾਏ... ਇਹਨਾਂ ਦੇ ਕਿਸਾਨੀ ਦੀ ਤਬਾਹੀ 'ਚ ਨਿਕਲਣ ਵਾਲੇ ਨਤੀਜਿਆਂ ਬਾਰੇ ਅਸੀਂ ਹਰ ਵੇਲੇ ਸਰਕਾਰ ਨਾਲ ਚਰਚਾ ਲਈ ਤਿਆਰ ਹਾਂ... ਜਿਨ੍ਹਾਂ ਨੇ ਬਗਾਵਤ ਕਰਨੀ ਹੈ, ਉਹ ਆਪਣਾ ਵੱਖਰਾ ਰਾਹ ਅਖ਼ਤਿਆਰ ਕਰ ਲੈਣ! ਸਾਡੇ ਇਸ ਅੰਦੋਲਨ ਦੇ ਅਕਸ ਨੂੰ ਖਰਾਬ ਨਾ ਕਰਨ। ਸ਼ਾਂਤੀ... ਸ਼ਾਂਤੀ... ਸ਼ਾਂਤੀ... ਇਹੀ ਸਾਡੀ ਤਾਕਤ ਹੈ ਤੇ ਦਲੀਲ ਸਾਡਾ ਹਥਿਆਰ। ਕੋਈ ਧੱਕਾ ਵੀ ਕਰਦਾ ਹੈ ਤਾਂ ਆਪਣੀ ਦਲੀਲ ਨਾ ਛੱਡੋ।"

ਠੰਢ ਦਿਨੋ-ਦਿਨ ਵਧੀ ਜਾ ਰਹੀ ਸੀ। ਆਕਾਸ਼ 'ਤੇ ਧੁੰਦਲਕਾ ਜਿਹਾ ਛਾਇਆ ਰਹਿੰਦਾ, ਪਰ ਠੰਢ ਦਾ ਅਹਿਸਾਸ ਉਹਨਾਂ ਨੂੰ ਬਹੁਤਾ ਤੰਗ ਨਾ ਕਰਦਾ! ਆਪਣੀ ਡਿਊਟੀ ਤੋਂ ਕੋਤਾਹੀ ਦਾ ਸਵਾਲ ਹੀ ਨਹੀਂ ਸੀ। ਕਦੀ ਲੱਕੜਾਂ ਬਾਲ ਕੇ ਧੂੰਆਂ ਲਾ ਲੈਂਦੇ ਤੇ ਇੱਧਰੋਂ-ਉੱਧਰ ਟਹਿਲਦੇ ਧੂੰਆਂ ਵੀ ਸੇਕਦੇ ਰਹਿੰਦੇ। ਹਰ ਪਲ ਅੰਦੋਲਨ ਦੀਆਂ ਗੱਲਾਂ, ਮੰਗਾਂ ਦੀਆਂ ਗੱਲਾਂ। ਪਿੰਡੋਂ ਨਵੀਂ ਆਉਣ ਵਾਲੀ ਟਰਾਲੀ 'ਚ ਮੰਗਵਾਏ ਜਾਣ ਵਾਲੇ ਸਾਮਾਨ ਦੀ ਚਰਚਾ, ਤੇ ਇਹ ਵੀ ਕਿ ਕਿਸ-ਕਿਸ ਨੇ ਵਾਪਸ ਜਾਣਾ ਹੈ, ਪਿੰਡ ਨੂੰ ਵਾਪਸ ਜਾ ਰਹੀ ਟਰਾਲੀ 'ਚ। ਉਹਨਾਂ ਦੇ ਇਲਾਕੇ 'ਚੋਂ ਆਈਆਂ ਟਰਾਲੀਆਂ 'ਚੋਂ, ਸੱਤ ਤਾਂ ਪੰਜਵੇਂ ਦਿਨ ਹੀ ਵਾਪਸ ਚਲੀਆਂ ਗਈਆਂ ਸਨ। ਉਹਨਾਂ 'ਚ ਕੁਝ ਲੋਕ ਵੀ ਵਾਪਸ ਚਲੇ ਗਏ। ਪਿੱਛੇ ਸਰਬਜੀਤ ਹੁਰੀਂ ਪੂਰੀ ਤਨਦੇਹੀ ਨਾਲ ਸਰਗਰਮ ਸਨ। ਆ ਰਹਿਆਂ ਦੀ ਥਾਂ ਹੋਰਾਂ ਨੂੰ ਤਿਆਰ ਕਰਕੇ ਭੇਜਣਾ। ਪਿੰਡਾਂ 'ਚ ਵਾਰੀ ਬੰਨ੍ਹੀ ਜਾ ਰਹੀ ਸੀ। ਕੁਝ ਆ ਜਾਣ, ਕੁਝ ਚਲੇ ਜਾਣ। ਧਰਨੇ ਵਾਲੀ ਥਾਂ 'ਤੇ ਉਹਨਾਂ ਦੇ ਪਿੰਡਾਂ ਵੱਲੋਂ ਆਏ ਟਰੈਕਟਰ ਵੀ ਬਾਰਾਂ ਹੀ ਰਹਿ ਗਏ ਸਨ। ਗੰਨੇ ਦਾ ਸੀਜ਼ਨ ਚਾਲੂ ਸੀ। ਇਸ ਲਈ ਜਿਨਾਂ ਜਿਨਾਂ ਕੋਲ ਇੱਕ ਹੀ ਟਰੈਕਟਰ ਸੀ, ਤੇ ਪਿਛੇ ਨਹੀਂ ਸੀ ਸਰਦਾ; ਉਹਨਾਂ ਨੇ ਮੋੜ ਲਏ। ਉੱਥੇ ਰਹਿਣ ਲਈ ਟੈਂਟ ਲੱਗਣ ਲੱਗੇ, ਕੁਝ ਨੇ ਝੁੱਗੀਆਂ ਬਣਵਾ ਲਈਆਂ, ਕਾਨਿਆਂ ਤੇ ਵਾਟਰ-ਪਰੂਫ ਤਰਪਾਲਾਂ ਨਾਲ। ਅਜਿਹੀ ਝੁੱਗੀ ਤੀਹ ਤੋਂ ਪੈਂਤੀ ਹਜ਼ਾਰ 'ਚ ਬਣ ਜਾਂਦੀ ਤੇ ਉਸ 'ਚ ਦਸ-ਬਾਰਾਂ ਜਣੇ ਆਰਾਮ ਨਾਲ ਰਹਿ ਲੈਂਦੇ। ਮੀਂਹ-ਹਨੇਰੀ ਦਾ ਟੰਟਾ ਖਤਮ ਤੇ ਟਰੈਕਟਰ ਵੀ ਵਿਹਲੇ। ਉਹਨਾਂ ਦੇ ਆਪਣੇ ਪਿੰਡ ਦੇ ਬਿੰਦੂ ਦਾ ਟਰੈਕਟਰ ਵੀ ਵਾਪਸ ਹੋ ਗਿਆ ਸੀ, ਆਪ ਭਾਵੇਂ ਉੱਥੇ ਹੀ ਰਿਹਾ। ਟਰੈਕਟਰ ਉਸਨੇ ਆਪਣੇ ਚਾਚੇ ਦੇ ਮੁੰਡੇ ਸ਼ਮਸ਼ੇਰ ਹੱਥ ਵਾਪਸ ਭੇਜ ਦਿੱਤਾ, ਜਿਹੜਾ ਦਿੱਲੀ ਕੂਚ ਵੇਲੇ ਨਾਲ ਆਇਆ ਸੀ। ਕਰਤਾਰ ਵੀ ਵਾਪਸੀ ਲਈ ਤਿਆਰ ਹੋ ਰਿਹਾ ਸੀ, "ਜਾ ਕੇ ਬਾਪੂ ਜੀ ਤੇ ਕੁਝ ਹੋਰ ਜਣਿਆਂ ਨੂੰ ਜੀਪ 'ਚ ਭੇਜ ਦਿਆਂਗਾ।"

ਦੁੱਧ ਸਬਜ਼ੀਆਂ ਦਾ ਤਾਂ ਹਰਿਆਣੇ 'ਚੋਂ, ਨਾਲ-ਨਾਲ ਲੱਗਦੇ ਪਿੰਡਾਂ 'ਚੋਂ, ਜਿਵੇਂ ਹੜ੍ਹ ਹੀ ਆ ਗਿਆ ਸੀ। ਟਰਾਲੀਆਂ, ਟੈਂਪੂ ਭਰ-ਭਰਕੇ ਸਬਜ਼ੀਆਂ ਦੇ ਆਉਂਦੇ। ਟੈਂਟਾਂ ਨੇੜੇ ਜਿੱਥੇ ਵੀ ਲੰਗਰ ਚੱਲ ਰਿਹਾ ਹੁੰਦਾ, ਆਪਣੀ ਲੋੜ ਅਨੁਸਾਰ ਗੋਭੀ, ਸ਼ਲਗਮ, ਆਲੂ ਜਾਂ

ਦੂਸਰੀ ਸਬਜ਼ੀ ਲੈ ਲੈਂਦੇ, ਮੁਫ਼ਤ। ਦੁੱਧ ਦੇ ਟੈਂਕਰ ਆਉਂਦੇ ਤਾਂ ਹਰ ਲੰਗਰ 'ਚ ਉਹ ਦੋ-ਦੋ, ਤਿੰਨ-ਤਿੰਨ ਲੀਟਰ ਦੁੱਧ ਵੰਡੀ ਜਾਂਦੇ।

ਵਲੰਟੀਅਰ ਡਿਊਟੀ, ਗੱਲਾਂ, ਫਿਕਰਾਂ ਦੇ ਤੌਖਲਿਆਂ 'ਚ ਘਿਰੇ ਸਿਮਰ ਨੂੰ ਮਨਿੰਦਰ ਦਾ ਬਹੁਤ ਘੱਟ ਚੇਤਾ ਆਉਂਦਾ ਜਾਂ ਫਿਰ ਉਸਦਾ ਜੀਅ ਕਰਦਾ, ਉਸਨੂੰ ਇੱਥੇ ਆ ਕੇ ਅੰਦੋਲਨ 'ਚ ਹਿੱਸਾ ਪਾਉਣਾ ਚਾਹੀਦਾ। ਉਤੇਜਨਾ ਭਰੀਆਂ ਸੋਚਾਂ ਕਿਤੇ ਬਹੁਤ ਪਿੱਛੇ ਧੱਕੀਆਂ ਗਈਆਂ ਸਨ। ਇਹ ਨਹੀਂ ਕਿ ਉਹਨਾਂ ਦੀ ਹੋਂਦ ਹੀ ਅੰਦਰੋਂ ਮੁੱਕ ਗਈ ਹੋਵੇ। ਨਹੀਂ, ਉਹ ਸੁਲਗਦੀਆਂ ਤਾਂ ਜ਼ਰੂਰ, ਪਰ ਉਸਦੀ ਸਮੁੱਚੀ ਹੋਂਦ ਨੂੰ ਆਪਣੀ ਲਪੇਟ 'ਚ ਨਹੀਂ ਸੀ ਲੈ ਰਹੀਆਂ! ਭਵਿੱਖ ਦਾ ਧੁੰਦਲਾਪਣ ਵੀ ਸਾਫ਼ ਹੋ ਰਿਹਾ ਸੀ, ਉਸ 'ਚ ਫੈਲੀ ਨਿਰਾਸ਼ਤਾ : 'ਇਹ ਸੰਘਰਸ਼ ਜਿੱਤ ਕੇ ਰੁਜ਼ਗਾਰ ਦਾ ਸੰਘਰਸ਼ ਵਿੱਢਾਂਗੇ।' ਮਾਹੌਲ ਮਨ 'ਚ ਬਹੁਤ ਕੁਝ ਨਵਾਂ ਭਰ ਰਿਹਾ ਸੀ, ਨਵੀਆਂ ਉਡਾਣਾਂ, ਨਵੀਆਂ ਬਣ ਰਹੀਆਂ ਜਾਣ-ਪਛਾਣਾਂ। ਜ਼ਿੰਦਗੀ ਜੀਉਣ ਦੇ ਨਵੇਂ ਉੱਭਰ ਰਹੇ ਸਲੀਕੇ, ਜਿੱਥੇ ਔਰਤ ਇੱਕ ਸੈਕਸ ਪ੍ਰਤੀਕ ਵਜੋਂ ਨਹੀਂ, ਇੱਕ ਬਰਾਬਰ ਦੇ ਮਨੁੱਖ ਵਜੋਂ ਵਿਚਰ ਰਹੀ ਸੀ। ਸ਼ਾਇਦ ਇਹ ਹੀ ਕਾਰਨ ਸੀ ਕਿ ਲੱਖਾਂ ਦੀ ਭੀੜ ਵਿੱਚ, ਕਿਤੇ ਮਾਮੂਲੀ ਛੇੜਛਾੜ ਦੀ ਘਟਨਾ ਤਾਂ ਕੀ ਹੋਣੀ, ਮਾੜੀ ਤੱਕਣੀ ਦੀ ਸ਼ਿਕਾਇਤ ਵੀ ਨਹੀਂ ਸੀ ਉੱਭਰੀ। 'ਭੈਣ ਜੀ', 'ਵੀਰ ਜੀ', 'ਮਾਤਾ ਜੀ' ਜਿਹੇ ਲਫਜ਼ ਉਸੇ ਭਾਵਨਾ ਨਾਲ ਬੋਲੇ ਜਾਂਦੇ, ਜਿਵੇਂ ਪਰਿਵਾਰ 'ਚ ਕਹੇ ਜਾਂਦੇ ਹਨ। ਇਹਨਾਂ ਦੇ ਪਿੱਛੇ ਉਹੀ ਅਹਿਸਾਸ ਹੁੰਦੇ। ਕਈ ਗੱਲਾਂ ਤਾਂ ਸਚਮੁੱਚ ਹੀ ਪ੍ਰੇਰਨਾ ਭਰਦੀਆਂ। ਇੱਥੇ ਆਉਣ ਤੋਂ ਪਹਿਲਾਂ, ਟੋਲ-ਪਲਾਜ਼ੇ 'ਤੇ ਵਾਪਰੀ ਘਟਨਾ ਤੋਂ ਪਿੱਛੋਂ, ਉਹ ਆਪਣੇ-ਆਪ ਨੂੰ ਨਾਇਕ ਸਮਝਣ ਲੱਗਾ ਸੀ! ਪਿੰਡ 'ਚ, ਇਲਾਕੇ 'ਚ, ਹਰ ਨਜ਼ਰ ਜਿਵੇਂ ਉਸਦੀ ਪ੍ਰਸੰਸਾ 'ਚ ਵਿਛੀ ਹੁੰਦੀ। ਪਰ ਇੱਥੇ ਆ ਕੇ...! ...ਉਸਨੂੰ ਲੱਗਦਾ ਜਿਵੇਂ ਉਸਦੇ ਹਰ ਪਾਸੇ ਨਾਇਕਾਂ/ਯੋਧਿਆਂ ਦੀਆਂ ਭੀੜਾਂ ਜੁੜੀਆਂ ਹੋਣ! ਅੰਬਾਲੇ ਵਾਲਾ ਨਵਦੀਪ, ਜਿਸਨੇ ਪੁਲੀਸ ਦੀ ਵਾਟਰ-ਕੈਨਿਟ 'ਤੇ ਚੜ੍ਹ ਕੇ, ਉਸਦਾ ਮੂੰਹ ਪੁਲਸ ਵੱਲ ਹੀ ਮੋੜ ਦਿੱਤਾ ਸੀ ਜਾਂ ਉਹ ਮੁੰਡੇ ਜਿਨਾਂ ਨੇ ਆਪਣੇ ਟਰੈਕਟਰਾਂ ਨਾਲ ਪੁਲੀਸ ਵੱਲੋਂ ਖੜੇ ਕੀਤੇ ਬੈਰੀਕੇਡ, ਵੱਡੇ-ਵੱਡੇ ਪੱਥਰ ਜਾਂ ਬਲਾਕ ਖਿੱਚ ਕੇ ਲਾਂਭੇ ਕੀਤੇ। ਸਾਹਮਣੇ ਖੜੀ ਪੁਲੀਸ ਗੋਲੀ ਵੀ ਚਲਾ ਸਕਦੀ ਸੀ, ਪਰ ਕਿਸੇ ਨੂੰ ਮੌਤ ਦਾ ਖੌਫ਼ ਛੂਹ ਕੇ ਨਾ ਗਿਆ। ਉਸਨੂੰ ਲਗਦਾ, ਇਹਨਾਂ 'ਚ ਤਾਂ ਉਸਦਾ ਕੰਮ ਬਸ ਕਿਣਕਾ ਮਾਤਰ ਹੀ ਹੈ!

ਰੋਜ਼ ਸਵੇਰੇ ਉਹ ਦੇਖਦਾ, ਇਕ ਵਿਹਾਂਦੜ ਜੋੜਾ ਪਲਾਸਟਿਕ ਦੇ ਲਫਾਫੇ, ਕਾਗਜ਼ ਤੇ ਹੋਰ ਕਚਰਾ 'ਕੱਠਾ ਕਰਨ ਨਿਕਲਿਆ ਹੁੰਦਾ। ਕੁੜੀ ਦੇ ਹੱਥਾਂ 'ਚ ਪਾਇਆ ਚੂੜਾ, ਸਿਰ 'ਤੇ ਫੁੱਲਕਾਰੀ। ਮੂੰਹ 'ਤੇ ਦੋਹਾਂ ਨੇ ਹੀ ਮਾਸਕ ਬੰਨ੍ਹੇ ਹੁੰਦੇ। ਹੱਥਾਂ 'ਚ ਵੱਡਾ ਬੋਰਾ; ਤੇ ਉਹ ਖਿੱਲਰਿਆ ਕਚਰਾ, ਪਲਾਸਟਿਕ ਦੇ ਲਫਾਫ਼ੇ ਚੁੱਕ-ਚੁੱਕ ਉਸ 'ਚ ਭਰੀ ਜਾਂਦੇ। ਸਵੇਰ ਦੇ ਲੱਗੇ ਉਹ ਲੌਢੇ ਵੇਲੇ ਤੱਕ ਇਹੀ ਕੰਮ ਕਰਦੇ। ਸਟੇਜ ਕੋਲੋਂ ਪਿਛਾਂਹ ਨੂੰ ਆਈ ਜਾਂਦੇ, ਟਰਾਲੀਆਂ ਦੀ ਕਤਾਰ ਦੇ ਨਾਲ-ਨਾਲ। ਚਾਹ ਦਾ ਵੇਲਾ ਹੁੰਦਾ, ਜਿੱਥੇ ਪੁੱਜੇ ਹੁੰਦੇ ਉੱਥੇ ਲੰਗਰ 'ਚੋਂ ਚਾਹ ਪੀ ਲੈਂਦੇ। ਰੋਟੀ ਦਾ ਵੇਲਾ ਹੁੰਦਾ, ਕਿਸੇ ਲੰਗਰ 'ਚ ਰੋਟੀ ਛਕ ਲੈਂਦੇ। ਇੱਕ ਦਿਨ ਬਾਰਾਂ ਕੁ ਵਜੇ ਉਹ ਖਾਲਸਾ ਏਡ ਵਾਲਿਆਂ ਦੇ ਲੰਗਰ 'ਚ ਚਾਹ ਪੀ ਰਿਹਾ ਸੀ ਕਿ ਉਹ ਵੀ ਕੰਮ ਰੋਕ ਕੇ ਚਾਹ ਪੀਣ ਆ ਲੱਗੇ।

"ਭਾਅ ਜੀ, ਤੁਸੀਂ ਕਿੱਥੋਂ ਆਏ ਹੋ?" ਉਸਨੇ ਮੁੰਡੇ ਨਾਲ ਗੱਲ ਛੇੜ ਲਈ। ਉਹ ਉਹਨਾਂ ਤੋਂ ਪ੍ਰਭਾਵਿਤ ਸੀ। ਚਾਰ-ਪੰਜ ਦਿਨਾਂ ਤੋਂ ਉਹਨਾਂ ਨੂੰ ਰੋਜ਼ ਹੀ ਦੇਖ ਰਿਹਾ ਸੀ, ਪਰ ਗੱਲ ਕਰਨ ਦਾ ਸਬੱਬ ਨਹੀਂ ਸੀ ਬਣਿਆ।

"ਮੈਂ ਅਮਨ ਹਾਂ, ਇਹ ਬਲਦੀਪ... ਸਾਡਾ ਪਿੰਡ ਤਾਂ ਸ਼ਾਹਕੋਟ ਨੇੜੇ ਐ, ਪਰ ਉਂਜ ਕੈਨੇਡਾ 'ਚੋਂ ਆਏ ਹਾਂ।"

"ਇਸ ਸੰਘਰਸ਼ ਲਈ ਹੀ ਕੈਨੇਡਾ 'ਚੋਂ ਆਏ ਹੋ?"

"ਨਹੀਂ... ਆਏ ਤਾਂ ਵਿਆਹ ਕਰੌਣ ਲਈ ਸੀ। ਵਿਆਹ ਮੌਕੇ ਜਿਵੇਂ ਪਿੰਡਾਂ 'ਚ ਰਵਾਜ਼ ਹੀ ਹੁੰਦਾ, ਗੁਰਦੁਆਰੇ/ਸਕੂਲ ਨੂੰ ਦਾਨ ਦੇਣ ਵਜੋਂ ਕੁਝ ਰਕਮਾਂ ਕੱਢੀਆਂ ਜਾਂਦੀਆਂ। ਉਦੋਂ ਕੁ ਹੀ ਦਿੱਲੀ ਦੇ ਬਾਡਰਾਂ 'ਤੇ ਟਰੈਕਟਰ ਮਾਰਚ ਨੂੰ ਰੋਕ ਦਿੱਤੇ ਜਾਣ ਦੀ ਘਟਨਾ ਵਾਪਰੀ। ਸ਼ੋਸ਼ਲ-ਮੀਡੀਆ, ਚੈਨਲਾਂ ਦੀ ਚਰਚਾ ਨੂੰ ਦੇਖ, ਇਸ ਸੰਘਰਸ਼ ਦੀ ਹਮਾਇਤ ਕਰਨ ਦਾ ਮਨ ਬਣ ਗਿਆ। ਆਪਣੇ ਦੋਹਾਂ ਪਰਿਵਾਰਾਂ ਨੂੰ ਪ੍ਰੇਰ ਕੇ, ਇੱਕੀ-ਇੱਕੀ ਹਜ਼ਾਰ ਉਹਨਾਂ ਤੋਂ ਲੈ ਲਏ। ਸੁਣ ਕੇ ਉੱਥੇ 'ਕੱਠੇ ਹੋਏ ਕਿਸੇ ਨੇ ਪੰਜ ਸੌ, ਕਿਸੇ ਨੇ ਹਜ਼ਾਰ, ਕਿਸੇ ਨੇ ਪੰਜ ਹਜ਼ਾਰ ਦੇ ਦਿੱਤੇ। ਬਿਆਸੀ ਹਜ਼ਾਰ ਉੱਥੇ ਹੀ 'ਕੱਠਾ ਹੋ ਗਿਆ। ਸੋਚਿਆ, ਇਹ ਆਪ ਦੇ ਕੇ ਆਉਂਦੇ ਹਾਂ। ਨਾਲੇ ਅੰਦੋਲਨ ਦੇਖ ਆਈਏ... ਇੱਥੇ ਆ ਕੇ ਤਾਂ ਮੰਜ਼ਰ ਹੀ ਹੋਰ ਦੇਖਿਆ। ਕੈਨੇਡਾ 'ਚ ਦੋਸਤਾਂ ਨੂੰ ਵੀਡੀਓ ਪਾਈਆਂ ਤਾਂ ਉਹਨਾਂ ਨੇ ਉੱਥੋਂ ਦੋ ਲੱਖ 'ਕੱਠਾ ਕਰਕੇ ਭੇਜ ਦਿੱਤਾ... ਉਹਨਾਂ ਨੂੰ ਰੋਜ਼ ਹੀ ਕੋਈ ਨਾ ਕੋਈ ਕਵਰੇਜ਼ ਭੇਜਦੇ ਰਹਿੰਦੇ ਹਾਂ। ਉਹਨਾਂ ਦਾ ਜ਼ੋਰ ਹੁੰਦਾ, 'ਦੱਸੋ ਹੋਰ ਕਿੰਨੇ ਪੈਸੇ ਭੇਜੀਏ!' ਦੋ ਜਣੇ ਤਾਂ ਅਗਲੇ ਹਫ਼ਤੇ ਆ ਵੀ ਰਹੇ ਐ...! ...ਘਰੋਂ ਰੋਜ਼ ਫੋਨ ਆਉਂਦਾ, ਪਰ ਇੱਥੋਂ ਵਾਪਸ ਜਾਣ ਨੂੰ ਜੀਅ ਹੀ ਨਹੀਂ ਕਰਦਾ! ਲਗਦਾ, ਜੇ ਸਾਡੇ ਵਾਂਗ ਹੋਰ ਵੀ ਆਪਣੇ-ਆਪਣੇ ਘਰਾਂ-ਪਰਿਵਾਰਾਂ ਬਾਰੇ ਸੋਚਣ ਲੱਗ ਪੈਣ ਤਾਂ ਇੱਥੇ ਕੌਣ ਰਹੇਗਾ...? ...ਤੇ ਜੇ ਇੱਥੇ ਕੋਈ ਨਾ ਰਿਹਾ, ਖੇਤੀ ਕਾਨੂੰਨ ਵਾਪਸ ਕਿਵੇਂ ਹੋਣਗੇ! ਕਿਵੇਂ ਪੰਜਾਬ ਬਚ ਸਕੇਗਾ ਫਿਰ...? ...ਇੱਥੇ ਵੀ ਸੌ-ਸੌ, ਦੋ-ਦੋ ਸੌ ਏਕੜਾਂ ਦੇ ਫਾਰਮ ਬਣ ਜਾਣਗੇ, ਜਿਨਾਂ 'ਚ ਮੰਡੀ ਦੀ ਲੋੜ ਅਨੁਸਾਰ ਫ਼ਸਲਾਂ ਪੈਦਾ ਹੋਣਗੀਆਂ। ਕਿਰਤ ਦੀ ਥਾਂ ਦਿਓਕੱਦ ਮਸ਼ੀਨਰੀ ਹੋਵੇਗੀ... ਕੈਨੇਡਾ 'ਚ ਅਸੀਂ ਦੇਖਦੇ ਹਾਂ, ਸੈਕੜੇ ਏਕੜਾਂ ਦੇ ਫਾਰਮ ਆਮ ਗੱਲ ਹੈ, ਜਿਨ੍ਹਾਂ ਨੂੰ ਦੋ-ਦੋ, ਚਾਰ-ਚਾਰ ਬੰਦੇ ਹੀ ਮਸ਼ੀਨਰੀ ਰਾਹੀਂ ਹੈਂਡਲ ਕਰੀ ਜਾਂਦੇ ਐ... ਉਹ ਸੋਚ ਕੇ ਡਰ ਆਉਂਦਾ ਪੰਜਾਬ ਦੀ ਹੋਣੀ ਤੋਂ..."

"ਇੱਥੇ ਇੰਨੀ ਖੁੱਲ੍ਹੀ ਜ਼ਮੀਨ ਹੈ ਕਿੱਥੇ?"

"ਇੱਥੇ ਠੇਕਾ ਤੀਹ-ਬੱਤੀ ਤੋਂ ਲੈ ਕੇ ਚਾਲੀ-ਪੰਜਤਾਲੀ ਤੱਕ ਐ। ਜੇ ਕਾਰਪੋਰੇਟਾਂ ਨੇ ਆ ਕੇ ਪੰਜਾਹ-ਪਚਵੰਜਾ ਹਜ਼ਾਰ ਕਿੱਲੇ ਦੇ ਦੇਣੇ ਸ਼ੁਰੂ ਕਰ ਦਿੱਤੇ, ਪਿੰਡ ਦੀ ਅੱਧੀ ਜ਼ਮੀਨ ਤਾਂ ਉਹ ਉਸੇ ਵੇਲੇ ਹੀ ਹਥਿਆ ਲੈਣਗੇ, ਜਿਹੜੇ ਹੋਰਨਾਂ ਨੂੰ ਠੇਕੇ 'ਤੇ ਦਿੰਦੇ ਹਨ ਜਾਂ ਕਿਰਾਏ

ਦੀ ਮਸ਼ੀਨਰੀ ਲੈ ਕੇ ਕਰੌਂਦੇ ਐ... ਇਹ ਕਾਰਪੋਰੇਟਾਂ ਦੇ ਹੱਥਾਂ ’ਚ ਚਲੀ ਗਈ ਤਾਂ ਬਾਕੀ ਬਚੇ ਇਸ ਕਰਕੇ ਸਰਵਾਈਵ ਨਹੀਂ ਕਰ ਸਕਣਗੇ ਕਿ ਉਹਨਾਂ ’ਚੋਂ ਕੁਝ ਆਪਣੀ ਨਾਲ, ਦੂਸਰਿਆਂ ਦੀ ਵੀ ਠੇਕੇ ’ਤੇ ਲੈ ਕੇ ਵਾਹੀ ਕਰਦੇ ਐ। ਉਹਨਾਂ ਨੇ ਤਾਂ ਮਸ਼ੀਨਰੀ ਹੀ ਇਸ ਲਈ ਲਈ ਹੋਈ ਹੈ ਕਿ ਉਹ ਕਿਰਾਏ ’ਤੇ ਜਾ ਕੇ ਪੈਸੇ ਕਮਾ ਰਹੇ ਹਨ ਤੇ ਠੇਕੇ ’ਤੇ ਲੈ ਕੇ ਵੀ। ਬਾਕੀ ਬਚੇ ਪੰਜਵਾਂ-ਛੇਵਾਂ ਹਿੱਸਾ ਫਿਰ ਇਕੱਲ-ਥਕੱਲ ਪਏ ਕਾਰਪੋਰੇਟਾਂ ਦਾ ਮੁਕਾਬਲਾ ਨਹੀਂ ਕਰ ਸਕਣ ਲੱਗੇ। ਪੰਜ-ਸੱਤ ਸਾਲਾਂ ’ਚ ਉਹ ਵੀ ਖਤਮ ਹੋ ਜਾਣਗੇ ਜਾਂ ਇੱਕ-ਅੱਧ ਪ੍ਰਤੀਸ਼ਤ ਤਿਕੜਮ ਲੜਾ ਕਾਰਪੋਰੇਟਾਂ ਨਾਲ ਜਾ ਰਲਣਗੇ, ਉਹਨਾਂ ਦੇ ‘ਦਲਾਲਾਂ’ ਵਜੋਂ ਜਾਂ ਉਹਨਾਂ ਦੇ ਸਪਲਾਇਰਾਂ ਵਜੋਂ। ਸਮੁੱਚਾ ਪਿੰਡ ਅਮਲੀ ਰੂਪ ’ਚ ਵਿਹਲਾ ਹੋ ਕੇ ਰਹਿ ਜਾਵੇਗਾ ਕਿਰਤ ਤੇ ਜ਼ਮੀਨ ਤੋਂ... ਸਰਕਾਰ ਜਾਂ ਕਾਰਪੋਰੇਟਾਂ ਦੀ ਖ਼ੈਰਾਤ ’ਤੇ ਪਲਣ ਵਾਲੇ ਭਿੱਖ-ਮੰਗੇ... ਕੈਨੇਡਾ ਅਮਰੀਕਾ ’ਚ ਆਦਿਵਾਸੀਆਂ ਦੀਆਂ ਕੰਡਿਆਲੀਆਂ ਤਾਰਾਂ ’ਚ ਘਿਰੀਆਂ ਬਸਤੀਆਂ ਵਾਂਗ... ਮੈਨੂੰ ਆਪਣੇ ਪਿੰਡਾਂ ਦੀ ਹੋਣੀ ਦਾ ਉਹੀ ਅੰਦੇਸ਼ਾ ਹੁੰਦਾ!”

“ਇਹ ਤਾਂ ਬਹੁਤ ਭਿਅੰਕਰ ਹੈ।”

“ਭਿਅੰਕਰ ਤੋਂ ਵੀ ਕੁਝ ਅਗਾਂਹ ਦੀ ਗੱਲ ਹੋਵੇਗੀ! ਮਨ ਅੰਦਰ ਇਹ ਧੁੱਖਦੀ ਅੱਗ ਹੀ ਇੱਥੋਂ ਜਾਣ ਨਹੀਂ ਦਿੰਦੀ!”

ਉਸ ਨਾਲ ਗੱਲਾਂ ਕਰਦਿਆਂ ਸਿਮਰ ਦੇ ਮਨ ’ਚ ਹੋਰ ਵੀ ਤਬਾਹਕੁੰਨ ਤਸਵੀਰ ਬਣਨ ਲੱਗੀ। ਦੋਹਾਂ ਵਿਚਾਲੇ ਇੱਕ ਚੁੱਪ ਪਸਰ ਗਈ, ਜਿਸਨੂੰ ਤੋੜਨ ਲਈ, ਉਸਨੇ ਪੁੱਛਿਆ, “ਇਸ ਨਿਵੇਕਲੀ ਕਿਸਮ ਦੀ ਸੇਵਾ ਦਾ ਕਿਵੇਂ ਸੁੱਝਿਆ?”

“ਸਬੱਬੀਂ ਹੀ... ਪਹਿਲੇ ਦਿਨ ਜਿਸ ਰੈਣ-ਬਸੇਰੇ ’ਚ ਸੁੱਤੇ, ਲੱਗਿਆ, ਇੱਥੇ ਸੇਵਾ ’ਚ ਕੋਈ ਹਿੱਸਾ ਪਾਉਣਾ ਚਾਹੀਦਾ। ਉੱਥੇ ਸਾਨੂੰ ਟੈਂਟ ਦੇ ਆਸਪਾਸ ਪਲਾਸਟਿਕ ਦੇ ਕੁਝ ਡਿਸਪੋਜੇਬਲ ਕੱਪ, ਪਲੇਟਾਂ ਤੇ ਹੋਰ ਕਚਰਾ ਖਿੱਲਰਿਆ ਦਿਸਿਆ। ਅਸੀਂ ਕੰਬਲ ਗਦੈਲੇ ਝਾੜ ਕੇ ਬਾਹਰ ਸੁੱਕਣੇ ਪਾਏ, ਅੰਦਰ ਚੰਗੀ ਤਰ੍ਹਾਂ ਝਾੜੂ ਲਾਇਆ ਤੇ ਫਿਰ ਕਚਰਾ, ਲਫ਼ਾਫਿਆਂ ਨੂੰ ਚੁੱਕ-ਚੁੱਕ ਇੱਕ ਬੋਰੇ ’ਚ ’ਕੱਠਾ ਕਰਨ ਲੱਗੇ। ਦੂਸਰੇ ਦਿਨ ਉੱਠੇ ਤਾਂ ਉੱਥੇ ਸਾਨੂੰ ਕੋਈ ਬਹੁਤਾ ਗੰਦ ਨਾ ਦਿਸਿਆ। ਹਰ ਕੋਈ ਕਚਰੇ ਨੂੰ ਡਸਟਬਿੰਨ ’ਚ ਸੁੱਟਣ ਲੱਗਾ ਸੀ, ਜਿਹੜਾ ਕੁਝ ਦੂਰੀ ’ਤੇ ਮਿਊਂਸਪੈਲਟੀ ਵਾਲੇ ਰੱਖ ਗਏ ਸਨ... ਅਸੀਂ ਸੋਚਿਆ, ਸਾਰਾ ਬਾਰਡਰ ਹੀ ਤਾਂ ਸਾਡਾ ਘਰ ਹੈ... ਅਸੀਂ ਇਹ ਕਚਰਾ ਸਾਫ ਕਰਨ ਦੀ ਮੁਹਿੰਮ ਸ਼ੁਰੂ ਕਰ ਲਈ... ਖੁਸ਼ੀ ਹੈ, ਇਸ ਅੰਦੋਲਨ ’ਚ ਕੋਈ ਯੋਗਦਾਨ ਪਾ ਰਹੇ ਹਾਂ।”

“ਭੈਣ ਜੀ, ਤੁਹਾਨੂੰ ਇੱਥੇ ਕਿਹੋ ਜਿਹਾ ਐਕਸਪੀਰੀਐਂਸ ਹੋ ਰਿਹਾ?” ਸਿਮਰ ਨੇ ਬਲਦੀਪ ਵੱਲ ਮੂੰਹ ਕਰਦਿਆਂ ਕਿਹਾ।

“ਬਹੁਤ ਹੀ ਵਧੀਆ... ਇਹ ਤਾਂ ਨਵੀਂ ਤਰ੍ਹਾਂ ਦੀ ਦੁਨੀਆ ਹੈ! ਜੇ ਇੱਥੇ ਨਾ ਆਉਂਦੇ ਤਾਂ ਪਤਾ ਹੀ ਨਹੀਂ ਸੀ ਲੱਗਣਾ, ਜਦੋਂ ਕੋਈ ਆਪਣੇ ਅਕੀਦਿਆਂ ਲਈ ਲੜਦਾ ਤਾਂ ਕਿੰਨੀ ਸਮਰੱਥਾ ਆ ਜਾਂਦੀ ਹੈ ਝੱਲਣ ਦੀ... ਅੱਠ-ਅੱਠ, ਦਸ-ਦਸ ਸਾਲਾਂ ਦੇ ਬੱਚਿਆਂ ਤੋਂ ਲੈ ਸੱਤਰਾਂ, ਪਝੰਤਰਾਂ ਦੇ ਬਜ਼ੁਰਗਾਂ ਤੱਕ ਕਿਵੇਂ ਸਹਿਜਤਾ ਨਾਲ ਬੈਠੇ ਹਨ...! ...ਮੇਰੀ ਟਿਕਟ ਦੋ ਦਿਨ ਪਹਿਲਾਂ ਤੱਕ ਦੀ ਸੀ, ਮੈਂ ਮਹੀਨੇ ਭਰ ਲਈ ਅਗਾਂਹ ਦੀ ਕਰਵਾ ਲਈ... ਜਿੱਥੇ ਜੌਬ ਕਰਦੇ ਆਂ, ਉਹਨਾਂ ਨੂੰ ਵੀ ਸੂਚਿਤ ਕਰ ਦਿੱਤਾ। ਜਿੰਨਾ ਚਿਰ ਅੰਦੋਲਨ ਮੁੱਕਦਾ ਨਈਂ, ਵਾਪਸ ਨੀ ਜਾਂਦੀ, ਭਾਵੇਂ ਟਿਕਟ ਹੋਰ ਨਾ ਅਗਾਂਹ ਕਰਵਾਉਣੀ ਪਵੇ!” ਉਸਦੇ ਚਿਹਰੇ ਤੋਂ ਫੈਸਲੇ ਦਾ ਜਲੌਅ ਝਲਕਦਾ ਸੀ।

“ਜੇ ਜਾਂਦਿਆਂ ਉਹਨਾਂ ਜੌਬ ਨਾ ਦਿੱਤੀ?”

“ਜੌਬ ਕਿਤੇ ਹੋਰ ਮਿਲ ਜਾਵੇਗੀ, ਪਰ ਮਾਣ ਹੈ, ਰਹੇਗਾ ਵੀ ਕਿ ਅਸੀਂ ਇੱਕ ਇਤਿਹਾਸਕ ਅੰਦੋਲਨ ’ਚ ਹਿੱਸਾ ਪਾਇਆ... ਅਗਾਂਹ ਵਾਲੀਆਂ ਪੀੜ੍ਹੀਆਂ ਨੂੰ ਕੁਝ ਦੱਸਣ ਜੋਗਾ ਹੋਵੇਗਾ ਸਾਡੇ ਕੋਲ!” ਕਹਿੰਦਿਆਂ ਉਹ ਗਲਾਸ ਧੋਣ ਲਈ ਤੁਰ ਪਈ। ਉਸਨੂੰ ਯਾਦ ਆਇਆ ਪ੍ਰੋਫੈਸਰ ਰਵਿੰਦਰ ਨੇ ਸਵੇਰੇ ਉੱਠਦਿਆਂ ਕਿਹਾ ਸੀ, “ਪੰਜਾਬ ਅੱਜ ਫੈਸਲਾਕੁੰਨ ਮੋੜ ’ਤੇ ਖੜ੍ਹਾ ਹੈ। ਅਜਿਹਾ ਹੀ ਫੈਸਲਾਕੁੰਨ ਮੋੜ, ਜਿਵੇਂ ਦਾ ਲੋਧੀ ਤੇ ਬਾਬਰ ਦੀ ਪਾਣੀਪਤ ਜੰਗ ਵੇਲੇ ਸੀ... ਇਸ ਅੰਦੋਲਨ ਦੀ ਜਿੱਤ-ਹਾਰ ਦਾ ਫੈਸਲਾ, ਪੰਜਾਬ ਦੀ ਹੋਣੀ ਨੂੰ ਤੈਅ ਕਰੇਗਾ!” ਅਮਨ ਨੇ ਗਲਾਸ ’ਚੋਂ ਚਾਹ ਦਾ ਆਖਰੀ ਘੁੱਟ ਭਰਿਆ ਤੇ ਫਿਰ ਮਾਸਕ ਨੂੰ ਉਤਾਂਹ ਮੂੰਹ ’ਤੇ ਕਰਦਿਆਂ ਕਿਹਾ, “ਤੁਹਾਨੂੰ ਮਾਸਕ ਜ਼ਰੂਰ ਪਾ ਕੇ ਰੱਖਣੇ ਚਾਹੀਦੇ ਐ। ਲੋਕਾਂ ਨੂੰ ਵੀ ਇਸ ਲਈ ਪਰੇਰੋ... ਕਿਤੇ ਇਹ ਨਾ ਹੋਵੇ ਕਿ ਮਹਾਂਮਾਰੀ ਦਾ ਪ੍ਰਕੋਪ ਧਰਨੇ ’ਚ ਫੈਲਣਾ ਸ਼ੁਰੂ ਹੋ ਜਾਵੇ!”

“ਅਸੀਂ ਆਪ ਤਾਂ ਬਹੁਤੀ ਵਾਰ ਲਾ ਕੇ ਰੱਖੀਦਾ! ਲੋਕਾਂ ਨੂੰ ਵੀ ਕਹੀਦਾ, ਪਰ ਕੋਈ ਬਹੁਤਾ ਅਸਰ ਨੀ ਹੁੰਦਾ ਉਹਨਾਂ ’ਤੇ।”

“ਤੁਸੀਂ ਆਪ ਤਾਂ ਲਾ ਕੇ ਰੱਖੋ ਨਾ।” ਕਹਿੰਦਿਆਂ ਅਮਨ ਵੀ ਗਲਾਸ ਧੋਣ ਤੁਰ ਪਿਆ। ਉਹ ਦੋਵੇਂ ਮੀਆਂ-ਬੀਵੀ ਆਪਣੇ ਕੰਮ ਲੱਗ ਗਏ ਤਾਂ ਉਹ ਵੀ ਡਾਂਗ ਫੜ, ਆਪਣੀ ਡਿਊਟੀ ਵਾਲੇ ਥਾਂ ਵੱਲ ਤੁਰ ਪਿਆ।

“ਯਾਰ, ਪ੍ਰੋਫੈਸਰ ਨੂੰ ਭਲਕੇ ਮੁੜ ਰਹੀ ਟਰਾਲੀ ’ਚ ਵਾਪਸ ਭੇਜ ਦੇਣਾ ਚਾਹੀਦਾ! ਉਸਦੀ ਸਿਹਤ ’ਚ ਗੜਬੜ ਲੱਗਦੀ ਐ ਮੈਨੂੰ ਤਾਂ...”, ਉਹ ਮੁੜਿਆ ਤਾਂ ਬਿੰਦੂ ਨੇ ਕਿਹਾ, ‘ਇੱਥੇ ਤਾਂ ਲੰਮੀ ਪੀਂਘ ਪੈ ਗਈ ਲੱਗਦੀ ਐ। ਪਤਾ ਨੀ ਕਦੋਂ ਮੁੱਕੂ?”

“ਪਰ ਉਹ ਮੰਨਣ...? ...ਖਾਲਸਾ ਏਡ ਵਾਲਿਆਂ ਦੇ ਡਾਕਟਰ ਨੇ ਵੀ ਕਿਹਾ, ‘ਇੱਕ ਵਾਰ ਮੁਕੰਮਲ ਚੈਕਅੱਪ ਕਰਵਾ ਲਵੋ... ਤੁਹਾਨੂੰ ਅਸੀਂ ਹੀ ਹਸਪਤਾਲ ਭੇਜ ਦਿੰਦੇ ਹਾਂ’ ...ਪਰ ਉਹ ਟਾਲ ਗਏ।”

“ਇੱਥੇ ਤਾਂ ਪਤਾ ਨੀ ਕੀ ਬਣਨਾ?”

“ਅੱਜ ਸ਼ਾਮ ਨੂੰ ਸੀਰੀਅਸਲੀ ਕਰਦੇ ਹਾਂ ਗੱਲ।” ਉਸਨੇ ਕਿਹਾ ਤਾਂ ਉਹਨਾਂ ਦਾ ਧਿਆਨ ਮੋਟਰਸਾਈਕਲਾਂ ’ਤੇ ਆ ਰਹੇ ਜਥੇ ਵੱਲ ਹੋ ਗਿਆ। ਪੰਜ ਮੋਟਰਸਾਈਕਲਾਂ ’ਤੇ ਦਸ ਜਣੇ, ਪੰਜਾਬ ਦੇ ਨੰਬਰ। ਮੋਹਰੇ ਝੂਲਦੇ ਕਿਸਾਨੀ ਡੰਡੇ ਤੇ ਪਿਛੇ ਲਟਕੀਆਂ ਸਾਮਾਨ ਦੀਆਂ ਕਿੱਟਾਂ। ਇਸਤੋਂ ਪਹਿਲਾਂ ਕਿ ਉਹ ਉਹਨਾਂ ਨੂੰ ਰੁਕਣ ਦਾ ਇਸ਼ਾਰਾ ਕਰਦੇ, ਉਹਨਾਂ ਨੇ ਪਹਿਲਾਂ ਹੀ ਸਹਾਇਤਾ-ਪੋਸਟਰ ਦੇਖ ਹੌਲੀ ਕਰ ਲਏ ਤੇ ਉਹਨਾਂ ਵੱਲ ਨੂੰ ਹੋਣ ਲੱਗੇ। ਮੇਜ਼ ਕੋਲ ਆ ਮੋਟਰਸਾਈਕਲ

ਰੁਕ ਗਏ ਤੇ ਮੂਹਰਲੇ ਨੇ ਪੁੱਛਿਆ, "ਅਸੀਂ ਪਹਿਲੀ ਵਾਰ ਆ ਰਹੇ ਹਾਂ। ਧਰਨੇ ਵਾਲੀ ਥਾਂ ਤੱਕ ਸਿੱਧੇ ਹੀ ਚਲੇ ਜਾਵਾਂਗੇ ਕਿ ਬਾਈਕ ਕਿਤੇ ਰਾਹ 'ਚ ਖੜ੍ਹੇ ਕਰਨੇ ਪੈਣਗੇ।"

"ਅਗਾਂਹ ਹੀ ਲੈ ਜਾਓ। ਕਿਲੋਮੀਟਰ ਕੁ ਅੱਗੇ ਜਾ ਕੇ ਵੱਡਾ ਸਾਰਾ ਟੈਂਟ ਲੱਗਿਆ ਹੋਇਆ 'ਗੁਰੂ ਨਾਨਕ ਰੈਣ-ਬਸੇਰਾ' ...ਉੱਥੇ ਬਾਈਕ ਖੜ੍ਹੇ ਕਰ ਲੈਣੇ ਤੇ ਤੁਹਾਡੇ ਰਹਿਣ ਦਾ ਬੰਦੋਬਸਤ ਵੀ ਹੋ ਜਾਣਾ!"

"ਰਹਿਣ ਦਾ ਤਾਂ ਕੋਈ ਨੀ! ਕੰਬਲ ਹੈ ਸਾਡੇ ਕੋਲ... ਕਿਤੇ ਵੀ ਪੈ ਜਾਵਾਂਗੇ।"

"ਜਦੋਂ ਬੰਦੋਬਸਤ ਹੈ ਤਾਂ ਫਿਰ ਰੜੇ ਪੈਣ ਦੀ ਕੀ ਲੋੜ ਐ... ਸੱਜੇ ਹੱਥ ਵੱਡਾ ਸਾਰਾ ਬੈਨਰ ਦਿਸ ਜਾਣਾ ਰੈਣ-ਬਸੇਰੇ ਦਾ। ਉੱਥੇ ਸੇਵਾਦਾਰਾਂ ਨੂੰ ਮਿਲਣਾ", ਸਿਮਰ ਨੇ ਨਾਲ ਹੀ ਉਹਨਾਂ ਨੂੰ ਕੁਝ ਹੋਰ ਵਿਸਥਾਰ ਸਮਝਾਏ। ਉੱਥੇ ਕੁ ਪੂਰੀ ਚਹਿਲ-ਪਹਿਲ ਸੀ। ਖੜੀਆਂ ਟਰਾਲੀਆਂ, ਟੈਂਟਾਂ, ਝੁੱਗੀਆਂ ਕੋਲ ਦੋ-ਦੋ, ਚਾਰ-ਚਾਰ ਜਣੇ ਤਾਂ ਰਹਿੰਦੇ ਹੀ। ਸ਼ਾਮਲ ਹੋਣ ਲਈ ਨਵੇਂ ਆ ਰਹਿਆਂ ਦੀਆਂ ਲਾਮਡੋਰੀਆਂ, ਕੁਝ ਵਾਪਸ ਜਾਣ ਵਾਲੇ ਵੀ।

ਮੁੱਖ-ਸਟੇਜ 'ਤੇ ਲੀਡਰਾਂ ਦੇ ਭਾਸ਼ਣ ਹੁੰਦੇ, ਨੀਤੀਆਂ ਬਾਰੇ ਵਿਆਖਿਆ ਹੁੰਦੀ। ਦਿਨ ਵੇਲੇ ਹਜ਼ਾਰਾਂ ਦਾ ਇਕੱਠ ਹੋ ਜਾਂਦਾ ਸੀ ਉੱਥੇ ਪੰਡਾਲ 'ਚ। ਛੋਟੀਆਂ-ਛੋਟੀਆਂ ਸਭਾਵਾਂ, ਚੁੰਝ-ਚਰਚਾ ਤਾਂ ਬਹੁਤ ਸਾਰੀਆਂ ਥਾਵਾਂ 'ਤੇ ਦਿਸ ਜਾਂਦੀ। ਇਹਨਾਂ ਸੱਥਾਂ-ਨੁਮਾ ਸਭਾਵਾਂ 'ਚ ਕੋਈ ਮੋਬਾਇਲ ਨਾਲ ਜੋੜ ਕੇ ਉੱਚੀ ਅਵਾਜ਼ 'ਚ ਸ਼ਬਦ ਲਾ ਲੈਂਦਾ ਜਾਂ ਮੋਰਚੇ ਬਾਰੇ ਗੀਤ। ਨਿੱਤ ਨਵਾਂ ਕੋਈ ਗੀਤ ਧਰਨੇ ਬਾਰੇ ਰਿਲੀਜ਼ ਹੋਇਆ ਹੁੰਦਾ। ਉਹਨਾਂ ਤੋਂ ਕੁਝ ਹਟਵੀਂ ਟਰਾਲੀ 'ਚ, ਬੀਤੇ ਦਿਨ ਰਿਲੀਜ਼ ਹੋਏ ਗੀਤ ਦੀ ਆਵਾਜ਼ ਗੂੰਜ ਰਹੀ ਸੀ :

"ਕੋਈ ਖੰਡੇ ਤਿੱਖੇ, ਕੋਈ ਕਿਰਪਾਨ ਕਰੂਗਾ
ਤੈਨੂੰ ਦਿੱਲੀਏ ਇਕੱਠ ਪ੍ਰੇਸ਼ਾਨ ਕਰੂੰਗਾ...।
ਇਹਨਾਂ 'ਕੱਠੀਆਂ ਦੇ ਏਕੇ 'ਚ ਕਰੋੜ ਹੋਣਗੇ,
ਤੇਰੀ ਧੌਣ ਦੇ ਜੋ ਮਣਕੇ ਮਰੋੜ ਹੋਣਗੇ
ਅੱਸੀ ਵਰੇ ਦਿਆਂ ਬਾਬਿਆਂ ਤੋਂ ਲੈ ਕੇ ਥਾਪੜਾ
ਤੈਨੂੰ ਜੰਗ ਦਾ ਐਲਾਨ ਨੌਜਵਾਨ ਕਰੂਗਾ
ਤੈਨੂੰ ਦਿੱਲੀਏ ਇਕੱਠ..."

ਉਹ ਚੱਲ ਰਹੇ ਗੀਤ ਦੇ ਸ਼ਬਦਾਂ 'ਚ ਗੁਆਚਦਾ ਗਿਆ। ਸ਼ਬਦਾਂ ਦੀਆਂ ਪ੍ਰਤੀਧੁਨੀਆਂ ਉਸਦੇ ਜ਼ਿਹਨ 'ਚ ਇੱਕ ਰੋਹ ਦਾ ਸੰਸਾਰ ਸਿਰਜਦੀਆਂ ਰਹੀਆਂ, ਇੱਕ ਸਨੇਹਾ, 'ਹੁਣ ਤਾਂ ਜਿੱਤ ਕੇ ਹੀ ਮੁੜਾਂਗੇ।' ਗੀਤ ਦੇ ਬੋਲਾਂ ਨਾਲ ਉਸ ਅੰਦਰ ਜਿਵੇਂ ਇੱਕ ਅਹਿਦ ਵੀ ਭਰ ਹੋ ਰਿਹਾ ਸੀ।

•

ਮੋਬਾ. 95309 44345



ਕਵਿਤਾਵਾਂ

ਅਮਰਜੀਤ ਕਸਕ

ਇੱਕੋ

ਮੇਰੀ ਜ਼ਮੀਨ 'ਤੇ ਆ
ਸੁੱਟ ਦੇ ਸਾਰੀਆਂ ਕਿੱਚਰਾਂ
ਮੇਰੀ ਸਰਲਤਾ ਦੇ ਪਾਣੀਆਂ 'ਚ

ਹੋ ਜਾ ਖ਼ਾਲੀ
ਅੱਖਾਂ ਨੂੰ ਛਿੱਟੇ ਮਾਰ
ਆ ਬੈਠ ਕਿਨਾਰੇ
ਕਲ ਕਲ ਦੇ ਨਾਦ 'ਚ ਖੋ

ਵੇਖੀਂ
ਗਿਰ ਜਾਣੀਆਂ ਸਾਰੀਆਂ ਕੰਧਾਂ
ਤਨ ਭੇਦਾਂ ਤੋਂ ਪਾਰ ਮਿਲਾਂਗੇ
ਇੱਕੋ ਤੇਜ਼
ਇੱਕੋ ਆਕਾਸ਼

ਇਹ ਮਿੱਟੀ ਦੀ ਵੱਟ
ਲੋੜ ਹੈ
ਆਪਣੇ ਕਿਸਾਨ ਦੀ

ਚੇਤਾ ਫਰੋਲ

ਤਾਰਾ ਟੁੱਟਿਆ

ਅੱਖ ਪਲਕਾਰੇ 'ਚ
ਇੱਕ ਛੋਟੀ ਜਹੀ ਲੀਕ
ਤੇ ਫਿਰ ਬੱਸ!

ਗਿਰ ਗਿਆ
ਕਿਸੇ ਬਲੈਕ ਹੋਲ 'ਚ
ਜਾਂ ਗਰਦ ਹੋ ਗਿਆ

ਕੌਂਧ ਗਈ ਬਿਜਲੀ
ਅੰਦਰ ਦੇ ਆਕਾਸ਼ 'ਚ

ਮਹਾਂ ਸੁੰਨ 'ਚ ਜਾਣ ਵੇਲੇ ਹੀ ਨਹੀਂ
ਪੈਰਾਂ ਹੇਠਲੀ ਜ਼ਮੀਂ
ਇਕ ਬੰਦੇ ਵਾਂਙ ਵੀ ਜਾ ਸਕਦੀ
ਉਸ ਤਾਰੇ ਵਾਂਙ
ਸਾਰੇ ਪਸਾਰੇ ਦੇ ਹੁੰਦਿਆਂ ਸੁੰਦਿਆਂ

ਖ਼ੁਦ ਨੂੰ
ਗਰਦ 'ਚ ਉੱਡ ਰਹੇ
ਇੱਕ ਕਣ ਵਾਂਙ ਵੇਖ ਰਿਹਾਂ

ਚੇਤਾ ਫਰੋਲ
ਕਿ ਪਹਿਲਾਂ
ਕਿਸ ਧਰਤੀ 'ਤੇ ਮਿਲੇ ਸੀ ਆਪਾਂ!

•

ਮੋਬਾ.



ਕਹਾਣੀ

ਇੰਦਰਜੀਤਪਾਲ ਕੌਰ

ਸੀਮਾ ਰੇਖਾ

ਗੀਤਾ ਬੜੇ ਧਿਆਨ ਨਾਲ ਡਾਕਟਰ ਬੈਨਰਜੀ ਦਾ ਲੈਕਚਰ ਸੁਣ ਰਹੀ ਸੀ, "ਸਲੈਵਰੀ ਗਲੈਂਡਸ ਆਫ਼ ਪੈਰੀਪਲੈਨੀਟਾ ਦਾ ਅਮੈਰੀਕਾਨਾ।"

"ਇਸ ਵਿਚ ਇੰਟਰੈਸਟਿੰਗ ਕੀ ਹੈ, ਜਿਹੜਾ ਗੀਤਾ ਐਨਾ ਮਨ ਲਗਾ ਕੇ ਸੁਣ ਰਹੀ ਹੈ।" ਗੀਤਾ ਦੇ ਸੱਜੇ ਪਾਸੇ ਬੈਠੀ ਅੰਜਲੀ ਘੋਸ਼ ਨੇ ਸੋਚਿਆ।

ਜਦੋਂ ਡਾਕਟਰ ਬੈਨਰਜੀ ਕਾਕਰੋਚ ਦਾ ਡਾਇਗ੍ਰਾਮ ਬਨਾਣ ਵਾਸਤੇ ਬਲੈਕ ਬੋਰਡ ਵੱਲ ਮੁੜੇ ਤਾਂ ਅੰਜਲੀ ਨੇ ਗੀਤਾ ਦੇ ਕੰਨ ਵਿਚ ਘੁਸਰ-ਮੁਸਰ ਕੀਤੀ, "ਤਿੰਨ-ਤਿੰਨ ਪੀਐੱਚ.ਡੀ. ਕੀਤੇ ਪ੍ਰੋਫ਼ੈਸਰ ਸਾਹਿਬ ਇਹ ਕਿਉਂ ਨਹੀਂ ਸਮਝਦੇ ਕਿ ਸਾਰੇ ਵਿਦਿਆਰਥੀਆਂ ਦਾ ਦਿਮਾਗ਼ ਇਨ੍ਹਾਂ ਵਰਗਾ ਉਪਜਾਊ ਨਹੀਂ ਹੁੰਦਾ । ਇਕ-ਇਕ ਗੱਲ ਦੇ ਦਸ-ਦਸ ਉਦਾਹਰਣ, ਇਸ ਸਾਇੰਟਿਸਟ ਨੇ ਇੰਝ ਕਿਹਾ ਤੇ ਉਸ ਸਾਇੰਟਿਸਟ ਨੇ ਉਂਝ ਕਿਹਾ।

ਕੁਝ ਉਤਰ ਨਾ ਦੇ ਕੇ ਗੀਤਾ ਨੇ ਬੜੀ ਉਦਾਸੀਨਤਾ ਨਾਲ ਅੰਜਲੀ ਵੱਲ ਵੇਖਿਆ। ਡਾਕਟਰ ਬੈਨਰਜੀ ਹੁਣ ਤੱਕ ਬਲੈਕ ਬੋਰਡ ਤੇ ਡਾਇਗ੍ਰਾਮ ਬਣਾ ਕੇ ਲੇਬਲ ਕਰ ਰਹੇ ਸਨ।

"ਐਨੀ ਤੇਜ਼ੀ ਨਾਲ ਬੋਲਦੇ ਨੇ ਜਿਵੇਂ ਅਸੀਂ ਲਿਖ ਨਾ ਰਹੇ ਹੋਈਏ, ਟਾਈਪ ਕਰ ਰਹੇ ਹੋਈਏ। ਇਕੋ ਗੱਲ ਹੋ ਸਕਦੀ ਹੈ ਜਾਂ ਤਾਂ ਤੁਸੀਂ ਇਨ੍ਹਾਂ ਦਾ ਲੈਕਚਰ ਸਮਝੋ ਜਾਂ ਫਿਰ ਨੋਟਸ ਲਵੋ।" ਅੰਜਲੀ ਨੇ ਫਿਰ ਧੀਮੀ ਆਵਾਜ਼ ਵਿਚ ਕਿਹਾ।

"ਲਾਇਬ੍ਰੇਰੀ ਵਿਚ ਐਂਟੋਮਾਲੋਜੀ ਦੀਆਂ ਕੁਲ ਪੰਜ ਕਿਤਾਬਾਂ ਨੇ। ਜਿਹੜੀਆਂ ਅਕਸਰ ਮੁੰਡਿਆਂ ਦੇ ਨਾਮ ਇਸ਼ੂ ਰਹਿੰਦੀਆਂ ਨੇ। ਇਸ ਲਈ ਚੰਗਾ ਏ ਜੋ ਬੋਲਦੇ ਨੇ, ਉਹ ਨੋਟ ਕਰ ਲਿਆ ਜਾਏ। ਸਮਝਿਆ ਤਾਂ ਬਾਅਦ ਵਿਚ ਜਾਏਗਾ।" ਗੀਤਾ ਦੇ ਖੱਬੇ ਪਾਸੇ ਬੈਠੀ ਜਸਵਿੰਦਰ ਨੇ ਹੌਲੀ ਜਿਹੀ ਕਿਹਾ।

ਗੀਤਾ ਦਾ ਧਿਆਨ ਨਾ ਲੈਕਚਰ ਸੁਣਨ ਵੱਲ ਸੀ, ਨਾ ਹੀ ਨੋਟਸ ਲੈਣ ਵੱਲ। ਉਹ ਤਾਂ ਸੋਚ ਰਹੀ ਸੀ—ਡਾਕਟਰ ਸਾਹਿਬ ਠੋਡੀ ਵਿਚ ਪਏ ਟੋਏ ਵਿਚ ਸ਼ੇਵ ਕਿਵੇਂ ਕਰਦੇ ਹੋਣਗੇ ?

ਡਾਕਟਰ ਬੈਨਰਜੀ, ਛੇ ਫੁੱਟ ਤੋਂ ਉੱਠਦਾ ਕੱਦ। ਕਣਕ ਵੰਨਾ ਨਮਕੀਨ ਬੰਗਾਲੀ ਰੰਗ, ਚੌੜਾ ਮੱਥਾ, ਸੁਤਵਾਂ ਨੱਕ।

ਲੇਬਲਿੰਗ ਖ਼ਤਮ ਕਰਕੇ ਡਾਕਟਰ ਸਾਹਿਬ ਕਲਾਸ ਵੱਲ ਮੁੜੇ...ਡਾਕਟਰ ਵਾਲਟਰ, ਡਾਕਟਰ ਹਯੂਮਸ, ਡਾਕਟਰ ਰਿਚਰਡਸ...ਜਦੋਂ ਗੀਤਾ ਡਾਕਟਰ ਸਾਹਿਬ ਦੀ 'ਸ਼ੇਵਿੰਗ ਪ੍ਰਕ੍ਰਿਆ' ਬਾਰੇ ਸੋਚ ਰਹੀ ਸੀ, ਡਾਕਟਰ ਸਾਹਿਬ ਦੇ ਲੈਕਚਰ ਵਿਚ ਉਦਾਹਰਣ ਸਰੂਪ ਬੋਲੇ ਜਾਣ ਵਾਲੇ ਨਾਵਾਂ ਵਿਚੋਂ ਕਈ ਨਾਂ ਉਸ ਕੋਲੋਂ ਲਿਖਣੇ ਰਹਿ ਗਏ। ਦਰਅਸਲ ਗੀਤਾ ਦਾ ਧਿਆਨ ਲੈਕਚਰ ਵੱਲ ਨਾ ਹੋ ਕੇ ਉਨ੍ਹਾਂ ਦੇ ਵਿਅਕਤਿਤਵ ਵੱਲ ਜ਼ਿਆਦਾ ਸੀ।

"ਕਿੰਨੀਆਂ ਲੰਮੀਆਂ ਪਲਕਾਂ ਨੇ !"

ਇਸ ਤਰ੍ਹਾਂ ਡਾਕਟਰ ਬੈਨਰਜੀ ਦੇ ਪੀਰੀਅਡ ਵਿਚ ਹੀ ਕਿਉਂ ਹੁੰਦਾ ਹੈ ? ਬੜਾ ਚਾਹੁਣ 'ਤੇ ਵੀ ਉਹ ਆਪਣਾ ਧਿਆਨ ਉਨ੍ਹਾਂ ਦੇ ਲੈਕਚਰ 'ਤੇ ਕੇਂਦ੍ਰਿਤ ਨਹੀਂ ਕਰ ਪਾਉਂਦੀ।

"ਜੇਕਰ ਇਸ ਸ਼ਰਟ ਨਾਲ ਲਾਲ ਰੰਗ ਦੀ ਟਾਈ ਲਗਾਣ ਤਾਂ ਕਿੱਦਾਂ ਲੱਗਣ", "ਕਦੇ ਮੁਸਕਰਾਉਂਦੇ ਕਿਉਂ ਨਹੀਂ ?" ਮੱਥੇ 'ਤੇ ਪਈਆਂ ਤਿਉੜੀਆਂ ਇਕ ਪਲ ਲਈ ਹਟ ਜਾਣ ਤਾਂ ਇਨ੍ਹਾਂ ਦਾ ਚਿਹਰਾ ਕਿੰਨਾ ਸਾਫਟ ਹੋ ਜਾਏ। "ਡਾਕਟਰ ਹਯੂਮਰ ਸੈਡ—ਦੀ ਆਰਥੋਪੋਡਸ..." ਸਾਰੇ ਵਿਦਿਆਰਥੀਆਂ ਦੇ ਪੈੱਨ ਬੜੀ ਤੀਬਰਤਾ ਦੇ ਨਾਲ ਚਲ ਰਹੇ ਸਨ।

"ਹਮੇਸ਼ਾ ਐਨੇ ਗੁੱਸੇ ਵਿਚ ਕਿਉਂ ਰਹਿੰਦੇ ਨੇ। ਕਿੰਨੀ ਕੜਕਦੀ ਆਵਾਜ਼ ਹੈ। ਕੀ ਪਿਆਰ ਨਾਲ ਨਹੀਂ ਬੋਲਿਆ ਜਾ ਸਕਦਾ।"

"ਕੀ ਬੁੜਬੁੜਾ ਰਹੀ ਏਂ ਗੀਤਾ । ਡਾਕਟਰ ਬੈਨਰਜੀ ਐਂਟੋਮਾਲੋਜੀ ਪੜ੍ਹਾ ਰਹੇ ਨੇ । ਕਾਲੀਦਾਸ ਦਾ ਸ਼ੁਕੰਤਲਾਵਨਯ ਨਹੀਂ।" ਅੰਜਲੀ ਨੇ ਗੀਤਾ ਨੂੰ ਟੋਕਿਆ।

"ਮਿਸ਼ ਘੋਸ਼ ਐਨੀ ਪ੍ਰਾਬਲਮ ?" ਲੈਕਚਰ ਰੋਕ ਕੇ ਡਾਕਟਰ ਸਾਹਿਬ ਨੇ ਅੰਜਲੀ ਵੱਲ ਅੱਖਾਂ ਕੱਢ ਕੇ ਵੇਖਿਆ।

"ਨੋ ਸਰ। ਸੌਰੀ ਸਰ।"

* * *

ਮਿਸ ਅੰਜਲੀ, ਮਿਸ ਸੈਲਜ਼ਾ, ਮਿਸ ਜਸਵਿੰਦਰ। ਕੁੜੀਆਂ ਦੇ ਨਾਮ ਅੱਗੇ 'ਮਿਸ' ਲਗਾਣ ਦਾ ਰਿਵਾਜ਼ ਸੀ ਇਸ ਮਹਾਂਵਿਦਿਆਲੇ ਵਿਚ। ਬੀ.ਐੱਸ.ਸੀ. ਤੱਕ ਲੜਕੀਆਂ ਦੇ ਕਾਲਜ ਵਿਚ ਪ੍ਰੋਫ਼ੈਸਰ ਸਭ ਸਿੱਧਾ ਨਾਮ ਲੈ ਕੇ ਬੁਲਾਉਂਦੇ ਸਨ। ਕਿੰਨਾ ਆਪਣਾਪਣ ਸੀ ਉਸ ਵਿਚ।

ਪਤਾ ਨਹੀਂ ਕਦੋਂ ਖ਼ਿਆਲਾਂ ਵਿਚ ਗਵਾਚੀ ਗੀਤਾ ਦਾ ਪੈੱਨ ਚਲਣਾ ਬੰਦ ਹੋ ਗਿਆ।

"ਮਿਸ ਗੀਤਾ, ਵਾਈ ਆਰ ਯੂ ਨਾਟ ਟੇਕਿੰਗ ਨੋਟਸ ।" ਕੜਕਦੀ ਆਵਾਜ਼ ਫੇਰ ਗੂੰਜੀ। ਉਹ ਜਿਵੇਂ ਨੀਂਦ ਵਿਚੋਂ ਜਾਗੀ। ਡਾਕਟਰ ਬੈਨਰਜੀ ਛਿਣ ਭਰ ਉਸ ਵੱਲ ਦੇਖਦੇ ਰਹੇ।

"ਗੁੱਸੇ ਨਾਲ ਭਰੀਆਂ ਐਹੋ ਜਿਹੀਆਂ ਵੱਡੀਆਂ-ਵੱਡੀਆਂ ਅੱਖਾਂ ? ਓ ਮਾਈ ਗਾਡ।" ਸਿਰ ਝੁਕਾ ਕੇ ਗੀਤਾ ਵਿਚ ਵਿਚ ਖਾਲੀ ਛੁੱਟ ਗਏ ਪੇਜ 'ਤੇ ਪੈੱਨ ਚਲਾਣ ਲੱਗ ਗਈ।

"ਐਂਡ ਅਕਾਰਡਿੰਗ ਟੂ ਡਾਕਟਰ ਸਭਰਵਾਲ...ਲੈਕਚਰ ਫੇਰ ਸ਼ੁਰੂ ਹੋ ਗਿਆ।

ਪੀਰੀਅਡ ਦਾ ਬਚਿਆ ਹੋਇਆ ਸਮਾਂ ਉਹ ਸਿਰ ਝੁਕਾ ਕੇ ਨੋਟਸ ਲਿਖਦੀ ਰਹੀ।

ਅਗਲਾ ਪੀਰੀਅਡ ਡਾਕਟਰ ਨਈਅਰ ਦਾ ਸੀ। ਹੁਣ ਕੋਈ ਸਮੱਸਿਆ ਨਹੀਂ ਸੀ। ਗੀਤਾ ਨੂੰ ਜੈਨਿਟਿਕਸ ਦਾ ਮੁਸ਼ਕਿਲ ਲੈਕਚਰ ਆਸਾਨੀ ਨਾਲ ਸਮਝ ਆ ਰਿਹਾ ਸੀ। ਨੋਟਸ ਲੈਣ ਵਿਚ ਵੀ ਕੋਈ ਕਠਿਨਾਈ ਨਹੀਂ ਸੀ ਹੋ ਰਹੀ।

ਅੱਧੀ ਛੁੱਟੀ ਵੇਲੇ ਕੰਟੀਨ ਵਿਚ ਚਾਹ ਪੀਂਦਿਆਂ ਅੰਜਲੀ ਨੇ ਗੀਤਾ ਨੂੰ ਦੱਸਿਆ ਕਿ ਡਾਕਟਰ ਬੈਨਰਜੀ ਨੇ ਕੁਝ ਸਟੂਡੈਂਟਸ ਨੂੰ ਆਪਣੇ ਘਰ ਪੜ੍ਹਨ ਲਈ ਬੁਲਾਇਆ ਹੈ।

"ਆਪਣੇ ਘਰ!" ਗੀਤਾ ਨੇ ਹੈਰਾਨੀ ਨਾਲ ਪੁੱਛਿਆ।

"ਹਾਂ, ਕੱਲ੍ਹ ਸਵੇਰੇ, ਦਸ ਤੋਂ ਬਾਰਾਂ ਵਜੇ ਤੱਕ।" ਪਿਛਲੇ ਦਿਨ ਤਬੀਅਦ ਕੁਝ ਠੀਕ ਨਾ ਹੋਣ ਕਰਕੇ ਗੀਤਾ ਦਾ ਕਾਲਜ ਨਹੀਂ ਸੀ ਆਈ।

ਸਾਰਾ ਦਿਨ ਗੀਤਾ ਨੂੰ ਇਕ ਉਮੀਦ ਜਹੀ ਰਹੀ ਕਿ ਸ਼ਾਇਦ ਡਾਕਟਰ ਸਾਹਿਬ ਉਸ ਨੂੰ ਵੀ ਬੁਲਾਉਣਗੇ।

ਪਰ ਵਕਤ ਬੀਤਣ ਦੇ ਨਾਲ-ਨਾਲ ਉਸਦੀ ਉਮੀਦ ਟੁੱਟਦੀ ਜਾ ਰਹੀ ਸੀ।

"ਸ਼ਾਇਦ ਕਹਿਣਾ ਭੁੱਲ ਗਏ ਹੋਣ।" ਉਸਨੇ ਆਪਣੇ ਮਨ ਨੂੰ ਤਸੱਲੀ ਦਿੱਤੀ।

ਅਗਲਾ ਪੀਰੀਅਡ ਪ੍ਰੈਕਟੀਕਲ ਦਾ ਸੀ। ਅੱਜ ਮੇਜਰ ਡਿਸੈਕਸ਼ਨ ਸੀ—'ਲੀਚ ਦਾ ਨਰਵਸ ਸਿਸਟਮ।' ਉਸਦਾ ਮਨ ਕਿਸੇ ਵੀ ਕੰਮ ਵਿਚ ਨਹੀਂ ਸੀ ਲੱਗ ਰਿਹਾ। ਡਿਸੈਕਸ਼ਨ ਸ਼ੁਰੂ ਕਰਦਿਆਂ ਹੀ ਉਸ ਕੋਲੋਂ ਮੇਜਰ ਆਰਟਰੀ ਰਪਚਰ ਹੋ ਗਈ। ਸਾਰੀ ਡਿਸੈਕਸ਼ਨ ਟ੍ਰੇ ਵਿਚ ਲਹੂ ਫੈਲ ਗਿਆ। ਉਸਦੇ ਅੱਥਰੂ ਵਗ ਤੁਰੇ। ਉਸਦੇ ਸੱਜੇ-ਖੱਬੇ ਬੈਠੇ ਅਜੇ ਤੇ ਰਵੀ ਹੈਰਾਨ ਸਨ। ਅੱਜ ਤੱਕ ਉਸਦਾ ਇਕ ਵੀ ਐਨੀਮਲ ਖਰਾਬ ਨਹੀਂ ਸੀ ਹੋਇਆ। ਇਕ ਵਾਰ ਉਸਦਾ ਡਿਸੈਕਸ਼ਨ ਦੇਖ ਕੇ ਮੈਡਮ ਜੇਟਲੀ ਨੇ ਕਿਹਾ ਸੀ, "ਮਿਸ ਗੀਤਾ ਤੁਹਾਨੂੰ ਤਾਂ ਮੈਡੀਕਲ ਵਿਚ ਜਾਣਾ ਚਾਹੀਦਾ ਸੀ। ਤੁਸੀਂ ਇਕ ਬੜੇ ਕਾਮਯਾਬ ਸਰਜਨ ਹੁੰਦੇ।"

ਅਖ਼ੀਰਲਾ ਪੀਰੀਅਡ ਸ੍ਰੀਵਾਸਤਵ ਸਰ ਦਾ ਸੀ। ਜੋ ਉਸ ਦਿਨ ਆਏ ਨਹੀਂ ਸਨ। ਗੀਤਾ ਦਾ ਧਿਆਨ ਬਾਰ-ਬਾਰ ਆਪਣੇ ਗੁੱਟ 'ਤੇ ਬੱਝੀ ਘੜੀ ਵੱਲ ਜਾ ਰਿਹਾ ਸੀ। ਛੁੱਟੀ ਹੋਣ ਵਿਚ ਕੁਝ ਸਮਾਂ ਹੀ ਬਚਿਆ ਸੀ। ਉਹ ਬਿਨਾਂ ਕਿਸੇ ਕੰਮ ਦੇ ਦੋ ਤਿੰਨ ਵਾਰ ਡਾਕਟਰ ਬੈਨਰਜੀ ਦੇ ਕੈਬਨ ਦੇ ਸਾਹਮਣਿਉਂ ਨਿਕਲੀ। ਅੱਧ ਖੁੱਲ੍ਹੇ ਦਰਵਾਜ਼ੇ ਵਿਚੋਂ ਉਸ ਨੂੰ ਉਨ੍ਹਾਂ ਦੀ ਇਕ ਝਲਕ ਹੀ ਦਿਖੀ। ਉਹ ਮੇਜ਼ 'ਤੇ ਸਿਰ ਝੁਕਾਈ ਕੁਝ ਲਿਖ ਰਹੇ ਸਨ।

ਉਸ ਰਾਤ ਉਹ ਸਿਰ ਦਰਦ ਦਾ ਬਹਾਨਾ ਬਣਾ ਕੇ ਭੁੱਖੀ ਹੀ ਸੌਂ ਗਈ।

***

ਉਹ ਤੇ ਡਾਕਟਰ ਬੈਨਰਜੀ, ਕੋਹਰੇ ਨਾਲ ਘਿਰੀਆਂ ਵਾਦੀਆਂ ਵਿਚ ਇਕ ਦੂਜੇ ਦਾ ਹੱਥ ਪਕੜੀ ਘੁੰਮ ਰਹੇ ਸਨ। ਉਨ੍ਹਾਂ ਦੇ ਹੱਥ ਦੀ ਗਰਮੀ ਬਾਂਹ ਤੋਂ ਹੁੰਦੀ ਉਸਦੀ ਨਸ-ਨਸ ਵਿਚ ਸਮਾ ਰਹੀ ਸੀ। ਉਹ ਦੋਵੇਂ ਸੰਘਣੇ ਦਰਖ਼ਤਾਂ ਦੇ ਥੱਲੇ ਤੁਰੇ ਜਾ ਰਹੇ ਸਨ। ਠੰਡੀ ਹਵਾ ਦਾ ਝੋਕਾ ਉਨ੍ਹਾਂ ਦੇ ਕੋਲੋਂ ਨਿਕਲਦਾ ਤਾਂ ਉਹ ਉਨ੍ਹਾਂ ਦੇ ਨਾਲ ਲੱਗ ਕੇ ਤੁਰਨ ਲੱਗ ਪੈਂਦੀ। ਖ਼ਾਮੋਸ਼ੀ ਦਾ ਇਕ ਲਿਹਾਫ਼ ਜਿਹਾ ਉਨ੍ਹਾਂ ਨੂੰ ਘੇਰ ਰਿਹਾ ਸੀ। ਸਭ ਦੀ ਦ੍ਰਿਸ਼ਟੀ ਤੋਂ ਛੁਪਾ ਰਿਹਾ ਸੀ। ਹੌਲੀ-ਹੌਲੀ ਉਹ ਵਧਦੇ ਜਾ ਰਹੇ ਸਨ ਉਸ ਰੇਸ਼ਮੀ ਹਨੇਰੇ ਵੱਲ ਜਿਥੇ ਸੁਪਨਿਆਂ ਦਾ ਨਿਵਾਸ ਸੀ।

***

"ਕੱਲ੍ਹ ਕੀ ਪੜ੍ਹਾਇਆ ਡਾਕਟਰ ਬੈਨਰਜੀ ਨੇ ?" ਗੀਤਾ ਨੇ ਬਦਰੰਗ ਤਿੜਕੇ ਹੋਏ ਕੱਪ ਵਿਚੋਂ ਚਾਹ ਦਾ ਅਖ਼ੀਰਲਾ ਘੁੱਟ ਭਰ ਕੇ ਕੱਪ, ਚਾਹ ਦੇ ਦਾਗ਼ ਲੱਗੀ ਟ੍ਰੇ ਵਿਚ ਰੱਖਦਿਆਂ ਅੰਜਲੀ ਤੋਂ ਪੁੱਛਿਆ।

"ਪਤਾ ਨਹੀਂ ?"

ਅੰਜਲੀ ਨੇ ਨਿੱਕਾ ਜਿਹਾ ਉੱਤਰ ਦਿੱਤਾ।

"ਤੂੰ ਕੱਲ੍ਹ ਉਨ੍ਹਾਂ ਦੇ ਘਰ ਨਹੀਂ ਸੈਂ ਗਈ ?"

"ਨਹੀਂ।"

"ਤੈਨੂੰ ਵੀ ਨਹੀਂ ਬੁਲਾਇਆ ?" ਅੰਜਲੀ ਨੇ ਨਾਕਾਰਾਤਮਕ ਉੱਤਰ ਵਿਚ ਸਿਰ ਹਿਲਾਇਆ।

ਗੀਤਾ ਨੂੰ ਕੁਝ ਤਸੱਲੀ ਹੋਈ।

"ਕਿੰਨਾ ਸੁਖਦ ਏ ਬਟਾਨੀਕਲ ਗਾਰਡਨ ਵਿਚ ਖਿੜੇ ਫੁੱਲਾਂ ਨੂੰ ਨਿਹਾਰਦਿਆਂ ਚਾਹ ਪੀਣਾ। ਅੱਧੀ ਛੁੱਟੀ ਦਾ ਸਮਾਂ ਕੁਝ ਵੱਧ ਹੋਣਾ ਚਾਹੀਦਾ ਹੈ।" ਅੰਜਲੀ ਨੇ ਪਰਸ ਵਿਚੋਂ ਚਾਹ ਦੇ ਪੰਦਰਾਂ ਪੈਸੇ ਕੱਢਦਿਆਂ ਕਿਹਾ।

ਗੀਤਾ ਸੋਚ ਰਹੀ ਸੀ, "ਐਨੀ ਲੰਮੀ ਕਿਉਂ ਹੋਣ ਲੱਗ ਪਈ ਏ ਅੱਧੀ ਛੁੱਟੀ। ਬੀਤਦੀ ਹੀ ਨਹੀਂ।"

ਅੱਧੀ ਛੁੱਟੀ ਤੋਂ ਬਾਅਦ ਵਾਲਾ ਪੀਰੀਅਡ ਬੈਨਰਜੀ ਦਾ ਸੀ। ਪਤਾ ਹੀ ਨਹੀਂ ਚਲਿਆ, ਕਦੋਂ ਸ਼ੁਰੂ ਹੋਇਆ ਤੇ ਕਦੋਂ ਖ਼ਤਮ ਹੋ ਗਿਆ।

"ਡਾਕਟਰ ਬੈਨਰਜੀ ਦਾ ਪੀਰੀਅਡ ਪੰਜਤਾਲੀ ਮਿੰਟ ਦਾ ਨਹੀਂ ਹੁੰਦਾ ਕੀ ?" ਗੀਤਾ ਨੇ ਆਪਣੇ ਨਾਲ ਬੈਠੀ ਖ਼ਾਲਿਦਾ ਕੋਲੋਂ ਪੁੱਛਿਆ।

"ਅੱਲ੍ਹਾ ਦੀ ਸੌਂਹ, ਪੈਂਹਠ ਮਿੰਟ ਦਾ ਹੁੰਦਾ ਏ ਡਾਕਟਰ ਸਾਹਿਬ ਦਾ ਪੀਰੀਅਡ। ਦਿਮਾਗ਼ ਚੱਟ ਜਾਂਦੇ ਨੇ। ਬਿਨ੍ਹਾਂ ਵਜ੍ਹਾ ਐਂਟੋਮਾਲੋਜੀ ਦਾ ਸਪੈਸ਼ਲ ਪੇਪਰ ਲਿਆ।" ਹੌਲੀ ਬੋਲਣ ਕਰਕੇ ਖ਼ਾਲਿਦਾ ਦੀ ਹਸਕੀ ਆਵਾਜ਼ ਹੋਰ ਹਸਕੀ ਹੋ ਉੱਠੀ।

***

ਡਾਕਟਰ ਗੁਪਤਾ ਆਏ ਨਹੀਂ ਸਨ, ਇਸ ਲਈ ਪੀਰੀਅਡ ਖ਼ਾਲੀ ਸੀ। ਚੌਥੇ ਪੀਰੀਅਡ ਵਿਚ ਡਾਕਟਰ ਜੇਟਲੀ ਟੈਸਟ ਲੈਣ ਵਾਲੇ ਸਨ। ਕੁਝ ਮੁੰਡੇ ਕੁੜੀਆਂ ਆਪਣੇ ਨੋਟਸ ਦੇਖ ਰਹੇ ਸਨ। ਕੁਝ ਕੰਟੀਨ ਵਿਚ ਬੈਠੇ ਚਾਹ ਦੇ ਨਾਲ ਖ਼ਾਲੀ ਪੀਰੀਅਡ ਦਾ ਆਨੰਦ ਮਾਣ ਰਹੇ ਸਨ।

"ਡਾਕਟਰ ਬੈਨਰਜੀ ਦਾ ਪੂਰਾ ਨਾਂ ਕੀ ਏ ?" ਗੀਤਾ, ਅੰਜਲੀ ਦੇ ਨਾਲ ਬੋਟਾਨੀਕਲ ਗਾਰਡਨ ਦੇ ਬੈਂਚ 'ਤੇ ਬੈਠੀ ਹੋਈ ਸੀ। ਪ੍ਰਸ਼ਨ ਸੁਣ ਕੇ ਅੰਜਲੀ ਨੇ ਆਪਣੇ ਨੋਟਿਸ ਤੋਂ ਸਿਰ ਚੁੱਕ ਕੇ ਹੈਰਾਨੀ ਨਾਲ ਗੀਤਾ ਵੱਲ ਦੇਖਿਆ। ਗੀਤਾ ਦੇ ਨੋਟਸ ਉਸਦੇ ਪਰਸ ਦੇ ਥੱਲੇ ਦੱਬੇ ਹੋਏ ਸਨ। ਉਹ ਆਪਣੇ ਹੱਥ ਵਿਚ ਫੜੇ ਹੋਏ ਸੁਰਖ਼ ਜੇਰਬਰਾ ਦੇ ਫੁੱਲ ਦੀ ਇਕੋ-ਇਕ ਪੱਤੀ ਤੋੜ ਰਹੀ ਸੀ।

"ਡਾਕਟਰ ਬੈਨਰਜੀ ਦਾ ਨਾਮ ?" ਅੰਜਲੀ ਨੇ ਦੁਹਰਾਇਆ, ਫੇਰ ਜਿਵੇਂ ਕੋਈ ਰਹੱਸ ਉਜਾਗਰ ਕਰ ਰਹੀ ਹੋਵੇ, ਹੌਲੀ ਜਹੀ ਕਿਹਾ— "ਐੱਮ. ਕੇ. ਬੈਨਰਜੀ।" ਅੰਜਲੀ ਦੀਆਂ ਅੱਖਾਂ ਵਿਚ ਸ਼ਰਾਰਤ ਸੀ।

"ਸਟੂਪਿਡ ! ਐੱਮ.ਕੇ. ਤਾਂ ਮੈਨੂੰ ਵੀ ਪਤਾ ਹੈ। ਐਂਟੋਮੋਲੌਜੀ ਦੇ ਫ਼ਾਈਲ 'ਤੇ ਉਨ੍ਹਾਂ ਦੇ ਕਈ ਸਿਗਨੇਚਰ ਨੇ।"

"ਤੂੰ ਕਿਉਂ ਐਨੀ ਉਤਸੁਕ ਏਂ ਉਨ੍ਹਾਂ ਦਾ ਨਾਮ ਜਾਨਣ ਲਈ ?"

ਅੰਜਲੀ ਨੇ ਆਪਣੇ ਨੋਟਸ ਬੰਦ ਕਰਕੇ ਬੜੇ ਧਿਆਨ ਨਾਲ ਗੀਤਾ ਵੱਲ ਵੇਖਿਆ।

"ਐਵੇਂ ਹੀ।"

"ਐਵੇਂ ਤਾਂ ਕੋਈ ਕਿਸੇ ਦਾ ਨਾਮ ਜਾਨਣਾ ਨਹੀਂ ਚਾਹੁੰਦਾ ?"

ਅੰਜਲੀ ਕੁਝ ਚਿਰ ਗੀਤਾ ਦੀ ਬਦਲਦੀ ਰੰਗਤ ਦੇਖਦੀ ਰਹੀ। ਫੇਰ ਉਸਦੇ ਸਾਂਵਲੇ ਮੂੰਹ 'ਤੇ ਮੁਸਕਾਨ ਫੈਲ ਗਈ।

"ਦਾਦਾ ਇਸ ਵਾਰ ਜਦੋਂ ਘਰ ਆਉਣਗੇ ਤਾਂ ਮੈਂ ਉਨ੍ਹਾਂ ਨੂੰ ਦੱਸਾਂਗੀ ਕਿ ਤੂੰ ਉਨ੍ਹਾਂ ਦਾ ਪੂਰਾ ਨਾਂ ਜਾਨਣਾ ਚਾਹੁੰਦੀ ਹੈਂ।"

ਡਾ. ਬੈਨਰਜੀ ਦੂਰ ਦੇ ਰਿਸ਼ਤੇ ਵਿਚ ਅੰਜਲੀ ਘੋਸ਼ ਦੇ ਭਰਾ ਲੱਗਦੇ ਸਨ। 'ਕੱਲੇ ਹੋਣ ਕਰਕੇ ਕਈ ਵਾਰ ਅੰਜਲੀ ਦੀ ਮਾਂ ਉਨ੍ਹਾਂ ਨੂੰ 'ਮਾਛ ਭਾਤ' ਖਾਣ ਲਈ ਬੁਲਾ ਲੈਂਦੀ।

"ਇਹ ਵੀ ਪੁੱਛ ਲਵਾਂਗੀ ਕਿ ਉਨ੍ਹਾਂ ਨੇ ਹੁਣ ਤੱਕ ਵਿਆਹ ਕਿਉਂ ਨਹੀਂ ਕਰਵਾਇਆ।" ਅੰਜਲੀ ਸ਼ਰਾਰਤ ਨਾਲ ਹੱਸੀ।

"ਜੇ ਤੂੰ ਇੰਝ ਕੀਤਾ ਤਾਂ ਮੈਂ ਤੇਰੀਆਂ ਦੋਵੇਂ ਗੁੱਤਾਂ ਪੁੱਟ ਕੇ ਤਲਾਬ ਵਿਚ ਵਹਾ ਦਿਆਂਗੀ।" ਕਹਿ ਕੇ ਗੀਤਾ ਨੇ ਅੰਜਲੀ ਦੀ ਅੱਗੇ ਝੂਲਦੀ ਲੰਮੀ ਗੁੱਤ ਜ਼ੋਰ ਨਾਲ ਪੁੱਟ ਦਿੱਤੀ।

"ਕੀ ਕਰਦੀ ਏਂ ! ਪੀੜ ਹੁੰਦੀ ਏ।" ਆਪਣੀ ਗੁੱਤ ਛੁਡਾ ਕੇ ਅੰਜਲੀ ਖੜ੍ਹੀ ਹੋ ਗਈ। ਉਸਨੇ ਆਪਣੀ ਵੀਣੀ 'ਤੇ ਬੱਝੀ ਘੜੀ 'ਤੇ ਨਜ਼ਰ ਮਾਰੀ। ਚੌਥਾ ਪੀਰੀਅਡ ਸ਼ੁਰੂ ਹੋਣ ਵਿਚ ਛੇ ਮਿੰਟ ਰਹਿੰਦੇ ਸਨ।

ਗੀਤਾ ਨੇ ਆਪਣੇ ਪੈਰਾਂ ਦੇ ਕੋਲ ਖਿਲਰੀਆਂ ਜਰਬਰਾਂ ਦੀਆਂ ਸੁਰਖ ਪੰਖੜੀਆਂ ਵੱਲ ਦੇਖਿਆ। ਕਿੰਨਾ ਸੋਹਣਾ ਰੰਗ ਸੀ। ਬਿਲਕੁਲ ਡਾਕਟਰ ਬੈਨਰਜੀ ਦੀ ਟਾਈ ਦੇ ਰੰਗ ਵਰਗਾ।

***

ਅਗਲੇ ਹਫ਼ਤੇ ਡਾਕਟਰ ਬੈਨਰਜੀ ਨੇ ਫੇਰ ਕੁਝ ਵਿਦਿਆਰਥੀਆਂ ਨੂੰ ਆਪਣੇ ਘਰ ਬੁਲਾਇਆ। ਪਰ ਇਸ ਵਾਰ ਵੀ ਗੀਤਾ ਦਾ ਨਾਮ ਉਨ੍ਹਾਂ ਵਿਚ ਨਹੀਂ ਸੀ। ਅਜੀਬ ਜਿਹੀ ਨਿਰਾਸ਼ਾ ਨੇ ਉਸ ਨੂੰ ਘੇਰ ਲਿਆ। ਹੁਣ ਉਸਦਾ ਵਿਹਾਰ ਦਿਨ ਪ੍ਰਤੀ ਦਿਨ ਰੁੱਖਾ ਹੁੰਦਾ ਜਾ ਰਿਹਾ ਸੀ।

ਇਕ ਦਿਨ ਕੰਟੀਨ ਵਿਚ ਉਹ ਬਿਨਾਂ ਕਾਰਨ ਅਨਵਰ 'ਤੇ ਵਰ੍ਹ ਪਈ। "ਐਨੀ ਥਰਡ ਕਲਾਸ ਚਾਹ ਮੈਂ ਕਦੇ ਨਹੀਂ ਪੀਤੀ। ਇੰਝ ਲੱਗਦਾ ਏ ਜਿਵੇਂ ਬੁੱਸੇ ਪਾਣੀ ਵਿਚ ਯੂਜ਼ ਕੀਤੀ ਪੱਤੀ ਪਾ ਕੇ ਬਣਾਈ ਹੋਵੇ।" ਇਕ ਘੁੱਟ ਭਰ ਕੇ ਉਸਨੇ ਚਾਹ ਦਾ ਭਰਿਆ ਕੱਪ ਛੱਡ ਦਿੱਤਾ।

"ਸਪੈਸ਼ਲ ਚਾਹ ਲਿਆਵਾਂ ਆਪਾ ਜਾਨ।" ਅਨਵਰ ਨੇ ਬੜੇ ਆਪਣੇਪਨ ਨਾਲ ਪੁੱਛਿਆ।

"ਜਾ ਐਥੋਂ। ਨਹੀਂ ਪੀਣੀ ਮੈਂ ਚਾਹ।" ਦੌੜ-ਦੌੜ ਕੇ ਸਾਰਿਆਂ ਨੂੰ ਚਾਹ ਪਾਣੀ ਪਿਆਉਣ ਵਾਲਾ ਮੁੰਡਾ ਮੂੰਹ ਲਟਕਾ ਕੇ ਚਲਾ ਗਿਆ।

"ਕੀ ਗੱਲ ਏ ਗੀਤਾ, ਅੱਜ ਕੱਲ੍ਹ ਤੈਨੂੰ ਬੜਾ ਗੁੱਸਾ ਆਉਣ ਲੱਗ ਗਿਆ ਹੈ। ਸਵੇਰੇ ਤੂੰ ਬਿਨਾਂ ਕਾਰਨ ਹੀ ਲੈਬ ਅਸਿਸਟੈਂਟ ਨੂੰ ਡਾਂਟ ਦਿੱਤਾ, ਹੁਣ ਵਿਚਾਰੇ ਅਨਵਰ ਨੂੰ। ਸ਼ੁਰੂ ਤੋਂ ਆਪਾਂ ਇਹੋ ਚਾਹ ਪੀ ਰਹੇ ਹਾਂ।"

ਥੋੜ੍ਹੀ ਦੂਰ ਦੋ ਮੁੰਡੇ ਬੈਠੇ ਚਾਹ ਪੀ ਰਹੇ ਸਨ। ਉਨ੍ਹਾਂ ਦੇ ਕੋਲੋਂ ਦੀ ਲੰਘਦਿਆਂ ਗੀਤਾ ਨੇ ਇਕ ਨਜ਼ਰ ਘੁੰਗਰਾਲੇ ਵਾਲਾਂ ਵਾਲੇ ਮੁੰਡੇ ਵੱਲ ਦੇਖਦਿਆਂ ਸੋਚਿਆ—ਜੇ ਬੈਨਰਜੀ ਸਰ ਆਪਣੇ ਵਾਲ ਥੋੜ੍ਹਾ ਵਧਾ ਲੈਣ ਤਾਂ ਉਨ੍ਹਾਂ ਦੇ ਵਾਲ ਵੀ ਘੁੰਗਰਾਲੇ ਤੇ ਸੰਘਣੇ ਲੱਗਣ।

"ਕਿੰਨੇ ਸਮਾਰਟ ਲੱਗਣ ਸਰ।" ਮਨ ਵਿਚ ਸੋਚਿਆ ਅਖੀਰਲਾ ਵਾਕ ਉਸਦੇ ਬੁੱਲ੍ਹਾਂ 'ਤੇ ਆ ਗਿਆ।

"ਕੀ ਕਿਹਾ ਤੂੰ ?" ਅੰਜਲੀ ਨੇ ਹੈਰਾਨੀ ਨਾਲ ਪੁੱਛਿਆ।

"ਕੁਝ ਵੀ ਤਾਂ ਨਹੀਂ।" ਜਿਵੇਂ ਚੋਰੀ ਫੜੀ ਗਈ ਹੋਵੇ। ਘਬਰਾਹਟ ਕਰਕੇ ਗੀਤਾ ਦਾ ਗਲ ਸੁੱਕਣ ਲੱਗ ਪਿਆ।

"ਕੀ ਹੁੰਦਾ ਜਾ ਰਿਹਾ ਏ ਤੈਨੂੰ ਗੀਤੂ। ਕਦੇ ਕਦੇ ਤੂੰ ਕਿੱਥੇ ਗਵਾਚ ਜਾਂਦੀ ਏਂ ?"

"ਕਿਤੇ ਵੀ ਤਾਂ ਨਹੀਂ। ਚੱਲ-ਚੱਲ ਛੇਤੀ ਘੰਟੀ ਵੱਜਣ ਵਾਲੀ ਏ।" ਕਹਿੰਦੀ ਗੀਤਾ ਛੋਹਲ੍ਹੇ ਕਦਮੀਂ ਕਲਾਸ ਵੱਲ ਤੁਰ ਪਈ।

ਸ਼ਾਇਦ ਉਹ ਭੋਲੀ ਕੁੜੀ ਆਪਣੀਆਂ ਭਾਵਨਾਵਾਂ ਸਮਝਣ ਵਿਚ ਅਸਮਰੱਥ ਸੀ।

ਅਗਲੇ ਸ਼ਨਿਚਰਵਾਰ ਡਾਕਟਰ ਬੈਨਰਜੀ ਨੇ ਕਲਾਸ ਵਿਚ ਕਿਹਾ, "ਕੱਲ੍ਹ ਇਹ ਸਭ ਪੜ੍ਹਨ ਵਾਸਤੇ ਘਰ ਆਉਣਗੇ—ਮਿਸ ਸੈਲਜਾ ਮੌਰੇ, ਜਸਵਿੰਦਰ ਕੌਰ, ਅਜੇ ਤਿਵਾੜੀ, ਸ਼ਾਮ ਭਾਰਦਵਾਜ...।

ਜਿੱਦਾਂ-ਜਿੱਦਾਂ ਨਾਮ ਬੋਲੇ ਜਾ ਰਹੇ ਸਨ, ਗੀਤਾ ਦੀਆਂ ਧੜਕਣਾਂ ਤੇਜ਼ ਹੁੰਦੀਆਂ ਜਾ ਰਹੀਆਂ ਸਨ। ਅੱਠ ਨਾਮ ਬੋਲ ਕੇ ਡਾਕਟਰ ਬੈਨਰਜੀ ਬਲੈਕ ਬੋਰਡ 'ਤੇ ਲਿਖਣ ਲੱਗ ਪਏ। ਗੀਤਾ ਨੂੰ ਇੰਝ ਲੱਗਿਆ ਜਿਵੇਂ ਰਿਜਲਟ ਨਿਕਲਿਆ ਹੋਵੇ, ਪਰ ਅਖ਼ਬਾਰ ਵਿਚ ਉਸਦਾ ਰੋਲ ਨੰਬਰ ਨਾ ਹੋਵੇ। ਅਣਵਗੇ ਅੱਥਰੂ ਉਸ ਦੀਆਂ ਅੱਖਾਂ ਵਿਚ ਚੁਭਣ ਲੱਗ ਪਏ।

ਲੈਬ ਵਿਚ ਬਾਈਫੋਕਲ ਮਾਈਕ੍ਰੋਸਕੋਪ ਤੇ ਸਲਾਇਡ ਦੇਖਦਿਆਂ ਅੰਜਲੀ ਨੇ ਨਾਲ ਵਾਲੇ ਟੇਬਲ ’ਤੇ ਬੈਠੀ ਗੀਤਾ ਨੂੰ ਧੀਮੀ ਆਵਾਜ਼ ਵਿਚ ਕਿਹਾ, “ਕੱਲ੍ਹ ਦਾਦਾ ਸਾਡੇ ਘਰ ਖਾਣੇ ’ਤੇ ਆਏ ਸਨ।”

ਗੀਤਾ ਦਾ ਕਲੇਜਾ ਮੂੰਹ ਨੂੰ ਆ ਗਿਆ। “ਕਿਤੇ ਅੰਜੂ ਨੇ ਉਨ੍ਹਾਂ ਨੂੰ ਇਹ ਤਾਂ ਨਹੀਂ ਦੱਸ ਦਿੱਤਾ ਕਿ ਮੈਂ ਉਨ੍ਹਾਂ ਦਾ ਨਾਮ ਪੁੱਛਦੀ ਸਾਂ।” ਗੀਤਾ ਨੇ ਆਪਣੇ ਮਾਈਕ੍ਰੋਸਕੋਪ ਤੋਂ ਨਜ਼ਰ ਚੁੱਕ ਕੇ ਬੜੀ ਕਾਤਰਤਾ ਨਾਲ ਅੰਜਲੀ ਵੱਲ ਤੱਕਿਆ।

ਅੰਜਲੀ ਉਸਦੇ ਮਨ ਦੀ ਗੱਲ ਸਮਝ ਗਈ ਤੇ ਹੌਲੀ ਜਿਹੀ ਮੁਸਕਾਈ ਜਿਵੇਂ ਕਹਿ ਰਹੀ ਹੋਵੇ, ਮੈਨੂੰ ਆਪਣੀਆਂ ਗੁੱਤਾਂ ਦੀ ਪੂਰੀ ਚਿੰਤਾ ਹੈ।

“ਦਾਦਾ ਮਾਂ ਨੂੰ ਕਹਿ ਰਹੇ ਸਨ ਕਿ ਕਮਜ਼ੋਰ ਵਿਦਿਆਰਥੀਆਂ ਨੂੰ ਘਰ ਬੁਲਾ ਕੇ ਪੜ੍ਹਾਉਂਦਿਆਂ ਪੜ੍ਹਾਉਂਦਿਆਂ ਉਹ ਬੜੇ ਦਿਨਾਂ ਤੋਂ ਚੰਗਾ ਭੋਜਨ ਨਹੀਂ ਬਣਾ ਸਕੇ।”

“ਤਾਂ ਕੀ ਡਾਕਟਰ ਸਾਹਿਬ ਕਮਜ਼ੋਰ ਵਿਦਿਆਰਥੀਆਂ ਨੂੰ ਹੀ ਘਰ ਬੁਲਾਉਂਦੇ ਨੇ ?” ਗੀਤਾ ਦੇ ਮਨ ਦਾ ਕੁਝ ਬੋਝ ਹਲਕਾ ਹੋ ਗਿਆ।

***

ਇਕ ਦਿਨ ਗੀਤਾ ਤੇ ਅੰਜਲੀ ਕੰਟੀਨ ਵਿਚ ਚਾਹ ਪੀ ਰਹੀਆਂ ਸਨ। ਕਲਾਸ ਰਿਪਰੈਜ਼ੰਟੇਟਿਵ ਦੀਪਕ ਕਪੂਰ ਨੇ ਉਨ੍ਹਾਂ ਕੋਲ ਆ ਕੇ ਕਿਹਾ, “ਮਿਸ ਗੀਤਾ ਤੁਹਾਨੂੰ ਡਾਕਟਰ ਬੈਨਰਜੀ ਬੁਲਾ ਰਹੇ ਨੇ।”

‘ਕਿਉਂ ਬੁਲਾਇਆ ਏ ਡਾਕਟਰ ਸਾਹਿਬ ਨੇ ਉਸ ਨੂੰ !’ ਗੀਤਾ ਦਾ ਦਿਲ ਜ਼ੋਰ ਨਾਲ ਧੜਕਣ ਲੱਗ ਪਿਆ। ਚਾਹ ਦਾ ਕੱਪ ਮੇਜ਼ ’ਤੇ ਰੱਖਦਿਆਂ ਉਸਦਾ ਹੱਥ ਕੰਬ ਰਿਹਾ ਸੀ।

“ਪੂਰੀ ਚਾਹ ਤਾਂ ਪੀ ਜਾ। ਅਜੇ ਤੇ ਦਸ ਮਿੰਟ ਪਏ ਨੇ ਬ੍ਰੇਕ ਖਤਮ ਹੋਣ ਵਿਚ।” ਅੰਜਲੀ ਨੇ ਉਸ ਨੂੰ ਪਿੱਛੋਂ ਆਵਾਜ਼ ਦਿੱਤੀ।

ਦੋ-ਦੋ ਪੌੜੀਆਂ ਕੱਠੀਆਂ ਚੜ੍ਹਦੀ ਤਕਰੀਬਨ ਦੌੜਦੀ ਹੋਈ ਉਹ ਡਾਕਟਰ ਸਾਹਿਬ ਦੇ ਕਮਰੇ ਤੱਕ ਪਹੁੰਚੀ। ਉਸਦਾ ਗਲਾ ਸੁੱਕ ਰਿਹਾ ਸੀ। ਬੜੀ ਮੁਸ਼ਕਿਲ ਨਾਲ ਉਸ ਨੇ ‘ਮੇ ਆਈ ਕਮ ਇਨ ਸਰ’ ਕਿਹਾ।

ਹੱਥ ਵਿਚ ਫੜੇ ਪੇਪਰ ਤੋਂ ਬਿਨਾਂ ਨਜ਼ਰਾਂ ਚੁੱਕੀ ਡਾਕਟਰ ਸਾਹਿਬ ਨੇ ਉਸ ਨੂੰ ਅੰਦਰ ਆਉਣ ਦੀ ਅਨੁਮਤੀ ਦਿੱਤੀ।

‘ਮਿਸ ਗੀਤਾ’ ਡਾਕਟਰ ਬੈਨਰਜੀ ਨੇ ਉਸ ਵੱਲ ਵੇਖਿਆ।

“ਯੈੱਸ ਸਰ” ਉਸਦੀ ਆਵਾਜ਼ ਵਿਚ ਘਬਰਾਹਟ ਸੀ। ਅੱਜ ਤੱਕ ਉਸਨੇ ਕਦੇ ’ਕੱਲਿਆਂ ਡਾਕਟਰ ਬੈਨਰਜੀ ਨੂੰ ਐਨੇ ਨੇੜਿਉਂ ਨਹੀਂ ਸੀ ਦੇਖਿਆ। ਉਨ੍ਹਾਂ ’ਤੇ ਨੀਲੇ ਰੰਗ ਦੀ ਸ਼ਰਟ ਕਿੰਨੀ ਫੱਬ ਰਹੀ ਸੀ।

“ਫਾਈਨਲ ਇਮਤਿਹਾਨ ਵਿਚ ਕਿੰਨਾ ਚਿਰ ਰਹਿ ਗਿਆ ਹੈ ?” ਹਮੇਸ਼ਾ ਦੀ ਤਰ੍ਹਾਂ ਕੜਕ ਬੋਲ।

“ਜੀ ਦੋ ਮਹੀਨੇ।”

“ਟੈਸਟ ਵਿਚੋਂ ਤੁਹਾਡੇ ਪੰਝੀਆਂ ਵਿਚੋਂ ਪੰਜ ਨੰਬਰ ਆਏ ਨੇ।”

ਉਹ ਬੁੱਤ ਬਣੀ ਉਨ੍ਹਾਂ ਨੂੰ ਨਿਹਾਰ ਰਹੀ ਸੀ।

“ਆਰ ਯੂ ਲਿਸਨਿੰਗ, ਵੱਟ ਆਈ ਐਮ ਸੇਇੰਗ ?”

“ਯੈੱਸ ਸਰ।”

“ਯੂ ਵਿੱਲ...।”

ਡਾਕਟਰ ਸਾਹਿਬ ਦੀ ਪੂਰੀ ਗੱਲ ਸੁਣੇ ਬਿਨਾਂ ਹੀ ਗੀਤਾ ਨੇ ਕਹਿ ਦਿੱਤਾ, “ਥੈਂਕ ਯੂ ਸਰ।” ਉਸ ਨੂੰ ਲੱਗਿਆ ਉਹ ਉਸ ਨੂੰ ਵੀ ਐਸ ਐਤਵਾਰ ਘਰ ਆਉਣ ਲਈ ਕਹਿਣਗੇ।

ਕੁਝ ਚਿਰ ਤਾਂ ਡਾਕਟਰ ਸਾਹਿਬ ਹੈਰਾਨ ਜਿਹੇ ਉਸ ਵੱਲ ਦੇਖਦੇ ਰਹੇ। ਫੇਰ ਉਨ੍ਹਾਂ ਹੌਲੀ ਆਵਾਜ਼ ਵਿਚ ਕਿਹਾ, “ਯੂ ਵਿਲ ਟੇਕ ਦੀ ਰੈਸਟ ਅਗੇਨ ਟੁਮਾਰੋ। ਨਾਓ ਯੂ ਕੈਨ ਗੋ।”

ਗੀਤਾ ਦੀਆਂ ਸਾਰੀਆਂ ਉਮੀਦਾਂ ’ਤੇ ਪਾਣੀ ਫਿਰ ਗਿਆ।

ਲੱਖ ਕੋਸ਼ਿਸ਼ ਕਰਨ ’ਤੇ ਵੀ ਉਸਦੇ ਅੱਥਰੂ ਨਹੀਂ ਸਨ ਰੁਕ ਰਹੇ। ਸਾਰੀ ਕਲਾਸ ਉਸ ਵੱਲ ਹੈਰਾਨੀ ਨਾਲ ਦੇਖ ਰਹੀ ਸੀ।

ਓ.ਪੀ. ਸਿੰਘ ਨੇ ਕਲਾਸ ਵਿਚ ਦੱਸ ਦਿੱਤਾ ਸੀ ਕਿ ਡਾਕਟਰ ਬੈਨਰਜੀ ਨੇ ਗੀਤਾ ਨੂੰ ਆਪਣੇ ਆਫ਼ਿਸ ਵਿਚ ਬੁਲਾਇਆ ਹੈ। “ਕੀ ਗੱਲ ਏ ਗੀਤਾ ?” ਸ਼ੈਲਜਾ ਨੇ ਉਸਦੇ ਮੋਢੇ ’ਤੇ ਹੱਥ ਰੱਖਦਿਆਂ ਪੁੱਛਿਆ। ਕਾਜਲ ਨੇ ਉਸਦੇ ਹੱਥੋਂ ਆਨਸਰ ਪੇਪਰ ਫੜ ਲਿਆ। ‘ਪੰਜ ਨੰਬਰ’ ਉਸਨੇ ਹੈਰਾਨੀ ਨਾਲ ਪੁੱਛਿਆ। ਤਿੰਨ-ਚਾਰ ਮੁੰਡੇ ਵੀ ਉਥੇ ਆ ਗਏ।

“ਮਿਸ ਗੀਤਾ, ਇਹ ਪ੍ਰਸ਼ਨ ਤਾਂ ਤੁਸੀਂ ਮੈਨੂੰ ਸਮਝਾਇਆ ਸੀ। ਫੇਰ ਤੁਸੀਂ ਇਸ ਦਾ ਉੱਤਰ ਗ਼ਲਤ ਕਿਵਾਂ ਲਿਖ ਦਿੱਤਾ।” ਰਾਮ ਗੁਪਤਾ ਨੇ ਕਾਜਲ ਦੇ ਹੱਥ ਵਿਚ ਫੜਿਆ ਪੇਪਰ ਦੇਖ ਕੇ ਕਿਹਾ।

“ਇਹ ਲਵੋ ਪਾਣੀ ਪੀਉ।” ਨਾਰਟਰ ਭਾਈ ਲੈਬ ਵਿਚੋਂ ਬੀਕਰ ਵਿਚ ਪਾਣੀ ਲੈ ਆਏ।

ਉਸਦੇ ਰੋਣ ਦਾ ਕਾਰਨ ਕੋਈ ਨਹੀਂ ਸੀ ਜਾਣਦਾ। ਸ਼ਾਇਦ ਉਹ ਆਪ ਵੀ ਨਹੀਂ।

ਅਗਲੇ ਦਿਨ ਫੇਰ ਡਾਕਟਰ ਬੈਨਰਜੀ ਨੇ ਉਸ ਨੂੰ ਬੁਲਾਇਆ। ਧੜਕਦਾ ਦਿਲ ਲਏ ਜਦੋਂ ਉਹ ਉਨ੍ਹਾਂ ਦੇ ਆਫ਼ਿਸ ਵਿਚ ਪਹੁੰਚੀ, ਡਾ. ਸਾਹਿਬ ਇਕ ਫਾਈਲ ਵਿਚ ਕੁਝ ਲਿਖ ਰਹੇ ਸਨ।

“ਬੈਠੋ।” ਉਨ੍ਹਾਂ ਨੇ ਆਪਣੇ ਮੇਜ਼ ਦੇ ਸਾਹਮਣੇ ਪਈ ਕੁਰਸੀ ਵੱਲ ਇਸ਼ਾਰਾ ਕੀਤਾ।

ਗੀਤਾ ਕੁਰਸੀ ’ਤੇ ਬੈਠ ਕੇ ਹੱਥ ਵਿਚ ਪਕੜੇ ਪੈੱਨ ਦਾ ਢੱਕਣ ਖੋਲ੍ਹਣ ਤੇ ਬੰਦ ਕਰਨ ਲੱਗ ਗਈ।

“ਗੀਤਾ ਪੈੱਨ ਬੰਦ ਕਰ ਦਿਉ।”

ਪਹਿਲੀ ਵਾਰ ਡਾਕਟਰ ਬੈਨਰਜੀ ਨੇ ਉਸ ਨੂੰ ‘ਮਿਸ ਗੀਤਾ’ ਨਾ ਕਹਿ ਕੇ ਕੇਵਲ ਗੀਤਾ ਕਿਹਾ ਸੀ।

“ਤੁਸਾਂ ਬੀ.ਐੱਸਸੀ ਕਿੱਥੋਂ ਕੀਤੀ ਸੀ ?”

“ਜੀ, ਮਹਾਂਦੇਵੀ ਗਰਲਜ਼ ਕਾਲਜ ਤੋਂ।”

“66% ਨੰਬਰ ਸਨ ਤੁਹਾਡੇ।” ਡਾਕਟਰ ਸਾਹਿਬ ਨੇ ਆਪਣੇ ਮੇਜ਼ ’ਤੇ ਪਈ ਫਾਈਲ ਵੱਲ ਦੇਖਦਿਆਂ ਕਿਹਾ।

“ਜੀ ਸਰ।”

“ਕਿੰਨੀ ਉਮਰ ਹੈ ਤੁਹਾਡੀ ?”

ਪ੍ਰਸ਼ਨ ਦੀ ਅਪ੍ਰਸੰਗਿਕਤਾ ਨਾਲ ਉਹ ਚੌਂਕੀ।

“ਜੀ ਵੀਹ ਸਾਲ।” ਗੀਤਾ ਨੇ ਇੰਝ ਕਿਹਾ ਜਿਵੇਂ ਕੋਈ ਅਪਰਾਧ ਸਵੀਕਾਰ ਕਰ ਰਹੀ ਹੋਵੇ।

"ਮੇਰੀ ਛੋਟੀ ਭੈਣ ਦੀ ਉਮਰ ਬਾਈ ਸਾਲ ਹੈ। ਐਸੇ ਸਾਲ ਉਸ ਨੂੰ ਕਲਕੱਤੇ ਦੇ ਰਾਜਾ ਬਜ਼ਾਰ ਕਾਲਜ ਵਿਚ ਲੈਕਚਰਾਰਸ਼ਿਪ ਮਿਲੀ ਹੈ।"

"ਜੀ ਸਰ।" ਗੀਤਾ ਦੇ ਬੁੱਲ੍ਹ ਸੁੱਕਣ ਲੱਗ ਪਏ।

"ਗੀਤਾ, ਤੁਸੀਂ ਸਾਇੰਸ ਸਟੂਡੈਂਟ ਹੋ। ਆਪੋਜ਼ਿਟ ਅਟਰੈਕਸ਼ਨ ਦਾ ਮਤਲਬ ਸਮਝਦੇ ਹੋ। ਇਟ ਇਜ਼ ਵੈਰੀ ਨੈਚਰਲ ਐਟ ਦਿਸ ਏਜ।"

ਉਨ੍ਹਾਂ ਨੇ ਸ਼ਾਇਦ ਜਾਣ ਬੁੱਝ ਕੇ 'ਆਪੋਜ਼ਿਟ ਸੈਕਸ' ਸ਼ਬਦ ਇਸਤੇਮਾਲ ਨਹੀਂ ਸੀ ਕੀਤਾ।

ਗੀਤਾ ਦੀ ਝੁਕੀ ਗਰਦਨ ਹੋਰ ਝੁਕ ਗਈ।

'ਯੂ ਲਾਈਕ ਮੀ।" ਇਹ ਪ੍ਰਸ਼ਨ ਨਹੀਂ ਸਟੇਟਮੈਂਟ ਸੀ।

ਗੀਤਾ ਦੇ ਗਲ੍ਹ ਭਖਣ ਲੱਗ ਪਏ। ਅੱਖਾਂ ਵਿਚ ਅੱਥਰੂ ਆ ਗਏ। ਆਪਣੇ ਹੀ ਪੈਰ ਦੇਖਦੀ ਨਜ਼ਰ ਧੁੰਦਲਾ ਗਈ। ਕਾਲੇ ਸੈਂਡਲ ਦਾ ਸਟਰੈਪ ਧੱਬਾ ਜਿਹਾ ਬਣ ਗਿਆ। ਹੁਣ ਅੱਥਰੂ ਉਸਦੇ ਹੱਥ ਵਿਚ ਪਕੜੇ ਆਨਸਰ ਪੇਪਰ ਦੀਆਂ ਨੀਲੀਆਂ ਲਕੀਰਾਂ ਨੂੰ ਭਿਉਂ ਰਹੇ ਸਨ।

ਡਾਕਟਰ ਬੈਨਰਜੀ ਕੁਝ ਚਿਰ ਚੁੱਪ-ਚਾਪ ਉਸ ਨੂੰ ਰੋਂਦਿਆਂ ਦੇਖਦੇ ਰਹੇ। ਫੇਰ ਉਨ੍ਹਾਂ ਨੇ ਆਪਣਾ ਸਫ਼ੇਦ ਰੁਮਾਲ ਕੱਢ ਕੇ ਉਸ ਨੂੰ ਪਕੜਾ ਦਿੱਤਾ ਜਿਸ 'ਤੇ ਉਨ੍ਹਾਂ ਦੇ ਨਾਮ ਦੇ ਪਹਿਲੇ ਦੋ ਅੱਖਰ ਕੱਢੇ ਹੋਏ ਸਨ—ਐੱਮ.ਕੇ.।

ਗੀਤਾ ਨੇ ਅੱਥਰੂ ਪੂੰਝ ਲਏ ਤਾਂ ਉਨ੍ਹਾਂ ਨੇ ਮੇਜ਼ 'ਤੇ ਢੱਕ ਕੇ ਰੱਖਿਆ ਹੋਇਆ ਪਾਣੀ ਦਾ ਗਲਾਸ ਉਸ ਵੱਲ ਵਧਾਇਆ।

"ਜੌਲ ਖਾਓ।"

ਦੋ ਘੁੱਟ ਭਰ ਕੇ ਉਸਦਾ ਰੋਣਾ ਕੁਝ ਰੁਕਿਆ।

"ਮੇਰੇ ਵੱਲ ਦੇਖੋ ਗੀਤਾ। ਯੁਵਾਵਸਥਾ ਵੱਲ ਵਧਦਿਆਂ ਅਕਸਰ ਬਹੁਤਿਆਂ ਦੇ ਜੀਵਨ ਵਿਚ ਐਹੋ ਜਿਹਾ ਇਕ ਫੇਜ਼ ਆਉਂਦਾ ਹੈ, ਜਦੋਂ ਤੁਸੀਂ ਕਿਸੇ ਨੂੰ ਪਸੰਦ ਕਰਨ ਲੱਗ ਪੈਂਦੇ ਹੋ।" ਡਾਕਟਰ ਸਾਹਿਬ ਕੁਝ ਪਲ ਚੁੱਪ ਰਹੇ, "ਆਈ ਆਲਸੋ ਲਾਈਕ ਯੂ ਬੌਨ।"

ਉਨ੍ਹਾਂ ਨੇ ਮੋਢੇ ਤੋਂ ਪਕੜ ਕੇ ਉਸ ਨੂੰ ਉਠਾਇਆ।

ਗੀਤਾ ਡਾਕਟਰ ਸਾਹਿਬ ਨੂੰ ਰੁਮਾਲ ਮੋੜਨ ਲੱਗੀ ਤਾਂ ਉਨ੍ਹਾਂ ਨੇ ਉਸਦੇ ਸਿਰ 'ਤੇ ਹੱਥ ਫੇਰਦਿਆਂ ਕਿਹਾ, "ਇਹ ਭੇਂਟ ਹੈ ਦਾਦਾ ਵੱਲੋਂ।"

***

"ਬੌਨ ਦਾ ਕੀ ਮਤਲਬ ਹੈ ਅੰਜੂ।"

"ਛੋਟੀ ਭੈਣ।"

ਗੀਤਾ ਦਾ ਸਿਰ ਡਾਕਟਰ ਬੈਨਰਜੀ ਪ੍ਰਤੀ ਸ਼ਰਧਾ ਨਾਲ ਝੁਕ ਗਿਆ। ਅੱਜ ਸਾਲਾਂ ਬਾਅਦ ਵੀ ਉਹ ਸ਼ਰਧਾ ਪਹਿਲਾਂ ਵਰਗੀ ਹੀ ਹੈ। ਪਰ ਹੁਣ ਉਸ ਨੂੰ ਸਮਝ ਆ ਗਿਆ ਹੈ ਕਿ ਪਿਆਰ ਤੇ ਸ਼ਰਧਾ ਵਿਚ ਇਕ ਸੀਮਾ ਰੇਖਾ ਹੁੰਦੀ ਹੈ।

ਮੋਬਾ. 99152-92229

ਗ਼ਜ਼ਲਾਂ / *ਸੁਰਿੰਦਰ ਸੀਰਤ*

ਪੜ੍ਹ ਜਦੋਂ ਲੈਂਦਾਂ ਕਦੀ ਬੀਤੇ ਪਲਾਂ ਦੀ ਮੈਂ ਕਿਤਾਬ
ਯਾਦ ਦੀ ਮੁਜਰਿਮ ਨਜ਼ਰ ਆਏ ਮਿਰੀ ਨਾਦਾਨਗੀ

ਮੈਂ ਹਮੇਸ਼ਾਂ ਢੂੰਡਦਾ ਰਹਿੰਦਾ ਹਾਂ ਚਿਹਰਾ ਆਪਣਾ
ਕਿਉਂ ਮਿਰੇ ਚਿਹਰੇ 'ਤੇ ਫਿਰ ਹਸਦੀ ਫਿਰੇ ਬੇਗਾਨਗੀ।

ਉਹ ਤਾਂ ਪੱਥਰ ਸੀ, ਤਰਾਸ਼ਣ ਕਾਰਨੇ ਪਹਿਚਾਣ ਹੈ
ਮੈਂ ਤਾਂ ਚਾਹਿਆ ਸੀ ਬਣੇ ਰਬ, ਇਹ ਮਿਰੀ ਦੀਵਾਨਗੀ

ਲਮਸ ਤੇਰੇ ਦੀ ਰਹੀ ਹੈ ਉਮਰ ਭਰ ਮੇਰੀ ਤਲਬ
ਹੈ ਸਮਾਂ ਹਾਸਿਲ, ਮਿਲੇ ਫਿਰ ਨਾ ਮਿਲੇ ਪਰਵਾਨਗੀ

ਘਰ ਮਿਰੇ ਆਏ, ਬੜਾ ਰੋਏ, ਬੜਾ ਮਾਅਸੂਮ ਉਹ
ਖ਼ਾਬ ਕੀ ਮੇਰਾ, ਤਸੱਵਰ ਕੀ ਤੇ ਕੀ ਮਹਿਮਾਨਗੀ

ਹੁਣ ਕਿਵੇਂ 'ਸੀਰਤ' ਕਰੋਗੇ ਰਾਜਨੀਤੀ ਦਾ ਹਰਣ
ਆਪਣੇ ਕਿਰਦਾਰ 'ਚੋਂ ਹੈ ਲਾਪਤਾ ਮਰਦਾਨਗੀ

•

ਇੰਜ ਲਗਿਆ ਏ ਕੁਝ ਟੁਟਿਆ ਹੈ ਮਨ ਦੇ ਘਰ ਅੰਦਰ
ਸੁਰਤ ਕੁਮਲਾਈ ਹੈ ਮੇਰੀ ਇਸੇ ਹੀ ਡਰ ਅੰਦਰ

ਮੈਂ ਰਿਹਾ ਮੈਂ ਨ ਹੁਣ ਤੂੰ ਵੀ ਰਿਹਾ ਨਾ ਤੂੰ ਬਣ ਕੇ
ਹੈ ਪਤਾ ਤੈਨੂੰ ਵੀ ਕੀ ਕੀ ਗਿਆ ਹੈ ਮਰ ਅੰਦਰ

ਮੇਰੀ ਮਿੱਟੀ 'ਚੋਂ ਮੇਰਾ ਅੰਨ ਨਾ ਭਾਵੇ ਤੈਨੂੰ
ਮੂੰਹ ਤੇ ਫ਼ਤਵਾ ਤਿਰੇ ਹੈ ਦਿਲ 'ਚ ਪਰ ਥਰ ਥਰ ਅੰਦਰ

ਧਾਰ ਈਮਾਨ ਮੈਂ ਕੀਤਾ ਏ ਜੋ ਵੀ ਕੀਤਾ ਏ
ਡੋਲ ਰਤ ਆਪਣੀ ਮੈਂ ਜੀਅ ਰਿਹਾ ਸਾਂ ਸਰ ਅੰਦਰ

ਕਾਲੇ ਦਿਨ ਆ, ਤੂੰ ਲੋਅ ਵਿਚ ਆ, ਹਟਾ ਨੇਹਰਾ ਅਪਣਾ
ਰੌਸ਼ਨੀ ਜੋ ਮਿਲੇ ਨੇਹਰਾ ਨ ਫਿਰ ਘਰ ਘਰ ਅੰਦਰ


ਮੈਨੂੰ ਵੀ ਲੈਣ ਦੇ ਸਾਹ ਮੈਂ ਵੀ ਤਾਂ ਜੀਣਾ ਚਾਹਾਂ
ਜ਼ਾਤ ਕਾਲੀ ਜੇ ਕਰ ਮੇਰੀ ਮਿਰੇ ਵੀ ਹਰ ਅੰਦਰ

ਹੋਰ ਕਦ ਤੀਕ ਤੂੰ ਲੜਦਾ ਰਹੇਂਗਾ ਅਪਣੇ ਨਾਲ
ਪਿਆਰ ਦੀ ਰਾਂਗਲੀ ਤਸਵੀਰ ਕੋਈ ਧਰ ਅੰਦਰ

ਖਾਲੀ ਖਾਲੀ ਖ਼ਲਾਅ ਵਾਂਗੂੰ ਨੇ ਸਭ ਪਸਰੇ ਪਾਸਾਰ
ਕੋਈ ਤਦਬੀਰ ਕਰ ਸਜਰੀ ਹਵਾ ਨੂੰ ਭਰ ਅੰਦਰ

ਦੂਰ ਤਕ ਅੱਗ ਹੈ 'ਸੀਰਤ' ਰਿਹਾ ਹੈ ਸੜ ਮਾਨਵ
ਐਸੇ ਹਾਲਾਤ ਵਿਚ ਫਿਰ ਵੀ ਰਹੇ ਹਾਂ ਠਰ ਅੰਦਰ

ਮੋਬਾ.



ਕਵਿਤਾ

ਮਲਵਿੰਦਰ

ਚੁੰਮਣ ਦਾ ਸਫ਼ਰ

ਚੁੰਮਿਆਂ ਮੈਂ ਪਹਿਲੀ ਵਾਰ ਤੇਰਾ ਮੱਥਾ ਤੇਜੱਸਵੀ
ਲਟ ਲਟ ਬਲਦੇ ਚਿਰਾਗਾਂ ਨੂੰ ਚੁੰਮਿਆਂ
ਮੇਰੇ ਅੰਦਰ ਹਨੇਰੇ ਤੇ ਚਾਨਣ ਦਾ ਯੁੱਧ ਛਿੜ ਪਿਆ

ਚੁੰਮਿਆਂ ਮੈਂ
ਥਲ ਦੀ ਪਿਆਸ ਸਾਂਭੀ ਬੈਠੇ ਤੇਰੇ ਕੁਆਰੇ ਹੋਠਾਂ ਨੂੰ
ਨਦੀਆਂ ਦੇ ਵਹਿਣ ਮੇਰੇ ਅੰਦਰ ਵਹਿ ਤੁਰੇ
ਸਮੁੰਦਰ ਦੀ ਅੱਗ ਨਾਲ ਭਰ ਗਿਆ ਮੈਂ

ਤੇਰੇ ਮਸਤ ਨੈਣਾਂ 'ਚ ਲੱਟਕਦੇ
ਅਣਗਿਣਤ ਸਵਾਲਾਂ ਨੂੰ ਚੁੰਮਿਆਂ
ਜਵਾਬਾਂ ਤੋਂ ਖ਼ਾਲੀ ਹੋ ਗਿਆ ਮੈਂ
ਪ੍ਰਸ਼ਨ-ਚਿੰਨ੍ਹ ਵਾਂਗ ਲਟਕ ਗਿਆ ਖ਼ਲਾਅ 'ਚ

ਚੁੰਮਿਆਂ ਮੈਂ ਪਹਿਲੀ ਵਾਰ
ਤੇਰੇ ਸਮਰਪੱਣ ਦੇ ਰੂਹਾਨੀ ਪਲ ਨੂੰ
ਜਾਣੀ ਆਪਣੀ ਔਕਾਤ
ਹਉਂਪਣ ਦੀ ਬਿਰਤੀ ਦਾ ਸੱਚ ਜਾਣਿਆਂ
ਸ਼ਰਮਸਾਰ ਹੋਈ ਦੇਹ ਦਾ ਕੋਹਜ ਪਛਾਣਿਆਂ

ਚੁੰਮਿਆਂ ਤੇਰੀ ਹਾਂ ਨੂੰ
ਨਾਂਹਵਾਚੀ ਵਿਆਕਰਣ ਦੇ ਰੌਲੇ 'ਚ
ਸਹਿਮਤੀ ਦਾ ਅਸਲ ਜਾਣਿਆਂ
ਲਾਰਿਆਂ 'ਚ ਲੁਪਤ ਜਗਿਆਸਾ ਦਾ
ਆਨੰਦ ਮਾਣਿਆਂ

ਤੇਰੀ ਮੁਸਕਾਨ ਨੂੰ ਚੁੰਮਿਆਂ
ਮੁਸਕਰਾਹਟ ਨਾਲ ਭਰ ਗਿਆ
ਮੁਸਕਰਾਏ ਨਦੀ ਨਾਲੇ,ਬਿਰਖ ਬੂਟੇ
ਨੱਚ ਉੱਠੇ ਪੈਰ ਸਿਥਲਾਏ
ਖ਼ੁਸ਼ਕ ਕੰਠ ਨੇ ਗੀਤ ਮੁਹੱਬਤੀ ਗਾਏ

ਚੁੰਮਿਆਂ ਤੇਰੇ ਬੋਲਾਂ ਦੇ ਵਿਸਮਾਦ ਨੂੰ
ਤੇਰੀ ਆਵਾਜ਼ 'ਚ ਰੁਮਕਦੇ ਨਾਦ ਨੂੰ
ਰੀਂਗਦੀਆਂ ਸੋਚਾਂ ਪ੍ਰਵਾਜ਼ ਭਰੀ
ਮੁਰਝਾਈ ਕਵਿਤਾ ਹੋਈ ਹਰੀ

ਮੈਂ ਚੁੰਮਿਆਂ ਤੇਰੀ ਖ਼ੁਸ਼ਬੂ ਵਾਂਗ ਫੈਲ ਜਾਣ ਦੀ ਅਦਾ ਨੂੰ
ਭਿੱਜਿਆ ਮੋਹ ਦੀ ਬਰਸਾਤ 'ਚ
ਜਾਣਿਆਂ ਪਹਿਲੀ ਫ਼ੁਹਾਰ ਦਾ ਆਨੰਦ

ਚੁੰਮਿਆਂ ਤੇਰੇ ਅੰਦਰ ਦਾ ਖ਼ਲਾਅ
ਭਰ ਗਿਆ ਮੇਰਾ ਅੰਬਰ ਤਾਰਿਆਂ ਨਾਲ
ਰੌਸ਼ਨੀ ਨੇ ਚੁੰਧਿਆ ਦਿੱਤਾ
ਮੇਰੀ ਦੇਹ ਨਾਲ ਲਟਕਦਾ ਹਰ ਹਨੇਰਾ

ਕਵਿਤਾ ਦੇ ਦਰ ਦਸਤਕ ਦਿੰਦੇ ਛਿਣ ਨੂੰ ਚੁੰਮਿਆਂ
ਸੂਖਮ ਤੇ ਮਹੀਨ ਹੋ ਗਏ ਇਜ਼ਹਾਰ
ਅਪਣੱਤ ਨਾਲ ਭਰ ਗਏ ਇਕਰਾਰ
ਚੁੰਮਿਆਂ ਤੈਨੂੰ, ਦੋਸਤ ਹੋ ਗਈ ਸਾਰੀ ਦੀ ਸਾਰੀ ਨੂੰ
ਮੇਰੇ ਬੋਝੇ ਪਏ ਸ਼ਬਦਾਂ ਦੀ ਖ਼ੁਮਾਰੀ ਨੂੰ
ਰਿਸ਼ਤੇ ਸਾਰੇ ਤੇਰੀ ਕਾਇਆ 'ਚ ਢਲ ਗਏ
ਪਰਾਈਆਂ ਪੈੜਾਂ ਦੇ ਨਕਸ਼ ਮੇਰੇ ਸਫ਼ਰ 'ਚ ਰਲ ਗਏ

ਮੈਂ ਤੇਰੇ ਚੁੰਮਣਾਂ ਨੂੰ ਚੁੰਮਿਆਂ
ਚੁੰਮਿਆਂ ਮੈਂ ਤਰੰਗਾਂ ਦੇ ਵੇਗ ਨੂੰ
ਦੋ-ਧਾਰੀ ਮਖ਼ਮਲੀ ਤੇਗ ਨੂੰ
ਜਰਿਆ ਮੈਂ ਚੁੰਮਣਾ ਦੇ ਸੇਕ ਨੂੰ

ਹਜ਼ਾਰ ਵਾਰ ਚੁੰਮਿਆ ਮੈਂ ਤੇਰੀ ਉਡੀਕ ਨੂੰ
ਸੂਲੀ 'ਤੇ ਟੰਗੀ ਮਹੀਨ ਲੀਕ ਨੂੰ
ਬੀਤ ਰਹੇ ਦਿਨ ਦੀ ਰਹਿੰਦੀ ਸਾਰ ਨਾ
ਡਗਮਗਾਉਂਦੀ ਕਿਸ਼ਤੀ ਲੱਗਦੀ ਪਾਰ ਨਾ

ਚੁੰਮਿਆਂ ਮੈਂ ਪਿੰਡ ਤੇਰੇ ਦੀ ਹਰਿਆਵਲ ਨਾਲ
ਛੂਹ ਕੇ ਲੰਘਦੀ ਨਸ਼ਿਆਈ ਪੌਣ ਨੂੰ
ਘੱਲੇ ਸੁਨੇਹਾ ਉਸ ਹੱਥ ਹਜ਼ਾਰਾਂ
ਪੁੱਛੇ ਜਵਾਬ ਉਸ ਕੋਲੋਂ ਹਜ਼ਾਰਾਂ

ਤੇਰੇ ਸ਼ਿਕਵਿਆਂ ਨੂੰ ਚੁੰਮਿਆਂ
ਨਿਹਾਰਿਆ,ਪਲੋਸਿਆ,ਕੋਲ ਬਿਠਾਇਆ
ਜਾਣਿਆਂ ਸੱਚ ਸ਼ਿਕਵੇ ਦਾ ਮੋਹ ਭਿੱਜਾ
ਹੰਢਾਇਆ ਨਿੱਘ,ਰੋਮ ਰੋਮ ਮਹਿਕਿਆ
ਮੈਂ ਤੇਰੇ ਜਿਸਮ ਦੀ ਹਰ ਗੋਲਾਈ ਨੂੰ ਚੁੰਮਿਆਂ
ਤੇਰੀਆਂ ਇਛਾਵਾਂ ਦੀ ਹਰ ਤੜਪ ਨੂੰ ਚੁੰਮਿਆਂ

ਚੁੰਮਿਆਂ ਤੇ ਜਾਣਿਆਂ ਦੇਹਾਂ ਦੇ ਵਾਵਰੋਲਿਆਂ ਦਾ ਵੇਗ
ਸੁਣੀ ਸ਼ਾਂਤ ਹੋ ਗਏ ਵਰੋਲਿਆਂ ਦੀ ਚੁੱਪ

ਤੇਰੇ ਖ਼ਤ ਬਣੇ ਇਜ਼ਹਾਰਾਂ ਨੂੰ ਚੁੰਮਿਆਂ
ਖ਼ਤ 'ਚੋਂ ਡਿੱਗ ਪਈ ਕਵਿਤਾ ਨੂੰ ਚੁੰਮਿਆਂ
ਸਾਂਭ ਸਾਂਭ ਰੱਖੇ ਖ਼ਤ ਡਾਇਰੀ ''ਚ
ਲਕੋ ਲਕੋ ਰੱਖੇ ਖ਼ਤ ਚੇਤਿਆਂ 'ਚ

ਡਾਕੇ ਪਾਇਆ ਆਖ਼ਰੀ ਖ਼ਤ ਚੁੰਮਿਆਂ
ਤੈਨੂੰ ਦੁਆਵਾਂ ਦਿੰਦਾ ਆਖ਼ਰੀ ਖ਼ਤ ਚੁੰਮਿਆਂ
ਸੱਖਣੇ ਹੋ ਗਏ ਵਿਹੜੇ ਨੂੰ ਨਿਹਾਰਿਆ
ਭਰ ਰਹੇ ਵਿਹੜੇ ਨੂੰ ਚਿਤਵਿਆ
ਚਿਤਵਿਆ ਤੇ ਸੰਤੋਖ ਨਾਲ ਭਰ ਗਿਆ

ਚੁੰਮਿਆਂ ਮੈਂ ਤੇਰੀ ਸੋਚ ਦੀ ਪਾਰਦਰਸ਼ਤਾ ਨੂੰ
ਤੇਰੇ ਕਥਨਾਂ ਦੇ ਸੱਚ ਨੂੰ ਚੁੰਮਿਆਂ
ਜਟਿਲ ਨਾ ਰਹੀਆਂ ਕਵਿਤਾਵਾਂ
ਨਿੱਤਰੀ ਰਾਤ ਵਰਗਾ ਸੀ ਹਰ ਮਤਲਾ

ਚੌਂਕੇ 'ਚ ਬੈਠੀ ਤੇਰੀ ਹੋਂਦ ਨੂੰ ਚੁੰਮਿਆਂ
ਚੁੰਮਿਆਂ ਤੈਨੂੰ ਮਾਂ ਹੱਥੋਂ ਪਰਸ਼ਾਦਾ ਛਕਦੀ ਨੂੰ
ਘਰ ਦੀਆਂ ਅੱਖਾਂ ਵਿਚ ਰਿਸ਼ਤੇ ਦੀ ਲਿਸ਼ਕ ਤੱਕੀ
ਵਿਹੜੇ 'ਚ ਟਹਿਲਦੀ ਪਾਜ਼ੇਬਾਂ ਦੀ ਟੁਣਕਾਰ ਸੁਣੀ

ਚੁੰਮਿਆਂ ਮੈਂ ਤੈਨੂੰ ਦੂਰ ਜਾਂਦੀ ਨੂੰ
ਵਿਆਹੇ ਜਾ ਰਹੇ ਤੇਰੇ ਸੰਸਕਾਰਾਂ ਨੂੰ ਚੁੰਮਿਆਂ
ਤੈਨੂੰ ਹੁਸਨ ਦੇ ਗਹਿਣਿਆਂ ਨਾਲ ਲੱਦੀ ਨੂੰ ਚੁੰਮਿਆਂ
ਮਾਣਿਆਂ ਚੁੰਮਣ ਦਾ ਆਖਰੀ ਅਹਿਸਾਸ

ਚੁੰਮਿਆਂ ਮੈਂ ਤੇਰੀ ਹਵਸ ਨੂੰ
ਡਗਮਗਾ ਗਿਆ ਮੇਰਾ ਸਦਾਚਾਰ
ਦੂਸ਼ਿਤ ਹੋ ਗਈਆਂ ਸਵੱਛ਼ ਸੋਚਾਂ
ਲਘੂ ਹੋ ਗਿਆ ਮੇਰਾ ਕਿਰਦਾਰ

ਤੇਰੀ ਜਾਤ ਨੂੰ ਚੁੰਮਿਆਂ
ਭ੍ਰਿਸ਼ਟ ਹੋ ਗਿਆ ਮੇਰਾ ਵਿਵਹਾਰ
ਬਦਬੂ ਨਾਲ ਭਰ ਗਿਆ ਮੇਰਾ ਕਿਰਦਾਰ
ਜ਼ਲੀਲ ਹੋਇਆ ਮੈਂ ਪਹਿਲੀ ਤੇ ਆਖਰੀ ਵਾਰ

ਤੇਰੇ ਘਰ ਨੂੰ ਚੁੰਮਿਆਂ
ਚੁੰਮਿਆਂ ਗਿਆ ਤੇਰਾ ਸਾਰਾ ਪਰਿਵਾਰ
ਰਿਸ਼ਤਿਆਂ ਦੀਆਂ ਲੜੀਆਂ ਬਣ ਗਈਆਂ
ਹਾਸਿਆਂ 'ਚ ਦਫ਼ਨ ਹੋ ਗਏ ਸਭ ਸੰਸੇ

ਮੈਂ ਚੁੰਮਿਆਂ ਤੇਰੇ ਕਲਾਵੇ ਨੂੰ
ਜਿਸ ਅੰਦਰ ਬ੍ਰਹਿਮੰਡ ਸਿਮਟਿਆ

ਸਿਮਟ ਗਿਆ ਮੈਂ ਬਿੰਦੂ ਅੰਦਰ
ਊਰਜਾ ਦੀ ਨਾਭੀ ਬਣਿਆਂ
ਮੇਰੀ ਹੋਂਦ ਦੇ ਗਿਰਦ ਤੇਰਾ ਕਲਾਵਾ ਤਣਿਆਂ

ਚੁੰਮਿਆਂ ਮੈਂ ਤੇਰੀਆਂ ਪੈੜਾਂ ਸਾਂਭੀ ਰਾਹਵਾਂ ਨੂੰ
ਹਵਾ 'ਚ ਰੁਮਕਦੇ ਤੇਰੇ ਅੱਥਰੇ ਚਾਵਾਂ ਨੂੰ
ਡੰਡੀਆਂ, ਪਗਡੰਡੀਆਂ ਨੂੰ ਚੁੰਮਦਿਆਂ
ਤੇਰੇ ਪਿੰਡ ਦੀ ਪ੍ਰਕਰਮਾ ਕਰ ਮੁੜਿਆ ਹਾਂ

ਚੁੰਮਿਆਂ ਮੈਂ ਤੇਰੇ ਹਠ ਨੂੰ
ਤੇਰੇ ਅੰਦਰ ਸਥਾਪਿਤ ਮਠ ਨੂੰ
ਸ਼ਰਧਾ ਨਾਲ ਭਰ ਗਿਆ ਹਾਂ ਮੈਂ
ਆਪੇ ਸੰਗ ਲੜ ਪਿਆ ਹਾਂ ਮੈਂ

ਮੈਂ ਤੇਰੀ ਚੁੱਪ ਨੂੰ ਚੁੰਮਿਆਂ ਹੈ
ਚੁੱਪ ਅੰਦਰ ਖੌਲਦੇ ਸਾਗਰਾਂ ਦੀ
ਦਹਾੜ ਨੂੰ ਸੁਣਿਆਂ ਹੈ
ਚੁੰਮਣਾ ਦੇ ਸ਼ੋਰ ਦੀ ਚੁੱਪ ਨੂੰ ਮਾਣਿਆਂ ਹੈ

ਤੇਰੇ ਮੁਲਾਇਮ ਅਹਿਸਾਸਾਂ ਨੂੰ ਚੁੰਮਦਿਆਂ
ਮੇਰਾ ਖੁਰਦਰਾ ਵਿਵਹਾਰ ਪੀੜ੍ਹ ਪੀੜ੍ਹ ਹੋਇਆ ਹੈ
ਮੇਰੇ ਅੰਦਰਲਾ ਬਾਲ ਹੁਬਕੀਂ ਰੋਇਆ ਹੈ
ਮੇਰੇ ਜਿਉਣ ਦਾ ਚਾਅ ਅੱਜ ਫਿਰ ਮੋਇਆ ਹੈ

ਮੈਂ ਤੇਰੇ ਫਿਕਰਾਂ ਨੂੰ ਚੁੰਮਿਆਂ ਹੈ
ਤੇਰੇ ਹੌਕਿਆਂ ਦੇ ਦਰਦ ਨੂੰ ਚੁੰਮਿਆਂ ਹੈ
ਜਾਣਿਆਂ ਹੈ ਸੰਸੇ ਝੋਰਿਆਂ ਦਾ ਗਣਿਤ
ਪੜ੍ਹਿਆ ਹੈ ਤਨਹਾਈ ਦੀ ਪੀੜ੍ਹ ਦਾ ਪਹਿਲਾ ਪੰਨਾ

ਤੇਰੀ ਗ਼ੁਰਬਤ ਨੂੰ ਚੁੰਮਦਿਆਂ ਕੰਬਿਆ ਹਾਂ ਮੈਂ
ਆਪਣੀਆਂ ਹੀ ਨਜ਼ਰਾਂ ਕੋਲੋਂ ਸੰਗਿਆ ਹਾਂ ਮੈਂ
ਖ਼ੁਦਕਸ਼ੀ ਕਰ ਲਈ ਹੈ ਮੇਰੇ ਵਿਚਾਰਾਂ
ਆਈਨਾ ਵਿਖਾ ਦਿੱਤਾ ਹੈ ਮੈਨੂੰ ਮੇਰੇ ਵਿਕਾਰਾਂ

ਚੁੰਮਿਆਂ ਤੇਰੇ ਇਰਾਦਿਆਂ ਨੂੰ
ਚੁੰਮਿਆਂ ਤੇਰੀ ਸੁਹਿਰਦਤਾ ਨੂੰ
ਤੇਰੇ ਸੁਹੱਪਣ ਦੇ ਹਰ ਨਕਸ਼ ਨੂੰ ਚੁੰਮਿਆਂ
ਤੇਰੀ ਜੀਣ ਦੀ ਹਰ ਅਦਾ ਨੂੰ
ਤੇਰੇ ਬੋਧ ਦੀ ਬੁਲੰਦੀ ਨੂੰ ਚੁੰਮਿਆਂ
ਸਾਡੇ ਹੱਥੋਂ ਤਿਲਕ ਗਏ ਛਿਣਾਂ ਨੂੰ
ਸਾਡੇ ਹੱਥਾਂ 'ਚ ਰਹਿ ਗਏ ਛਿਣਾਂ ਨੂੰ
ਬੀਤੇ ਵਰ੍ਹਿਆਂ 'ਚ ਆਕਾਰ ਲੈ ਰਹੇ ਚੇਤਿਆਂ ਨੂੰ
ਚੁੰਮਿਆਂ ਤੇ ਚੁੰਮਣ ਦੀ ਕਥਾ ਸੰਪੂਰਨ ਹੋਈ

ਮੋਬਾ. 9779591344



ਕਹਾਣੀ

ਆਰ. ਐੱਸ. ਰਾਜਨ

ਔਂਤ

ਕਾਲੀ ਬੋਲੀ ਰਾਤ...ਸ਼ੂਕਦਾ ਝੱਖੜ...ਰੁੱਖਾਂ ਦੇ ਟਾਹਣ ਟੁੱਟ-ਟੁੱਟ ਪੈਂਦੇ। ਕਾਲਾ ਗੂੜ੍ਹਾ ਹਨੇਰਾ ਪਲ ਪਲ ਵਧਦਾ ਹੀ ਜਾ ਰਿਹਾ ਹੈ। ਦਿਲ ਚੀਰਵੀਂ ਚੀਖ ਉੱਭਰੀ, ਜੋ ਬਸਤੀ ਦੇ ਉਪਰੋਂ ਦੀ ਲੰਘ ਗਈ। ਬਸਤੀ ਜਿਵੇਂ ਮੌਤ ਦੀ ਚਾਦਰ ਲਪੇਟੀ ਪਲ ਪਲ ਮੌਤ ਦੇ ਮੂੰਹ ਵਿਚ ਧਸਦੀ ਜਾ ਰਹੀ ਹੋਵੇ। ਉਹ ਬੈਠਕ ਵਿਚੋਂ ਉੱਠ ਬਾਹਰ ਵਾਰ ਨੂੰ ਭੱਜਿਆ। ਹਨੇਰਾ ਜਿਵੇਂ ਉਸਦੀ ਸੰਘੀ ਨੱਪਣ ਆ ਰਿਹਾ ਹੋਵੇ। ਉਹਨੇ ਚੀਖ ਮਾਰੀ, "ਲੋਕੋ ਮੈਂ ਔਂ...ਤ"। ਉਹਨੇ ਸ਼ੂਟ ਵੱਟਣੀ ਚਾਹੀ ਪਰ ਗਲੀ ਦਾ ਮੋੜ ਮੁੜਦਿਆਂ ਉਹ ਡਿੱਗਣੋਂ ਮਸਾਂ ਬਚਿਆ। ਉਹ ਸੰਭਲਿਆ। ਉਹਨੇ ਗੌਰ ਨਾਲ ਵੇਖਿਆ, ਜ਼ੈਲਦਾਰਾਂ ਦਾ ਕੈਲਾ ਗਲੀ ਵਿਚ ਲੋਥ ਬਣ ਵਿਛ ਗਿਆ ਸੀ ਅਤੇ ਉਹ ਚੀਖ ਪਿਆ—

"ਲੋਕੋ ਮੈਂ ਔਂਤ...ਮੈਂ...ਮੇਰੇ ਮੂੰਹ ਨਾ ਲਗਿਓ।"

ਉਸਦੀ ਚੀਖ ਸੁਣ ਕੇ ਬਹੁਤਿਆਂ ਦੇ ਕੰਨ ਖੜ੍ਹੇ ਹੋ ਗਏ। ਪਰ ਕਿਸੇ ਨੇ ਵੀ ਬਾਹਰ ਨਿਕਲਣ ਦੀ ਹਿੰਮਤ ਨਾ ਕੀਤੀ। ਹਨੇਰੇ ਦੀ ਮੋਟੀ ਚਾਦਰ ਚੀਰਦਾ ਹੋਇਆ ਉਹ ਮਸਾਣਾਂ ਦੇ ਨੇੜੇ ਪੁੱਜ ਗਿਆ। ਸਿਵਿਆਂ ਦੀ ਬਲਦੀ ਅੱਗ ਵੇਖ ਕੇ ਉਹਨੂੰ ਜਾਪਿਆ ਜਿਵੇਂ ਉਹ ਸਿਵੇ ਵਿਚ ਜਾ ਵੜਿਆ ਹੋਵੇ। ਉਹਨੇ ਰੁੱਖ ਮੋੜਿਆ ਅਤੇ ਆਪਣੇ ਖੇਤਾਂ ਦੇ ਨੇੜੇ ਪੁੱਜ ਗਿਆ। ਉਹਨੇ ਮੋਟਰ ਵਾਲਾ ਕਮਰਾ ਦੂਰੋਂ ਹੀ ਪਛਾਣ ਲਿਆ, ਉਹ ਉਧਰ ਵੱਲ ਨੂੰ ਭੱਜਿਆ। ਕਿੰਨਾ ਸਮਾਂ ਹੋ ਗਿਆ ਸੀ ਉਹਨੂੰ ਖੇਤਾਂ ਵੱਲ ਨੂੰ ਮੂੰਹ ਕੀਤਿਆਂ। ਮੰਜਾ ਉਂਝ ਹੀ ਪਿਆ ਹੋਇਆ ਸੀ। ਉਹ ਮੰਜੇ 'ਤੇ ਧੜੱਮ ਕਰਕੇ ਡਿੱਗ ਪਿਆ। ਉਹਦਾ ਰੋਣ ਨਿਕਲ ਆਇਆ।

"ਹਾਏ ਵੇ ਰੱਬਾ ਕੀ ਵੈਰ ਕਮਾਇਆ ਤੂੰ ਸਾਡੇ ਨਾਲ...ਵੇ ਕਿਹੜੇ ਜਨਮ ਦਾ ਬਦਲਾ ਲੀਤਾ ਤੂੰ...ਨਾ ਤੂੰ ਮੇਰਾ ਕੱਖ ਨੀ ਛੱਡਿਆ... ਵੇ...ਰੱਬਾ...।" ਅਤੇ ਕਾਲੇ ਹਨੇਰੇ ਵਿਚ ਜਿਵੇਂ ਉਸਦੀ ਆਵਾਜ਼ ਗਵਾਚ ਗਈ।

ਸੁਖਾ ਜਦੋਂ ਮੂੰਹ ਝਾਖਰੇ ਹੀ ਬੰਬੀ 'ਤੇ ਨਹਾਣ ਲਈ ਪੁੱਜਾ ਤਾਂ ਉਹ ਹੈਰਾਨ ਰਹਿ ਗਿਆ। ਉਹਨੇ ਨਜ਼ਦੀਕ ਆ ਕੇ ਵੇਖਿਆ, ਇਹ ਤਾਂ ਨਿਹਾਲ ਸਿੰਘ ਹੈ। ਉਹ ਅਲਾਣੀ ਮੰਜੀ 'ਤੇ ਨਿਢਾਲ ਸੁੱਤਾ ਪਿਆ ਸੀ। ਉਹਨੇ ਉਹਨੂੰ ਜਗਾਇਆ ਨਾ ਅਤੇ ਲੱਗਾ ਆਪਣੇ ਜਿਸਮ 'ਤੇ ਪਾਣੀ ਦੇ ਡੋਲੂ ਡੋਲਣ ਲੱਗਾ। ਉੱਚੀ-ਉੱਚੀ ਵਾਖਰੂ ਵਾਖਰੂ ਕਰਨ ਲੱਗਾ। ਨਿਹਾਲ ਸਿੰਘ ਦੇ ਕੰਨੀਂ ਸੁਖੇ ਦੀ ਆਵਾਜ਼ ਪਈ ਤਾਂ ਉਹਦੀ ਜਾਗ ਖੁੱਲ੍ਹ ਗਈ। ਉਹ ਅੱਖਾਂ ਮਲਦਾ ਮਲਦਾ ਉੱਠ ਬੈਠਾ। ਉਹ ਕਿੰਨੀ ਦੇਰ ਸੁੱਖੇ ਵੰਨੀਂ ਵੇਖਦਾ ਰਿਹਾ। ਸੁੱਖੇ ਨਾਲ ਮਿਲਦਿਆਂ ਹੀ ਸੁੱਖੇ ਨੇ ਉੱਚੀ ਆਵਾਜ਼ ਵਿਚ ਆਖਿਆ—

"ਚਾਚਾ ਕੀ ਗੱਲ, ਰਾਤੀਂ ਇਥੇ ਹੀ ਪੈ ਗਿਆ ਸਾਂ ?"

"ਹਾਂ ਚੋਬਰਾ, ਘਰ ਦਿਲ ਨੀਂ ਲੱਗਦਾ, ਕੰਧਾਂ ਜਿਵੇਂ ਖਾਣ ਨੂੰ ਔਂਦੀਆਂ ਨੇ।"

"ਚਾਚਾ, ਤੂੰ ਸੁਣਿਆ ਜ਼ੈਲਦਾਰਾਂ ਦਾ ਕੈਲਾ ਪੂਰਾ ਹੋ ਗਿਐ ?"

"ਨਾ ਪੁੱਤਰਾ, ਇਥੇ ਤਾਂ ਸਾਰਾ ਪਿੰਡ ਹੀ ਪੂਰਾ ਹੋ ਗਿਆ ਹੈ, ਇਥੇ ਰਹਿਣਾ ਹੁਣ ਕੱਖ ਨੀ। ਪਹਿਲਾਂ ਕਾਲੇ ਦਿਨਾਂ ਨੇ ਸਾਰੀ ਜੁਆਨੀ ਨਿਘਲ ਲਈ, ਹੁਣ ਚਿੱਟੇ ਨੇ।"

"ਨਾ ਚਾਚਾ, ਇਹ ਤਾਂ ਅਜੰਸੀਆਂ ਦਾ ਕਾਰਾ ਹੈ। ਪਹਿਲਾਂ ਗਵਾਂਢੀਆਂ ਦੇ ਆਖੇ ਲੱਗ ਕੇ ਪੂਰੀ ਨਸਲ ਹੀ ਲੇਖੇ ਲਾ ਦਿੱਤੀ। ਇਨ੍ਹਾਂ ਦਾ ਇਰਾਦਾ ਤਾਂ ਬੀਜ ਨਾਸ਼ ਦਾ ਸੀ। ਬਦੋਬਦੀ ਇਨ੍ਹਾਂ ਜਵਾਨੀ ਇਸ ਭੱਠ ਵਿਚ ਝੋਖ ਦਿੱਤੀ। ਜਿਹੜੀ ਬਚੀ, ਉਹ ਵਿਦੇਸ਼ਾਂ ਵਿਚ ਰੁਲ ਗਈ। ਕੁਝ ਬਗਾਨੀਆਂ ਸਰਹੱਦਾਂ 'ਤੇ ਮਾਰੇ ਗਏ ਤੇ ਕੁਝ ਬਗਾਨੀਆਂ ਜੇਲ੍ਹਾਂ ਵਿਚ ਪਾਗਲ ਹੋ ਗਏ।"

"ਹਾਂ ਪੁੱਤ, ਤੇਰੀ ਗੱਲ ਵੀ ਠੀਕ ਹੈ, ਘਾਣ ਤਾਂ ਸਾਡਾ ਹੀ ਹੋਇਆ।"

"ਚਾਚਾ, ਆਪਣਿਆਂ ਵੀ ਕੁਝ ਘੱਟ ਨੀ ਗੁਜ਼ਾਰੀ।"

"ਉਹ ਕਿਵੇਂ ਚੋਬਰਾ ?" ਨਿਹਾਲ ਸਿੰਘ ਨੇ ਸਾਫੇ ਦੇ ਲੜ ਸੰਵਾਰਦਿਆਂ ਪੁੱਛਿਆ।

"ਚਾਚਾ, ਜਦੋਂ ਇਹ ਨਕਸਲੀ ਲਹਿਰ ਚੱਲੀ ਸੀ ਤਾਂ ਇਨ੍ਹਾਂ ਮੁਖਬਰੀ ਕਰ ਕਰ ਕੇ ਮੁੰਡੇ ਮਰਵਾਏ ਸੀ ?"

"ਹਾਂ ਪੁੱਤ, ਪੈਸੇ ਦੇ ਲਾਲਚ ਵਿਚ ਇਨ੍ਹਾਂ ਮੁਖਬਰਾਂ ਨੇ ਕਈ ਘਰ ਖ਼ਾਲੀ ਕਰ ਦਿੱਤੇ ਅਤੇ ਪੁਲਿਸ ਨੂੰ ਐਨੀ ਛੂਟ ਮਿਲ ਗਈ ਕਿ ਰਹਿ ਨਾਮ ਸਾਈਂ ਦਾ। ਭਰਾ ਕੋਲੋਂ ਭੈਣ ਦਾ ਬਲਤਕਾਰ ਕਰਵਾਇਆ। ਪੁੱਤ ਕੋਲੋਂ ਮਾਂ ਦਾ ਨੰਗੇਜ਼ ਕਰਵਾਇਆ। ਮਖਾ ਤੂੰ ਨੀ ਸੀ ਸੁਣੀ ਉਨ੍ਹਾਂ ਮਲਪੁਰ ਵਾਲੀਆਂ ਬੀਬੀਆਂ ਦੀ ਕਹਾਣੀ। ਜਿਨ੍ਹਾਂ ਦੇ ਗੁਪਤ ਅੰਗ ਵਿਚ ਪੁਲਿਸ ਨੇ ਡੰਡੇ ਚਾੜ੍ਹੇ ਸੀ। ਉਹ ਬੀਬੀਆਂ ਕਈ ਦਿਨ ਕੋਮੇ ਵਿਚ ਚਲੀਆਂ ਗਈਆਂ ਸਨ। ਹਰਿਆ ਭਰਿਆ ਦੇਸ ਰੰਡੀਆਂ ਦਾ ਵਿਹੜਾ ਬਣ ਗਿਆ। ਰਹਿੰਦ-ਖੂੰਹਦ ਨੂੰ ਮਾਪਿਆਂ ਨੇ ਜ਼ਮੀਨਾਂ ਵੇਚ ਕੇ ਵਿਦੇਸ਼ ਭੇਜ ਦਿੱਤਾ। ਕੁਝ ਤਾਂ ਬੰਨ੍ਹੇ ਲੱਗ ਗਏ ਕੁਝ ਕਬੂਤਰ ਬਾਜ਼ਾਂ ਸਮੁੰਦਰ ਵਿਚ ਡੋਬ ਦਿੱਤੇ।"

"ਨਾ ਚਾਚਾ, ਕਹਿੰਦੇ ਨੇ ਇਹ ਉਸ ਵੱਡੀ ਦੀ ਨੂੰਹ ਦਾ ਕਾਰਾ ਹੈ, ਜੋ ਰੂਸ ਦੀ ਏਜੰਟ ਬਣੀ ਫਿਰਦੀ ਸੀ ਜਿਸ ਨੇ ਸਿੱਖਾਂ 'ਤੇ ਦੋਸ਼ ਲਾ

ਦਿੱਤਾ ਕਿ ਇਹ ਖਾਲਸਤਾਨ ਮੰਗਦੇ ਨੇ।"

"ਪੁੱਤ, ਜਿਸ ਨੇ ਵੀ ਇਹ ਸਾਜ਼ਿਸ਼ ਕੀਤੀ ਹੋਵੇ ਪਰ ਸਾਡੇ ਤਾਂ ਪਿੰਡਾਂ ਦੇ ਪਿੰਡ ਖਾਲੀ ਹੋ ਗਏ। ਸਾਡੀਆਂ ਤਾਂ ਨੂੰਹਾਂ ਧੀਆਂ ਰੁਲ ਗਈਆਂ।"

"ਰਹਿੰਦੀ ਕਸਰ ਚਾਚਾ ਇਨ੍ਹਾਂ ਨਸ਼ਿਆਂ ਨੇ ਪੂਰੀ ਕਰ ਦਿੱਤੀ। ਹੁਣ ਤਾਂ ਇਕ ਸਰਵੇ ਮੁਤਾਬਕ ਸਾਡੇ ਜਵਾਨਾਂ ਵਿਚ ਮਰਦਾਨਾਪਣ ਵੀ ਘਟ ਰਿਹਾ ਹੈ। ਇਹ ਤਾਂ ਹੁਣ ਬੱਚੇ ਵੀ ਪੈਦਾ ਨਹੀਂ ਕਰ ਸਕਦੇ।"

"ਹਾਂ ਪੁੱਤ, ਨਸ਼ਿਆਂ ਤਾਂ ਸਾਰਾ ਪਿੰਡ ਹੀ ਖਾ ਲਿਆ ਹੈ। ਕਹਿੰਦੇ ਡੈਣ ਵੀ ਦਸਾਂ ਘਰਾਂ ਪਿੱਛੇ ਇਕ ਘਰ ਛੱਡ ਦੇਂਦੀ ਹੈ। ਪਰ ਇਨ੍ਹਾਂ ਦਾਂ ਕੁਝ ਵੀ ਨਹੀਂ ਛੱਡਿਆ।"

"ਚਾਚਾ, ਟੀ.ਵੀ. 'ਤੇ ਕਹਿ ਰਹੇ ਸੀ ਕਿ ਪੰਜਾਬ ਵਿਚ ਹਰ ਰੋਜ਼ ਇਕ ਬੱਚਾ ਚੌਦਾਂ ਸੌ ਦਾ ਨਸ਼ਾ ਕਰਦਾ ਹੈ ਤੇ ਪੂਰੇ ਪੰਜਾਬ ਵਿਚ ਹਰ ਰੋਜ਼ ਇਕ ਕਰੋੜ ਦਾ ਨਸ਼ਾ ਵਿਕਦਾ ਹੈ।"

"ਪੁੱਤ, ਪਹਿਲਾਂ ਕਿਤੇ ਕਿਤੇ ਵਿਕਦਾ ਸੀ, ਹੁਣ ਤਾਂ ਘਰ ਘਰ ਵਿਕਦਾ ਹੈ। ਹੈ ਵੀ ਇਹ ਵੱਡੀਆਂ ਮੱਛੀਆਂ ਦਾ ਕੰਮ ਜੋ ਇੰਨੇ ਵੱਡੇ ਪੱਧਰ 'ਤੇ ਇਹ ਕੰਮ ਹੋ ਰਿਹਾ ਹੈ। ਇਹ ਉਹ ਹੀ ਕਰ ਸਕਦਾ ਹੈ ਜਿਸ ਦੇ ਪਿੱਛੇ ਸਰਕਾਰ ਹੋਵੇ। ਵੱਡੇ-ਵੱਡੇ ਮੰਤਰੀ ਪੁਲਿਸ ਦੇ ਵੱਡੇ ਅਫ਼ਸਰ ਇਸ ਬੀਜ ਨਾਸ ਪਿੱਛੇ ਲੱਗੇ ਹੋਏ ਹਨ। ਆਹ ਪਿੱਛੇ ਨਹੀਂ ਸੀ ਰੌਲਾ ਪਿਆ ਕਿ ਇਸ ਪਿੱਛੇ ਕੋਈ ਮੰਤਰੀ ਹੈ। ਫੜ ਸਕਿਆ ਉਸ ਨੂੰ ਕੋਈ। ਪੁੱਤ, ਜਿਨ੍ਹਾਂ ਦੀ ਜ਼ਮੀਰ ਮਰ ਗਈ ਹੋਵੇ ਉਹ ਕਿਸੇ ਵੀ ਹੱਦ ਤਕ ਜਾ ਸਕਦੇ ਨੇ।"

"ਚਾਚਾ, ਇਕ ਗੱਲ ਹੋਰ ਦੱਸਾਂ।" ਜੈਲੇ ਨੇ ਗਿੱਲਾ ਕੱਛਾ ਨਚੋੜਦਿਆਂ ਆਖਿਆ।

"ਪੁੱਤ, ਆਖ ਕੀ ਆਖਣਾ ਈ।"

ਜੈਲਾ ਬਿੰਦ ਕੁ ਚੁੱਪ ਰਿਹਾ ਤੇ ਲੱਗਾ ਆਪਣੀਆਂ ਅੱਖਾਂ ਉੱਤੇ ਠੰਡੇ ਪਾਣੀ ਦੇ ਛਿੱਟੇ ਮਾਰਨ। ਜਿਵੇਂ ਅੱਖੀਆਂ ਦੀ ਗਿੱਲ ਛੁਪਾ ਰਿਹਾ ਹੋਵੇ। ਉਹਦਾ ਗੱਚ ਭਰ ਆਇਆ ਸੀ। ਉਹਨੇ ਖੰਘੂਰਾ ਮਾਰਿਆ ਤੇ ਕਹਿਣ ਲੱਗਾ, "ਚਾਚਾ, ਸੱਚ ਦੱਸਾਂ ਸਾਡੇ ਉੱਤੇ ਗੁਰੂ ਦੀ ਕਰੋਪੀ ਹੈ। ਅਸੀਂ ਪਤਿਤ ਹੋ ਗਏ। ਸਾਡੇ ਬੱਚੇ ਤਾਂ ਪੜ੍ਹ ਗਏ ਪਰ ਉਨ੍ਹਾਂ ਪੱਗ ਲਾਹ ਦਿੱਤੀ। ਆਈ ਹੈ ਕਿਸੇ ਨੂੰ ਗੁਰੂ ਦੀ ਗੱਲ ਯਾਦ। ਸਾਡੇ ਬੱਚੇ ਅਫ਼ਸਰ ਬਣ ਗਏ ਪਰ ਸਾਰੇ ਦੇ ਸਾਰੇ ਪੱਗਾਂ ਲਾਹ ਕੇ ਆ ਗਏ।"

"ਪੁੱਤ, ਤੇਰੀ ਗੱਲ ਤਾਂ ਠੀਕ ਆ, ਕੁਝ ਤਾਂ ਕਾਲੇ ਦਿਨਾਂ ਦੇ ਤਸ਼ੱਦਦ ਤੋਂ ਡਰਦੇ ਪਤਿਤ ਹੋ ਗਏ ਤੇ ਕਈਆਂ ਨੇ ਆਪ ਹੀ ਬੱਚਿਆਂ ਦੇ ਜੂੜੇ ਲਾਹ ਦਿੱਤੇ। ਗੁਰੂ ਨੇ ਸਾਨੂੰ ਅੰਮ੍ਰਿਤ ਪਾਨ ਕਰਨ ਲਈ ਆਖਿਆ ਸੀ ਤੇ ਨਸ਼ਿਆਂ ਤੋਂ ਦੂਰ ਰਹਿਣ ਲਈ ਆਖਿਆ ਸੀ। ਪਰ ਅਸੀਂ ਤਾਂ ਪੁੱਠੇ ਰਾਹ ਪੈ ਗਈ। ਤਾਂਹੀਓਂ ਤਾਂ ਅਸੀਂ ਢਹਿੰਦੀਆਂ ਕਲਾਂ ਵੱਲ ਜਾ ਰਹੇ ਹਾਂ।"

"ਹਾਂ ਪੁੱਤ, ਸਾਡਾ ਹੀ ਕਸੂਰ ਹੈ। ਇਹ ਤਾਂ ਗੁਰੂਆਂ ਦੀ ਧਰਤੀ ਸੀ, ਅਸਾਂ ਇਸ ਨੂੰ ਨਸ਼ਿਆਂ ਦੀ ਧਰਤੀ ਬਣਾ ਲਿਆ।"

ਜੈਲਾ ਕੁੜਤੀ-ਤੰਬੀ ਪਾ ਨਿਹਾਲ ਸਿੰਘ ਕੋਲ ਆ ਗਿਆ, "ਚਾਚਾ, ਉੱਠ ਘਰ ਚਲੀਏ, ਰੋਟੀ ਟੁਕ ਖਾ ਲਈਏ, ਪਤਾ ਨਹੀਂ ਤੂੰ ਕੱਲ੍ਹ ਦਾ ਕੁਝ ਖਾਧਾ ਵੀ ਹੈ ਕਿ ਨਾ।"

"ਨਾ ਪੁੱਤ, ਮੇਰਾ ਤੇ ਘਰ ਵਿਚ ਉੱਕਾ ਹੀ ਜੀ ਨੀ ਲੱਗਦਾ। ਇਕੱਲ ਮੈਨੂੰ ਵੱਢ-ਵੱਢ ਖਾ ਰਹੀ ਏ। ਮੈਂ ਉਥੇ ਜਾ ਕੇ ਕੀ ਕਰੂੰ?"

"ਨਾ ਚਾਚਾ, ਚਲ ਕੁਝ ਖਾ ਪੀ ਲੈਂਦੇ ਹਾਂ।" ਜੈਲੇ ਨੇ ਚਾਚੇ ਦੀ ਬਾਂਹ ਫੜੀ ਤੇ ਉਹਨੂੰ ਘਰ ਵੱਲ ਤੋਰ ਲਿਆ। ਉਹ ਪਿੰਡ ਦੇ ਨੇੜੇ ਹੀ ਪੁੱਜੇ ਸਨ ਕਿ ਭਾਈ ਸਾਹਿਬ ਨੇ ਸਪੀਕਰ 'ਤੇ ਐਲਾਨ ਕੀਤਾ, "ਸਾਧ ਸੰਗਤ ਜੀ, ਜੀਤ ਸਿੰਘ ਦਾ ਕੈਲਾ ਅਕਾਲ ਚਲਾਣਾ ਕਰ ਗਿਆ ਹੈ, ਉਸਦਾ ਸਸਕਾਰ ਗਿਆਰਾਂ ਵਜੇ ਦਾ ਹੈ। ਸ਼ਮਸ਼ਾਨਘਾਟ 'ਤੇ ਲੱਕੜਾਂ ਆਦਿ ਪਹੁੰਚਾਣੀਆਂ ਹਨ, ਸੋ ਲੱਕੜਾਂ ਵਾਲੇ ਸ਼ੈੱਡ ਕੋਲ ਪੁੱਜੋ।"

"ਹਾਏ ਰੱਬਾ, ਕੀ ਕਹਿਰ ਵਰਤ ਗਿਆ। ਰੱਬਾ ਹੁਣ ਤਾਂ ਬਖ਼ਸ਼, ਇਹ ਰਹਿੰਦ ਖੂੰਹਦ ਤਾਂ ਰਹਿਣ ਦੇਂਦਾ।" ਨਿਹਾਲ ਸਿੰਘ ਨੇ ਤਰਲੇ ਵਜੋਂ ਉਪਰ ਵੱਲ ਨੂੰ ਮੂੰਹ ਕਰਕੇ ਆਖਿਆ। ਜੈਲੇ ਨੇ ਵਿਹੜੇ ਵਿਚ ਵੜਦਿਆਂ ਹੀ ਮੰਜਾ ਡਾਹ ਦਿੱਤਾ ਤੇ ਪਤਨੀ ਨੂੰ ਆਵਾਜ਼ ਮਾਰਦਿਆਂ ਆਖਿਆ, "ਪ੍ਰੀਤ ਕੁਰੇ, ਅੰਦਰ ਹੀ ਏਂ...ਵੇਖ ਤਾਂ ਸਹੀ ਕੌਣ ਆਇਆ ਹੈ। ਲਿਆ ਫੁਲਕਾ ਨਾਸ਼ਤਾ ਕਰੀਏ।" ਪ੍ਰੀਤੀ ਨੇ ਦਲਾਨ 'ਚੋਂ ਹੀ ਬਾਹਰ ਨੂੰ ਝਾਕਿਆ ਤਾਂ ਝੱਟ ਸਿਰ ਦਾ ਪੱਲਾ ਸੂਤ ਕੇ ਨਿਹਾਲ ਸਿੰਘ ਨੂੰ ਫਤਹਿ ਬੁਲਾਣ ਵੇਹੜੇ ਵਿਚ ਆ ਗਈ। "ਧੀਓ, ਤੁਸਾਂ ਦੇ ਸੁਹਾਗ ਜੀਂਦੇ ਰਹਿਣ। ਖੁਸ਼ੀਆਂ ਮਾਣੋ।" ਇਹ ਆਖਦਿਆਂ ਨਿਹਾਲ ਸਿੰਘ ਦਾ ਗੱਚ ਭਰ ਆਇਆ। ਕਿੰਨੀ ਦੇਰ ਉਹ ਦੋਵੇਂ ਆਪਣੇ ਅੰਦਰ ਦੇ ਸਫ਼ਰ 'ਤੇ ਤੁਰਦੇ ਰਹੇ। ਉਨ੍ਹਾਂ ਦੇ ਸਫ਼ਰ ਦਾ ਸਿਲਸਿਲਾ ਉਦੋਂ ਟੁੱਟਿਆ ਜਦੋਂ ਪ੍ਰੀਤੀ ਨੇ ਫੁਲਕਾ ਤੇ ਆਚਾਰ ਮੰਜੇ 'ਤੇ ਆਣ ਧਰਿਆ। ਫੁਲਕਾ ਖਾਣ ਤੋਂ ਬਾਦ ਜੈਲੇ ਨੇ ਆਖਿਆ, "ਪ੍ਰੀਤ ਕੁਰੇ, ਚਾਹ ਥੋੜ੍ਹੀ ਕੈੜੀ ਰੱਖੀਂ, ਮਿੱਠਾ ਤੇਜ਼ ਰੱਖੀਂ।" ਚਾਚੇ ਨੇ ਫੁਲਕਾ ਖਾਧਾ ਅਤੇ ਹੱਥ ਪਰਨੇ ਨਾਲ ਸਾਫ ਕੀਤੇ। ਪ੍ਰੀਤੀ ਚਾਹ ਦੇ ਦੋ ਗਲਾਸ ਧਰ ਗਈ। ਨਿਹਾਲ ਸਿੰਘ ਅਵਾਕ ਪਤਾ ਨਹੀਂ ਕੀ ਸੋਚ ਰਿਹਾ ਸੀ। ਉਸ ਦੀਆਂ ਅੱਖਾਂ ਡੁਬ ਡੁਬਾ ਗਈਆਂ ਸਨ ਅਤੇ ਅਤੀਤ ਉਸ ਦੀਆਂ ਅੱਖਾਂ ਵਿਚ ਉਤਰ ਆਇਆ ਸੀ।

ਨਿਹਾਲ ਸਿੰਘ ਪਿੰਡ ਦਾ ਰੱਜਿਆ ਪੁਜਿਆ ਕਿਸਾਨ ਸੀ। ਉਹ ਤਿੰਨ ਭਰਾ ਸਨ। ਪਰ ਭਰਾ ਵੀ ਭਰਾਵਾਂ ਜਿਹੇ। ਉਸਦੇ ਮਾਂ-ਪਿਉ ਚੜ੍ਹਦੀ ਜਵਾਨੀ ਵਿਚ ਹੀ ਮਰ ਗਏ ਸਨ। ਪਰ ਉਹਨੇ ਆਪਣੇ ਭਰਾਵਾਂ ਨੂੰ ਪੁੱਤਾਂ ਵਾਂਗੂੰ ਪਾਲਿਆ। ਉਨ੍ਹਾਂ ਨੂੰ ਕਦੀ ਵੀ ਤੱਤੀ 'ਵਾਅ ਨਾ ਲੱਗਣ ਦਿੱਤੀ। ਕੀਰਤ ਨੂੰ ਉਹਨੇ ਬਾਰ੍ਹਵੀਂ ਤਕ ਪੜ੍ਹਾਇਆ ਤੇ ਬਿਜਲੀ ਬੋਰਡ ਵਿਚ ਮੁਲਾਜ਼ਮ ਵੀ ਕਰਾਇਆ। ਉਦੋਂ ਨਿਹਾਲ ਸਿੰਘ ਦਾ ਸਿੱਕਾ ਕਈ ਪਿੰਡਾਂ ਵਿਚ ਚਲਦਾ ਸੀ। ਭੋਏਂ ਭਾਂਡਾ ਖੁੱਲ੍ਹਾ ਡੁੱਲ੍ਹਾ ਹੋਣ ਕਰਕੇ ਸਾਰੇ ਉਸਦੀ ਜੀ ਹਜ਼ੂਰੀ ਕਰਦੇ। ਛੋਟਾ ਭਰਾ, ਜਿਸ ਦੀ ਜੁਆਨੀ ਵੇਖ ਕੇ ਭੁੱਖ ਲਹਿੰਦੀ ਸੀ। ਜਦੋਂ ਉਹ ਕਾਲਜ ਪੜ੍ਹਨ ਸ਼ਹਿਰ ਗਿਆ ਦਾਂ ਸ਼ਹਿਰ ਵਿਚ ਸੰਤਾਂ ਦਾ ਪ੍ਰਭਾਵ ਵਧ ਚੁੱਕਾ ਸੀ। ਸ਼ੀਤਲ ਸਿੰਘ ਨੇ ਵੀ ਅੰਮ੍ਰਿਤ ਛਕ ਲਿਆ। ਕੁਝ ਚਿਰ ਮਗਰੋਂ ਉਸਦਾ ਕੋਈ ਅਤਾ ਪਤਾ ਨਾ ਲੱਗਾ। ਨਿਹਾਲ ਸਿੰਘ ਚਿੰਤਤ ਹੋ ਉੱਠਿਆ। ਇਕ ਰਾਤ ਉਨ੍ਹਾਂ ਦਾ ਕੁੰਡਾ ਖੜਕਿਆ।

"ਕੌਣ?"

"ਮੈਂ ਸ਼ੀਤਲ ਹਾਂ ਭਾਪਾ ਜੀ, ਕੁੰਡਾ ਖੋਲ੍ਹੋ।" ਨਿਹਾਲ ਸਿੰਘ ਨੇ ਕੁੰਡਾ ਖੋਲ੍ਹਿਆ। ਸ਼ੀਤਲ ਤਿੰਨ ਚਾਰ ਹਥਿਆਰਬੰਦ ਬੰਦਿਆਂ ਸਣੇ ਅੰਦਰ ਵੜ ਆਇਆ। ਫ਼ਤਹਿ ਬੁਲਾਣ ਤੋਂ ਬਾਦ ਸ਼ੀਤਲ ਨੇ ਆਖਿਆ, "ਭਾਪਾ ਜੀ, ਅਸੀਂ ਐੱਸ.ਪੀ. ਨੂੰ ਗੱਡੀ ਚੜ੍ਹਾ ਆਏ ਹਾਂ। ਇਸ ਨੇ ਅੱਤ ਚੁੱਕੀ ਹੋਈ ਸੀ। ਇਸ ਨੇ ਕਈ ਮੁੰਡਿਆਂ ਦਾ ਘਾਣ ਕੀਤਾ।" ਨਿਹਾਲ ਸਿੰਘ ਅਵਾਕ ਉਨ੍ਹਾਂ ਵੱਲ ਵੇਖਦਾ ਰਿਹਾ। ਚਾਹ ਦੀ ਪਿਆਲੀ ਪੀਣ ਤੋਂ ਬਾਦ ਉਹ ਫ਼ਤਹਿ ਬੁਲਾ ਹਨੇਰੇ ਵਿਚ ਅਲੋਪ ਹੋ ਗਏ।

ਹੁਣ ਨਿਹਾਲ ਸਿੰਘ ਦੇ ਨਿੱਤ ਛਾਪੇ ਪੈਣ ਲੱਗੇ। ਦੋਵਾਂ ਭਰਾਵਾਂ ਦੀ ਨਿਤ ਥਾਣੇ ਪੇਸ਼ੀ ਹੁੰਦੀ। ਜਿਥੋਂ ਤਕ ਨਿਹਾਲ ਸਿੰਘ ਦਾ ਅਸਰ ਰਸੂਖ ਸੀ ਉਹ ਥਾਣਿਓਂ ਛੁੱਟ ਜਾਂਦੇ। ਪਰ ਇਕ ਦਿਨ ਦੋਵਾਂ ਭਰਾਵਾਂ ਦੀ ਪੁਲਿਸ ਨੇ ਬੱਚਿਆਂ ਸਾਮ੍ਹਣੇ ਉਹ ਬੇਪਤੀ ਕੀਤੀ ਕਿ ਇਸ ਸਦਮੇ 'ਚੋਂ ਨਿਹਾਲ ਸਿੰਘ ਕਈ ਮਹੀਨੇ ਨਹੀਂ ਸੀ ਉੱਭਰ ਸਕਿਆ। ਕੀਰਤ ਨੇ ਥਾਣਿਓਂ ਛੁੱਟਦੇ ਸਾਰ ਹੀ ਮਨ ਬਣਾ ਲਿਆ ਕਿ ਹੁਣ ਇਹ ਧਰਤੀ ਰਹਿਣ ਜੋਗੀ ਨਹੀਂ। ਉਹ ਕੈਨੇਡਾ ਜਾਣ ਦੀਆਂ ਤਿਆਰੀਆਂ ਵਿਚ ਜੁਟ ਗਿਆ। ਉਹਨੇ ਭਰਾ 'ਤੇ ਜ਼ੋਰ ਪਾਇਆ ਅਤੇ ਆਪਣੇ ਹਿੱਸੇ ਦੀ ਜ਼ਮੀਨ ਵੇਚ ਲਈ ਅਤੇ ਕੁਝ ਹੀ ਮਹੀਨਿਆਂ ਬਾਦ ਉਹ ਕੈਨੇਡਾ ਚਲਾ ਗਿਆ। ਨਿਹਾਲ ਸਿੰਘ ਨੂੰ ਜਾਪਿਆ ਜਿਵੇਂ ਉਸਦੀ ਸੱਜੀ ਬਾਂਹ ਟੁੱਟ ਗਈ ਹੋਵੇ। ਪਹਿਲਾਂ ਪਹਿਲ ਕੀਰਤ ਉਹਨੂੰ ਫ਼ੋਨ ਕਰਦਾ ਰਹਿੰਦਾ ਪਰ ਹੌਲੀ-ਹੌਲੀ ਭਰਾ ਜਿਵੇਂ ਉਸਦੇ ਚੇਤਿਆਂ 'ਚੋਂ ਹੀ ਵਿਸਰ ਗਿਆ। ਇਧਰ ਸ਼ੀਤਲ ਦਾ ਨਾਂ ਪੂਰੇ ਦੇਸ ਵਿਚ ਫੈਲ ਚੁੱਕਾ ਸੀ। ਕਈ ਪੁਲਿਸ ਅਫ਼ਸਰ ਅਤੇ ਨੇਤਾ ਉਸ ਹੱਥੋਂ ਮਾਰੇ ਗਏ ਸੀ। ਹੁਣ ਕੋਈ ਦਿਨ ਐਸਾ ਨਾ ਹੁੰਦਾ ਜਦੋਂ ਪੁਲਿਸ ਨਿਹਾਲ ਸਿੰਘ ਦੇ ਛਾਪਾ ਨਾ ਮਾਰਦੀ ਅਤੇ ਮਾਂ-ਭੈਣ ਇਕ ਨਾ ਕਰਦੀ। ਫਿਰ ਇਕ ਦਿਨ ਖ਼ਬਰ ਆਈ ਕਿ ਸ਼ੀਤਲ ਪੁਲਿਸ ਮੁਕਾਬਲੇ ਵਿਚ ਮਾਰਿਆ ਗਿਆ ਹੈ। ਉਸਦੀ ਲਾਸ਼ ਜਦ ਉਨ੍ਹਾਂ ਦੇ ਪਿੰਡ ਪੁੱਜੀ ਤਾਂ ਇਕ ਜਨ ਸੈਲਾਬ ਉਮੜ ਆਇਆ। ਇਹ ਵੇਖ ਕੇ ਨਿਹਾਲ ਸਿੰਘ ਅਵਾਕ ਰਹਿ ਗਿਆ ਜਦੋਂ ਭਰਾ ਦੀ ਲੋਥ ਨੂੰ ਚਿਤਾ 'ਤੇ ਰੱਖਿਆ ਗਿਆ।

ਨਿਹਾਲ ਸਿੰਘ ਦੇ ਬੱਚੇ ਵੀ ਅੰਮ੍ਰਿਤਧਾਰੀ ਸਿੰਘ ਸਜ ਗਏ ਸਨ। ਜਦੋਂ ਤਕ ਪੰਜਾਬ ਦੀ ਹਵਾ ਬਦਲੀ, ਨਿਹਾਲ ਸਿੰਘ ਦੇ ਬੱਚੇ ਵੀ ਕਾਲਜਾਂ ਵਿਚ ਪੜ੍ਹਨ ਲਾਇਕ ਹੋ ਗਏ ਸਨ। ਉਸ ਦਾ ਵੱਡਾ ਮੁੰਡਾ ਪ੍ਰਭਜੋਤ ਜਲੰਧਰ ਇੰਜੀਨੀਅਰਿੰਗ ਕਾਲਜ ਵਿਚ ਦਾਖਲ ਹੋਇਆ ਤਾਂ ਨਿਹਾਲ ਸਿੰਘ ਨੂੰ ਸਕੂਨ ਜਿਹਾ ਆਇਆ। ਪ੍ਰਭਜੋਤ ਵੀ ਆਪਣੇ ਚਾਚੇ ਵਾਂਗੂੰ ਤਕੜਾ ਜੁਆਨ ਨਿਕਲਿਆ। ਕਈ ਵਾਰੀ ਤਾਂ ਨਿਹਾਲ ਸਿੰਘ ਨੂੰ ਪ੍ਰਭਜੋਤ ਵਿਚ ਸ਼ੀਤਲ ਦਾ ਝਾਵਲਾ ਪੈਂਦਾ। ਪ੍ਰਭਜੋਤ ਪੜ੍ਹਨ ਵਿਚ ਵੀ ਹੁਸ਼ਿਆਰ ਸੀ। ਉਹਨੇ ਦਸਵੀਂ ਅਤੇ ਬਾਰ੍ਹਵੀਂ ਚੰਗੇ ਨੰਬਰਾਂ ਨਾਲ ਪਾਸ ਕੀਤੀ ਸੀ। ਕਾਲਜ ਵਿਚ ਵੀ ਉਸਦੀ ਕਾਰਗੁਜ਼ਾਰੀ ਚੰਗੀ ਸੀ।

ਇਕ ਦਿਨ ਪ੍ਰਭਜੋਤ ਜਦੋਂ ਪਿੰਡ ਪਰਤਿਆ ਤਾਂ ਨਿਹਾਲ ਸਿੰਘ ਨੂੰ ਜਿਵੇਂ ਉਹਦੀ ਦਿਖ ਓਪਰੀ ਜਿਹੀ ਲੱਗੀ। ਉਹਨੇ ਪੱਗ ਤਾਂ ਬੱਧੀ ਸੀ ਪਰ ਕੇਸ ਕਤਲ ਕਰ ਦਿੱਤੇ ਸਨ। ਦਾੜ੍ਹੀ ਕੁਤਰ ਦਿੱਤੀ ਸੀ। ਨਿਹਾਲ ਸਿੰਘ ਨੂੰ ਜਿਵੇਂ ਯਕੀਨ ਨਹੀਂ ਸੀ ਆਇਆ। ਉਹ ਸੋਚਣ ਲੱਗਾ— ਮੈਂ ਉਹਨੂੰ ਆਖਾਂ ਤੇ ਕੀ ਆਖਾਂ। ਹੁਣ ਪ੍ਰਭਜੋਤ ਦਾ ਖਰਚਾ ਵੀ ਵਧ ਗਿਆ ਸੀ। ਉਹ ਜਦ ਵੀ ਪਿੰਡ ਆਉਂਦਾ ਤਾਂ ਆਨੀ-ਬਹਾਨੀਂ ਮਾਂ ਪਿਉ ਕੋਲੋਂ ਪੈਸੇ ਲੈ ਜਾਂਦਾ। ਉਹਦੇ ਸਰੀਰ ਵਿਚ ਵੀ ਨਿਘਾਰ ਆਣ ਲੱਗ ਪਿਆ ਸੀ। ਜਦੋਂ ਰਾਜ਼ ਖੁੱਲ੍ਹਿਆ ਤਾਂ ਪਤਾ ਲੱਗਾ ਪ੍ਰਭਜੋਤ ਚਿੱਟੇ ਦਾ ਆਦੀ ਹੋ ਗਿਆ ਸੀ। ਪੰਜਾਬ ਦੇ ਕਾਲਜਾਂ ਹੋਸਟਲਾਂ ਵਿਚ ਚਿੱਟਾ ਮਿਲਣਾ ਆਮ ਹੋ ਗਿਆ ਸੀ। ਫਿਰ ਇਕ ਦਿਨ ਪ੍ਰਭਜੋਤ ਕਾਲਜ ਦੇ ਹੋਸਟਲ ਵਿਚ ਲਾਸ਼ ਬਣ ਮਿਲਿਆ। ਡਾਕਟਰਾਂ ਦਾ ਕਹਿਣਾ ਸੀ ਕਿ ਪ੍ਰਭਜੋਤ ਨਸ਼ੇ ਦੇ ਵਾਧੂ ਸੇਵਨ ਕਾਰਨ ਮਰਿਆ ਹੈ।

ਫਿਰ ਇਸ ਚਿੱਟੇ ਨੇ ਦੈਂਤ ਦਾ ਰੂਪ ਧਾਰਨ ਕਰ ਲਿਆ। ਇਹ ਸ਼ਹਿਰਾਂ ਤੋਂ ਪਿੰਡਾਂ ਤਕ ਪੁੱਜ ਗਿਆ। ਇਹਨੇ ਮੁੰਡੇ ਅਤੇ ਕੁੜੀਆਂ ਨੂੰ ਆਪਣੀ ਲਪੇਟ ਵਿਚ ਲੈ ਲਿਆ। ਹਰਨਾਮ ਸਿੰਘ ਦੀ ਕੁੜੀ ਦਾ ਇੰਟਰਵਿਊ ਵੇਖ ਕੇ ਦਿਲ ਦਹਿਲ ਗਿਆ। ਉਹਨੇ ਦੱਸਿਆ ਕਿ ਉਹ ਇਕ ਕਰੋੜ ਦਾ ਚਿੱਟਾ ਪੀ ਗਈ। ਪਿਉ ਦੀ ਸਾਰੀ ਜਾਇਦਾਦ ਵੇਚ ਜਦ ਤਲਬ ਨਾ ਮਿਟੀ ਤਾਂ ਉਹ ਦੇਹ ਦਾ ਧੰਦਾ ਕਰਨ ਲੱਗ ਪਈ। ਕੁਝ ਦਿਨ ਪਹਿਲਾਂ ਉਸ ਦਾ ਦੇਹਾਂਤ ਹੋ ਗਿਆ ਤਾਂ ਜਾ ਕੇ ਉਸਦੀ ਜਾਨ ਛੁੱਟੀ। "ਆਖ਼ਰ ਐਨੇ ਪੱਧਰ 'ਤੇ ਇਸ ਦਾ ਵਪਾਰ ਹੋ ਰਿਹਾ ਹੈ, ਇਸ ਦੇ ਵਿਉਪਾਰੀ ਫੜੇ ਕਿਉਂ ਨਹੀਂ ਜਾਂਦੇ।" ਨਿਹਾਲ ਸਿੰਘ ਦੇ ਮੂੰਹੋਂ ਆਪ ਮੁਹਾਰੇ ਨਿਕਲਿਆ।

"ਕਿਨ੍ਹਾਂ ਦੀ ਗੱਲ ਕਰਦਾ ਏਂ ਚਾਚਾ?"

"ਪੁੱਤ ਇਨ੍ਹਾਂ ਮੌਤ ਦੇ ਵਿਉਪਾਰੀਆਂ ਦੀ ਤੇ ਹੋਰ ਕਿਨ੍ਹਾਂ ਦੀ?"

"ਚਾਚਾ, ਜਿਨ੍ਹਾਂ ਕਾਤਲਾਂ ਦੀ ਪਿੱਠ ਪਿੱਛੇ ਸਰਕਾਰਾਂ ਹੋਣ ਭਲਾ, ਉਨ੍ਹਾਂ ਨੂੰ ਕੌਣ ਫੜੇ।"

"ਪੁੱਤ ਕਾਤਲ ਨੂੰ ਕਾਤਲ ਨੇ ਕੀ ਫੜਨਾ।"

ਸ਼ੀਤਲ ਦੀ ਮੌਤ ਤੋਂ ਬਾਅਦ ਨਿਹਾਲ ਸਿੰਘ ਦੀ ਪਤਨੀ ਬਿਮਾਰ ਰਹਿਣ ਲੱਗ ਪਈ ਸੀ। ਉਹ ਤਾਂ ਸ਼ੀਤਲ ਨੂੰ ਆਪਣਾ ਜੇਠਾ ਪੁੱਤ ਸਮਝਦੀ ਸੀ। ਜਦੋਂ ਉਹ ਵਿਆਹ ਕੇ ਆਈ ਸੀ ਤਾਂ ਸ਼ੀਤਲ ਉਦੋਂ ਮਸਾਂ ਤਿੰਨ ਚਾਰ ਸਾਲ ਦਾ ਸੀ। ਸ਼ੀਤਲ ਉਦੋਂ ਉਸਦੀ ਝੋਲੀ ਵਿਚ ਬੈਠਿਆ ਸੀ। ਹੁਣ ਪੁੱਤਰ ਦੀ ਮੌਤ ਨੇ ਉਹਨੂੰ ਮਰਨ ਕਿਨਾਰੇ ਖੜ੍ਹਾ ਕਰ ਦਿੱਤਾ। ਪੁੱਤ ਦੀ ਮੌਤ ਤੋਂ ਬਾਦ ਛੇ ਕੁ ਮਹੀਨੇ ਪਿੱਛੋਂ ਉਸਦੀ ਵੀ ਮੌਤ ਹੋ ਗਈ। ਨਿਹਾਲ ਸਿੰਘ ਜਿਵੇਂ ਬਿਖਰ ਕੇ ਰਹਿ ਗਿਆ। ਹੁਣ ਉਹਦਾ ਛੋਟਾ ਪੁੱਤਰ ਹਰਪ੍ਰੀਤ ਤੇ ਉਹ ਘਰ ਵਿਚ ਰਹਿ ਗਏ। ਸਰਫੀ ਲਾਲ, ਜੋ ਉਨ੍ਹਾਂ ਦੀ ਖੇਤੀ ਸੰਭਾਲਦਾ ਸੀ, ਹੁਣ ਘਰ ਹੀ ਆਣ ਟਿਕਿਆ। ਉਹਦੀ ਪਤਨੀ ਨੇ ਨਿਹਾਲ ਸਿੰਘ ਦੀ ਰਸੋਈ ਸੰਭਾਲ ਲਈ।

ਚਿੱਟਾ ਪਿੰਡ ਦੇ ਹਰ ਘਰ ਵਿਚ ਪੁੱਜ ਗਿਆ। ਪਹਿਲਾਂ ਕਿਤੇ-ਕਿਤੇ ਮਿਲਦਾ ਸੀ, ਹੁਣ ਘਰ-ਘਰ ਮਿਲਣ ਲੱਗ ਪਿਆ ਹੈ। ਹੁਣ ਹਰ ਆਏ ਦਿਨ ਪਿੰਡ ਦੀਆਂ ਗਲੀਆਂ ਵਿਚ ਖੇਤਾਂ ਵਿਚ ਨੌਜੁਆਨਾਂ ਦੀਆਂ ਲਾਸ਼ਾਂ ਮਿਲਦੀਆਂ।

ਨਿਹਾਲ ਸਿੰਘ ਆਪਣੇ ਵੇਹੜੇ ਵਿਚ ਅਲਾਣੀ ਮੰਜੀ 'ਤੇ ਆਣ ਪਿਆ। ਹਨੇਰਾ ਲੱਥ ਆਇਆ ਸੀ। ਬੱਦਲ ਹੋਰ ਗੂੜ੍ਹੇ ਹੋ ਗਏ ਸੀ।

ਕਵਿਤਾ : *ਜਸਵੀਰ ਸਿੰਘ ਸ਼ਾਇਰ*

ਹੁਣ ਤਾਂ

ਹੁਣ ਤਾਂ ਸਭ ਕੁਝ
ਬੇਹਾ ਬੇਹਾ
ਬਿਨ ਮਤਲਬ ਹੀ ਲਗਦਾ ਹੈ
ਤੇਰਾ ਮਿਲਣਾ ਤੇ ਮਨ ਪਰਚਾਉਣਾ
ਸਭ ਮਕਤਲ ਹੀ ਲਗਦਾ ਹੈ।

ਚੁੱਪ ਦਾ ਫਾਹਾ
ਲੱਗਣ ਮਗਰੋਂ ਬੋਲਾਂ ਕੀ ?
ਕੂਕੇ ਕੋਇਲ ਵਿਚ ਉਜਾੜਾਂ
ਹੁਣ ਜੋ ਹੋਣਾ
ਸਭ ਨਿਸ਼ਚਿਤ ਹੀ ਲਗਦਾ ਹੈ।

ਘਰ ਦੀ ਰੋਟੀ
ਘਰ ਦਾ ਵਿਹੜਾ
ਯਾਦਾਂ ਵਿਚ ਹੀ ਰਹਿ ਗਏ ਨੇ
ਮੈਂ ਮੁਸਾਫ਼ਿਰ
ਠਹਿਰ ਨਾ ਕੋਈ
ਲਿਖਿਆ ਮਸਤਕ ਲੱਗਦਾ ਹੈ
•

ਮੋਬਾ. 77430-29901

ਫਿਰ ਗਰਦੋ-ਗੁਬਾਰ ਦੀ ਐਸੀ ਹਨੇਰੀ ਚੱਲੀ ਕਿ ਰਹਿ ਨਾਮ ਸਾਂਈਂ ਦਾ। ਬੂਟਿਆਂ ਦੇ ਟਾਹਣ ਟੁੱਟ-ਟੁੱਟ ਪੈਣ ਲੱਗੇ। ਸਰਫੀ ਨੇ ਆਣ ਕੇ ਆਖਿਆ, "ਸਰਦਾਰ ਜੀ ਇਥੇ ਕਿੱਥੇ ਲੈਟੇ ਹੈਗਿਓ। ਦੇਖਦੇ ਨੀ ਕਿੰਨਾ ਮਾਰੂ ਝੱਖੜ ਝੁਲ ਰਿਹਾ ਹੈਗਾ। ਅੰਦਰ ਜਾ ਕੇ ਲੇਟੋ।"

"ਬਸ ਅੰਦਰ ਜਾਣ ਨੂੰ ਦਿਲ ਨੀ ਕਰਦਾ ਸਰਫੀ।" ਐਨੇ ਨੂੰ ਗੁਰਦੁਆਰੇ ਦੇ ਸਪੀਕਰ ਤੋਂ ਐਲਾਨ ਹੋਇਆ, "ਸਾਧ ਸੰਗਤ ਜੀ, ਪਿੰਡ ਦੇ ਬਾਹਰਵਾਰ ਕੂੜੇ ਦੇ ਢੇਰ 'ਤੇ ਕਿਸੇ ਦੀ ਲਾਸ਼ ਪਈ ਹੋਈ ਹੈ। ਝੱਖੜ ਕਾਰਨ ਉਸਦੀ ਪਛਾਣ ਨਹੀਂ ਹੋ ਰਹੀ।" ਫਿਰ ਲੋਕੀ ਮੋਬਾਇਲ ਦੀਆਂ ਟਾਰਚਾਂ ਬਾਲ ਬਾਲ ਉਧਰ ਨੂੰ ਤੁਰ ਪਏ।

ਸਰਫੀ ਨੇ ਆਣ ਕੇ ਦੱਸਿਆ, "ਸਰਦਾਰ ਜੀ, ਉਥੇ ਜੋ ਲਾਸ਼ ਕੂੜੇ ਦੇ ਢੇਰ 'ਤੇ ਪਈ ਹੈਗੀ ਆ, ਉਹ ਤਾਂ ਆਪਣੇ ਹਰਪ੍ਰੀਤ ਦੀ ਹੈਗੀ ਆ।" ਨਿਹਾਲ ਸਿੰਘ ਨੂੰ ਜਾਪਿਆ ਜਿਵੇਂ ਸਾਰਾ ਅੰਬਰ ਟੁੱਟ ਕੇ ਉਹਦੇ ਉਪਰ ਆ ਡਿੱਗਿਆ ਹੋਵੇ। ਉਹ ਚੀਖਦਾ ਹੋਇਆ ਬਾਹਰ ਵੱਲ ਨੂੰ ਭੱਜਿਆ।

"ਲੋਕੋ ਮੈਂ ਔਂਤ...ਮੈਂ...ਔਂਤ...ਮੇਰੇ ਮੂੰਹ ਨਾ ਲੱਗਿਓ...।"

*

ਮੋਬਾ. 9858477296

ਕਵਿਤਾ : *ਮਨਮੋਹਨ ਸਿੰਘ ਦਾਊਂ*

ਸੁਲਗਦੇ ਹੁਸਨ ਦੀ ਉਡੀਕ—ਉਰਮਲਾ

ਪੁੱਤਰ ਰਾਮ ਨੂੰ ਮਹਿਲਾਂ 'ਚੋਂ ਹੁਕਮ ਹੋਇਆ
ਪਿਤਾ ਦਸਰਥ ਦਾ
ਬਾਰਾਂ ਵਰ੍ਹਿਆਂ ਦੇ ਬਣਵਾਸ ਲਈ
ਮਾਂ ਪੁੱਤਰਾਂ ਦਾ ਵਿਛੋੜਾ ਕਿਵੇਂ ਝੱਲੇਗੀ, ਮਾਂ ਹੀ ਜਾਣੇ।

ਪਿਤਾ ਦੇ ਹੁਕਮ ਅੱਗੇ ਸਿਰ ਝੁਕਾਅ ਤੁਰ ਪਿਆ ਰਾਮ ਚੰਦਰ
ਮਹਿਲਾਂ ਨੂੰ ਅਲਵਿਦਾ ਦੀ ਤੱਕਣੀ ਭਰ
ਨਾਲ ਤੁਰ ਪਈ ਸੀਤਾ ਸੰਕਟਾਂ ਦੀ ਸਾੜ੍ਹੀ ਪਹਿਨ
ਪਤੀ-ਪ੍ਰਭੂ ਦੀ ਲਾਜ ਪਾਲਣ।

ਨਾਲ ਖਲੋਤਾ ਸਜ਼ਾ-ਰਹਿਤ ਲਛਮਣ
ਭਰਾ ਦੀ ਮੁਹੱਬਤ ਲਈ ਧਨੁੰਸ਼ ਬਣ
ਪਰਛਾਵੇਂ ਦੇ ਵਾਂਗ ਹੋ ਤੁਰਿਆ ਅੰਗ-ਸੰਗ
ਪਿੱਛੇ—
ਮਹਿਲਾਂ ਦੀ ਮਮਟੀ ਨੂੰ ਉਰਮਿਲਾ ਜਿਗਰ ਦਾ ਆਸਰਾ ਦੇ
ਗੁੰਮ-ਸੁੰਮ ਸ਼ਾਂਤ ਸਮੁੰਦ ਵਾਂਗੂ
ਹੰਝੂ ਡਿੱਗਣ ਤੋਂ ਸਾਂਭਦੀ ਨੈਣੀਂ ਖੜੋਤੀ ਰਹੀ ਲਾਟ ਵਾਂਗੂ।

ਬੜਾ ਮੁਸ਼ਕਲ ਹੁੰਦਾ ਹੈ ਸੰਵੇਦਨਾ ਦਾ ਪੱਥਰ ਬਣਨਾ
ਪਿਆਰੇ ਲਛਮਣ ਨੂੰ ਕਿੰਝ ਤੱਕੇ, ਕਿੰਝ ਹੋੜੇ
ਸਮਿਆਂ ਦੀਆਂ ਬੰਦਸ਼ਾਂ ਨੂੰ ਕਿੰਝ ਤੋੜੇ
ਇਹ ਕਿਹੋ ਜਿਹਾ ਹੁਕਮ ਦਰਬਾਰੀ
ਮਨ-ਪਿੰਡੇ 'ਤੇ ਸਜ਼ਾ ਉਰਮਿਲਾ ਭੋਗੇ
ਵਿਛੋੜੇ ਦਾ ਸੱਲ ਬੜਾ ਲੰਮਾ
ਉਸ ਲਈ ਇਤਿਹਾਸ ਦਾ ਪੰਨਾ ਵੀ ਚੁੱਪ ਨਾ ਤੋੜੇ।

ਇਕੱਲਤਾ, ਵਿਗੋਚੇ ਤੇ ਵਿਛੋੜੇ ਲਈ
ਕੋਈ ਅੱਖਰ ਵੀ ਲਿਖਤ ਦੀ ਬਾਤ ਨਾ ਪਾਵੇ
ਵਿਡੰਬਨਾ ਦੀ ਸਿੱਲ ਬਣੀ ਉਰਮਿਲਾ ਨੂੰ
ਕੋਈ ਤਾਂ ਧੀਰਜ ਦੇਵੇ, ਧਰਵਾਸ ਦੇਵੇ
ਇਸ ਸੰਤਾਪ ਦੇ ਲੇਖਾਂ ਦਾ ਮੁੱਲ ਕੌਣ ਮੋੜੇ।

ਇਹ ਕੇਹਾ ਰਿਸ਼ਤਾ ਆਦਮ ਦਾ
ਹਰ ਯੁੱਗ 'ਚ ਔਰਤ ਸਜ਼ਾ ਭੋਗੇ
ਉਰਮਿਲਾ ਦਾ ਸੁਲਗਦਾ ਹੁਸਨ
ਉਮਰਾਂ ਦੀ ਦਹਿਲੀਜ਼ 'ਤੇ ਖੜੋਤਾ
ਅਜੇ ਵੀ ਲਛਮਣ ਦੀ ਉਡੀਕ ਕਰ ਰਿਹਾ ਹੈ
•

ਮੋਬਾ. 98151-23960



ਸ਼ਬਦ ਚਿੱਤਰ

ਅਮਰਜੀਤ ਸਿੰਘ ਮਾਨ

ਚੇਤਿਆਂ 'ਚ ਵਸਿਆ ਸੀਰੀ : ਦਰਸ਼ਨ ਚਾਚਾ

"ਵਗਿਆ...ਵਗਿਆ...ਮੂਹਰਿਓਂ ਮੈਂ ਮੋੜਦਾਂ!"

ਚਾਰ ਕੁ ਓਰੇ ਲੈ ਕੇ ਸਭ ਤੋਂ ਮਗਰ ਰੁੜ੍ਹੇ ਆਉਂਦੇ ਨੂੰ ਚਾਚੇ ਨੇ ਮੈਨੂੰ ਹੌਸਲਾ ਦਿੱਤਾ ਸੀ।

"ਦੇਖੀਂ, ਪਹਿਲਾਂ ਲਗੂ ਤੇਰੀ ਪਾਂਤ।"

ਉਸਦੀ ਗੱਲ ਸੁਣ ਕੇ ਦਾਤੀ ਨੂੰ ਪਏ ਮੇਰੇ ਹੱਥ ਕਰੜੇ ਹੋ ਗਏ। ਮੇਰੇ 'ਚ ਹਿੰਮਤ ਆ ਗਈ ਤੇ ਚਾਚੇ ਨੇ ਆਵਦੀ ਪਾਂਤ ਲਾ ਕੇ ਮੇਰੀ ਪਾਂਤ ਅੱਗਿਓਂ ਮੋੜ ਦਿੱਤੀ ਸੀ।

"ਦੇਖਿਆ...ਐਵੇਂ ਨਾ ਦੱਬੀ ਜੇ ਜਾਇਆ ਕਰ। ਹੋ ਚੱਲਿਆਂ ਗੱਭਰੂ ਸੁਖ ਨਾਲ।" ਦਾਤੀ ਸਾਂਭ ਕੇ ਖੜ੍ਹੇ ਹੁੰਦੇ ਚਾਚੇ ਨੇ ਮੇਰੇ ਮੋਢੇ ਥਾਪੜੇ ਸੀ। ਬਾਪੂ ਤੇ ਤਿੰਨ ਹੋਰ ਕਾਮਿਆਂ ਕੋਲ ਅਜੇ ਡੇਢ ਕਰਮ ਪਾਂਤ ਕਣਕ ਵੱਢਣ ਖੁਣੋਂ ਖੜ੍ਹੀ ਸੀ। ਮੈਨੂੰ ਤੇ ਚਾਚੇ ਨੂੰ ਪਹਿਲਾਂ ਪਾਂਤ ਲਾਈ ਦੇਖ ਬਾਪੂ ਦੇ ਚਿਹਰੇ 'ਤੇ ਮੁਸਕਰਾਹਟ ਫੈਲ ਗਈ ਸੀ।

ਮੇਰੇ ਬਚਪਨ ਵੇਲੇ ਦੀਆਂ ਗੱਲਾਂ ਨੇ ਇਹ। ਜਦੋਂ ਦਰਸ਼ਨ ਸਾਡੇ ਨਾਲ ਸੀਰੀ ਹੁੰਦਾ ਸੀ। ਉਦੋਂ ਹਜੇ ਉੱਕਣ ਪੁੱਕੇ ਠੇਕੇ 'ਤੇ ਨੌਕਰ ਰੱਖਣ ਦੀ ਪਿਰਤ ਨਹੀਂ ਚੱਲੀ ਸੀ। ਕਾਮੇ ਨੂੰ ਸੀਰ 'ਤੇ ਰੱਖਿਆ ਜਾਂਦਾ ਸੀ ਤੇ ਉਸ ਨੂੰ ਸੀਰੀ ਕਹਿੰਦੇ ਸੀ। ਜ਼ਿਮੀਂਦਾਰ ਪਰਿਵਾਰ ਦੇ ਮੈਂਬਰਾਂ ਦੀ ਗਿਣਤੀ ਦੇ ਹਿਸਾਬ ਹਿੱਸੇ ਬਣਾਏ ਜਾਂਦੇ। ਮਰਦ ਮੈਂਬਰ ਚਾਹੇ ਕੱਲ੍ਹ ਦਾ ਜੰਮਿਆ ਨਿਆਣਾ ਹੀ ਕਿਉਂ ਨਾ ਹੋਵੇ ਤੇ ਭਾਵੇਂ ਮੰਜੇ ਉੱਤੇ ਬਿਮਾਰ ਪਿਆ ਆਹਰੀ ਬਜ਼ੁਰਗ। ਅਗਲਾ ਹਿੱਸਾ ਹਾਲੀ ਪਸ਼ੂਆਂ ਦਾ ਹੁੰਦਾ। ਬਲਦਾਂ ਦੀ ਜੋੜੀ ਜਾਂ ਬੋਤੇ ਦੇ ਦੋ ਹਿੱਸੇ। ਜੇ ਕਿਸੇ ਕੋਲ ਟਰੈਕਟਰ ਹੋਵੇ, ਉਹਦੇ ਚਾਰ ਹਿੱਸੇ।

ਦਰਸ਼ਨ ਸਾਡੇ ਨਾਲ ਅੱਠਵੇਂ ਹਿੱਸੇ ਦਾ ਸੀਰੀ ਹੁੰਦਾ ਸੀ। ਜਿੰਨੀ ਜਿਣਸ ਹੁੰਦੀ, ਉਸ ਵਿਚੋਂ ਅੱਠਵਾਂ ਹਿੱਸਾ ਆਮਦਨ ਉਸਦੀ ਹੁੰਦੀ। ਰੋਟੀ ਟੁੱਕ ਦਾ ਖਰਚਾ, ਜੱਟ ਤੇ ਸੀਰੀ ਦਾ ਆਪੋ ਆਪਣਾ। ਖੇਤ ਕੰਮ ਕਰਦਿਆਂ ਦੀ ਰੋਟੀ ਦੋ ਘਰਾਂ ਤੋਂ ਜਾਂਦੀ। ਸੀਰਨ, ਤਾਈ ਸੀਤੋ ਆਪਣੇ ਘਰੋਂ ਭੱਤਾ ਲੈ ਕੇ ਜਾਂਦੀ ਤੇ ਐਧਰੋਂ ਮਾਂ ਸਾਡੇ ਬਾਪੂ ਤੇ ਹੋਰ ਮਜ਼ਦੂਰਾਂ ਦਾ। ਤੁਰੀਆਂ ਭਾਵੇਂ 'ਕੱਠੀਆਂ ਈ ਜਾਂਦੀਆਂ ਤੇ ਖੇਤ ਵਿਚ ਦੋਵੇਂ ਰਲਿਆ ਮਿਲਿਆ ਖਾਣਾ ਖਾ ਲੈਂਦੇ। ਕੋਈ ਜਾਤ ਪਾਤ ਦੀ ਨਿੰਦ ਵਿਚਾਰ ਬਾਪੂ ਨਹੀਂ ਕਰਦਾ ਸੀ।

ਦਰਸ਼ਨ ਕੱਦ ਦਾ ਨਾ ਬਹੁਤਾ ਲੰਬਾ ਸੀ, ਨਾ ਬਹੁਤਾ ਮਧਰਾ। ਸਮੱਧਰ ਜੇਹਾ ਸੀ। ਗਠੀਲਾ ਸਰੀਰ। ਕਿਰਤੀ ਬੰਦੇ ਨੂੰ ਸਰੀਰ ਗੁੰਦਵਾਂ ਕਰਨ ਲਈ ਕਿਸੇ ਖ਼ਾਸ ਕਸਰਤ ਦੀ ਲੋੜ ਨਹੀਂ ਹੁੰਦੀ। ਖਾਲਾਂ ਵੱਟਾਂ ਸਮਾਰਨ ਲਈ ਬਾਇਸ਼ਿਪ ਤੇ ਟਰਾਇਸ਼ਿਪ ਬਣਦੇ ਰਹਿੰਦੇ ਨੇ। ਹੱਥੀਂ ਟੋਕਾ ਕੁਤਰਨ ਨਾਲ ਪੁੜ ਵਰਗੀ ਛਾਤੀ ਤੇ ਫੋਰ ਪੈਕ ਤੇ ਸਿਕਸ ਪੈਕ ਐਬਸ ਆਪਣੇ ਆਪ ਈ ਬਣਦੇ ਰਹਿੰਦੇ ਸੀ। ਪੱਬਾਂ ਭਾਰ ਹੋ ਕੇ ਕਣਕ ਜਾਂ ਪੱਠੇ ਵੱਢਣ ਨਾਲ ਖੁੱਚਾਂ ਦੇ ਪੱਟਾਂ ਦੀਆਂ ਮਛਲੀਆਂ ਬਣ ਜਾਂਦੀਆਂ। ਇਨ੍ਹਾਂ ਚੀਜ਼ਾਂ ਲਈ ਦੁੱਧ ਘਿਓ ਜਿਹੀਆਂ ਖੁਰਾਕਾਂ ਦੀ ਲੋੜ ਹੁੰਦੀ ਹੈ, ਜਿਨ੍ਹਾਂ ਦਾ ਸਾਡੇ ਘਰ ਜਾਂ ਦਰਸ਼ਨ ਦੇ ਘਰ ਕੋਈ ਘਾਟਾ ਨਹੀਂ ਸੀ।

ਦਰਸ਼ਨ, ਬਾਪੂ ਤੋਂ ਉਮਰ 'ਚ ਕੁਝ ਸਾਲ ਵੱਡਾ ਸੀ। ਫੇਰ ਵੀ ਉਹ ਸਾਡਾ ਚਾਚਾ ਸੀ ਤੇ ਉਹਦੀ ਘਰਵਾਲੀ ਸਾਡੀ ਤਾਈ। ਅਜੀਬ ਗੱਲ ਸੀ। ਜੋ ਸਾਡੀ ਸਮਝ 'ਚ ਨਹੀਂ ਸੀ ਆਉਂਦੀ। ਦਰਸ਼ਨ ਦੀਆਂ ਕੁੜੀਆਂ ਵੀ ਸਾਡੇ ਬਾਪੂ ਨੂੰ ਚਾਚਾ ਕਹਿੰਦੀਆਂ ਤੇ ਦੋਵੇਂ ਜੱਟ ਤੇ ਸੀਰੀ 'ਚ ਭਾਈਆਂ ਵਰਗਾ ਪਿਆਰ ਸੀ।

ਸਾਡੇ ਮੰਡੀ ਵਾਲੇ ਖੇਤ ਦੇ ਨਾਲ ਵੇਅਰ ਹਾਊਸ ਦੇ ਗੁਦਾਮ ਲੱਗਦੇ ਸਨ। ਮੰਡੀ ਵਾਲਾ ਖੇਤ ਹੋਣ ਕਾਰਨ ਸ਼ਹਿਰ ਵਿਚੋਂ ਅਵਾਰਾ ਪਸ਼ੂ ਤੇ ਸੂਰ ਫ਼ਸਲਾਂ ਦਾ ਬਹੁਤ ਉਜਾੜਾ ਕਰਦੇ। ਰਾਖੀ ਲਈ ਸਾਡਾ ਬਾਬਾ ਸਾਰਾ ਦਿਨ ਉਥੇ ਰਹਿੰਦਾ। ਉਥੇ ਰਹਿੰਦਿਆਂ ਗੁਦਾਮ ਦੇ ਚੌਕੀਦਾਰਾਂ ਤੇ ਹੋਰ ਮੁਲਾਜਮਾਂ ਨਾਲ ਉਹਦੀ ਚੰਗੀ ਬਣਦੀ ਸੀ।

ਮੈਨੂੰ ਯਾਦ ਹੈ, ਜਦੋਂ ਗੁਦਾਮ ਦੇ ਨਵੇਂ ਆਏ ਮੈਨੇਜਰ ਨੇ ਬਾਬੇ ਨੂੰ ਹਿੰਦੀ 'ਚ ਪੁੱਛਿਆ ਸੀ, "ਬਾਬਾ ਜੀ, ਦੋ ਲੜਕੇ ਹੈਂ ਆਪ ਕੇ?"

"ਨਾ ਜੀ, ਮੁੰਡਾ ਤਾਂ ਇਕੋ ਈ ਆ। ਉਹ ਮੂੰਗੀਆ ਸਾਫ਼ੇ ਵਾਲਾ।" ਨਰਮੇ ਦੀ ਗੁਡਾਈ ਕਰਦਿਆਂ ਵੱਲ ਇਸ਼ਾਰਾ ਕਰਦਾ ਬਾਬਾ ਪੰਜਾਬੀ ਬੋਲਿਆ ਸੀ।

"ਔਰ ਵੋਹ ਚੈੱਕ ਪਗੜੀ ਵਾਲਾ ਬੇਟਾ ਨਹੀਂ ਆਪਕਾ?"

"ਨਾ ਜੀ, ਉਹ ਤਾਂ ਸੀਰੀ ਆ ਸਾਡਾ।"

"ਸੀਰੀ...!" ਹੈਰਾਨ ਹੋਏ ਮੈਨੇਜਰ ਦਾ ਚਿਹਰਾ ਸੁੰਗੜ ਗਿਆ। ਉਸ ਨੂੰ ਗੱਲ ਸਮਝ ਨਹੀਂ ਆਈ ਸੀ।

"ਉਹ ਜੀ ਨੌਕਰ ਆ!" ਕੋਲ ਬੈਠਾ ਚੌਂਕੀਦਾਰ ਬੋਲਿਆ ਸੀ।

"ਓਹ ਰੀਅਲੀ...ਮੈਨੇ ਤੋਂ ਸਮਝਾ ਦੋਨੋਂ ਆਪ ਕੇ ਲੜਕੇ ਹੈਂ!" ਮੈਨੇਜਰ ਨੂੰ ਮਸਾਂ ਯਕੀਨ ਆਇਆ ਸੀ।

ਮੈਂ ਤੇ ਬਾਬਾ ਇਕ ਦੂਜੇ ਵੱਲ ਦੇਖ ਕੇ ਮੁਸਕਰਾ ਪਏ ਸੀ।

ਦਰਸ਼ਨ ਬਲਦਾਂ ਦਾ ਹਾਲੀ ਸੀ। ਬੱਗੇ ਤੇ ਸਾਵੇ ਨੂੰ ਉਹ ਆਪਣੇ ਬੱਚਿਆਂ ਵਾਂਗ ਪਿਆਰ ਕਰਦਾ। ਜਦੋਂ ਸਵੇਰੇ ਉਹ ਆਵਦੇ ਘਰੋਂ ਆਉਂਦਾ, ਸਭ ਤੋਂ ਪਹਿਲਾਂ ਉਹ ਬਲਦਾਂ ਦੀ ਕੰਡ ਉੱਤੇ ਹੱਥ ਫੇਰਦਾ। ਉਨ੍ਹਾਂ ਦੀਆਂ ਬੂਥਾਂ ਨੂੰ ਸਹਿਲਾਉਂਦਾ। ਫੇਰ ਮੋਟਾ-ਸੋਟਾ ਖਰਖਰਾ ਫੇਰਦਾ। ਖੁਰਲੀ 'ਚ ਹੱਥ ਮਾਰਦਾ। ਮਾਂ ਤੋਂ ਰਾਤ ਵਾਲੀਆਂ ਬਚੀਆਂ ਬੇਹੀਆਂ ਰੋਟੀਆਂ ਫੜ ਕੇ ਉਨ੍ਹਾਂ ਨੂੰ ਹੱਥੀਂ ਚਾਰਦਾ। ਬੇਜ਼ੁਬਾਨ ਗਊ ਦੇ ਜਾਇਆਂ ਨੂੰ ਵੀ ਜਿਵੇਂ ਉਸਦੀ ਪੈੜਚਾਲ ਦੀ

ਪਹਿਚਾਣ ਸੀ। ਉਸਦੇ ਗੇਟੋਂ ਅੰਦਰ ਹੁੰਦਿਆਂ ਹੀ ਉਹ ਆਪਣੀਆਂ ਖੁਰਲੀਆਂ 'ਤੇ ਖੜ੍ਹੇ ਹੋ ਜਾਂਦੇ।

ਫੇਰ ਉਹ ਚਾਹ ਪੀਂਦਿਆਂ ਹੀ ਗੱਡਾ ਜੋੜ ਖੇਤਾਂ ਵੱਲ ਤੁਰ ਪੈਂਦਾ। ਖੇਤ ਜੋ ਵੀ ਕੰਮ ਕਰਨਾ ਹੁੰਦਾ, ਉਸ ਬਾਰੇ ਬਾਪੂ ਨਾਲ ਇਕ ਦਿਨ ਪਹਿਲਾਂ ਹੀ ਵਿਉਂਤ ਬਣੀ ਹੁੰਦੀ ਸੀ।

ਇਕ ਵਾਰ ਦਰਸ਼ਨ ਨੇ ਨੇੜਰੇ ਹਲ਼ ਜੋੜਿਆ ਹੋਇਆ ਸੀ। ਨਰਮਾ ਬੀਜਣ ਦੀ ਤਿਆਰੀ ਚਲਦੀ ਸੀ। ਬਾਪੂ ਤੇ ਇਕ ਹੋਰ ਕਾਮਾ ਉਤਲੇ ਕੰਮਕਾਰ ਕਰਦੇ ਸੀ। ਸਵੇਰੇ ਰੋਟੀ ਲੈ ਜਾਣ ਸਮੇਂ ਮਾਂ ਨੂੰ ਕੋਈ ਹੋਰ ਕੰਮ ਹੋ ਗਿਆ। ਉਸਨੇ ਰੋਟੀ, ਚਟਣੀ ਤੇ ਰਾਇਤੇ ਵਾਲਾ ਡੱਬਾ ਅਤੇ ਲੱਸੀ ਵਾਲਾ ਡੋਲੂ ਮੈਨੂੰ ਫੜਾ ਕੇ ਸੀਤੋ ਤਾਈ ਨਾਲ ਤੋਰ ਦਿੱਤਾ।

ਹਾਲੇ ਮੈਂ ਕਾਫ਼ੀ ਨਿਆਣਾ ਸੀ।

"ਆ ਜਾ...ਆ ਜਾ।" ਵਾਹੇ ਹੋਏ ਖੇਤ 'ਤੇ ਸੁਹਾਗੀ ਮਾਰਦੇ ਚਾਚੇ ਨੇ ਮੇਰਾ ਸਵਾਗਤ ਕੀਤਾ ਸੀ, "ਆਏਂ ਕਰ ਸਾਮਾਨ ਕਿੱਕਰ ਦੀ ਛਾਂਮੇਂ ਰੱਖ ਕੇ ਮੇਰੇ ਕੋਲ ਆਈਂ।" ਪਹੀ ਉੱਤੋਂ ਦੀ ਕੋਲ ਦੀ ਲੰਘਦੇ ਨੂੰ ਉਹਨੇ ਮੈਨੂੰ ਉਚੇਚਾ ਕਿਹਾ।

"ਨੂੰਣੇ ਲੈਣੇ ਐ ?"ਮੁੜ ਕੇ ਕੋਲ ਗਏ ਨੂੰ ਉਹਨੇ ਮੈਨੂੰ ਪੁੱਛਿਆ ਸੀ।

ਬਲਦਾਂ ਗਲ ਪਈ ਪੰਜਾਲੀ ਤੋਂ ਇਕ ਤਕੜਾ ਰੱਸਾ ਸੁਹਾਗੀ ਨੂੰ ਲੱਗੇ ਕੁੰਡਿਆਂ ਨਾਲ ਬੰਨ੍ਹਿਆ ਹੋਇਆ ਸੀ। ਬਲਦ ਤੁਰਦੇ। ਪਿੱਛੇ ਪਿੱਛੇ ਸੁਹਾਗੀ ਤੇ ਸੁਹਾਗੀ ਉੱਤੇ ਹੱਥ 'ਚ ਪ੍ਰਾਣੀ ਫੜੀ ਆਪਣਾ ਸੰਤੁਲਨ ਬਣਾਈ ਖੜ੍ਹਾ ਚਾਚਾ ਦਰਸ਼ਨ। ਸੁਹਾਗੀ ਦੇ ਮੂਹਰੇ ਮੂਹਰੇ ਡੂੰਘੇ ਵਾਹੇ ਖੇਤ ਵਿਚ ਹਲ ਦੀਆਂ ਬਣਾਈਆਂ ਖਾਲੀਆਂ ਤੇ ਸੁਹਾਗੀ ਲੰਘਣ ਮਗਰੋਂ ਪੱਧਰਾ ਹੁੰਦਾ ਖੇਤ। ਮੈਂ ਅਚੰਭਿਤ ਹੋਇਆ ਖੜ ਗਿਆ।

"ਲੈਣੇ ਆ ?" ਚਾਚੇ ਨੇ ਮੈਨੂੰ ਦੁਬਾਰੇ ਪੁੱਛਿਆ।

ਬੋਲ ਕੇ ਹਾਂ ਕਹਿਣ ਦੀ ਬਜਾਏ ਮੈਂ ਧੌਣ ਥੱਲੇ ਉੱਤੇ ਕਰ ਦਿੱਤੀ ਸੀ।

"ਤੇ ਆ ਜਾ ਫੇਰ...।" ਉਸਨੇ ਬੁਚਕਰ ਮਾਰੀ। ਆਗਿਆਕਾਰੀ ਬਲਦ ਥਾਏਂ ਪੈਰ ਗੱਡ ਗਏ।

ਸੁਹਾਗੀ 'ਤੇ ਖੜ੍ਹੇ ਖੜ੍ਹੇ ਈ ਉਸਨੇ ਆਪਣੀਆਂ ਲੱਤਾਂ ਕੁਝ ਹੋਰ ਚੌੜੀਆਂ ਕਰ ਲਈਆਂ। ਮੈਂ ਦੋਵੇਂ ਗੱਡਿਆਂ ਦੇ ਵਿਚਕਾਰ ਦੀ ਸਿਰ ਕੱਢ ਕੇ ਚਾਚੇ ਦੀਆਂ ਖੁੱਚਾਂ ਨੂੰ ਬਾਹਵਾਂ ਨਾਲ ਵਲ ਲਿਆ।

"ਕਿਉਂ ਆਉਂਦਾ ਨਜ਼ਾਰਾ ? ਡਰਦਾ ਤਾਂ ਨੀ ?" ਉਸਨੇ ਲੱਤਾਂ ਥੋੜ੍ਹੀਆਂ ਜਹੀਆਂ ਘੁੱਟ ਕੇ ਮੈਨੂੰ ਲਾਡ ਨਾਲ ਛੇੜਿਆ।

ਮੈਂ ਘੁੱਟਿਆ ਹੋਇਆ ਸਿਰ ਇਕ ਵਾਰ ਉਪਰ ਥੱਲੇ ਕਰ ਕੇ ਦੂਜੀ ਵਾਰ ਖੱਬੇ ਸੱਜੇ ਘੁੰਮਾਉਣ ਦੀ ਅਸਫਲ ਕੋਸ਼ਿਸ਼ ਕੀਤੀ।

"ਗੱਲ ਐਂ ਆ...ਡੂੰਘਾ ਹਲ਼ ਵਾਹ ਕੇ ਜਿੰਨੀ ਟਿਕਾਈ ਨਾਲ ਸੁਹਾਗੀ ਮਾਰਾਂਗੇ, ਬੀਜਣ ਵੇਲੇ ਓਰਾ ਓਨਾ ਈ ਚੰਗਾ ਖੜ੍ਹਦਾ। ਡਿੱਗੇ ਬੀਅ 'ਤੇ ਮਿੱਟੀ ਪੂਰੀ-ਸੂਰੀ ਪੈਂਦੀ ਆ ਤੇ ਬੀਅ ਭਾਅ ਨੀ ਰੱਖਦਾ, ਪੂਰਾ ਹਰਾ ਹੁੰਦਾ।"

ਮੈਂ ਭਾਵੇਂ ਕਾਫ਼ੀ ਛੋਟਾ ਸੀ। ਫੇਰ ਵੀ ਉਸਨੇ ਆਵਦਾ ਤਜਰਬਾ ਮੇਰੇ ਨਾਲ ਸਾਂਝਾ ਕਰ ਲਿਆ।

ਦਰਸ਼ਨ ਦੀ ਉਸ ਵੇਲੇ ਦੀ ਕਹੀ ਗੱਲ ਮੇਰੇ ਬਾਲਮਨ 'ਤੇ ਕਿਤੇ ਡੂੰਘੀ ਉੱਕਰੀ ਗਈ। ਹੁਣ ਜਦੋਂ ਵੀ ਮੈਂ ਟਰੈਕਟਰ ਨਾਲ ਖੇਤ ਵਾਹੁੰਦਾ-ਸਹਾਗਦਾ ਹਾਂ ਤਾਂ ਇਹ ਗੱਲ ਮੇਰੇ ਬੜਾ ਕੰਮ ਆਉਂਦੀ ਹੈ।

ਜਦੋਂ ਸੁਹਾਗਾ ਫਿਰਦਾ ਸੀ, ਬਲਦਾਂ ਦੇ ਖੁਰਾਂ ਨਾਲ ਉੱਡੀ ਧੂੜ, ਚਾਚੇ ਦੀਆਂ ਮੁੜ੍ਹਕੇ ਨਾਲ ਭਿੱਜੀਆਂ ਲੱਤਾਂ ਤੇ ਬਲਦਾਂ ਦੀ ਰਲੀ ਮਿਲੀ ਜੋ ਗੰਧ ਆਈ ਸੀ, ਇਹ ਲਾਈਨਾਂ ਲਿਖਦਿਆਂ ਓਹੀ ਗੰਧ ਮੈਂ ਹੁਣ ਵੀ ਮਹਿਸੂਸ ਕਰ ਰਿਹਾ ਹਾਂ।

ਜਦੋਂ ਗਰਦ ਨਾਲ ਭਰਿਆ ਮੂੰਹ ਸਿਰ ਲੈ ਕੇ ਮੈਂ ਘਰ ਪਹੁੰਚਿਆ ਸੀ ਤਾਂ ਮਾਂ ਕਲਪੀ ਸੀ, "ਦੇਖਾਂਅ...ਕੀ ਹਾਲ ਬਣਾਈ ਫਿਰਦਾ।"

ਮੈਨੂੰ ਜਿਵੇਂ ਉਸਦੀ ਹਰਖ ਭਰੀ ਘੂਰੀ ਸੁਣੀ ਹੀ ਨਹੀਂ ਸੀ। ਮੈਂ ਤਾਂ ਆਪਣੀ ਮਸਤੀ 'ਚ ਈ ਮਸਤ ਸੀ, ਬੋਲਿਆ, "ਮੈਂ ਝੂਟੇ ਲਏ ਸੀ।"

ਮਾਂ ਸਮਝ ਗਈ ਸੀ। ਉਹ ਬੋਲੀ, "ਆਹੋ ਸੁਹਾਗੀ ਗਾਹਾਂ ਪ੍ਰਧਾਨਾਂ ਆਲੀ ਕਾਰ ਸੀ ਨਾ।"

ਪਰ ਜਿਸ ਨੇ ਸੁਹਾਗੀ ਉੱਤੇ ਝੂਟਾ ਲਿਆ ਹੋਵੇ ਉਸ ਨੂੰ ਕਾਰਾਂ ਦੇ ਝੂਟੇ ਕਿੱਥੇ ਯਾਦ। ਬਚਪਨ 'ਚ ਸੁਹਾਗੀ ਦੇ ਝੂਟਿਆਂ ਮੂਹਰੇ ਕਾਰਾਂ ਦੇ ਝੂਟਿਆਂ ਦੀ ਕੀ ਔਕਾਤ!

ਦਰਸ਼ਨ ਦੀ ਉਮਰ ਵਧਣ ਲੱਗ ਪਈ ਸੀ ਤੇ ਮੈਨੂੰ ਜਵਾਨੀ ਚੜ੍ਹਨ ਲੱਗੀ ਸੀ। ਹਾੜ੍ਹੀ ਵੱਢਣ ਤਕ ਮੇਰੇ ਪੇਪਰ ਹੋ ਚੁੱਕੇ ਹੁੰਦੇ। ਅਗਲੀ ਕਲਾਸ ਸ਼ੁਰੂ ਹੋਣ ਤੋਂ ਪਹਿਲਾਂ ਹਾੜ੍ਹੀ 'ਚ ਮਾਪਿਆਂ ਨਾਲ ਹੱਥ ਵਟਾਉਣਾ ਮੇਰੇ ਸਾਰੇ ਹਾਣੀਆਂ ਲਈ ਜ਼ਰੂਰੀ ਹੁੰਦਾ ਸੀ। ਉਦੋਂ ਹਜੇ ਕੋਈ ਮਾਂ-ਬਾਪ ਇਹ ਨਹੀਂ ਆਖਣ ਲੱਗਿਆ ਸੀ, "ਤੂੰ ਪੜ੍ਹੀ ਚੱਲ ਬਸ! ਕੰਮ ਦੀ ਫ਼ਿਕਰ ਨਾ ਕਰ, ਅਸੀਂ ਹੈਗੇ ਆਂ।"

ਉਦੋਂ ਖੇਤੀ ਕਰਦੇ ਪਰਿਵਾਰਾਂ ਦੇ ਜਵਾਕਾਂ ਲਈ ਪੜ੍ਹਾਈ ਦੇ ਨਾਲ-ਨਾਲ ਘਰ ਅਤੇ ਖੇਤ ਦੇ ਕੰਮ ਵੀ ਬਰਾਬਰ ਜ਼ਰੂਰੀ ਹੁੰਦੇ ਸਨ।

ਕਣਕ ਵੱਢਣ 'ਚ ਮੇਰਾ ਤੇ ਚਾਚੇ ਦਰਸ਼ਨ ਦਾ ਮੁਕਾਬਲਾ ਹੁੰਦਾ। ਕਦੇ ਉਸਦੀ ਪਾਂਤ ਇਕ ਮਿੰਟ ਪਹਿਲਾਂ ਵੱਢੀ ਜਾਂਦੀ, ਕਦੇ ਮੇਰੀ। ਇਕ ਦਿਨ ਦਸ ਵਾਲੀ ਚਾਹ ਪੀਂਦਿਆਂ ਉਹ ਬਾਪੂ ਨੂੰ ਬੋਲਿਆ ਸੀ, "ਯਾਰ ਆਏਂ ਲੱਗਦਾ ਜਿਮੇਂ ਪਰਸੋਂ ਨੂੰ ਤਾਪ ਚੜੂ।"

"ਪਰਸੋਂ ਨੂੰ ਤਾਪ ਇਹ ਕੀ ਬਈ।" ਮੈਨੂੰ ਤੇ ਦੂਜੇ ਕਾਮਿਆਂ ਨੂੰ ਹੈਰਾਨੀ ਹੋਈ ਸੀ।

ਪਰ ਬਾਪੂ ਉਸਦੀ ਰਮਜ਼ ਸਮਝ ਗਿਆ ਸੀ ਤੇ ਪਰਸੋਂ ਤਾਪ ਦਰਸ਼ਨ ਨੂੰ ਨਹੀਂ ਸਗੋਂ ਤਾਪ ਨੂੰ ਦਰਸ਼ਨ ਚੜ੍ਹ ਗਿਆ ਸੀ ਤੇ ਉਸਦੀ ਹਰੇਕ ਪਾਂਤ ਮੇਰੇ ਨਾਲੋਂ ਪਹਿਲਾਂ ਲੱਗਦੀ ਰਹੀ ਸੀ।

ਅਸਲ 'ਚ ਉਹ ਭੁੱਕੀ ਖਾਣ ਲੱਗ ਪਿਆ ਸੀ। ਜਦੋਂ ਉਸ ਕੋਲ ਇਕ ਦਿਨ ਦੀ ਖੁਰਾਕ ਰਹਿ ਜਾਂਦੀ ਸੀ ਤਾਂ ਉਸ ਨੂੰ ਫ਼ਿਕਰ ਲੱਗ ਜਾਂਦਾ ਸੀ ਤੇ ਅੱਜ ਬਾਪੂ ਨੇ ਪਾਈਆ ਵਾਲੀ ਭੁੱਕੀ ਦੀ ਪੁੜੀ ਲਿਆ ਕੇ ਉਸਦਾ ਫ਼ਿਕਰ ਮੁਕਾ ਦਿੱਤਾ ਸੀ।

"ਪੱਕਾ ਓਏ ਦਰਸ਼ਨਾਂ!" ਭੁੱਕੀ ਦੀ ਤਲੀ ਲੈਂਦੇ ਦਰਸ਼ਨ ਨੂੰ ਦੇਖ ਇਕ ਮਜ਼ਦੂਰ ਨੇ ਪੁੱਛਿਆ ਸੀ।

"ਨਾ...ਨਾ...ਪੱਕਾ ਕਿੱਥੇ ? ਮੈਂ ਤਾਂ ਊਈਂ ਖਾਨਾ ਮਾੜਾ ਜਾ। ਆਹ ਦੇਖ ਲੈ ਕਿੰਨਾ ਕਾਅ ?" ਤਲੀ ਸਾਮ੍ਹਣੇ ਕਰਦਾ ਉਹ ਆਪਣੇ ਆਪ

ਨੂੰ ਅਮਲੀ ਮੰਨਣੋਂ ਇਨਕਾਰੀ ਸੀ।

"ਕਿੰਨਾ ਕੁ ਚਿਰ ਹੋ ਗਿਆ ਚਾਚਾ, ਐਨਾ ਮਾੜਾ ਜਾ ਖਾਂਦੇ ਨੂੰ ?" ਮੇਰੀ ਨਜ਼ਰ 'ਚ ਤਲੀ ਛੋਟੀ ਨਹੀਂ ਸੀ।

"ਊਂ...ਢਾਈ ਤਿੰਨ ਸਾਲ ਤਾਂ ਹੋ 'ਗੇ ਹੋਣੇ।" ਅੰਦਾਜ਼ਾ ਲਾਉਂਦਾ ਉਹ ਛਿੱਦੀ ਜਿਹੀ ਕਿੱਕਰ ਦੀ ਟੀਸੀ ਵੱਲ ਝਾਕਿਆ।

"ਤੇ ਹਜੇ ਕਸਰ ਆ, ਪੱਕਾ ਹੋਣ 'ਚ।" ਬਾਪੂ ਦੇ ਵਿਅੰਗ 'ਤੇ ਸਾਰੇ ਹੱਸ ਪਏ ਸੀ।

ਤੇ ਮੁਸਕਰਾਉਂਦਾ ਮੁਸਕਰਾਉਂਦਾ ਦਰਸ਼ਨ ਤਲੀ ਦਾ ਫੱਕਾ ਮਾਰ ਗਿਆ ਸੀ।

ਵੇਹੜੇ ਵਾਲਿਆਂ ਦੀ ਆਪਣੀ ਸਾਰੀ ਪੀੜ੍ਹੀ ਵਾਂਗ ਦਰਸ਼ਨ ਵੀ ਅਨਪੜ੍ਹ ਸੀ। ਪਰ ਕਿਤਾਬੀ ਗਿਆਨ ਤੋਂ ਊਣਾ ਹੋਣ ਦਾ ਉਸ ਨੂੰ ਕੋਈ ਰੰਜ਼ ਨਹੀਂ ਸੀ। ਇਕ ਦਿਨ ਮੈਨੂੰ ਕਹਿੰਦਾ, "ਥੋਨੂੰ ਮਾਸਟਰ ਪੜ੍ਹੌਂਦਾ ਆ ਕੇ ਮਾਸਟਰਨੀਆਂ ?"

"ਕਿਵੇਂ ?" ਉਲਟਾ ਮੈਂ ਸਵਾਲ ਕਰ ਦਿੱਤਾ ਸੀ।

"ਉਨ੍ਹਾਂ ਨੂੰ ਆਏਂ ਪੁੱਛੀਂ ਕਿ ਪੱਬਾਂ ਨਾਲ ਧਰਤੀ ਕਿਵੇਂ ਨਾਪੀ ਦੀ ਆ ?"

ਪੈਰਾ ਭਾਰ ਬੈਠ ਕੇ ਕਣਕ ਵੱਢਦੇ ਤੁਰੇ ਜਾਣ ਦਾ ਖ਼ਿਆਲ ਆਉਣ ਨਾਲ ਮੈਂ ਮੁਸਕਰਾ ਪਿਆ ਸੀ।

ਇਕ ਸਾਲ ਸਕੂਲਾਂ ਵਿਚ ਗਰਮੀਆਂ ਦੀਆਂ ਛੁੱਟੀਆਂ ਦੇ ਦਿਨ ਸਨ। ਸਾਡੀ ਭੂਆ ਦੀਆਂ ਕੁੜੀਆਂ ਮੇਰੀਆਂ ਭੈਣਾਂ ਨਾਲ ਸਾਂਝੀਆਂ ਦਰੀਆਂ ਬੁਨਣ ਲਈ ਨਾਨਕੇ ਆਈਆਂ ਹੋਈਆਂ ਸੀ।

ਹਾੜੀ ਵੇਚ ਕੇ ਆੜਤੀਆਂ ਨਾਲ ਹਿਸਾਬ ਕਰ ਕੇ ਜ਼ਿਮੀਂਦਾਰਾਂ ਤੇ ਸੀਰੀਆਂ ਦੇ ਘਰ ਕੁਝ ਨਾ ਕੁਝ ਪੈਸਾ ਆਉਣ ਦੇ ਇਹੀ ਦਿਨ ਹੁੰਦੇ ਸਨ। ਜੇਠ ਹਾੜ ਦੇ ਮਹੀਨੇ ਸੀਰ ਕਰਦੇ ਪਰਿਵਾਰਾਂ ਦੇ ਆਪਣੇ ਬੱਚਿਆਂ ਦੇ ਵਿਆਹ ਕਰਨ ਦੇ ਵੀ ਇਹੀ ਮਹੀਨੇ ਹੁੰਦੇ।

ਦਰਸ਼ਨ ਦੀਆਂ ਕੁੜੀਆਂ ਦੇ ਵਿਆਹ ਦਾ ਸੱਦਾ ਸਾਡੇ ਘਰ ਆਇਆ ਹੋਇਆ ਸੀ। ਮੈਂ, ਮੇਰੀਆਂ ਭੈਣਾਂ ਤੇ ਭੂਆ ਦੀਆਂ ਕੁੜੀਆਂ ਸਾਡੀ ਮਾਂ ਨਾਲ ਉਸਦੇ ਘਰ ਗਏ।

ਹਾੜ ਮਹੀਨੇ ਦਾ ਹੁੰਮਸ ਭਰਿਆ ਦਿਨ। ਦਰਸ਼ਨ ਦਾ ਦੋ ਕਮਰਿਆਂ ਵਾਲਾ ਭੀੜਾ ਘਰ। ਤਾਈ ਨੇ ਸਾਡੇ ਸਾਰਿਆਂ ਲਈ ਲੱਡੂ ਜਲੇਬੀਆਂ ਦੇ ਦੋ ਥਾਲ ਭਰ ਕੇ ਅੱਗੇ ਰੱਖ ਦਿੱਤੇ ਤੇ ਸਟੀਲ ਦੇ ਵੱਡੇ ਗਲਾਸਾਂ ਵਿਚ ਚਾਹ ਪਾ ਦਿੱਤੀ।

"ਮੈਂ ਨੀ ਖਾਂਦੀ।" ਭੂਆ ਦੀ ਨਾਗੋਚਣ ਕੁੜੀ ਬੋਲੀ ਸੀ।

"ਕਿਉਂ ਛਲ ਪੈਂਦਾ ?" ਮਾਂ ਹਰਖੀ ਸੀ।

"ਚੂਹੜਿਆਂ ਦੇ ਆ। ਦੇਖ ਕਿਵੇਂ ਮੁੜ੍ਹਕੇ ਨਾਲ ਨੁੱਚੜੀ ਜਾਂਦੇ ਆ। ਜਦੋਂ ਇਨ੍ਹਾਂ ਨੇ ਵੱਟੇ ਹੋਣੇ...ਮੁੜ੍ਹਕੇ ਵਾਲੇ ਹੱਥ...ਚਾਸ਼ਨੀ 'ਚ ਵੀ ਮੁੜ੍ਹਕਾ ਘੁਲਿਆ ਹੋਊ...ਇਆ...ਮੈਂ ਨੀ ਖਾਂਦੀ।" ਉਸਨੇ ਸੂਗ ਮੰਨਦਿਆਂ ਕਿਹਾ ਸੀ।

ਉਸਦੀ ਗੱਲ ਸੁਣ ਕੇ ਭੂਆ ਦੀ ਵੱਡੀ ਕੁੜੀ ਨੇ ਵੀ ਚੱਕਿਆ ਲੱਡੂ ਵਾਪਿਸ ਰੱਖ ਦਿੱਤਾ।

"ਹੂੰਅ...ਮਾਂ ਵਰਗੀਆਂ।" ਕਹਿੰਦਿਆਂ ਮਾਂ ਸਾਡੇ ਵੱਲ ਝਾਕੀ, "ਸਾਰੇ ਖਾਣੇ ਹੋਣਗੇ।"

ਸਾਨੂੰ ਵੀ ਕੋਈ ਦਿੱਕਤ ਨਹੀਂ ਸੀ। ਅਸੀਂ ਦੋਵੇਂ ਥਾਲੀ ਖ਼ਾਲੀ ਕਰ ਦਿੱਤੇ।

ਮਾਂ ਨੇ ਦੋ ਸੂਟ ਤੇ ਦੋ ਖੇਸਾਂ ਵਾਲੀ ਛੋਟੀ ਜਿਹੀ ਪੋਟਲੀ ਤੇ 50 ਰੁਪਏ ਤਾਈ ਨੂੰ ਫੜਾਉਂਦਿਆਂ ਕਿਹਾ ਸੀ, "ਲੈ ਸੀਤੋ, ਧੀਆਂ ਸਭ ਦੀਆਂ ਸਾਂਝੀਆਂ ਹੁੰਦੀਆਂ ਭੈਣੇ! ਆਵਦੇ ਘਰ ਸੁਖੀ ਵਸਣ।"

ਤੇ ਤਾਈ ਨੇ ਉਹ ਸਮਾਨ ਫੜ ਕੇ ਮੱਥੇ ਨਾਲ ਲਾ ਲਿਆ ਸੀ।

ਦਰਸ਼ਨ ਕੇ ਘਰੋਂ ਵਾਪਸ ਆਉਂਦਿਆਂ ਨਾਗੋਚਣ ਭੈਣ ਗਲੀ ਵਿਚ ਪਈ ਇਕ ਇੱਟ 'ਚ ਅੜਕ ਗਈ। ਅੜਕਣ ਨਾਲ ਖੁੱਲ੍ਹੀ ਸਲਵਾਰ ਦੇ ਪੌਂਚੇ ਵਿਚ ਦੂਜਾ ਪੈਰ ਫਸ ਗਿਆ। ਤੇ ਉਹ ਗਾਰੇ ਦੀ ਭਰੀ ਇਕ ਵੱਡੀ ਸਾਰੀ ਕੱਚੀ ਨਾਲੀ ਵਿਚ ਡਿੱਗਣ ਲੱਗੀ। ਡਿੱਗਦੀ ਡਿੱਗਦੀ ਨੂੰ ਮਾਂ ਦਾ ਹੱਥ ਉਸਦੇ ਡੌਲੇ ਕੋਲ ਪੈ ਗਿਆ। ਫੇਰ ਵੀ ਉਸਦੇ ਦੋਨੋਂ ਪੈਰ ਨਾਲੀ ਵਿਚ ਜਾ ਪਏ। ਕੁਝ ਛਿੱਟੇ ਮਾਂ ਦੇ ਕੱਪੜਿਆਂ 'ਤੇ ਵੀ ਪੈ ਗਏ। ਅਸੀਂ ਸਾਰੇ ਹੱਸਣ ਲੱਗ ਪਏ। ਹਾਸੀ ਮਾਂ ਤੋਂ ਵੀ ਨਾ ਰੁਕੀ—

"ਨਾ...ਇਹ ਵੀ ਚੂੜ੍ਹਿਆਂ ਵੇਹੜੇ ਦੀ ਆ। ਹੁਣ ਦੱਸ ਕੀ ਕਰੇਂਗੀ...ਹੈਂਅ ?"

ਪਰ ਰੋਣ ਤੋਂ ਸਿਵਾਏ ਉਹ ਕੁਝ ਨਹੀਂ ਕਰ ਸਕੀ।

ਮਗਰੋਂ ਹੁਣ ਤੀਕ ਵੀ ਉਹ ਭੈਣ ਜਦੋਂ ਵੀ ਮਿਲਦੀ ਆ ਅਸੀਂ ਇਹ ਗੱਲ ਯਾਦ ਕਰ ਕੇ ਹੱਸੇ ਬਿਨਾਂ ਨਹੀਂ ਰਹਿ ਸਕਦੇ।

ਜਾਂਦੇ-ਜਾਂਦੇ ਇਕ ਗੱਲ ਦਰਸ਼ਨ ਦੀ ਜ਼ਿੰਦਾਦਿਲੀ ਦੀ ਤੇ ਇਕ ਹੋਰ ਉਸਦੇ ਹਰਖੇ ਤੇਵਰਾਂ ਦੀ।

ਅਸੀਂ ਨਰਮਾ ਗੁੱਡਦੇ ਸੀ। ਜੂਨ ਦਾ ਮਹੀਨਾ। ਤਿੱਖੜ ਦੁਪਹਿਰਾ। ਸਾਢੇ ਕੁ ਬਾਰਾਂ ਵਜੇ ਆਂਢੀ-ਗੁਆਂਢੀ 'ਵੱਡਿਆਂ' ਦੀ ਮੋਟਰ 'ਤੇ ਕੱਠੇ ਹੋ ਕੇ ਦੁਪਹਿਰ ਢਾਲਦੇ। 12-15 ਜਣੇ ਹੋਵਾਂਗੇ ਜੋ ਖੂਹ ਕੋਲ ਲੱਗੀ ਤਰਵੈਣੀ ਹੇਠ ਬਣੇ ਚੌਂਤਰੇ 'ਤੇ ਪੱਲੀਆਂ ਵਿਛਾਈ ਪਏ ਸੀ। ਹਾਸਾ ਮਜ਼ਾਕ ਚੱਲ ਰਿਹਾ ਸੀ। ਵੱਡਿਆਂ ਦੇ ਨੇਕ ਦਾ 15 ਕੁ ਸਾਲਾਂ ਦਾ ਮੁੰਡਾ ਦਰਸ਼ਨ ਨੂੰ ਉਹਦਾ ਨਾਂ ਲੈ ਕੇ ਬੁਲਾਉਣ ਲੱਗ ਪਿਆ। ਇਕ ਦੋ ਵਾਰ ਤਾਂ ਦਰਸ਼ਨ ਨੇ ਦੇਖਿਆ। ਅਖ਼ੀਰ ਉਸ ਤੋਂ ਰਿਹਾ ਨਾ ਗਿਆ। ਮਜਾਕੀਆ ਸੁਰ 'ਚ ਉਹ ਬੋਲਿਆ, "ਕਿਮੇਂ ਦਰਸ਼ਨਾਂ ਦਰਸ਼ਨਾਂ ਲਾਈ ਆ ਓਏ...ਚਾਚਾ ਨੀਂ ਕਹਿ ਹੁੰਦਾ। ਨਾਲੇ ਸੌਖਾ ਕਹਿਣ 'ਚ...ਨਾਲੇ ਮੈਨੂੰ ਨਜ਼ਾਰਾ ਆ ਜੇ ਸੁਣ ਕੇ।"

ਮੁੰਡਾ ਝੇਂਪ ਜਿਹੀ ਮੰਨਦਾ ਚੁੱਪ ਕਰ ਗਿਆ।

"ਕਹਿ ਦੇ ਨਾ...ਚੂਹੜੇ ਚਮਾਰਾਂ ਨਾਲ ਕਾਹਦੀਆਂ ਸਕੀਰੀਆਂ!" ਨੇਕ ਵੀ ਮਜ਼ਾਕ 'ਚ ਬੋਲਿਆ ਕਿ ਸਾਰਿਆਂ ਦੇ ਨਾਲ ਨਾਲ ਦਰਸ਼ਨ ਵੀ ਉੱਚੀ-ਉੱਚੀ ਹੱਸ ਪਿਆ।

ਪਰ ਮੈਨੂੰ ਗੱਲ ਰੜਕਵੀਂ ਜਿਹੀ ਗੱਲੀ। ਮੈਂ ਦਰਸ਼ਨ ਵੱਲ ਝਾਕਿਆ। ਉਸਦੇ ਚਿਹਰੇ 'ਤੇ ਕੋਈ ਹੀਣ-ਭਾਵਨਾ, ਨਮੋਸ਼ੀ ਜਾਂ ਹਰਖ ਗੁੱਸੇ ਵਾਲਾ ਚਿੰਨ੍ਹ ਨਹੀਂ ਸੀ।

ਜਦੋਂ ਚਾਹ ਰੋਟੀ ਪੀ ਖਾ ਕੇ ਅਸੀਂ ਦੁਬਾਰੇ ਕਸੀਏ ਸੰਭਾਲੇ, ਮੈਂ ਉਸ ਨੂੰ ਪੁੱਛਿਆ, "ਚਾਚਾ, ਤੈਨੂੰ ਮਹਿਸੂਸ ਜਿਹਾ ਨੀ ਹੋਇਆ...ਕਿਮੇਂ ਬੋਲਦਾ ਸੀ ਉਹ।"

"ਨਾ ਨਾ ਪਾੜ੍ਹਿਆ...ਹਾਸੇ ਮਜ਼ਾਕ 'ਚ ਸੌ ਕੁਸ਼ ਬੋਲ-ਸੁਣ ਲਈਦਾ। ਪਰ...।" ਦਰਸ਼ਨ ਨੇ ਇਕ ਗੱਲ ਬੋਲ ਕੇ ਸੁਣਾ ਦਿੱਤੀ ਅਤੇ ਦੂਜੀ ਬਿਨਾਂ ਬੋਲੇ।

ਮੈਂ ਉਸਦੇ 'ਪਰ' ਦਾ ਮਤਲਬ ਸਮਝ ਸਕਦਾ ਸੀ।

ਓਸੇ ਸੀਜ਼ਨ ਦੀ ਹੀ ਗੱਲ ਹੈ। ਜਦੋਂ ਮੈਂ ਦਰਸ਼ਨ ਦੇ 'ਪਰ' ਤੋਂ ਅਗਲੀ ਗੱਲ ਲਾਗੂ ਹੁੰਦੀ ਦੇਖੀ ਸੀ।

ਨਰਮਾ ਚੁਗਾਈ ਲਈ ਚੋਣੀਆਂ ਦੀ ਲੋੜ ਹਰੇਕ ਕਿਸਾਨ ਨੂੰ ਹੀ ਹੁੰਦੀ ਸੀ। ਪਿੰਡ ਦਾ ਲਗਭਗ ਸਾਰਾ ਰਕਬਾ ਨਰਮਾ ਬਿਜਾਈ ਲਈ ਹੁੰਦਾ। ਕਈ ਘਰ ਹੋਰ ਸੂਬਿਆਂ ਤੋਂ ਪਰਿਵਾਰ ਸਮੇਤ ਆਈ ਲੇਬਰ ਨੂੰ ਆਪਣੇ ਖੇਤ ਜਾਂ ਬਾਹਰਲੇ ਬਾਗਲ ਵਿਚ ਪੱਕੇ ਬਿਠਾ ਲੈਂਦੇ। ਪਰ ਜ਼ਿਆਦਾਤਰ ਕਿਸਾਨ ਵੇਹੜੇ ਵਾਲੇ ਘਰਾਂ ਵਿਚਲੀ ਲੇਬਰ ਤੋਂ ਹੀ ਆਵਦੇ ਨਰਮੇ ਕਪਾਹ ਦੀ ਚੁਗਾਈ ਕਰਾਉਂਦੇ। ਰੋਟੀ ਕਿਸਾਨ ਪਰਿਵਾਰ ਦੇ ਘਰੋਂ ਜਾਂਦੀ। ਗੜਬੜ ਇਥੇ ਇਹ ਹੋ ਜਾਂਦੀ ਕਿ ਕਿਸੇ ਚੁਗਾਵੀ ਨੇ ਆਥਣ ਵੇਲੇ ਹਾਮੀ ਹੋਰ ਨੂੰ ਭਰੀ ਹੁੰਦੀ, ਸਵੇਰੇ ਖੇਤ ਜਾਣ ਵੇਲੇ ਦੂਜਾ ਕਿਸਾਨ ਜ਼ਿਆਦਾ ਦਾਬ ਪਾਉਂਦਾ ਤਾਂ ਚੁਗਾਵੀ ਉਸ ਨਾਲ ਤੁਰ ਪੈਂਦੀ। ਕਿਸੇ ਘਰ ਰੋਟੀਆਂ ਪੱਕੀਆਂ ਪਕਾਈਆਂ ਰਹਿ ਜਾਂਦੀਆਂ ਤੇ ਕਿਸੇ ਘਰ ਨੂੰ ਦੁਬਾਰਾ ਘਰੋਂ ਰੋਟੀ ਪਕਵਾ ਕੇ ਲਿਜਾਣੀ ਪੈਂਦੀ।

ਇਕ ਦਿਨ ਸਵੇਰੇ ਨੇਕ ਵੱਡਾ ਚੁਗਾਵੀਆਂ ਲਿਜਾਣ ਲਈ ਟਰਾਲੀ ਖੂਹ ਕੋਲ ਖੜਾਈ ਖੜ੍ਹਾ ਸੀ। ਦਰਸ਼ਨ ਦੀ ਭਰਜਾਈ ਨੇ ਆਥਣੇ ਉਨ੍ਹਾਂ ਦੇ ਜਾਣ ਦੀ ਗੱਲ ਕੀਤੀ ਹੋਈ ਸੀ। ਜਦੋਂ ਨੇਕ ਨੇ ਉਸ ਨੂੰ ਸਾਡੀ ਟਰਾਲੀ 'ਚ ਬੈਠੀ ਦੇਖਿਆ ਤਾਂ ਉਸ ਨੂੰ ਗੁੱਸਾ ਆ ਗਿਆ। ਉਸਨੇ ਵੱਡੀ ਸਾਰੀ ਜਾਤੀਸੂਚਕ ਗਾਲ੍ਹ ਕੱਢ ਕੇ ਸਾਡੀ ਟਰਾਲੀ 'ਚੋਂ ਉਤਰ ਆਉਣ ਲਈ ਕਿਹਾ। ਗਾਲ੍ਹ ਸੁਣ ਕੇ ਉਹ ਔਰਤ ਅੱਧੀ ਕੁ ਰਹਿ ਗਈ।

"ਮੂੰਹ ਸੰਭਾਲ ਓਏ...ਬੋਲਦਾ ਕਿਮੇਂ ਆਂ!" ਦਰਸ਼ਨ ਦੇ ਲਲਕਾਰੇ ਨਾਲ ਦੋਵੇਂ ਟਰਾਲੀਆਂ 'ਚ ਬੈਠੀਆਂ ਬੁੜ੍ਹੀਆਂ ਤ੍ਰਭਕ ਗਈਆਂ। ਕੁਸ਼ ਵੀ ਹੋ ਸਕਦਾ ਸੀ।

"ਕਿਉਂ ਡੀਸੀ ਲੱਗੀਆਂ...!" ਨੇਕ ਨੇ ਵੀ ਦਰਸ਼ਨ ਵੱਲ ਅੱਖਾਂ ਕੱਢੀਆਂ।

"ਜਿਮੇਂ ਤੂੰ ਬੋਲਿਆ ਨਾ...ਏਥੇ ਸੱਥ 'ਚ ਮਾਫ਼ੀ ਮੰਗਣੀ ਪਊ।"

"ਆਹੋ ਮਾਫ਼ੀ ਇਹਤੋਂ...।" ਨੇਕ ਨੇ ਇਕ ਵਾਰ ਫਿਰ ਜਾਤੀਸੂਚਕ ਸ਼ਬਦ ਬੋਲਿਆ।

ਗੱਲ ਜ਼ਿਆਦਾ ਵਧਦੀ, ਇਸ ਤੋਂ ਪਹਿਲਾਂ ਖੂਹ ਦੇ ਚੌਂਤਰੇ 'ਤੇ ਬੈਠੇ ਸਿਆਣੀ ਉਮਰ ਦੇ ਬੰਦਿਆਂ ਨੇ ਵਿਚ ਪੈ ਕੇ ਟਿਕ-ਟਿਕਾਈ ਕਰ ਦਿੱਤੀ।

ਦਰਸ਼ਨ ਨੇ ਆਵਦੀ ਭਰਜਾਈ ਨੂੰ ਟਰਾਲੀ 'ਚੋਂ ਉਤਰ ਆਉਣ ਲਈ ਕਿਹਾ।

"ਤੁਸੀਂ ਚਲੋ, ਮੈਂ ਠਹਿਰ ਕੇ ਆਉਣਾ।" ਬਾਪੂ ਨੂੰ ਕਹਿੰਦਿਆਂ ਦਰਸ਼ਨ ਵੀ ਘਰੇ ਰਹਿ ਗਿਆ।

ਅੰਦਰੇ-ਅੰਦਰੇ ਵਿਸ ਜਹੀ ਘੋਲਦਾ ਨੇਕ ਵੱਡਾ ਵੀ ਆਵਦੀ ਟਰਾਲੀ ਲੈ ਕੇ ਤੁਰ ਗਿਆ।

ਮੇਰੇ ਖ਼ਿਆਲ ਮੁਤਾਬਕ ਗੱਲ ਨਿਬੜ ਗਈ ਸੀ।

ਪਰ ਨਹੀਂ।

ਦਰਸ਼ਨ ਨੇ ਸਾਈਕਲ ਚੱਕਿਆ। ਦੋਵੇਂ ਵੇਹੜਿਆਂ ਵਿਚ ਲੋਕਾਂ ਨੂੰ ਲਾਮਬੰਦ ਕਰਨ ਲੱਗ ਪਿਆ।

ਦੂਜੇ ਦਿਨ ਸਵੇਰੇ ਧਰਮਸ਼ਾਲਾ 'ਚ ਇਕੱਠ ਹੋਇਆ। ਨੇਕ ਵੱਡੇ ਨੂੰ ਵੀ ਸੱਦਿਆ ਗਿਆ। ਪਰ ਉਹ ਪਾਣੀ ਦੀ ਵਾਰੀ ਦਾ ਬਹਾਨਾ ਲਾ ਕੇ ਨਾ ਆਇਆ।

"ਮਚਲਿਆ ਜੱਟ...ਜਾਅਦੇ ਈ ਚਾਂਭਲਿਆ ਹੋਇਆ।"

"ਚਮਲਾਹਟ ਤਾਂ ਲਾਹ ਦਿੰਦੇ, ਜੇ ਕਿਤੇ ਅੱਜ ਆ ਜਾਂਦਾ। ਦਸ ਦਿੰਦੇ ਬੋਲੀ ਦਾ ਕਿਮੇ ਆ।"

ਵੇਹੜੇ ਵਾਲੇ ਨਵੀਂ ਉਮਰ ਦੇ ਮੁੰਡੇ ਦੰਦ ਕਰੀਚਦੇ ਰਹਿ ਗਏ ਸਨ।

"ਜੇ ਚਾਰ ਓਰੇ ਪੈਲੀ ਵੱਧ ਐ, ਸਾਨੂੰ ਤਾਂ ਕੀੜੇ-ਮਕੌੜੇ ਈ ਸਮਝਦਾ। ਹੰਕਾਰਿਆ ਹੋਇਆ।" ਇਕ ਬੋਲਿਆ।

"ਹੰਕਾਰ ਨੂੰ ਮਾਰ ਆਪੇ ਪਰਮਾਤਮਾ ਪੌਂਦਾ।" ਇਕ ਸਿਆਣੀ ਉਮਰ ਦੇ ਬੰਦੇ ਨੇ ਚੋਬਰਾਂ ਨੂੰ ਠੰਡਾ ਛਿੜਕਦਿਆਂ ਕਿਹਾ ਸੀ।

"ਤੇਰੇ ਭਾਪੇ ਨੂੰ ਕਹਿ ਦੀਂ, ਗੱਲ ਨਿਬੜੀ ਤੋਂ ਈ ਆਊਂ ਮੈਂ...ਭਾਮੇਂ ਗ਼ੈਰਹਾਜ਼ਰੀ ਦੀਆਂ ਦਿਹਾੜੀਆਂ ਕੱਟ ਲਿਓ।" ਭੀੜ 'ਚੋਂ ਇਕ ਪਾਸੇ ਵੱਲ ਲਿਜਾ ਕੇ ਦਰਸ਼ਨ ਨੇ ਮੈਨੂੰ ਕਿਹਾ ਸੀ।

"ਕੋਈ ਨਾ ਚਾਚਾ...ਏਸ ਮਸਲੇ 'ਤੇ ਮੈਂ ਦਿਹਾੜੀ ਨੀ ਕੱਟਣ ਦਿੰਦਾ। ਮੈਂ ਸਮਝਾ ਦੇਊਂ ਭਾਪੇ ਨੂੰ।" ਮੈਂ ਉਸ ਨੂੰ ਵਿਸ਼ਵਾਸ ਦਿਵਾਇਆ।

ਵੇਹੜੇ 'ਚੋਂ ਹੀ ਇਕ ਲੀਲਾ ਝੰਡਾ ਪਾਰਟੀ ਦਾ ਆਪੇ ਬਣਿਆ ਲੀਡਰ ਕਹਾਉਂਦਾ ਬੰਦਾ ਸੋਹਣੀ ਦਰਸ਼ਨ ਦੇ ਨਾਲ ਰਲ ਗਿਆ। ਜਿਸ ਨਾਲ ਦਰਸ਼ਨ ਨੂੰ ਹੌਸਲਾ ਹੋ ਗਿਆ।

ਪਰ ਸੋਹਣੀ ਨੂੰ ਸਾਰਾ ਪਿੰਡ ਜਾਣਦਾ ਸੀ।

ਸੋਹਣੀ ਨੇ ਆਪਣੇ ਵਰਗੇ ਤਿੰਨ ਚਾਰ ਹੋਰ ਬੰਦੇ ਬੁਲਾ ਕੇ ਦੂਜੇ ਦਿਨ ਫੇਰ ਸਵੇਰੇ ਧਰਮਸ਼ਾਲਾ 'ਚ ਵੇਹੜੇ ਵਾਲਿਆਂ ਦਾ ਇਕੱਠ ਕੀਤਾ।

ਮਤਾ ਪਾਸ ਹੋਇਆ, ਨੇਕ ਵੱਡੇ 'ਤੇ ਜਾਤੀਸੂਚਕ ਸ਼ਬਦ ਬੋਲਣ ਤੇ ਡਰਾਉਣ ਧਮਕਾਉਣ ਦੀਆਂ ਧਾਰਾਵਾਂ ਲਾ ਕੇ ਐੱਫ.ਆਈ.ਆਰ ਦਰਜ ਕਰਾਈ ਜਾਵੇ। ਪਰ...

ਦਰਸ਼ਨ ਅਗਲੀ ਸਵੇਰ ਕੰਮ 'ਤੇ ਆ ਗਿਆ ਸੀ।

"ਕਿਮੇ ਚਾਚਾ, ਕੀ ਬਣਿਆ ?" ਉਹਦੀ ਬਾਟੀ 'ਚ ਚਾਹ ਪਾਉਂਦਿਆਂ ਮੈਂ ਉਤਸੁਕਤਾ ਨਾਲ ਉਸ ਨੂੰ ਪੁੱਛਿਆ।

"ਭੈਂ ਚੋ...ਸੋਹਣੀ ਮਗਰ ਲੱਗ ਕੇ ਰਾਤੇ ਰਾਤ ਪੈਸੇ ਲੈ ਕੇ ਰਾਜੀਬੰਦਾ ਕਰ 'ਗੇ।"

ਉਹਨੇ ਦੋ ਘੁੱਟਾਂ ਚਾਹ ਦੀਆਂ ਭਰੀਆਂ, ਬਾਕੀ ਬਚਦੀ ਲੈ ਕੇ ਖ਼ਲ ਵਾਲੇ ਰਿੜਕਨੇ ਵੱਲ ਤੁਰ ਪਿਆ।

ਮੈਂ ਉਹਦਾ ਚਿਹਰਾ ਪੜ੍ਹਨ ਦੀ ਕੋਸ਼ਿਸ਼ ਕੀਤੀ। ਜਿਵੇਂ ਕਹਿ ਰਿਹਾ ਹੋਵੇ, 'ਮੈਂ ਤਾਂ ਐਹੋ-ਜੇ ਪੈਸੇ 'ਤੇ ਧਾਰ ਵੀ ਨਾ ਮਾਰਾਂ।"

ਵਕਤ ਹਮੇਸ਼ਾ ਇਕੋ ਜਿਹਾ ਨਹੀਂ ਰਹਿੰਦਾ। ਉਸਦੇ ਬਦਲਣ ਨਾਲ ਹੋਰ ਵੀ ਬਹੁਤ ਕੁਝ ਬਦਲਦਾ ਰਹਿੰਦਾ ਹੈ। ਪਿੰਡ ਵਿਚ ਸੀਰੀ ਰੱਖਣ ਦੀ ਪਿਰਤ ਵੀ ਬਦਲਣ ਲੱਗੀ ਸੀ। ਕਈ ਘਰਾਂ ਨੇ ਸੀਰੀ ਹਟਾ ਕੇ ਸਾਲ ਭਰ ਦੇ ਠੇਕੇ 'ਤੇ ਪੱਕੇ ਨੌਕਰ ਰੱਖ ਲਏ ਸਨ। ਲੋਕਾਂ ਦੀ ਦਲੀਲ ਸੀ, "ਕਿਹੜਾ 'ਕੱਲੀ 'ਕੱਲੀ ਚੀਜ਼ ਦਾ ਹਿਸਾਬ ਰੱਖੇ ? ਕਿੰਨਾ ਨਰਮਾ ਵੇਚਿਆ, ਕਿੰਨੀ ਕਣਕ ਵੇਚੀ, ਜੌਂ, ਸਰ੍ਹੋਂ, ਮੂੰਗੀ, ਬਾਜਰਾ ਤੇ ਹੋਰ ਸੌ ਚੀਜ਼ਾਂ ਦਾ 'ਸਾਬ੍ਹ-ਕਿਤਾਬ...ਹਰੇ ਚਾਰੇ ਦਾ ਅੱਡ ਕਿਆਰਾ ਬੀਜੋ...ਏਦੂੰ ਤਾਂ ਸਾਲ ਭਰ ਲਈ ਰੁਪਈਆਂ ਦੀ ਗੱਲ ਨਬੇੜੀ ਚੰਗੀ...ਉਕਨ ਪੁੱਕੀ...ਨਾ ਕੋਈ ਹੈਅ ਹੈਅ, ਨਾ ਖੈਅ ਖੈਅ।"

ਦਰਸ਼ਨ ਦਾ ਵੀ ਸਾਡੇ ਬਾਪੂ ਨਾਲ ਫਰਕ ਪੈ ਗਿਆ ਸੀ। ਅਸਲ 'ਚ ਸਾਡੇ ਬਾਬੇ ਦੀ ਭੂਆ ਦਾ ਪੁੱਤ ਸਾਡੇ ਘਰ ਰਹਿੰਦਾ ਸੀ। ਬਜ਼ੁਰਗ ਸੀ। ਪਰ ਫੇਰ ਵੀ ਤਕੜਾ ਸੀ। ਉਸਦੇ ਹੁੰਦਿਆਂ ਘਰ ਦੇ ਮਾਲ ਡੰਗਰ ਦਾ ਫ਼ਿਕਰ ਦਰਸ਼ਨ ਚਾਚੇ ਨੂੰ ਨਹੀਂ ਸੀ। ਬਦਲੇ ਵਿਚ ਸੀਰ ਦਾ ਹਿਸਾਬ ਕਰਨ ਵੇਲੇ ਬਾਪੂ ਉਸਦਾ ਹਿੱਸਾ ਕੱਟ ਲੈਂਦਾ ਤੇ ਦਰਸ਼ਨ ਵੀ ਕੋਈ ਇਤਰਾਜ਼ ਨਾ ਕਰਦਾ।

ਪਿਛਲੇ ਲੰਬੇ ਸਮੇਂ ਤੋਂ ਬਜ਼ੁਰਗ ਬਿਮਾਰ ਰਹਿਣ ਲੱਗ ਪਿਆ ਸੀ। ਉਸ ਤੋਂ ਕੰਮ ਨਾ ਹੁੰਦਾ। ਉਹ ਮੰਜੇ ਨਾਲ ਮੰਜਾ ਬਣਨ ਲੱਗ ਪਿਆ ਸੀ। ਜਦੋਂ ਹਿਸਾਬ ਕਰਨ ਦੀ ਵਾਰੀ ਆਈ ਤਾਂ ਬਾਪੂ ਪਿਛਲੇ ਸਾਲਾਂ ਵਾਂਗ ਉਸਦਾ ਹਿੱਸਾ ਕੱਟ ਰਿਹਾ ਸੀ। ਪਰ ਦਰਸ਼ਨ ਉਸ ਨੂੰ ਘਰ ਦਾ ਬਜ਼ੁਰਗ ਨਾ ਹੋ ਕੇ ਰਿਸ਼ਤੇਦਾਰੀ 'ਚੋਂ ਆਇਆ ਮੰਨ ਕੇ ਹਿੱਸਾ ਕਟਵਾਉਣ ਲਈ ਤਿਆਰ ਨਹੀਂ ਸੀ।

ਪਤਾ ਨਹੀਂ ਉਨ੍ਹਾਂ ਦਾ ਹਿਸਾਬ ਕਿਵੇਂ ਪੂਰ ਚੜ੍ਹਿਆ, ਪਰ ਦਰਸ਼ਨ ਅਗਲੇ ਸਾਲ ਤੋਂ ਸਾਡੇ ਸੀਰੀ ਤੋਂ ਨੌਕਰ ਬਣ ਗਿਆ ਸੀ।

ਵਕਤ ਬੜੀ ਤੇਜ਼ੀ ਨਾਲ ਕਰਵਟਾਂ ਬਦਲ ਰਿਹਾ ਸੀ। ਬਲਦਾਂ, ਬੋਤਿਆਂ ਤੋਂ ਜਿਮੀਂਦਾਰ ਅੱਕਣ ਲੱਗ ਪਏ ਸਨ। ਖੇਤੀ 'ਚ ਮਸ਼ੀਨਰੀ ਦਾ ਦਖ਼ਲ ਵਧ ਰਿਹਾ ਸੀ।

ਬਾਪੂ ਨੇ ਵੀ ਦੋਵੇਂ ਬਲਦਾਂ ਵਿਚੋਂ ਇਕ ਵੇਚ ਦਿੱਤਾ ਸੀ। ਹਰੇ ਚਾਰੇ ਤੇ ਹੋਰ ਢੋਆ-ਢੁਆਈ ਲਈ ਗੱਡਾ ਬਦਲ ਕੇ ਇਕ ਬਲਦ ਵਾਲੀ ਰੇਹੜੀ ਬਣਾ ਲਈ। ਵਹਾਈ ਬਿਜਾਈ ਕਿਰਾਏ ਵਾਲੇ ਟਰੈਕਟਰ ਤੋਂ ਹੋਣ ਲੱਗ ਪਈ।

ਦਰਸ਼ਨ ਸਵੇਰੇ ਜਲਦੀ ਖੇਤ ਕੰਮ 'ਤੇ ਚਲਾ ਜਾਂਦਾ। ਬਾਪੂ ਆਵਦੀ ਰੋਟੀ ਘਰ ਖਾ ਕੇ ਦਰਸ਼ਨ ਦੀ ਰੋਟੀ ਵਾਲਾ ਝੋਲਾ ਲੈ ਕੇ ਖੇਤ ਪਹੁੰਚਦਾ। ਸ਼ਾਮ ਨੂੰ ਵੀ ਬਾਪੂ ਦਿਨ ਖੜ੍ਹੇ ਘਰ ਆ ਜਾਂਦਾ ਤੇ ਦਰਸ਼ਨ ਟਿੱਕੀ ਢਲੀ ਤੋਂ ਘਰ ਆਉਂਦਾ। ਆ ਕੇ ਉਹ ਮਾਲ ਡੰਗਰ ਸਾਂਭਦਾ। ਜਦੋਂ ਤਕ ਉਹ ਨਲਕੇ ਤੋਂ ਹੱਥ ਧੋਂਦਾ, ਮਾਂ ਇਕ ਬਾਟੀ ਵਿਚ ਸਬਜ਼ੀ ਪਾ ਕੇ ਉਪਰ ਸੱਤ-ਅੱਠ ਰੋਟੀਆਂ ਰੱਖ ਕੇ ਪੋਣੇ ਨੂੰ ਗੰਢ ਦੇ ਕੇ ਕੰਧੋਲੀ ਉੱਪਰ ਰੱਖ ਦਿੰਦੀ। ਦਰਸ਼ਨ ਬਿਨਾਂ ਕੁਝ ਬੋਲੇ ਪੋਣਾ ਚੁੱਕ ਕੇ ਆਵਦੇ ਘਰ ਨੂੰ ਤੁਰ ਜਾਂਦਾ।

ਉੱਨੀ ਸੌ ਬੰਨਵੇਂ ਦੇ ਫਰਵਰੀ-ਮਾਰਚ ਦੇ ਦਿਨ ਹੋਣੇ। ਮੇਰਾ ਮਾਮਾ ਆਇਆ ਹੋਇਆ ਸੀ। ਆਥਣੇ ਤਰਾਰੇ 'ਚ ਹੋਏ ਬੈਠੇ ਸਾਲੇ-ਭਣੋਈਏ 'ਚ ਟਰੈਕਟਰਾਂ ਦੀਆਂ ਗੱਲਾਂ ਚੱਲ ਪਈਆਂ। ਮਾਮੇ ਕੋਲ ਫੋਰਡ 3600 ਸੀ। ਹਵਾ ਪਿਆਜੀ ਹੋਇਆ ਉਹ ਫੋਰਡ ਦੀ ਸਿਫ਼ਤ ਇਸ ਤਰ੍ਹਾਂ ਕਰ ਰਿਹਾ ਸੀ ਜਿਵੇਂ ਜਹਾਜ਼ ਚਲਾਉਂਦਾ ਰਿਹਾ ਹੋਵੇ।

ਕੁਝ ਲੋਕਾਂ ਦੀ ਦੇਖਾ ਦੇਖੀ ਤੇ ਕੁਝ ਜ਼ਰੂਰਤ ਕਾਰਨ ਬਾਪੂ ਨੇ ਸੌਣ ਤੋਂ ਪਹਿਲਾਂ ਟਰੈਕਟਰ ਖਰੀਦਣ ਦਾ ਮਨ ਬਣਾ ਲਿਆ ਸੀ। ਮਾਮੇ ਤੇ ਬਾਪੂ ਤੋਂ ਟਰੈਕਟਰਾਂ ਦੀਆਂ ਗੱਲਾਂ ਸੁਣਦੇ-ਸੁਣਦੇ ਮੈਨੂੰ ਨੀਂਦ ਨੇ ਸੁੱਟ ਲਿਆ ਸੀ। ਇਧਰ ਮੈਂ ਟਰੈਕਟਰ ਨਾਲ ਖੇਤ ਵਾਹੁਣ ਦੇ ਸੁਪਨੇ ਲੈ ਰਿਹਾ ਸੀ। ਉਧਰ ਆਪਣੇ ਘਰੇ ਸੁੱਤੇ ਪਏ ਦਰਸ਼ਨ ਨੂੰ ਇਸ ਗੱਲ ਦੀ ਕੋਈ ਵਾਈ-ਧਾਈ ਨਹੀਂ ਸੀ।

ਡੇਢ ਦੋ ਹਫ਼ਤੇ ਬੈਂਕ ਤੋਂ ਲੋਨ ਪਾਸ ਕਰਾਉਂਦਿਆਂ ਲੰਘ ਗਏ। ਮਾਰਚ ਦੇ ਅਖ਼ੀਰ ਤਕ ਜਾਂਦਿਆਂ-ਜਾਂਦਿਆਂ ਨਵਾਂ ਨਕੋਰ ਲਾਲ ਲਿਸ਼ਕਾਂ ਮਾਰਦਾ ਆਸ਼ਾ ਟਰੈਕਟਰ ਗੇਟੋਂ ਅੰਦਰ ਆ ਗਿਆ ਸੀ।

ਟਰੈਕਟਰ ਵਰਾਂਡੇ ਅੰਦਰ ਕਰਦਿਆਂ ਬਲਦ ਵਾਲਾ ਕਿੱਲਾ ਅੜਿੱਕਾ ਲਾਉਂਦਾ ਸੀ। ਬਾਪੂ ਨੇ ਦਰਸ਼ਨ ਨੂੰ ਕਹਿ ਕੇ ਉਹ ਕਿੱਲਾ ਪਟਵਾ ਦਿੱਤਾ। ਦਰਸ਼ਨ ਕਦੇ ਓਪਰੀ ਖੁਰਲੀ 'ਤੇ ਖੜ੍ਹੇ ਬਲਦ ਵੱਲ ਵੇਖ ਰਿਹਾ ਸੀ, ਕਦੇ ਪੱਟੇ ਹੋਏ ਕਿੱਲੇ ਵਾਲੇ ਟੋਏ ਉੱਤੋਂ ਦੀ ਲੰਘਦੇ ਟਰੈਕਟਰ ਵੱਲ।

ਗੱਡੇ ਤੋਂ ਬਾਅਦ ਬਣਾਈ ਬਲਦ ਰੇਹੜੀ ਦਾ ਬਲਦ ਵਾਲਾ ਜੂਲਾ ਪਟਾ ਕੇ ਟਰੈਕਟਰ ਮਗਰ ਪਾਉਣ ਲਈ ਟਰਾਲੀ ਵਾਂਗ ਹੁੱਕ ਲਵਾ ਲਈ ਗਈ ਤੇ ਬਲਦ ਪਿੰਡ ਵਿਚ ਫਿਰਦੇ 'ਗੱਡੀਆਂ ਵਾਲਿਆਂ' ਨੂੰ ਐਵੇਂ ਵਾਂਗੂੰ ਫੜਾ ਦਿੱਤਾ ਸੀ।

ਤੇ ਹੁਣ ਬਲਦਾਂ ਮਗਰੋਂ ਦਰਸ਼ਨ ਦੀ ਵਾਰੀ ਸੀ।

ਅਸੀਂ ਰੋਹੀ ਵਾਲੇ ਖੇਤ ਸਰ੍ਹੋਂ ਵੱਢਦੇ ਸੀ। ਬਾਪੂ, ਦਰਸ਼ਨ, ਮੈਂ ਤੇ ਇਕ ਵੀੜ੍ਹੀਆ। ਗੱਲਾਂ ਟਰੈਕਟਰ ਦੀ ਡਰਾਇਵਰੀ ਦੀਆਂ ਚਲ ਪਈਆਂ।

"ਬਈ ਪਹੀ 'ਚ ਤਾਂ ਤੂੰ ਚਲਾ ਲਿਆਉਣਾ। 'ਗਾਹਾਂ ਜਦੋਂ ਬਿਜਾਈ-ਵਹਾਈ ਦਾ ਵੇਲਾ...ਉਦੋਂ !" ਵੀੜ੍ਹੀ ਵਾਲਾ ਬਾਪੂ ਨੂੰ ਮੁਖਾਤਬ ਸੀ।

"ਹੋ ਚੱਲਿਆ ਜੁਆਨ..." ਮੇਰੇ ਵੱਲ ਵੇਖ ਕੇ ਦਰਸ਼ਨ ਗੜ੍ਹਕਿਆ।

"ਨਾ ਏਹਨੇ ਤਾਂ ਹਲੇ ਪੜ੍ਹਾਈ ਕਰਨੀ ਆ...ਇਹ ਤਾਂ ਛੁੱਟੀ ਆਲੇ ਦਿਨ ਜੋੜ ਲਈਦਾ ਕਦੇ-ਕਦੇ।" ਬਾਪੂ ਨੂੰ ਮੇਰੀ ਪੜ੍ਹਾਈ ਦੀ ਕੀਮਤ ਤੇ ਟਰੈਕਟਰ ਦੀ ਡਰਾਇਵਰੀ ਮਨਜ਼ੂਰ ਨਹੀਂ ਸੀ।

"ਫੇਰ...! ਦਰਸ਼ਨ ਨੂੰ ਵੀ ਬਲਦਾਂ ਤੋਂ ਸਿਵਾ ਕੁਝ ਨ੍ਹੀਂ ਆਉਂਦਾ।" ਵੀੜ੍ਹੀ ਵਾਲਾ ਬੋਲਿਆ ਸੀ।

"ਏਹਦੇ ਮਾਮੇ ਨਾਲ ਗੱਲ ਹੋਈ ਆ...ਮੁੰਡਾ ਓਥੇ ਇਕ। ਟਰੈਕਟਰ ਵੀ ਚੰਗੀ ਤਰ੍ਹਾਂ ਜਾਣਦੈ ਤੇ ਹੋਰ ਵੀ ਸਾਰੇ ਕੰਮ ਦਾ ਕਰੇਂਦਾ। ਹੋ ਸਕਦਾ ਉਸੇ ਨਾਲ ਗੱਲ ਹੋ 'ਜੇ।" ਗੱਲਾਂ ਭਾਵੇਂ ਸਹਿਜ ਸੁਭਾ ਸ਼ੁਰੂ ਹੋਈਆਂ ਸੀ, ਪਰ ਬਾਪੂ ਗੰਭੀਰ ਹੋ ਗਿਆ ਸੀ।

ਮੈਂ ਦਾਤੀ ਰੋਕ ਚਾਚੇ ਵੱਲ ਝਾਕਿਆ। ਉਸਦੀ ਵੀ ਦਾਤੀ ਖੜ੍ਹ ਗਈ ਸੀ। ਉਹ ਬਾਪੂ ਵੱਲ ਝਾਕਿਆ। ਪਰ ਬਾਪੂ ਉਸੇ ਤਰ੍ਹਾਂ ਨੀਵੀਂ ਪਾਈ ਸੱਲਰਿਆਂ ਨਾਲੋਂ ਫਲੀਆਂ ਵਾਲਾ ਲਾਂਗਾ ਵੱਢ ਕੇ ਸੱਥਰੀ ਪਾਈ ਗਿਆ।

ਦੁਪਹਿਰ ਵਾਲੀ ਚਾਹ ਪੀਂਦਿਆਂ ਤਾਂ ਬਾਪੂ ਸਪਸ਼ਟ ਹੋ ਗਿਆ

ਸੀ। "ਦਰਸ਼ਨਾ ਆਪਣੀ ਬਹੁਤ ਸਾਲ ਨਿਭ ਗਈ। ਭਰਾਵਾਂ ਵਾਂਗੂੰ ਵਰਤੇ ਆਂ 12-15 ਸਾਲ ਹੋ 'ਗੇ, ਇਕ ਘਰ ਬਣਿਆ ਹੋਇਆ। ਪਰ ਤੋਕੀਂ ਕੋਈ ਹੋਰ ਘਰ ਦੇਖਲੀਂ।"

'ਏਨੀ ਵੱਡੀ ਗੱਲ ਬਾਪੂ ਕਿੰਨੇ ਸਹਿਜ ਨਾਲ ਕਹਿ ਗਿਆ।' ਮੈਨੂੰ ਹੈਰਾਨੀ ਹੋਈ।

"ਠੀਕ ਆ ਬਾਈ...ਸਾਧੂ ਚਲਦੇ ਭਲੇ ਤੇ ਨਗਰੀ ਵਸਦੀ ਭਲੀ। ਸਾਡਾ ਕੀ ਐ...ਕਿਸੇ ਹੋਰ ਘਰ ਦੀ ਕੰਧ ਦੇ ਆਲੇ 'ਚ ਧਰਲਾਂ ਗੇ ਬਾਟੀ।" ਕਹਿਣ ਨੂੰ ਦਰਸ਼ਨ ਕਹਿ ਤਾਂ ਗਿਆ ਪਰ ਉਸ ਤੋਂ ਬਾਟੀ ਵਿਚ ਬਚੀ ਚਾਹ ਦੀ ਅਖ਼ੀਰਲੀ ਘੁੱਟ ਪੀਤੀ ਨਹੀਂ ਗਈ। ਉਸਨੇ ਛੱਲ ਮਾਰ ਕੇ ਚਾਹ ਡੋਲ੍ਹ ਦਿੱਤੀ ਤੇ ਬਾਟੀ ਵਿਚ ਮਿੱਟੀ ਪਾ ਕੇ ਸੁਕਮਾਂਜ ਕਰ ਦਿੱਤੀ।

ਪਹਿਲਾਂ ਸਰ੍ਹੋਂ ਵੱਢੀ, ਫੇਰ ਜੌਂ। ਤੇ ਅੱਗੇ ਜਿਵੇਂ-ਜਿਵੇਂ ਦੌਗੀਆਂ-ਦੌਗੀਆਂ ਕਣਕ ਰੰਗ ਵਟਾਉਂਦੀ, ਵੱਢੀ ਜਾਂਦੀ ਰਹੀ। ਵਿਸਾਖੀ ਮਗਰੋਂ ਤਾਂ 'ਲਾਗੀ ਮੇਖ, ਹੁਣ ਕੱਚੀ ਪੱਕੀ ਨਾ ਦੇਖ' ਕਹਿ ਕੇ ਕਣਕ ਦੀ ਵਾਢੀ ਦਾ ਜ਼ੋਰ ਪੈ ਗਿਆ। ਹੋਰ ਦੋ ਢਾਈ ਹਫ਼ਤਿਆਂ ਤਕ ਤੂੜੀ ਤੰਦ ਸਾਂਭਿਆ ਗਿਆ।

ਉਹ ਦਿਨ ਵੀ ਆ ਗਿਆ, ਜਦੋਂ ਦਰਸ਼ਨ ਨਾਲ ਸਾਲ ਭਰ ਦੀ ਚੱਲਤ ਦਾ ਹਿਸਾਬ ਕਰਨਾ ਸੀ।

ਬੀਹੀ ਵਾਲੀ ਬੈਠਕ 'ਚ ਬਾਪੂ ਨਾਲ ਹਿਸਾਬ ਕਰਕੇ ਦਰਸ਼ਨ ਚਾਚਾ ਚੌਂਕੇ ਕੋਲ ਮਾਂ ਤੇ ਦਾਦੀ ਨੂੰ ਮਿਲਣ ਆ ਗਿਆ।

"ਚੰਗਾ ਤਾਈ, ਕਿਹਾ ਸੁਣਿਆ ਮਾਫ਼ ਕਰੀਂ। ਬਥੇਰੇ ਸਾਲ ਨਿਭ 'ਗੀ।"

"ਠੀਕ ਆ ਭਾਈ, ਜਿਵੇਂ ਜੱਗ ਦਾ ਦਸਤੂਰ ਆ, ਓਮੇਂ ਨਿਭਣਾ ਪੈਂਦਾ ! ਬਹੁਤਿਆਂ ਤੋਂ ਚੰਗੇ ਆਂ, ਬਹੁਤਿਆਂ ਤੋਂ ਮਾੜੇ ਹੋਮਾਂਗੇ। ਸ਼ਾਬਾਸ਼ੇ ਭਾਈ।" ਦਰਸ਼ਨ ਨੂੰ ਕਹਿੰਦੀ ਉਹ ਮਾਂ ਨੂੰ ਬੋਲੀ, "ਲਿਆ ਕੁੜੇ...।"

ਮਾਂ ਨੇ ਸ਼ੱਕਰ ਦੀ ਭਰੀ ਬਾਟੀ ਦਾਦੀ ਨੂੰ ਫੜਾ ਦਿੱਤੀ। ਦਾਦੀ ਨੇ ਦਸ ਦਾ ਨੋਟ ਆਵਦੇ ਗੀਝੇ ਵਿਚੋਂ ਕੱਢਿਆ ਤੇ ਦੋਵੇਂ ਚੀਜ਼ਾਂ ਦਰਸ਼ਨ ਨੂੰ ਫੜਾਉਂਦਿਆਂ ਬੋਲੀ, "ਲੰਘਦਾ ਟੱਪਦਾ ਮਿਲ ਜਿਆ ਕਰੀਂ ਭਾਈ। ਵਥੇਰਾ ਕਮਾਇਟਾ ਸੁਖ ਨਾਲ ਮੇਰੇ ਪੁੱਤ ਨਾਲ ਰਲ ਕੇ। ਆਪਣਾ ਤਾਂ ਕੋਈ ਫ਼ਰਕ ਨੀਂ ਸੀ।"

"ਐਂ ਤਾਂ ਮੈਂ ਕਿਹਾ ਬਾਈ ਨੂੰ, ਜਦੋਂ ਦਿਹਾੜੀ-ਦੱਪੇ ਦੀ ਲੋੜ ਹੋਈ ਬੁਲਾ 'ਲੀਂ...ਹੁਣ ਮੈਂ ਪੱਕਾ ਨੀਂ ਰਲਦਾ ਕਿਸੇ ਨਾਲ। ਵਥੇਰਾ ਸੀਰ ਕਮਾ 'ਲੇ !" ਦਾਦੀ ਨੂੰ ਕਹਿੰਦਾ ਉਹ ਮੇਰੇ ਵੱਲ ਝਾਕਿਆ ਤੇ ਬੋਲਿਆ, "ਚੰਗਾ ਵੀ ਪਾੜ੍ਹਿਆ...।"

ਮੈਂ ਕੁਸ਼ ਨ੍ਹੀਂ ਬੋਲਿਆ। ਮੇਰੇ ਕੋਲੋਂ ਕੁਸ਼ ਬੋਲਿਆ ਵੀ ਨਹੀਂ ਜਾਣਾ ਸੀ। ਦਰਸ਼ਨ ਜਾ ਰਿਹਾ ਸੀ। ਗੇਟੋਂ ਬਾਹਰ ਹੋਣ ਤਕ ਮੈਂ ਉਸਦੀ ਕੰਡ ਵੱਲ ਦੇਖੀ ਗਿਆ। ਪਰ ਉਸਨੇ ਇਕ ਵਾਰ ਵੀ ਪਿੱਛੇ ਮੁੜ ਕੇ ਨਹੀਂ ਦੇਖਿਆ।

•

ਮੋਬਾ. 9463445092

ਕਹਾਣੀ / **ਰੁਤਬਾ** / *ਗੁਰਮੀਤ ਸਿੰਘ ਬਿਰਦੀ*

ਮੈਂ ਦਸ ਸਾਲਾਂ ਬਾਅਦ ਕੈਨੇਡਾ ਤੋਂ ਆਪਣੇ ਪਿੰਡ ਪਰਤ ਰਿਹਾ ਸੀ ਤਾਂ ਆਪਣੇ ਪਿੰਡ ਦੀ ਬਦਲੀ ਨੁਹਾਰ ਵੇਖ ਕੇ ਮੇਰਾ ਮਨ ਬਹੁਤ ਖ਼ੁਸ਼ ਹੋਇਆ। ਕਾਰ ਚਲਾ ਰਿਹਾ ਮੇਰੇ ਪਿੰਡ ਦਾ ਮਿੱਤਰ ਮਨਦੀਪ ਮੈਨੂੰ ਦੱਸ ਰਿਹਾ ਸੀ, "ਇਹ ਸਭ ਆਪਣੇ ਪਿੰਡ ਦੇ ਸਰਪੰਚ ਸਰਵਣ ਸਿੰਘ ਦੀ ਕਿਰਪਾ ਨਾਲ ਹੀ ਹੋਇਆ ਹੈ...।" ਮੈਨੂੰ ਸੋਚਾਂ ਪਿਆ ਵੇਖ ਕੇ ਉਹ ਫਿਰ ਬੋਲਿਆ, "ਸਰਵਣ...ਉਹੀ ਆਪਣਾ...ਜਿਹਨੂੰ ਆਪਾਂ ਸਾਰੇ ਕਮਲੀ...ਕਮਲੀ ਕਹਿ ਕੇ ਛੇੜਦੇ ਸੀ।"

"ਅੱਛਾ...ਅੱਛਾ...ਉਹੀ ਕਮਲੀ...ਜਿਹਨੂੰ ਖੁਸਰੇ ਲੈਣ ਆਏ ਸੀ ਤੇ ਉਸਦੇ ਪਿਉ ਨੇ ਪੈਸੇ ਦੇ ਕੇ ਮੋੜ ਦਿੱਤੇ ਸੀ...ਫਿਰ ਉਹ ਖੁਸਰੇ ਹਰ ਸਾਲ ਉਨ੍ਹਾਂ ਦੇ ਘਰ ਫੇਰਾ ਪਾਉਂਦੇ ਅਤੇ ਵੱਡੀ ਰਕਮ ਲੈ ਕੇ ਹੀ ਮੁੜਦੇ।"

"ਹਾਂ ਉਹੀ...ਪਰ ਹੁਣ ਸਾਰੇ ਉਸ ਨੂੰ ਸਰਪੰਚ ਸਰਵਣ ਸਿੰਘ ਨਾਮ ਨਾਲ ਬੁਲਾਉਂਦੇ ਨੇ...।"

"ਐਡਾ ਕੀ ਕਰ ਦਿੱਤਾ ਉਸਨੇ...।" ਮੈਂ ਬੋਲੇ ਬਿਨਾਂ ਨਾ ਰਹਿ ਸਕਿਆ।

"ਆਪਣਾ ਪਹਿਲਾ ਸਰਪੰਚ ਤਾਂ ਤੈਨੂੰ ਪਤਾ ਹੀ ਆ...ਗ੍ਰਾਂਟਾਂ ਲੈ ਲੈ ਕੇ ਖਾਈ ਜਾਂਦਾ ਸੀ...ਜੇ ਕਿਸੇ ਕੰਮ ਨੂੰ ਕਹੋ ਤਾਂ ਪੈਸੇ ਲਏ ਬਿਨਾਂ ਕੋਈ ਕੰਮ ਕਰਦਾ ਹੀ ਨਹੀਂ ਸੀ ਪਰ ਵੇਖ ਲੈ...ਕਮਲੀ ਦੇ ਪਿਉ ਨੇ ਉਸ ਵਕਤ ਖੁਸਰਿਆਂ ਨੂੰ ਮੂੰਹ 'ਤੇ ਕਿਹਾ ਸੀ ਕਿ ਜੇ ਮੇਰੇ ਪੁੱਤ ਨੇ ਪੂਰੇ ਪਿੰਡ ਵਿਚ ਬੱਲੇ ਬੱਲੇ ਨਾ ਕਰਵਾਈ ਤਾਂ ਬੇਸ਼ੱਕ ਉਸਦੇ ਪੁੱਤ ਨੂੰ ਲੈ ਜਾਇਉ।"

"ਹੁਣ ਵੇਖ ਲੈ ਪਿਉ ਨੇ ਉਸ ਨੂੰ ਚੰਗੀ ਪੜ੍ਹਾਈ ਕਰਵਾਈ ਅਤੇ ਇਸ ਮੁਕਾਮ 'ਤੇ ਖੜ੍ਹਾ ਕਰ ਦਿੱਤਾ ਕਿ ਉਸਨੇ ਪਿੰਡ ਵਿਚ ਗਲੀਆਂ, ਡਾਕਖਾਨਾ, ਹਸਪਤਾਲ ਅਤੇ ਸਕੂਲ ਬਣਾ ਕੇ ਆਪਣੇ ਪਿੰਡ ਦਾ ਨਕਸ਼ਾ ਹੀ ਬਦਲ ਦਿੱਤਾ। ਐਥੋਂ ਤੱਕ ਗਰੀਬ ਘਰਾਂ ਦੀਆਂ ਕੁੜੀਆਂ ਦੇ ਵਿਆਹ ਵੀ ਕਰਵਾਏ...ਪਿੰਡ ਦਾ ਹਰ ਜੀਅ ਉਸ ਨੂੰ ਅਸੀਸਾਂ ਦਿੰਦਾ ਨਹੀਂ ਥੱਕਦਾ।"

ਮਨਦੀਪ ਨੇ ਬ੍ਰੇਕ ਲਗਾ ਕੇ ਕਾਰ ਰੋਕ ਲਈ। ਅਚਾਨਕ ਕਾਰ ਰੁਕੀ ਵੇਖ ਕੇ ਮੈਂ ਪੁੱਛਿਆ, "ਹੁਣ ਕੀ ਹੋਇਆ ?"

"ਸਾਹਮਣੇ ਵੇਖ ਕੌਣ ਖੜ੍ਹਾ...।" ਮਨਦੀਪ ਕਾਰ ਵਿਚੋਂ ਨਿਕਲਦਾ ਹੋਇਆ ਬੋਲਿਆ, "ਸਰਪੰਚ ਸਾਹਬ ਖੜ੍ਹੇ ਨੇ...।"


"ਸਤਿ ਸ੍ਰੀ ਅਕਾਲ ਸਰਪੰਚ ਸਾਹਬ...ਉਹ ਵੇਖੋ ਆਪਣਾ ਯਾਰ ਕੁਲਵਿੰਦਰ ਕੈਨੇਡਾ ਤੋਂ ਆਇਆ..." ਮਨਦੀਪ ਸਰਪੰਚ ਨੂੰ ਕਾਰ ਦੇ ਕੋਲ ਲੈ ਆਇਆ।

"ਕੁਲਵਿੰਦਰ ਵੀਰ, ਕੀ ਹਾਲ ਚਾਲ ਨੇ ਤੇਰੇ...।" ਸਰਪੰਚ ਨੇ ਕਾਰ ਦੇ ਕੋਲ ਆ ਕੇ ਬੜੀ ਖ਼ੁਸ਼ੀ ਨਾਲ ਮੇਰੇ ਨਾਲ ਹੱਥ ਮਿਲਾਇਆ।

"ਬਹੁਤ ਵਧੀਆ..." ਮੈਂ ਕਾਰ ਵਿਚੋਂ ਬਾਹਰ ਨਿਕਲਿਆ ਤਾਂ ਮੇਰੇ ਦੋਵੇਂ ਹੱਥ ਵੀ ਮੱਲੋ-ਮੱਲੀ ਜੁੜ ਗਏ। ਸਰਪੰਚ ਨੇ ਮੈਨੂੰ ਘੁੱਟ ਕੇ ਜੱਫ਼ੀ ਵਿਚ ਲੈ ਲਿਆ। ਉਸਦਾ ਪਿਆਰ ਅਤੇ ਸਿਫ਼ਤਾਂ ਸੁਣ ਕੇ ਮੇਰਾ ਸਿਰ ਵੀ ਉਸ ਅੱਗੇ ਝੁਕ ਗਿਆ।

•

ਮੋਬਾ. 98556-37840



ਵਿਅਕਤੀ ਚਿਤਰ

ਪ੍ਰੇਮ ਮਾਨ

ਕਾਵਿਕ ਵਾਰਤਕ ਦਾ ਬਾਦਸ਼ਾਹ ਡਾ. ਗੁਰਬਖ਼ਸ਼ ਸਿੰਘ ਭੰਡਾਲ

ਇਕ ਦਿਨ ਮੇਰੇ ਮੋਬਾਇਲ ’ਤੇ ਇਕ ਫ਼ੋਨ ਆਇਆ ਪਰ ਮੈਂ ਜਵਾਬ ਨਾ ਦਿੱਤਾ ਕਿਉਂਕਿ ਇਹ ਫ਼ੋਨ ਨੰਬਰ ਮੇਰਾ ਜਾਣਿਆ-ਪਛਾਣਿਆ ਨਹੀਂ ਸੀ, ਨਾ ਹੀ ਇਸ ਫ਼ੋਨ ਦੇ ਮਾਲਕ ਦਾ ਨਾਂ ਮੇਰੇ ਮੋਬਾਇਲ ਵਿਚ ਦਰਜ਼ ਸੀ ਅਤੇ ਨਾ ਹੀ ਫ਼ੋਨ ਕਰਨ ਵਾਲੇ ਦਾ ਨਾਂ ਮੇਰੇ ਫ਼ੋਨ ’ਤੇ ਆ ਰਿਹਾ ਸੀ। ਆਮ ਤੌਰ ’ਤੇ ਜੇ ਕੋਈ ਆਉਣ ਵਾਲਾ ਫ਼ੋਨ ਮੇਰੇ ਮੋਬਾਈਲ ਵਿਚ ਦਰਜ ਨਾ ਹੋਵੇ ਤਾਂ ਮੈਂ ਉਸਦਾ ਜਵਾਬ ਨਹੀਂ ਦਿੰਦਾ, ਇਹ ਸੋਚ ਕੇ ਕਿ ਜੇ ਕੋਈ ਖ਼ਾਸ ਫ਼ੋਨ ਹੋਇਆ ਤਾਂ ਫ਼ੋਨ ਕਰਨ ਵਾਲਾ ਇਨਸਾਨ ਮੇਰੇ ਫ਼ੋਨ ’ਤੇ ਸੁਨੇਹਾ ਛੱਡ ਜਾਵੇਗਾ। ਅਮਰੀਕਾ ਵਿਚ ਰੋਜ਼ਾਨਾ ਹੀ ਕਈ ਫ਼ੋਨ ਚੀਜ਼ਾਂ ਵੇਚਣ ਵਾਲਿਆਂ ਦੇ ਅਤੇ ਹੇਰਾ-ਫੇਰੀਆਂ ਕਰਨ ਵਾਲਿਆਂ ਦੇ ਆਉਂਦੇ ਰਹਿੰਦੇ ਹਨ। ਉਸ ਦਿਨ ਕੁਝ ਮਿੰਟਾਂ ਬਾਅਦ ਮੈਂ ਦੇਖਿਆ ਤਾਂ ਮੇਰੇ ਫ਼ੋਨ ’ਤੇ ਇਕ ਸੁਨੇਹਾ ਛੱਡਿਆ ਹੋਇਆ ਸੀ। ਮੈਂ ਸੁਨੇਹਾ ਸੁਣਿਆ ਤਾਂ ਮੇਰੀ ਹੈਰਾਨੀ ਅਤੇ ਖ਼ੁਸ਼ੀ ਦੀ ਕੋਈ ਹੱਦ ਨਾ ਰਹੀ। ਮੈਂ ਤਾਂ ਕਦੇ ਸੋਚਿਆ ਵੀ ਨਹੀਂ ਸੀ ਕਿ ਇੰਨੇ ਵੱਡੇ ਕੱਦ ਵਾਲਾ ਸਾਹਿਤਕਾਰ ਮੈਨੂੰ ਫ਼ੋਨ ਕਰੇਗਾ ਅਤੇ ਮੇਰੇ ਫ਼ੋਨ ’ਤੇ ਸੁਨੇਹਾ ਛੱਡੇਗਾ। ਮੈਂ ਡਾ. ਗੁਰਬਖ਼ਸ਼ ਸਿੰਘ ਭੰਡਾਲ ਹੁਰਾਂ ਦੀ ਗੱਲ ਕਰ ਰਿਹਾਂ। ਮੈਂ ਉਸੇ ਵੇਲੇ ਉਨ੍ਹਾਂ ਨੂੰ ਵਾਪਸ ਫ਼ੋਨ ਕੀਤਾ ਅਤੇ ਅਸੀਂ ਕਾਫ਼ੀ ਦੇਰ ਗੱਲਾਂ ਕਰਦੇ ਰਹੇ।

ਡਾ. ਭੰਡਾਲ ਹੁਰਾਂ ਦੇ ਲੇਖ ਅਮਰੀਕਾ ਵਿਚ ਛਪਦੇ ਹਫ਼ਤਾਵਾਰੀ ਅਖ਼ਬਾਰ ‘ਪੰਜਾਬ ਟਾਈਮਜ਼’ ਵਿਚ 2015 ਤੋਂ ਛਪਦੇ ਆ ਰਹੇ ਹਨ। ਮੈਂ ਕਈ ਸਾਲਾਂ ਤੋਂ ਇਨ੍ਹਾਂ ਲੇਖਾਂ ਨੂੰ ਪੜ੍ਹਦਾ ਆਇਆ ਹਾਂ। ਇਨ੍ਹਾਂ ਲੇਖਾਂ ਦੇ ਮਜ਼ਮੂਨ ਬਹੁਤ ਅਦਭੁਤ ਅਤੇ ਦਿਲ-ਖਿੱਚਵੇਂ ਹੁੰਦੇ ਹਨ। ਲੇਖ ਦੇ ਹੇਠਾਂ ਡਾ. ਭੰਡਾਲ ਹੁਰਾਂ ਦਾ ਫ਼ੋਨ ਨੰਬਰ ਵੀ ਹੁੰਦਾ ਹੈ। ਮੈਂ ਕਈ ਸਾਲਾਂ ਤੋਂ ਸੋਚਦਾ ਰਿਹਾਂ ਕਿ ਡਾ. ਭੰਡਾਲ ਹੁਰਾਂ ਨੂੰ ਫ਼ੋਨ ਕਰਾਂ ਅਤੇ ਉਨ੍ਹਾਂ ਦੀ ਵਾਰਤਕ ਦੀ ਸ਼ਲਾਘਾ ਕਰਨ ਦੇ ਨਾਲ ਨਾਲ ਉਨ੍ਹਾਂ ਬਾਰੇ ਕੁਝ ਗੱਲਾਂ ਵੀ ਕਰਾਂ। ਪਰ ਫਿਰ ਆਪੇ ਹੀ ਸੋਚਦਾ ਕਿ ਪਤਾ ਨਹੀਂ ਉਨ੍ਹਾਂ ਦਾ ਸੁਭਾ ਕਿਹੋ ਜਿਹਾ ਹੋਵੇਗਾ। ਕੀ ਪਤਾ ਉਹ ਫ਼ੋਨ ਦਾ ਜਵਾਬ ਦੇਣ ਵੀ ਜਾਂ ਨਾ। ਜੇ ਉਨ੍ਹਾਂ ਨੇ ਫ਼ੋਨ ਦਾ ਜਵਾਬ ਦੇ ਵੀ ਦਿੱਤਾ ਤਾਂ ਵਧੀਆ ਤਰੀਕੇ ਨਾਲ ਗੱਲ ਕਰਨ ਕਿ ਨਾ ਕਰਨ। ਵੈਸੇ ਵੀ ਮੈਂ ਫ਼ੋਨ ਕਰਨ ਦੇ ਸਿਲਸਿਲੇ ’ਚ ਬਹੁਤ ਸੁਸਤ ਹਾਂ। ਖ਼ੈਰ, ਜਦੋਂ ਡਾ. ਭੰਡਾਲ ਹੁਰਾਂ ਦਾ ਫ਼ੋਨ ਆਇਆ ਤਾਂ ਬੇਹੱਦ ਖ਼ੁਸ਼ੀ ਹੋਈ। ਉਸ ਤੋਂ ਬਾਅਦ ਅਸੀਂ ਫ਼ੋਨ ’ਤੇ ਕਈ ਵਾਰ ਗੱਲਾਂ ਕੀਤੀਆਂ ਹਨ ਅਤੇ ਬਹੁਤ ਸਾਰੀ ਜਾਣਕਾਰੀ ਇਕ ਦੂਜੇ ਨਾਲ ਸਾਂਝੀ ਕੀਤੀ ਹੈ। ਪਹਿਲੀ ਵਾਰੀ ਫ਼ੋਨ ’ਤੇ ਗੱਲ ਕਰਨ ਤੋਂ ਬਾਅਦ ਉਨ੍ਹਾਂ ਨੇ ਮੈਨੂੰ ਆਪਣੀਆਂ ਵਾਰਤਕ ਦੀਆਂ ਕੁਝ ਕਿਤਾਬਾਂ ਵੀ ਭੇਜੀਆਂ ਸਨ।

ਡਾ. ਭੰਡਾਲ ਹੁਰੀਂ ਕਵਿਤਾ ਵੀ ਲਿਖਦੇ ਹਨ ਅਤੇ ਵਾਰਤਕ ਵੀ। ਮੈਂ ਉਨ੍ਹਾਂ ਦੀਆਂ ਕਵਿਤਾਵਾਂ ਤਾਂ ਬਹੁਤ ਘੱਟ ਪੜ੍ਹੀਆਂ ਹਨ ਕਿਉਂਕਿ ਅੱਜ ਕੱਲ੍ਹ ਲਿਖੀ ਕਵਿਤਾ ਨੂੰ ਪੜ੍ਹ ਕੇ ਮੈਨੂੰ ਬਹੁਤੀ ਖ਼ੁਸ਼ੀ ਪ੍ਰਾਪਤ ਨਹੀਂ ਹੁੰਦੀ। ਉਨ੍ਹਾਂ ਦੀਆਂ ਹੁਣ ਤੱਕ ਪੰਜ ਕਵਿਤਾਵਾਂ ਦੀਆਂ ਕਿਤਾਬਾਂ ਛਪ ਚੁੱਕੀਆਂ ਹਨ, 12 ਵਾਰਤਕ ਦੀਆਂ ਅਤੇ ਇਕ ਕੈਨੇਡਾ ਦਾ ਸਫ਼ਰਨਾਮਾ ਛਪ ਚੁੱਕਿਆ ਹੈ। ਉਨ੍ਹਾਂ ਦੀ ਵਾਰਤਕ ਕਮਾਲ ਦੀ ਹੁੰਦੀ ਹੈ। ਛੋਟੇ-ਛੋਟੇ ਫ਼ਿਕਰਿਆਂ ਵਿਚ ਕਾਵਿਕ ਰੂਪ ਵਿਚ ਲਿਖੀ ਖ਼ੂਬਸੂਰਤ ਸ਼ਬਦਾਂ ਨਾਲ ਸ਼ਿੰਗਾਰੀ ਉਨ੍ਹਾਂ ਦੀ ਵਾਰਤਕ ਪੜ੍ਹਨ ਦਾ ਜੋ ਸੁਆਦ ਆਉਂਦਾ ਹੈ ਉਸਦਾ ਜਵਾਬ ਨਹੀਂ। ਇੰਜ ਲੱਗਦਾ ਜਿਵੇਂ ਡਾ. ਭੰਡਾਲ ਹੁਰਾਂ ਨੂੰ ਵਾਰਤਕ ਲਿਖਣ ਦਾ ਵਰਦਾਨ ਕੁਦਰਤ ਵੱਲੋਂ ਮਿਲਿਆ ਹੋਵੇ। ਉਨ੍ਹਾਂ ਦੀ ਲਿਖੀ ਵਾਰਤਕ ਪੜ੍ਹ ਕੇ ਹੈਰਾਨੀ ਹੁੰਦੀ ਹੈ ਕਿ ਡਾ. ਭੰਡਾਲ ਹੁਰਾਂ ਕੋਲ ਸ਼ਬਦਾਂ ਦਾ ਇੰਨਾ ਭੰਡਾਰ ਕਿਵੇਂ ਆਇਆ ? ਉਨ੍ਹਾਂ ਨੇ ਵਾਰਤਕ ਵਿਚ ਅਜਿਹੇ ਸ਼ਬਦ ਵਰਤੇ ਹੁੰਦੇ ਹਨ ਜੋ ਆਮ ਪਾਠਕ ਤਾਂ ਕੀ ਬਹੁਤੇ ਲੇਖਕਾਂ ਨੇ ਵੀ ਕਦੇ ਸੁਣੇ ਨਹੀਂ ਹੁੰਦੇ।

ਡਾ. ਭੰਡਾਲ ਹੁਰੀਂ ਭੌਤਿਕ ਵਿਗਿਆਨ (physsics) ਦੀ ਪੀਐੱਚ.ਡੀ. ਹਨ। ਉਨ੍ਹਾਂ ਨੇ ਪੰਜਾਬ ਦੇ ਕਈ ਸਰਕਾਰੀ ਕਾਲਜਾਂ ਵਿਚ ਪੜ੍ਹਾਇਆ ਹੈ। ਉਥੋਂ ਰਿਟਾਇਰ ਹੋ ਕੇ ਉਹ ਟਰਾਂਟੋ ਚਲੇ ਗਏ ਜਿਥੇ ਉਹ ਸੱਤ ਸਾਲ ਰਹੇ। ਹੁਣ ਕੁਝ ਸਾਲਾਂ ਤੋਂ ਉਹ ਅਮਰੀਕਾ ਦੇ ਸੂਬੇ ਓਹਾਇਓ (Ohio) ਵਿਚ ਰਹਿੰਦੇ ਹਨ ਜਿਥੇ ਉਨ੍ਹਾਂ ਦੀਆਂ ਦੋ ਬੇਟੀਆਂ ਰਹਿੰਦੀਆਂ ਹਨ ਅਤੇ ਉਹ ਕਲੀਵਲੈਂਡ ਸਟੇਟ ਯੂਨੀਵਰਸਿਟੀ ਵਿਚ ਭੌਤਿਕ ਵਿਗਿਆਨ ਪੜ੍ਹਾ ਰਹੇ ਹਨ। ਇਸ ਦੇ ਨਾਲ ਨਾਲ ਉਹ ਸਾਹਿਤ ਵੀ ਬਹੁਤ ਪੜ੍ਹਦੇ ਹਨ।

ਡਾ. ਭੰਡਾਲ ਹੁਰਾਂ ਨੇ ਬੜੀ ਸੰਘਰਸ਼ ਭਰੀ ਜ਼ਿੰਦਗੀ ਗੁਜ਼ਾਰੀ ਹੈ। ਇਕ ਪਿੰਡ ਦੇ ਸਧਾਰਨ ਕਿਰਸਾਨੀ ਪਰਿਵਾਰ ਵਿਚ ਜਨਮ ਲੈ ਕੇ ਅਤੇ ਵੱਡੇ ਹੋ ਕੇ ਇਸ ਮੁਕਾਮ ’ਤੇ ਪਹੁੰਚਣਾ ਜਿਥੇ ਉਹ ਅੱਜ ਖੜ੍ਹੇ ਹਨ ਅਤੇ ਉਹ ਪ੍ਰਾਪਤੀਆਂ ਹਾਸਲ ਕਰਨੀਆਂ ਜੋ ਉਨ੍ਹਾਂ ਨੇ ਕੀਤੀਆਂ ਹਨ, ਕੋਈ ਸੌਖਾ ਅਤੇ ਅਸਾਨ ਕੰਮ ਨਹੀਂ। ਉਨ੍ਹਾਂ ਨੇ ਆਪਣੀ ਜ਼ਿੰਦਗੀ ਵਿਚ ਹਰ ਕੰਮ ਨੂੰ ਬਹੁਤ ਗੰਭੀਰਤਾ ਅਤੇ ਲਗਨ ਨਾਲ ਲਿਆ ਹੈ ਅਤੇ ਪੂਰਾ ਕੀਤਾ ਹੈ।

ਡਾ. ਭੰਡਾਲ ਹੁਰੀਂ ਸਹਿਜ ਅਤੇ ਠੰਢੇ ਸੁਭਾਅ ਵਾਲੇ ਇਨਸਾਨ ਹਨ। ਉਹ ਕਹਿੰਦੇ ਹਨ ਕਿ ਹਰ ਗੱਲ ਜਾਂ ਘਟਨਾ ਨੂੰ ਜਰ ਲੈਣਾ ਉਨ੍ਹਾਂ ਦੀ ਆਦਤ ਹੈ, ਪਰ ਜਦ ਪਾਣੀ ਸਿਰ ਤੋਂ ਟੱਪ ਜਾਵੇ ਤਾਂ ਫਿਰ ਗਰਮ

ਹੋਣਾ ਸੁਭਾਵਕ ਹੈ। ਉਨ੍ਹਾਂ ਨੇ ਜ਼ਿੰਦਗੀ ਵਿਚ ਕਿਸੇ ਨਾਲ ਲੜਾਈ ਨਹੀਂ ਕੀਤੀ। ਜੇ ਕੋਈ ਇਨਸਾਨ ਪਸੰਦ ਨਹੀਂ ਤਾਂ ਉਸ ਤੋਂ ਚੁੱਪ-ਚੁਪੀਤੇ ਦੂਰ ਹੋ ਗਏ। ਉਨ੍ਹਾਂ ਦਾ ਕਹਿਣਾ ਹੈ ਕਿ ਉਹ ਦੋਗਲੇ ਕਿਰਦਾਰ ਵਾਲੇ ਲੋਕਾਂ ਨੂੰ ਨਫ਼ਰਤ ਕਰਦੇ ਹਨ ਜਿਹੜੇ ਮਖੌਟਿਆਂ ਵਿਚ ਵਿਚਰਦੇ ਅਤੇ ਉੱਚੇ ਰੁਤਬਿਆਂ ’ਤੇ ਬੈਠੇ ਵੀ ਬੌਣੇ ਕਿਰਦਾਰ ਦੇ ਮਾਲਕ ਸਾਬਤ ਹੁੰਦੇ ਹਨ। ਉਨ੍ਹਾਂ ਨੂੰ ਸੱਚੇ-ਸੁੱਚੇ ਮਿਹਨਤੀ ਅਤੇ ਪਾਕੀਜ਼ ਲੋਕ ਚੰਗੇ ਲੱਗਦੇ ਹਨ।

ਡਾ. ਭੰਡਾਲ ਹੁਰਾਂ ਨੂੰ ਜ਼ਿੰਦਗੀ ਵਿਚ ਸਾਧਾਰਨਤਾ ਪਸੰਦ ਹੈ। ਮਹਿੰਗੀਆਂ ਚੀਜ਼ਾਂ ਦਾ ਉਨ੍ਹਾਂ ਨੂੰ ਕੋਈ ਸ਼ੌਕ ਨਹੀਂ। ਉਨ੍ਹਾਂ ਨੇ ਪੰਜਾਬ ਰਹਿੰਦਿਆਂ 20 ਸਾਲ ਇਕੋ ਸਕੂਟਰ ਰੱਖ ਛੱਡਿਆ ਸੀ। ਉਹ ਆਪਣਾ ਕਾਫ਼ੀ ਸਮਾਂ ਸਮਾਜ ਸੇਵਾ ਨੂੰ ਵੀ ਸਮਰਪਿਤ ਕਰਦੇ ਹਨ।

ਵਧੀਆ ਕਿਤਾਬਾਂ ਦਾ ਸਾਥ ਮਾਨਣਾ, ਸਾਹਿਤ ਪੜ੍ਹਨਾ, ਲਿਖਣਾ, ਸਾਂਝਾਂ ਨੂੰ ਉਮਰ ਭਰ ਨਿਭਾਉਣਾ, ਸਬਜ਼ੀਆਂ ਤੇ ਫੁੱਲ-ਬੂਟੇ ਉਗਾਉਣਾ, ਸੈਰ ਕਰਨੀ, ਪੜ੍ਹਾਉਣ ਦੀ ਤਿਆਰੀ ਕਰਨਾ, ਪਰਿਵਾਰ ਨਾਲ ਸਮਾਂ ਬਿਤਾਉਣਾ ਅਤੇ ਦੋਹਤੇ-ਦੋਹਤੀਆਂ ਨਾਲ ਬਚਪਨ ਨੂੰ ਮੁੜ ਜਿਊਣਾ ਡਾ. ਭੰਡਾਲ ਹੁਰਾਂ ਦੇ ਕੁਝ ਸ਼ੌਕ ਹਨ।

ਡਾ. ਭੰਡਾਲ ਹੁਰਾਂ ਨੇ ਆਪਣਾ ਬਚਪਨ ਕਪੂਰਥਲੇ ਜ਼ਿਲ੍ਹੇ ਦੇ ਪਿੰਡ ਭੰਡਾਲ ਬੇਟ ਵਿਚ ਗੁਜ਼ਾਰਿਆ ਜਿਥੇ ਉਨ੍ਹਾਂ ਦਾ ਜਨਮ ਇਕ ਕਿਰਸਾਨੀ ਪਰਿਵਾਰ ਵਿਚ ਹੋਇਆ ਸੀ। ਡਾ. ਭੰਡਾਲ ਅਨੁਸਾਰ ਇਹ ਇਲਾਕਾ ਬੇਟ ਦਾ ਏਰੀਆ ਕਹਾਉਂਦਾ ਹੈ ਅਤੇ ਇਥੋਂ ਦੇ ਲੋਕ ਵੀ ਚੀਕਣੀ ਮਿੱਟੀ ਵਰਗੇ ਹਨ। ਡਾ. ਭੰਡਾਲ ਹੁਰੀਂ ਦੱਸਦੇ ਹਨ ਕਿ ਉਨ੍ਹਾਂ ਦੇ ਪਿਤਾ ਜੀ ਕੋਰੇ ਅਨਪੜ੍ਹ ਸਨ ਪਰ ਉਨ੍ਹਾਂ ਨੇ ਜ਼ਿੰਦਗੀ ਦਾ ਹਰ ਸਬਕ ਪੜ੍ਹਿਆ ਅਤੇ ਗੁੜ੍ਹਿਆ ਸੀ ਅਤੇ ਉਹ ਇਕ ਛੋਟੇ ਜਿਹੇ ਕਿਰਸਾਨ, ਇਮਾਨਦਾਰ, ਬੇਆਰਾਮ, ਅਣਥੱਕ ਤੇ ਸੱਚ-ਹੱਕ ਲਈ ਡਟਣ ਵਾਲੇ ਇਨਸਾਨ ਸਨ। ਡਾ. ਭੰਡਾਲ ਹੁਰਾਂ ਦੇ ਮਾਤਾ ਜੀ ਵੀ ਅਨਪੜ੍ਹ ਸਨ। ਭਾਵੇਂ ਡਾ. ਭੰਡਾਲ ਹੁਰਾਂ ਦਾ ਕਹਿਣਾ ਹੈ ਕਿ ਉਨ੍ਹਾਂ ਦੇ ਮਾਤਾ ਜੀ ਅਤੇ ਪਿਤਾ ਜੀ ਕੋਰੇ ਅਨਪੜ੍ਹ ਸਨ ਜਿਸ ਦਾ ਭਾਵ ਹੈ ਕਿ ਉਹ ਸਕੂਲ ਨਹੀਂ ਸੀ ਗਏ ਪਰ ਕਈ ਵਾਰੀ ਬਹੁਤ ਸਾਰੇ ਇਨਸਾਨ ਸਕੂਲ ਕਦੇ ਵੀ ਨਹੀਂ ਗਏ ਹੁੰਦੇ ਪਰ ਉਹ ਫਿਰ ਵੀ ਕਈ ਪੜ੍ਹੇ-ਲਿਖੇ ਲੋਕਾਂ ਨਾਲੋਂ ਜ਼ਿਆਦਾ ਸਿਆਣੇ ਹੁੰਦੇ ਹਨ ਕਿਉਂਕਿ ਉਨ੍ਹਾਂ ਨੇ ਜ਼ਿੰਦਗੀ ਦੇ ਤਜਰਬੇ ਤੋਂ ਬਹੁਤ ਕੁਝ ਸਿੱਖਿਆ ਹੁੰਦਾ ਹੈ। ਡਾ. ਭੰਡਾਲ ਹੁਰਾਂ ਦੇ ਮਾਤਾ ਜੀ ਦੇ ਦੋਵੇਂ ਭਰਾ ਅਤੇ ਛੋਟੀ ਭੈਣ ਅਧਿਆਪਕ ਸਨ। ਇਸੇ ਕਾਰਨ ਮਾਤਾ ਜੀ ਦੀ ਇੱਛਾ ਸੀ ਕਿ ਉਨ੍ਹਾਂ ਦੇ ਬੱਚੇ ਵੀ ਵੱਡੇ ਹੋ ਕੇ ਅਧਿਆਪਕ ਬਣਨ। ਡਾ. ਭੰਡਾਲ ਆਪਣੇ ਪਿਤਾ ਜੀ ਦੀ ਗੱਲ ਕਰਦਿਆਂ ਇਕ ਘਟਨਾ ਦਾ ਵਰਣਨ ਕਰਦੇ ਹਨ ਕਿ ਇਕ ਵਾਰੀ ਛੋਟੇ ਹੁੰਦਿਆਂ ਡਾ. ਭੰਡਾਲ ਅਤੇ ਉਨ੍ਹਾਂ ਦੇ ਪਿਤਾ ਜੀ ਮੰਡ ਵਿਚ ਕਾਹ ਵੱਢਣ ਗਏ ਤਾਂ ਕੁਝ ਬਦਮਾਸ਼ ਕਿਸਮ ਦੇ ਲੋਕਾਂ ਨੇ ਕਾਹ ਵੱਢਣ ਬਦਲੇ ਉਨ੍ਹਾਂ ਤੋਂ ਪੈਸੇ ਮੰਗੇ। ਡਾ. ਭੰਡਾਲ ਹੁਰਾਂ ਦੇ ਪਿਤਾ ਜੀ ਨੇ ਗੱਡੇ ਵਿਚ ਲੁਕਾਇਆ ਇਕ ਦਾਤਰ ਕੱਢ ਕੇ ਉਨ੍ਹਾਂ ਬਦਮਾਸ਼ਾਂ ਨੂੰ ਲਲਕਾਰਿਆ ਅਤੇ ਕਿਹਾ ਕਿ ਮੰਡ ਤਾਂ ਸਭ ਦਾ ਸਾਂਝਾ ਹੈ, ਤੁਸੀਂ ਕੌਣ ਹੋ ਪੈਸੇ ਮੰਗਣ ਵਾਲੇ। ਉਹ ਲੋਕ ਕੰਨ ਵਲ੍ਹੇਟ ਕੇ ਤੁਰਦੇ ਬਣੇ। ਇਕ ਹੋਰ ਘਟਨਾ ਬਾਰੇ ਦੱਸਦੇ ਹੋਏ ਡਾ. ਭੰਡਾਲ ਕਹਿੰਦੇ ਹਨ ਕਿ ਇਕ ਵਾਰੀ ਇੰਗਲੈਂਡ ਤੋਂ ਗਏ ਇਕ ਟਰੈਕਟਰ ਦਾ ਮਾਲਕ ਭੰਡਾਲ ਹੁਰਾਂ ਦੀ ਕਣਕ ਦੀ ਗਹਾਈ ਕਰ ਰਿਹਾ ਸੀ। ਗ਼ਲਤੀ ਨਾਲ ਰੁੱਗ ਜ਼ਿਆਦਾ ਵੱਡਾ ਲੱਗ ਗਿਆ ਅਤੇ ਟਰੈਕਟਰ ਦਾ ਜ਼ੋਰ ਲੱਗ ਗਿਆ। ਟਰੈਕਟਰ ਦਾ ਮਾਲਕ ਬਿਨਾਂ ਸਾਰੀ ਕਣਕ ਦੀ ਗਹਾਈ ਕੀਤਿਆਂ ਟਰੈਕਟਰ ਲੈ ਕੇ ਜਾਣ ਲਈ ਤਿਆਰ ਹੋ ਗਿਆ। ਉਹ ਗਹਾਈ ਕੀਤੀ ਕਣਕ ਦਾ ਕਿਰਾਇਆ ਲੈਣ ਲਈ ਕਣਕ ਦੇ ਢੇਰ ਵੱਲ ਤੁਰਿਆ ਤਾਂ ਡਾ. ਭੰਡਾਲ ਹੁਰਾਂ ਦੇ ਪਿਤਾ ਨੇ ਦਬਕਾ ਮਾਰ ਕੇ ਕਿਹਾ, “ਸਾਰੀ ਕਣਕ ਦੀ ਗਹਾਈ ਕਰਨ ’ਤੇ ਹੀ ਤੈਨੂੰ ਕਿਰਾਏ ਦੀ ਕਣਕ ਮਿਲੇਗੀ। ਤੂੰ ਕਿਤੇ ਕਣਕ ਦੇ ਬੋਹਲ ਨੂੰ ਹੱਥ ਲਾਉਣ ਦੀ ਗ਼ਲਤੀ ਨਾ ਕਰੀਂ।” ਇਹ ਸੁਣ ਕੇ ਉਹ ਆਦਮੀ ਚੁੱਪ ਕਰ ਕੇ ਤੁਰਦਾ ਬਣਿਆ। ਇਸ ਤਰ੍ਹਾਂ ਡਾ. ਭੰਡਾਲ ਹੁਰਾਂ ਦੇ ਪਿਤਾ ਜੀ ਆਪਣੇ ਹੱਕ ਲਈ ਅੜਬ ਵੀ ਬਣ ਜਾਂਦੇ ਸਨ। ਡਾ. ਭੰਡਾਲ ਹੁਰਾਂ ਅਨੁਸਾਰ ਉਨ੍ਹਾਂ ਦੇ ਪਿਤਾ ਜੀ ਦੀ ਫ਼ਿਲਾਸਫ਼ੀ ਸੀ ਕਿ ਕਿਸੇ ਦਾ ਹੱਕ ਨਾ ਮਾਰੋ ਅਤੇ ਇਹ ਹੀ ਸਭ ਤੋਂ ਵੱਡਾ ਸਤਸੰਗ ਅਤੇ ਧਰਮ ਹੈ। ਡਾ. ਭੰਡਾਲ ਕਹਿੰਦੇ ਹਨ ਕਿ ਉਨ੍ਹਾਂ ਦੇ ਬਾਪ ਨਾਲ ਜੁੜੀਆਂ ਇਹੋ ਜਿਹੀਆਂ ਘਟਨਾਵਾਂ ਦਾ ਡਾ. ਭੰਡਾਲ ਹੁਰਾਂ ਦੇ ਵਿਅਕਤੀਤਵ ’ਤੇ ਖ਼ਾਸ ਪ੍ਰਭਾਵ ਪਿਆ।

ਡਾ. ਭੰਡਾਲ ਹੁਰਾਂ ਨੇ ਅੱਠਵੀਂ ਤੱਕ ਦੀ ਵਿਦਿਆ ਆਪਣੇ ਪਿੰਡ ਦੇ ਸਕੂਲ ਤੋਂ ਹੀ ਪ੍ਰਾਪਤ ਕੀਤੀ। ਇਥੇ ਉਨ੍ਹਾਂ ਦੇ ਅੰਗਰੇਜ਼ੀ ਦੇ ਅਧਿਆਪਕ ਪੰਜਾਬੀ ਲੇਖਕ ਹਰਭਜਨ ਸਿੰਘ ਹੁੰਦਲ ਸਨ। ਅੱਠਵੀਂ ਤੋਂ ਬਾਅਦ ਉਨ੍ਹਾਂ ਨੇ ਆਪਣੇ ਪਿੰਡ ਤੋਂ ਤਿੰਨ ਮੀਲ ਦੂਰ ਧਾਲੀਵਾਲ ਬੇਟ ਦੇ ਸਕੂਲ ਤੋਂ ਦਸਵੀਂ ਕੀਤੀ। ਪਹਿਲਾਂ ਪਹਿਲਾਂ ਉਹ ਇਹ ਤਿੰਨ ਮੀਲ ਦਾ ਪੈਂਡਾ ਹਰ ਰੋਜ਼ ਪੈਦਲ ਹੀ ਤਹਿ ਕਰਦੇ ਸਨ। ਫਿਰ ਉਨ੍ਹਾਂ ਨੇ ਇਕ ਪੁਰਾਣਾ ਸਾਈਕਲ ਮੁੱਲ ਲੈ ਲਿਆ ਜਿਸ ਨਾਲ ਇਹ ਪੈਂਡਾ ਕਰਨਾ ਬਹੁਤ ਔਖਾ ਹੋ ਗਿਆ ਸੀ।

ਪਿੰਡ ਰਹਿੰਦਿਆਂ ਡਾ. ਭੰਡਾਲ ਹੁਰਾਂ ਨੇ ਖੇਤੀ ਦੇ ਹਰ ਕੰਮ ਵਿਚ ਆਪਣੇ ਪਿਤਾ ਜੀ ਦਾ ਹੱਥ ਵੰਡਾਇਆ ਸੀ। ਉਨ੍ਹਾਂ ਨੇ ਹਲ਼ ਵੀ ਵਾਹਿਆ, ਕਣਕ ਅਤੇ ਮੱਕੀ ਵੀ ਬੀਜੀ, ਗੋਡੀ ਵੀ ਕੀਤੀ, ਆੜ੍ਹਾਂ ਵੀ ਪੁੱਟੀਆਂ, ਝੋਨਾ ਵੀ ਲਾਇਆ ਅਤੇ ਝਾੜਿਆ, ਕਣਕ ਦੀ ਵਾਢੀ ਵੀ ਕੀਤੀ, ਫਲ਼ੇ ਵੀ ਵਾਹੇ, ਕਿਆਰੇ ਵੀ ਪਾਏ, ਖੂਹ ਵੀ ਹੱਕੇ ਅਤੇ ਖੇਤੀ ਦੇ ਹੋਰ ਵੀ ਕਈ ਕੰਮ ਕੀਤੇ। ਪਿੰਡ ਦੇ ਸਕੂਲ ਪੜ੍ਹਦਿਆਂ ਸਵੇਰੇ ਉੱਠ ਕੇ ਸਕੂਲ ਜਾਣ ਤੋਂ ਪਹਿਲਾਂ ਖੇਤਾਂ ’ਚੋਂ ਪੱਠੇ ਲਿਆਉਣੇ ਅਤੇ ਅੱਧੀ ਛੁੱਟੀ ਵੇਲੇ ਘਰ ਆ ਕੇ ਪਸ਼ੂਆਂ ਨੂੰ ਪਾਣੀ ਪਿਲਾਉਣਾ ਵੀ ਰੋਜ਼ ਦਾ ਕੰਮ ਸੀ। ਛੁੱਟੀਆਂ ਦੇ ਦਿਨਾਂ ਵਿਚ ਮੰਡ ਵਿਚ ਪਸ਼ੂ ਵੀ ਚਾਰਨੇ। ਡਾ. ਭੰਡਾਲ ਹੁਰਾਂ ਨਾਲ ਗੱਲਾਂ ਕਰਦਿਆਂ ਮੈਂ ਦੱਸਿਆ ਕਿ ਸਕੂਲ ਪੜ੍ਹਦਿਆਂ ਮੈਂ ਵੀ ਇਹ ਸਾਰੇ ਕੰਮ ਕੀਤੇ ਸਨ ਪਰ ਸਿਰਫ਼ ਝੋਨਾ ਨਹੀਂ ਸੀ ਲਾਇਆ ਅਤੇ ਝਾੜਿਆ ਕਿਉਂਕਿ ਸਾਡੇ ਇਲਾਕੇ ਵਿਚ ਉਸ ਵੇਲੇ ਝੋਨਾ ਬਹੁਤ ਘੱਟ ਬੀਜਿਆ ਜਾਂਦਾ ਸੀ।

ਦਸਵੀਂ ਫ਼ਸਟ ਡਵੀਜ਼ਨ ਵਿਚ ਪਾਸ ਕਰਨ ’ਤੇ ਪਿੰਡ ਦੇ ਇਕ ਨਵ-ਪੜ੍ਹੇ ਸ. ਜਰਨੈਲ ਸਿੰਘ ਭੰਡਾਲ ਨੇ ਪਿੰਡ ਦੇ ਤਿੰਨ ਬੱਚਿਆਂ ਨੂੰ ਰਣਧੀਰ ਕਾਲਜ ਕਪੂਰਥਲਾ ਵਿਚ ਨਾਨ-ਮੈਡੀਕਲ ਵਿਚ ਦਾਖ਼ਲ ਕਰਾ ਦਿੱਤਾ। ਡਾ. ਭੰਡਾਲ ਹੁਰੀਂ ਕਹਿੰਦੇ ਹਨ, “ਸਾਡੇ ਪੇਂਡੂਆਂ ਲਈ ਅੰਗਰੇਜ਼ੀ ਮੀਡੀਅਮ ਵਿਚ ਸਾਇੰਸ ਪੜ੍ਹਨਾ ਮੁਸ਼ਕਿਲ ਲੱਗਾ ਤੇ ਮੈਂ ਸਾਇੰਸ ਛੱਡ ਕੇ ਆਰਟਸ ਦੇ ਮਜ਼ਮੂਨ ਲੈ ਲਏ। ਪਰ ਹਫ਼ਤੇ ਕੁ ਬਾਅਦ

ਹੀ ਮੇਰੇ ਮਾਮਾ ਜੀ ਨੇ ਮੈਨੂੰ ਦਬਕੇ ਵੀ ਮਾਰੇ ਅਤੇ ਪਿਆਰ ਨਾਲ ਵੀ ਪ੍ਰੇਰਿਆ ਜਿਸ ਕਾਰਨ ਮੈਂ ਫਿਰ ਨਾਨ-ਮੈਡੀਕਲ ਮਜ਼ਮੂਨ ਲੈ ਲਏ। ਇਸ ਦਾ ਨਤੀਜਾ ਇਹ ਹੋਇਆ ਕਿ ਸਾਇੰਸ ਦੀ ਪੜ੍ਹਾਈ ਔਖੀ ਲੱਗਣ ਕਾਰਨ ਮੈਂ ਪ੍ਰੈੱਪ ਵਿਚੋਂ ਫੇਲ੍ਹ ਹੋ ਗਿਆ। ਮੇਰੇ ਫੇਲ੍ਹ ਹੋਣ ਬਾਰੇ ਮੇਰੇ ਜਮਾਤੀ ਨੇ ਮੈਨੂੰ ਉਸ ਵੇਲੇ ਦੱਸਿਆ ਜਦੋਂ ਮੈਂ ਆਪਣੇ ਬਾਪ ਨਾਲ ਖੇਤਾਂ ਵਿਚ ਰੂੜੀ ਪਾ ਰਿਹਾ ਸੀ। ਬਾਪ ਦੀਆਂ ਅੱਖਾਂ ਵਿਚ ਉਦਾਸੀ ਉੱਤਰ ਆਈ ਅਤੇ ਉਸਦੇ ਤਿੜਕੇ ਸੁਪਨਿਆਂ ਦੀ ਚੀਸ ਫ਼ਿਜ਼ਾ ਵਿਚ ਫੈਲ ਗਈ। ਬਾਪ ਨੇ ਹੌਸਲੇ ਭਰਿਆ ਧਰਵਾਸ ਦਿੱਤਾ ਅਤੇ ਦੁਬਾਰਾ ਦਾਖ਼ਲ ਹੋ ਕੇ ਹੋਰ ਮਿਹਨਤ ਨਾਲ ਪੜ੍ਹਾਈ ਲਈ ਉਤਸ਼ਾਹਿਤ ਕੀਤਾ। ਉਸ ਵਕਤ ਮੈਂ ਬਾਪ ਦੀ ਅੱਖ ਵਿਚ ਲਟਕੇ ਹੰਝੂ ਦੀ ਕਸਮ ਖਾਧੀ ਕਿ ਭਵਿੱਖ ਵਿਚ ਇਨ੍ਹਾਂ ਅੱਖਾਂ ਵਿਚ ਨਿਰਾਸ਼ਤਾ ਦੇ ਨਹੀਂ ਸਗੋਂ ਹੁਲਾਸ ਦੇ ਹੰਝੂ ਉਗਾਵਾਂਗਾ।" ਇਸ ਤੋਂ ਬਾਅਦ ਡਾ. ਭੰਡਾਲ ਹੁਰਾਂ ਨੇ ਐੱਮ.ਐੱਸ.ਸੀ. ਤਕ ਹਰ ਸਾਲ ਮੈਰਿਟ ਸਕਾਲਰਸ਼ਿਪ ਪ੍ਰਾਪਤ ਕੀਤਾ। ਕਪੂਰਥਲੇ ਪੜ੍ਹਨ ਵੇਲੇ ਡਾ. ਭੰਡਾਲ ਪਿੰਡ ਤੋਂ 17 ਕਿਲੋਮੀਟਰ ਦੂਰ ਸਾਈਕਲ 'ਤੇ ਪੜ੍ਹਨ ਜਾਂਦੇ ਸਨ। ਪਾਠਕਾਂ ਦੀ ਜਾਣਕਾਰੀ ਲਈ ਮੈਂ ਇਥੇ ਇਹ ਦੱਸਣਾ ਜ਼ਰੂਰੀ ਸਮਝਦਾ ਹਾਂ ਕਿ ਉਨ੍ਹਾਂ ਦਿਨਾਂ ਵਿਚ ਪਲੱਸ-ਵਨ ਅਤੇ ਪਲੱਸ-ਟੂ ਦੀਆਂ ਕਲਾਸਾਂ ਨਹੀਂ ਹੁੰਦੀਆਂ। ਦਸਵੀ ਤੋਂ ਬਾਅਦ ਕਾਲਜ ਵਿਚ ਗਿਆਰ੍ਹਵੀਂ ਕਲਾਸ ਹੁੰਦੀ ਸੀ ਜਿਸ ਨੂੰ ਪ੍ਰੈੱਪ ਕਹਿੰਦੇ ਸਨ। ਪ੍ਰੈੱਪ ਤੋਂ ਬਾਅਦ ਤਿੰਨ ਸਾਲ ਦੀ ਬੀ.ਏ. ਜਾਂ ਬੀ.ਐੱਸ.ਸੀ. ਹੁੰਦੀ ਸੀ।

ਜਦੋਂ ਡਾ. ਭੰਡਾਲ ਬੀ.ਐੱਸ.ਸੀ. ਵਿਚ ਪੜ੍ਹਦੇ ਸਨ ਤਾਂ ਉਨ੍ਹਾਂ ਦੇ ਪੜ੍ਹਨ ਵਾਲੇ ਚੁਬਾਰੇ ਨੂੰ ਬੰਦ ਕਰਨ ਲਈ ਕੋਈ ਦਰਵਾਜ਼ਾ ਜਾਂ ਤਾਕੀ ਨਹੀਂ ਸੀ। ਸਰਦੀਆਂ ਦੇ ਮੌਸਮ ਵਿਚ ਉਹ ਠੰਡ ਤੋਂ ਬਚਣ ਲਈ ਦਰਵਾਜ਼ੇ ਅਤੇ ਤਾਕੀਆਂ 'ਤੇ ਬੋਰੀਆਂ ਲਟਕਾ ਲੈਂਦੇ ਸਨ। ਠੰਢ ਵੇਲੇ ਕਮਰੇ ਵਿਚ ਲੱਗੇ ਬਿਜਲੀ ਦੇ ਬਲਬ ਨੂੰ ਛੋਹ ਕੇ ਉਹ ਆਪਣੇ ਹੱਥ ਗਰਮ ਕਰ ਲੈਂਦੇ ਸਨ। ਇਹੋ ਜਿਹੀਆਂ ਗੱਲਾਂ ਸੁਣ ਕੇ ਡਾ. ਭੰਡਾਲ ਹੁਰਾਂ ਲਈ ਸਤਿਕਾਰ ਹੋਰ ਵੀ ਵਧ ਜਾਂਦਾ ਹੈ ਕਿ ਉਨ੍ਹਾਂ ਨੇ ਕਿਸ ਤਰ੍ਹਾਂ ਗਰੀਬੀ ਵਿਚ ਰਹਿ ਕੇ ਇੰਨੀ ਵਿਦਿਆ ਹਾਸਲ ਕੀਤੀ ਅਤੇ ਉਹ ਵੀ ਹਮੇਸ਼ਾ ਮੈਰਿਟ ਵਿਚ ਆ ਕੇ।

ਭੌਤਿਕ ਸਾਇੰਸ ਦੀ ਐੱਮ.ਐੱਸ.ਸੀ. ਕਰਨ ਲਈ ਡਾ. ਭੰਡਾਲ ਪੰਜਾਬੀ ਯੂਨੀਵਰਸਿਟੀ ਪਟਿਆਲੇ ਚਲੇ ਗਏ। ਕਾਲਜ ਅਤੇ ਯੂਨੀਵਰਸਿਟੀ ਪੜ੍ਹਦਿਆਂ ਉਨ੍ਹਾਂ ਨੂੰ ਸਾਹਿਤ ਦਾ ਸ਼ੌਕ ਲੱਗ ਗਿਆ ਸੀ ਅਤੇ ਉਹ ਕਵਿਤਾ ਵੀ ਲਿਖਣ ਲੱਗ ਪਏ ਸਨ ਜਿਸ ਵਿਚ ਉਸ ਵੇਲੇ ਦੇ ਪੰਜਾਬੀ ਵਿਭਾਗ ਦੇ ਦੋਸਤਾਂ ਦਾ ਕਾਫ਼ੀ ਯੋਗਦਾਨ ਸੀ ਜਿਨ੍ਹਾਂ ਵਿਚ ਪ੍ਰੋ.ਫ਼ੈਸਰ ਕੁਲਵੰਤ ਸਿੰਘ ਔਜਲਾ ਖ਼ਾਸ ਦੋਸਤ ਸਨ।

ਐੱਮ.ਐੱਸ.ਸੀ. ਕਰਨ ਤੋਂ ਬਾਅਦ ਭਾਵੇਂ ਡਾ. ਭੰਡਾਲ ਹੁਰੀਂ ਪੀਐੱਚ.ਡੀ. ਕਰਨ ਦੇ ਚਾਹਵਾਨ ਸਨ ਪਰ ਘਰ ਦੇ ਆਰਥਿਕ ਹਾਲਾਤ ਮੰਗ ਕਰਦੇ ਸਨ ਕਿ ਉਹ ਛੇਤੀ ਤੋਂ ਛੇਤੀ ਕੋਈ ਨੌਕਰੀ ਲੱਭ ਲੈਣ। ਐੱਮ.ਐੱਸ.ਸੀ. ਵਿਚ ਯੂਨੀਵਰਸਿਟੀ ਵਿਚ ਦੂਜਾ ਸਥਾਨ ਪ੍ਰਾਪਤ ਕਰਨ ਦੇ ਬਾਜੂਦ ਨੌਕਰੀ ਮਿਲਣੀ ਅਸਾਨ ਨਹੀਂ ਸੀ। ਡਾ. ਭੰਡਾਲ ਹੁਰਾਂ ਨੇ 1977 ਵਿਚ ਐੱਮ.ਐੱਸ.ਸੀ. ਕਰਕੇ ਕਈ ਕਾਲਜਾਂ ਵਿਚ ਆਰਜ਼ੀ ਤੌਰ 'ਤੇ ਪੜ੍ਹਾਇਆ ਅਤੇ ਫਿਰ 1978 ਦੇ ਸ਼ੁਰੂ ਵਿਚ ਤਿੰਨ ਮਹੀਨੇ ਸਰਕਾਰੀ (ਗਰਲਜ਼) ਕਾਲਜ ਅੰਮ੍ਰਿਤਸਰ ਪੜ੍ਹਾਇਆ। ਜੁਲਾਈ 1978 ਵਿਚ ਖ਼ਾਲਸਾ ਕਾਲਜ ਸੁਧਾਰ ਵਿਚ ਰੈਗੂਲਰ ਨੌਕਰੀ ਮਿਲ ਗਈ ਅਤੇ ਉਸੇ ਸਾਲ ਵਿਆਹ ਹੋ ਗਿਆ। ਮਾਰਚ 1980 ਵਿਚ ਦੋ ਸਾਲ ਦਾ ਪ੍ਰੋਬੇਸ਼ਨ ਪੀਰੀਅਡ ਖ਼ਤਮ ਹੋਣ ਤੋਂ ਪਹਿਲਾਂ ਹੀ ਉਨ੍ਹਾਂ ਨੂੰ ਸੁਧਾਰ ਕਾਲਜ ਦੀ ਨੌਕਰੀ ਤੋਂ ਜਵਾਬ ਮਿਲ ਗਿਆ। ਸੁਧਾਰ ਕਾਲਜ ਵਿਚ ਪੜ੍ਹਾਉਂਦਿਆਂ ਉਥੋਂ ਦੇ ਉਸ ਵੇਲੇ ਦੇ ਪ੍ਰੋਫ਼ੈਸਰ ਹਰਭਜਨ ਸਿੰਘ ਦਿਓਲ ਨਾਲ ਡਾ. ਭੰਡਾਲ ਹੁਰਾਂ ਦੀ ਮੁਹੱਬਤੀ ਸਾਂਝ ਪੈ ਗਈ। ਬਾਅਦ ਵਿਚ ਪ੍ਰੋਫ਼ੈਸਰ ਹਰਭਜਨ ਸਿੰਘ ਦਿਓਲ ਪੰਜਾਬ ਪਬਲਿਕ ਸਰਵਿਸ ਕਮਿਸ਼ਨ ਦੇ ਮੈਂਬਰ ਬਣ ਗਏ ਸਨ। ਇਸੇ ਸਾਂਝ ਕਾਰਨ 1984 ਵਿਚ ਉਨ੍ਹਾਂ ਦੀ ਮਦਦ ਨਾਲ ਡਾ. ਭੰਡਾਲ ਸਰਕਾਰੀ ਕਾਲਜਾਂ ਲਈ ਪ੍ਰੋਫ਼ੈਸਰ ਵਜੋਂ ਚੁਣੇ ਗਏ ਸਨ। ਸਾਲ 1981 ਤੋਂ 1984 ਦੇ ਸਮੇਂ ਵਿਚ ਪਹਿਲਾਂ ਤਿੰਨ ਮਹੀਨੇ ਡੀ.ਏ.ਵੀ. ਕਾਲਜ ਹੁਸ਼ਿਆਰਪੁਰ ਪੜ੍ਹਾਇਆ ਅਤੇ ਫਿਰ ਗੁਰੂ ਕਾਸ਼ੀ ਕਾਲਜ ਦਮਦਮਾ ਸਾਹਿਬ, ਤਲਵੰਡੀ ਸਾਬੋ, ਪੜ੍ਹਾਇਆ। ਅਪ੍ਰੈਲ 1984 ਵਿਚ ਸਰਕਾਰੀ ਸਰਵਿਸ ਵਿਚ ਆਉਣ 'ਤੇ ਪਹਿਲੀ ਨਿਯੁਕਤੀ ਸਰਕਾਰੀ ਕਾਲਜ ਹੁਸ਼ਿਆਰਪੁਰ ਹੋਈ। ਸਾਲ 1986 ਵਿਚ ਉਨ੍ਹਾਂ ਦੀ ਬਦਲੀ ਰਣਧੀਰ ਕਾਲਜ ਕਪੂਰਥਲਾ ਹੋ ਗਈ ਜਿਥੇ ਕਿਸੇ ਵੇਲੇ ਉਹ ਵਿਦਿਆਰਥੀ ਰਹੇ ਸਨ। ਇਸੇ ਕਾਲਜ ਤੋਂ ਡਾ. ਭੰਡਾਲ ਹੁਰੀਂ ਅਗਸਤ 2010 ਵਿਚ ਸਮੇਂ ਤੋਂ ਪਹਿਲਾਂ ਸੇਵਾ ਮੁਕਤ ਹੋਏ। ਸਾਲ 1986 ਅਤੇ 2010 ਵਿਚ ਉਨ੍ਹਾਂ ਦੀ ਬਦਲੀ ਹੋਣ ਕਾਰਨ ਉਨ੍ਹਾਂ ਨੇ ਪੰਜ ਕੁ ਮਹੀਨੇ ਸਰਕਾਰੀ ਕਾਲਜ ਮੁਕਤਸਰ ਅਤੇ ਡੇਢ ਸਾਲ ਸਰਕਾਰੀ ਕਾਲਜ ਲੁਧਿਆਣੇ ਵੀ ਪੜ੍ਹਾਇਆ। ਕਪੂਰਥਲੇ ਪੜ੍ਹਾਉਂਦਿਆਂ ਡਾ. ਭੰਡਾਲ ਹੁਰਾਂ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਤੋਂ ਡਾ. ਕੁਲਵੰਤ ਸਿੰਘ ਥਿੰਦ ਹੁਰਾਂ ਨਾਲ ਨਿਊਕਲੀਅਰ ਫਿਜ਼ਿਕਸ 'ਤੇ 1995 ਵਿਚ ਪੀਐੱਚ.ਡੀ. ਕਰ ਲਈ ਸੀ। ਜਦੋਂ ਪੀਐੱਚ.ਡੀ. ਪੂਰੀ ਹੋਈ ਤਾਂ ਐਗਜ਼ਾਮੀਨਰ ਨੇ ਡਾ. ਭੰਡਾਲ ਹੁਰਾਂ ਨੂੰ ਪੁੱਛਿਆ ਕਿ ਉਹ ਕਾਲਜ ਵਿਚ ਪੜ੍ਹਾਉਂਦੇ ਸਨ ਅਤੇ ਟਿਊਸ਼ਨਾਂ ਕਰ ਕੇ ਵਧੀਆ ਪੈਸੇ ਕਮਾ ਸਕਦੇ ਸਨ ਫਿਰ ਪੀਐੱਚ.ਡੀ. ਕਰਨ ਦੀ ਲੋੜ ਕਿਉਂ ਮਹਿਸੂਸ ਕੀਤੀ। ਡਾ. ਭੰਡਾਲ ਹੁਰਾਂ ਨੇ ਆਪਣੀ ਪ੍ਰੈੱਪ ਵਿਚੋਂ ਫੇਲ੍ਹ ਹੋਣ ਵਾਲੀ ਕਹਾਣੀ ਸੁਣਾਈ ਅਤੇ ਦੱਸਿਆ ਕਿ ਇਹ ਉਨ੍ਹਾਂ ਨੇ ਆਪਣੇ ਨਾਲ ਪਾਈ ਸੌਂਹ ਕਾਰਨ ਹੀ ਪੀਐੱਚ.ਡੀ. ਕਰਨ ਬਾਰੇ ਸੋਚਿਆ ਸੀ ਅਤੇ ਇਹ ਉੱਦਮ ਬਾਪ ਦੇ ਹੰਝੂਆਂ ਨੂੰ ਅਰਪਿਤ ਸੀ।

ਸਾਲ 1993 ਵਿਚ ਡਾ. ਭੰਡਾਲ ਹੁਰੀਂ ਸਾਇੰਸ ਦੀ ਅੰਤਰ-ਰਾਸ਼ਟਰੀ ਕਾਨਫ਼ਰੰਸ ਵਿਚ ਹਿੱਸਾ ਲੈਣ ਲਈ ਕੈਨੇਡਾ ਗਏ ਸਨ ਅਤੇ ਫਿਰ 2003 ਵਿਚ ਉਨ੍ਹਾਂ ਨੂੰ ਨੰਬਰ ਸਿਸਟਮ ਰਾਹੀਂ ਪਰਿਵਾਰ ਸਮੇਤ ਕੈਨੇਡਾ ਦੀ ਇਮੀਗਰੇਸ਼ਨ ਮਿਲ ਗਈ ਸੀ। ਤਿੰਨ ਮਹੀਨੇ ਕੈਨੇਡਾ ਰਹਿ ਕੇ ਪੰਜਾਬ ਵਾਪਸ ਜਾ ਕੇ ਡਾ. ਭੰਡਾਲ ਹੁਰਾਂ ਨੇ ਕੈਨੇਡਾ ਦਾ ਸਫ਼ਰਨਾਮਾ ਲਿਖਿਆ ਸੀ ਜੋ 'ਅਜੀਤ' ਅਖ਼ਬਾਰ ਵਿਚ ਲਗਾਤਾਰ ਛਪਦਾ ਰਿਹਾ ਸੀ। ਪੰਜਾਬ ਦੇ ਸਰਕਾਰੀ ਕਾਲਜਾਂ ਤੋਂ ਰਿਟਾਇਰ ਹੋ ਕੇ ਡਾ. ਭੰਡਾਲ ਲਗਭਗ ਸੱਤ ਸਾਲ ਟੋਰਾਂਟੋ ਰਹੇ ਸਨ ਜਿਥੇ ਉਨ੍ਹਾਂ ਨੇ ਟੋਰਾਂਟੋ ਤੋਂ ਛਪਦੇ ਇਕ ਪੰਜਾਬੀ ਅਖ਼ਬਾਰ ਵਿਚ ਸੰਪਾਦਕ ਦੇ ਨਾਲ ਕੰਮ ਕੀਤਾ।

ਸਾਲ 2009 ਵਿਚ ਇਕ ਸਿੱਖ ਵਿਦਵਾਨ ਦੇ ਸੰਪਰਕ ਨਾਲ ਡਾ.

ਭੰਡਾਲ ਹੁਰੀਂ ਖਡੂਰ ਸਾਹਿਬ ਵਾਲੇ ਬਾਬਾ ਸੇਵਾ ਸਿੰਘ ਹੁਰਾਂ ਨੂੰ ਮਿਲੇ ਅਤੇ ਉਨ੍ਹਾਂ ਦੇ ਕਹਿਣ 'ਤੇ ਡਾ. ਭੰਡਾਲ ਹੁਰੀਂ ਖਡੂਰ ਸਾਹਿਬ ਵਿਚ ਨਿਸ਼ਾਨੇ-ਸਿੱਖੀ ਵਿਚ ਮੈਡੀਕਲ ਅਤੇ ਇੰਜੀਨੀਅਰਿੰਗ ਲਈ ਵਿਦਿਆਰਥੀਆਂ ਨੂੰ ਤਿਆਰੀ ਕਰਾਉਣ ਵਾਲੇ ਅਦਾਰੇ ਨਾਲ ਜੁੜ ਗਏ ਅਤੇ ਇਸ ਅਦਾਰੇ ਨਾਲ ਹਾਲੇ ਵੀ ਜੁੜੇ ਹੋਏ ਹਨ। ਡਾ. ਭੰਡਾਲ ਹੁਰੀਂ ਇਸ ਕਾਰਜ ਨੂੰ ਆਪਣੀ ਜ਼ਿੰਦਗੀ ਦਾ ਸਭ ਤੋਂ ਵੱਡਾ ਸੁਭਾਗ ਸਮਝਦੇ ਹਨ।

ਕਾਲਜ ਵਿਚ ਸਾਇੰਸ ਦੀ ਪੜ੍ਹਾਈ ਦੇ ਨਾਲ-ਨਾਲ ਡਾ. ਭੰਡਾਲ ਹੁਰੀਂ ਕਵਿਤਾਵਾਂ ਵੀ ਲਿਖਦੇ ਰਹੇ ਜੋ ਕਦੇ ਕਦੇ ਕਿਸੇ ਮੈਗ਼ਜ਼ੀਨ ਵਿਚ ਵੀ ਛਪ ਜਾਂਦੀਆਂ ਸਨ। ਡਾ. ਭੰਡਾਲ ਹੁਰੀਂ ਕਹਿੰਦੇ ਹਨ ਕਿ ਉਹ ਇਸ ਪ੍ਰਤੀ ਸੁਚੇਤ ਨਹੀਂ ਸਨ। ਉਨ੍ਹਾਂ ਦੀ ਕਵਿਤਾਵਾਂ ਦੀ ਪਹਿਲੀ ਕਿਤਾਬ 'ਹਉਕੇ ਦੀ ਜੂਨ' 1993 ਵਿਚ ਛਪੀ ਸੀ। ਇਸ ਕਿਤਾਬ ਦੀ ਭੂਮਿਕਾ ਹਰਭਜਨ ਸਿੰਘ ਹੁੰਦਲ ਨੇ ਲਿਖੀ ਸੀ ਜਿਸ ਵਿਚ ਉਸਨੇ ਡਾ. ਭੰਡਾਲ ਹੁਰਾਂ ਦੀ ਸਮੁੱਚੀ ਕਵਿਤਾ ਨੂੰ ਮੂਲੋਂ ਹੀ ਰੱਦ ਕਰਦਿਆਂ ਇਸ ਦੀ ਖ਼ੂਬ ਆਲੋਚਨਾ ਕੀਤੀ ਸੀ। ਡਾ. ਭੰਡਾਲ ਹੁਰਾਂ ਨੇ ਇਸ ਭੂਮਿਕਾ ਨੂੰ ਉਸੇ ਤਰ੍ਹਾਂ ਮੂਲ ਰੂਪ ਵਿਚ ਕਿਤਾਬ ਵਿਚ ਛਾਪ ਦਿੱਤਾ ਸੀ। ਹਰਭਜਨ ਸਿੰਘ ਹੁੰਦਲ ਨੂੰ ਇਹ ਭੂਮਿਕਾ ਮੂਲ ਰੂਪ ਵਿਚ ਛਪਣ ਨਾਲ ਕਾਫ਼ੀ ਹਿਰਖ ਹੋਇਆ। ਸ਼ਾਇਦ ਹੁੰਦਲ ਨੇ ਸੋਚਿਆ ਹੋਵੇਗਾ ਕਿ ਡਾ. ਭੰਡਾਲ ਹੁਰੀਂ ਇਹੋ ਜਿਹੀ ਭੂਮਿਕਾ ਕਿਤਾਬ ਵਿਚ ਨਹੀਂ ਛਾਪਣਗੇ।

ਡਾ. ਭੰਡਾਲ ਹੁਰੀਂ ਕਵਿਤਾ ਲਿਖਦੇ-ਲਿਖਦੇ ਅਚਾਨਕ ਵਾਰਤਕ ਲਿਖਣ ਵੱਲ ਵੀ ਮੁੜ ਪਏ। ਇਸ ਮੋੜ ਦਾ ਸਬੱਬ ਸੀ 1998 ਵਿਚ ਉਨ੍ਹਾਂ ਦੇ ਆਪਣੀ ਵੱਡੀ ਬੇਟੀ ਨੂੰ ਲਿਖੇ ਉਹ ਪੱਤਰ ਜਿਹੜੇ ਉਹ ਹਰ ਹਫ਼ਤੇ ਲਿਖਦੇ ਸਨ ਜਦ ਬੇਟੀ ਅੰਮ੍ਰਿਤਸਰ ਵਿਖੇ ਬੀ.ਡੀ.ਐੱਸ. ਵਿਚ ਦਾਖ਼ਲ ਹੋਈ ਸੀ। ਸਲਾਹਾਂ ਅਤੇ ਸਿਆਣਪਾਂ ਭਰੇ ਇਹ ਨਿੱਕੇ-ਨਿੱਕੇ ਖ਼ਤ ਹੋਸਟਲ ਦੇ ਜੀਵਨ ਅਤੇ ਇਕੱਲੇ ਰਹਿਣ ਵਾਲੇ ਵਿਦਿਆਰਥੀਆਂ ਨੂੰ ਆਉਣ ਵਾਲੀਆਂ ਮੁਸ਼ਕਲਾਂ ਹੱਲ ਕਰਨ ਲਈ ਦਿੱਤੇ ਸੁਝਾਅ ਸਨ। ਜਦ ਬੇਟੀ ਤੋਂ ਪਤਾ ਲੱਗਾ ਕਿ ਡਾ. ਭੰਡਾਲ ਹੁਰਾਂ ਦੇ ਇਨ੍ਹਾਂ ਖ਼ਤਾਂ ਦੀ ਉਡੀਕ ਉਸ ਦੀਆਂ ਸਹੇਲੀਆਂ ਵੀ ਕਰਦੀਆਂ ਸਨ ਅਤੇ ਉਹ ਬੇਟੀ ਤੋਂ ਪਹਿਲਾਂ ਹੀ ਖ਼ਤ ਪੜ੍ਹ ਲੈਂਦੀਆਂ ਸਨ ਤਾਂ ਡਾ. ਭੰਡਾਲ ਹੁਰਾਂ ਨੂੰ ਜਾਪਿਆ ਕਿ ਨੌਜਵਾਨ ਬੱਚਿਆਂ ਨੂੰ ਸਾਹਿਤਕ ਕਿਰਤਾਂ ਰਾਹੀਂ ਇਕ ਸੇਧ ਦੇਣ, ਕਦਰਾਂ ਕੀਮਤਾਂ ਨਾਲ ਜੁੜਨ ਅਤੇ ਵਧੀਆ ਇਨਸਾਨ ਬਣਨ ਲਈ ਅਜੇਹੀਆਂ ਲਿਖਤਾਂ ਦੀ ਬਹੁਤ ਲੋੜ ਹੈ। ਡਾ. ਭੰਡਾਲ ਹੁਰਾਂ ਨੇ ਇਨ੍ਹਾਂ ਚਿੱਠੀਆਂ ਨੂੰ ਥੋੜ੍ਹੇ ਹੋਰ ਵਿਸਥਾਰ ਨਾਲ ਲਿਖਿਆ ਅਤੇ ਇਹ ਚਿੱਠੀਆਂ ਅਜੀਤ ਅਖ਼ਬਾਰ ਵਿਚ ਛਪਦੀਆਂ ਰਹੀਆਂ। ਇਨ੍ਹਾਂ ਚਿੱਠੀਆਂ ਨੂੰ ਇਕੱਠੇ ਕਰ ਕੇ ਡਾ. ਭੰਡਾਲ ਹੁਰੀਂ ਪਹਿਲੀ ਵਾਰਤਕ ਪੁਸਤਕ 'ਰੰਗਾਂ ਦਾ ਦਰਿਆ' ਛਪਵਾਈ ਜਿਹੜੀ ਪਾਠਕਾਂ ਵੱਲੋਂ ਖ਼ੂਬ ਸਲਾਹੀ ਗਈ। ਦਿੱਲੀ ਦੀ ਪੰਜਾਬੀ ਅਕਾਦਮੀ ਵੱਲੋਂ ਦਿੱਲੀ ਦੇ ਸਕੂਲਾਂ ਲਈ ਇਸ ਕਿਤਾਬ ਦੀਆਂ 200 ਕਾਪੀਆਂ ਡਾ. ਭੰਡਾਲ ਹੁਰਾਂ ਰਾਹੀਂ ਖਰੀਦੀਆਂ ਗਈਆਂ। ਡਾ. ਭੰਡਾਲ ਹੁਰੀਂ ਪ੍ਰੋ. ਕੁਲਵੰਤ ਸਿੰਘ ਥਿੰਦ ਨਾਲ ਮਿਲ ਕੇ ਵਿਗਿਆਨ ਦੀਆਂ ਦੋ ਪੁਸਤਕਾਂ 'ਵਿਗਿਆਨ ਦੇ ਪਸਾਰ' ਅਤੇ 'ਵਿਗਿਆਨ ਦੇ ਪਾਂਧੀ' ਲਿਖੀਆਂ ਜੋ ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ 2003 ਵਿਚ ਛਾਪੀਆਂ ਗਈਆਂ। ਬਾਅਦ ਵਿਚ ਵਿਗਿਆਨ ਦੀਆਂ ਤਿੰਨ ਪੁਸਤਕਾਂ 'ਗਾਡ ਪਾਰਟੀਕਲ', 'ਹਵਾ ਹੱਥ ਜੋੜਦੀ ਹੈ' ਅਤੇ ਵਿਗਿਆਨਕ ਚੇਤਨਾ ਅਤੇ ਪ੍ਰਦੂਸ਼ਣ' ਚੇਤਨਾ ਪ੍ਰਕਾਸ਼ਨ ਲੁਧਿਆਣਾ ਵੱਲੋਂ ਛਾਪੀਆਂ ਗਈਆਂ। ਡਾ. ਭੰਡਾਲ ਹੁਰੀਂ ਕਹਿੰਦੇ ਹਨ ਕਿ ਵਿਗਿਆਨ ਦਾ ਕਰਜ਼ ਉਤਾਰਨ ਲਈ ਉਹ ਵਿਗਿਆਨ, ਪ੍ਰਦੂਸ਼ਣ ਅਤੇ ਇਸ ਦੇ ਬੁਰੇ ਪ੍ਰਭਾਵਾਂ ਬਾਰੇ ਲਿਖਦੇ ਰਹਿੰਦੇ ਹਨ। ਅਜੇਹੀ ਚੇਤਨਾ ਪੈਦਾ ਕਰਨ ਲਈ ਸੰਤ ਬਲਬੀਰ ਸਿੰਘ ਸੀਚੇਵਾਲ ਵਾਲਿਆਂ ਨੇ ਡਾ. ਭੰਡਾਲ ਹੁਰਾਂ ਨੂੰ ਸਨਮਾਨਿਤ ਵੀ ਕੀਤਾ ਸੀ। ਡਾ. ਭੰਡਾਲ ਹੁਰੀਂ ਰਣਧੀਰ ਕਾਲਜ ਕਪੂਰਥਲਾ ਵਿਚ ਵਾਤਾਵਰਣ ਸੁਸਾਇਟੀ ਰਾਹੀਂ ਬਹੁਤ ਸਾਰੇ ਬੂਟੇ ਵੀ ਲਗਵਾਏ ਜੋ ਹੁਣ ਕਾਲਜ ਦੀ ਸ਼ਾਨ ਹਨ।

ਡਾ. ਭੰਡਾਲ ਹੁਰੀਂ ਕਹਿੰਦੇ ਹਨ, "2003 ਵਿਚ ਕੈਨੇਡਾ ਤਿੰਨ ਮਹੀਨੇ ਰਹਿ ਕੇ ਜਦ ਵਾਪਸ ਪੰਜਾਬ ਜਾ ਕੇ ਘਰ ਦਾ ਬਾਰ ਖੋਲ੍ਹਿਆ ਤਾਂ ਉਦਾਸ ਘਰ ਦੀ ਹਾਲਤ ਦੇਖ ਕੇ ਮਨ ਬਹੁਤ ਪੀੜਤ ਹੋਇਆ ਅਤੇ ਮੈਂ 'ਘਰ ਅਰਦਾਸ ਕਰੇ' ਲੇਖ ਲਿਖਿਆ ਜੋ ਇਕ ਵੱਖਰੇ ਮੁਹਾਂਦਰੇ ਅਤੇ ਦ੍ਰਿਸ਼ਟੀਕੋਣ ਤੋਂ ਸੀ। ਅਜੀਤ ਅਖ਼ਬਾਰ ਵਿਚ ਛਪਣ ਤੋਂ ਬਾਅਦ ਪਾਠਕਾਂ ਦਾ ਹੁੰਗਾਰਾ ਬੇਮਿਸਾਲ ਸੀ ਜਿਸ ਨੇ ਮੇਰੀ ਵਾਰਤਕ ਨੂੰ ਵੱਖਰੀ ਨੁਹਾਰ ਦਿੱਤੀ। ਘਰ, ਬੂਹਾ, ਕਮਰਾ, ਕੰਧਾਂ, ਵਿਹੜਾ, ਬੱਚੇ, ਮਾਪੇ ਆਦਿ ਬਾਰੇ ਨਵੀਂ ਪੁਸਤਕ 'ਘਰ ਅਰਦਾਸ ਕਰੇ' ਲਿਖੀ ਅਤੇ ਛਪਵਾਈ।" ਇਸ ਕਿਤਾਬ ਬਾਰੇ ਡਾ. ਦਲੀਪ ਕੌਰ ਟਿਵਾਣਾ ਦਾ ਕਹਿਣਾ ਸੀ, "ਮੈਨੂੰ ਲੱਗਦਾ ਹੈ ਕਿ 'ਘਰ ਅਰਦਾਸ ਕਰੇ' ਦੀ ਥਾਂ ਜੇ ਮੈਂ ਇਹ ਆਖਾਂ ਕਿ ਇਕ ਸੁਹਿਰਦ ਕਵੀ ਮਨ ਵਾਲਾ ਭੰਡਾਲ ਰੱਬ ਅੱਗੇ ਬਹੁਤ ਖ਼ੂਬਸੂਰਤ ਸ਼ਬਦਾਂ ਵਿਚ ਨਾਦ ਚਿਤਰਾਂ ਰਾਹੀਂ ਅਰਜ਼ ਕਰਦਾ ਹੈ ਕਿ ਘਰ ਕਿਹੋ ਜਿਹਾ ਹੋਵੇ, ਜ਼ਿੰਦਗੀ ਕਿਹੋ ਜਿਹੀ ਹੋਵੇ ਅਤੇ ਰਿਸ਼ਤੇ ਨਾਤੇ ਕਿਹੋ ਜਿਹੇ ਹੋਣ ਤਾਂ ਇਹ ਜ਼ਿਆਦਾ ਠੀਕ ਹੋਵੇਗਾ। ਮੈਂ ਕਈ ਵਾਰ ਇਹ ਆਖਦੀ ਹੁੰਦੀ ਹਾਂ ਕਿ ਲੇਖਕ ਕਈ ਵਾਰ ਰੱਬ ਤੋਂ ਵੀ ਵੱਡਾ ਹੋ ਕੇ ਆਖਣ ਲੱਗ ਜਾਂਦਾ ਹੈ ਕਿ ਮੈਂ ਦੁਨੀਆ ਸਿਰਜਾਂ ਤਾਂ ਕਿਹੋ ਜਿਹੀ ਹੋਵੇ? ਅਜੇਹੀ ਹੀ ਗੱਲ ਭੰਡਾਲ ਨੇ ਕੀਤੀ ਹੈ। ਸੰਸਾਰ ਦੇ ਕੁਹਜ ਤੋਂ ਉਤਾਂਹ ਉੱਠ ਕੇ ਸੁਹਜ ਦੀ ਸਿਰਜਣਾ ਦੀ ਗੱਲ ਕਰਨੀ ਹਰ ਇਕ ਦੇ ਵੱਸ ਦੀ ਗੱਲ ਨਹੀਂ ਹੁੰਦੀ। ਤੇਰੇ ਕੋਲ ਇਕ ਸਮਰੱਥਾਵਾਨ ਬੋਲੀ ਹੈ, ਆਦਰਸ਼ਾਂ ਦੀ ਸਤਰੰਗੀ ਪੀਂਘ ਹੈ। ਇਸ ਨੂੰ ਕਦੇ ਗੁਆਚਣ ਨਾ ਦੇਣਾ।" ਡਾ. ਭੰਡਾਲ ਹੁਰਾਂ ਅਨੁਸਾਰ, "ਇਹ ਪੱਤਰ ਮੇਰੇ ਲਈ ਬਹੁਤ ਵੱਡਾ ਸਨਮਾਨ ਸੀ ਅਤੇ ਹੁਣ ਤੀਕ ਆਪਣੀ ਲਿਖਤ ਰਾਹੀਂ ਇਸ ਦਾ ਕਰਜ਼ ਉਤਾਰ ਰਿਹਾ ਹਾਂ।" ਪਾਕਿਸਤਾਨ ਦੀ ਵਿਦਵਾਨ ਡਾ. ਨਬੀਲਾ ਰਹਿਮਾਨ ਡਾ. ਭੰਡਾਲ ਹੁਰਾਂ ਦੀ ਵਾਰਤਕ ਨੂੰ ਨਸਰੀ ਨਜ਼ਮ ਕਹਿੰਦੀ ਹੈ। ਡਾ. ਕਰਨੈਲ ਸਿੰਘ ਥਿੰਦ ਦਾ ਇਸ ਪੁਸਤਕ ਬਾਰੇ ਕਹਿਣਾ ਸੀ, "ਸਾਇੰਸ ਦੇ ਪ੍ਰੋਫ਼ੈਸਰ ਦੇ ਤੌਰ 'ਤੇ ਤੈਨੂੰ ਕੁਝ ਸੈਂਕੜੇ ਲੋਕ ਜਾਨਣਗੇ ਪਰ ਸਾਹਿਤਕਾਰ ਵਜੋਂ ਤੈਨੂੰ ਹਜ਼ਾਰਾਂ ਲੋਕ ਚਾਹੁਣਗੇ। ਇਨ੍ਹਾਂ ਅੱਖਰਾਂ ਨੇ ਤੇਰੇ ਜਾਣ ਤੋਂ ਬਾਅਦ ਵੀ ਜਗਦੇ ਰਹਿਣਾ।"

ਡਾ. ਭੰਡਾਲ ਹੁਰਾਂ ਦੇ ਲੇਖ ਛੋਟੇ-ਛੋਟੇ ਵਿਸ਼ਿਆਂ 'ਤੇ ਹੁੰਦੇ ਹਨ ਜਿਨ੍ਹਾਂ ਬਾਰੇ ਅਸੀਂ ਸੋਚ ਵੀ ਨਹੀਂ ਸਕਦੇ। ਜਿਵੇਂ ਉਨ੍ਹਾਂ ਦੀ ਕਿਤਾਬ ਘਰ ਕਰੇ ਅਰਦਾਸ' ਵਿਚ ਘਰ ਬਾਰੇ ਹੀ ਲੇਖ ਹਨ। ਇਸੇ ਤਰ੍ਹਾਂ 'ਕਾਇਆ ਦੀ ਕੈਨਵਸ' ਕਿਤਾਬ ਵਿਚ ਸਰੀਰ ਦੇ ਅੰਗਾਂ 'ਤੇ 29 ਲੇਖ

ਹਨ ਜਿਨ੍ਹਾਂ ਵਿਚੋਂ ਕੁਝ ਸਿਰ, ਦਿਮਾਗ਼, ਕੰਨ, ਨੱਕ, ਮੁਖੜਾ ਆਦਿ ਬਾਰੇ ਹਨ। ਇਸੇ ਤਰ੍ਹਾਂ 'ਧੁੱਪ ਦੀਆਂ ਕਣੀਆਂ' ਕਿਤਾਬ ਵਿਚ 26 ਲੇਖ ਕੁਦਰਤ ਬਾਰੇ ਅਤੇ ਕੁਦਰਤ ਦੀਆਂ ਬਖ਼ਸ਼ਿਸ਼ਾਂ ਬਾਰੇ ਹਨ ਜਿਵੇਂ ਉਨ੍ਹਾਂ ਵਿਚੋਂ ਕੁਝ ਲੇਖ ਧੁੱਪ ਦੀਆਂ ਕਣੀਆਂ, ਚੁੱਪ ਚਿਰਾਗ਼, ਭੁੱਖ-ਭਗਤੀ, ਪੌਣ-ਪਾਕੀਜ਼ਗੀ, ਪਰਬਤ-ਪਰਿਕਰਮਾ, ਬਾਰਸ਼-ਬਰਕਤਾਂ, ਆਦਿ ਵਿਸ਼ਿਆਂ 'ਤੇ ਹਨ।

ਡਾ. ਭੰਡਾਲ ਹੁਰਾਂ ਦੀ ਵਾਰਤਕ ਦੇ ਕੁਝ ਨਮੂਨੇ ਹੇਠ ਲਿਖੇ ਹਨ।

'ਚਾਨਣੀ-ਰਾਗ' ਲੇਖ ਵਿਚੋਂ—"ਚੰਨ ਚਾਨਣੀ ਮਾਨਣਾ ਹਰੇਕ ਦਾ ਨਸੀਬ ਨਹੀਂ। ਕੁਝ ਵਿਰਲੇ ਹੀ ਇਸ ਦੀ ਸੁੰਦਰਤਾ, ਸੂਖਮ-ਸੰਦੇਸ਼, ਸਦੀਵ-ਸੁਹਜ, ਸਗਵੇਂ-ਸਰੂਪ ਅਤੇ ਸੰਪੂਰਨ-ਸਮਰਪਿਤਾ ਪਛਾਣ, ਚੰਨ ਨੂੰ ਮਨ 'ਚ ਵਸਾ, ਚੰਨ-ਚਾਨਣੀ ਵਰਗਾ ਬਣਨ ਦੀ ਲੋਚਾ ਮਨ 'ਚ ਪਾਲਦੇ।"

'ਰਾਤ ਦੀਆਂ ਰਹਿਮਤਾਂ' ਲੇਖ ਵਿਚੋਂ : "ਰਾਤਾਂ ਜਦ ਲੰਮੀਆਂ ਹੋਣ ਲੱਗ ਪੈਣ ਤਾਂ ਮਨ ਕਿਸੇ ਅਦਿੱਖ ਡਰ ਨਾਲ ਆਪਣੇ ਚਾਵਾਂ ਦੇ ਖੰਭ ਕੁਤਰਦਾ, ਨੁੱਕਰ ਵਿਚ ਸੁੰਗੜ, ਖ਼ੁਦ ਤੋਂ ਹੀ ਸਹਿਮਣ ਲੱਗ ਪੈਂਦਾ।... ਰਾਤ ਸਿਰਫ਼ ਸੌਣ ਜਾਂ ਆਰਾਮ ਕਰਨ ਲਈ ਹੀ ਨਹੀਂ ਹੁੰਦੀ। ਦਰਅਸਲ ਰਾਤ ਨਵੇਂ ਵਿਚਾਰਾਂ, ਸੁਪਨਿਆਂ ਅਤੇ ਸੰਭਾਵਨਾਵਾਂ ਨੂੰ ਕਿਆਸਣ, ਤਲਾਸ਼ਣ ਅਤੇ ਪ੍ਰਾਪਤ ਕਰਨ ਦੇ ਆਹਰ ਦਾ ਅਲਹਾਮ ਏ।"

'ਦਾਸਤਾਨ-ਏ-ਦਿਮਾਗ਼' ਲੇਖ ਵਿਚੋਂ—"ਦਿਮਾਗ਼, ਸੁਪਨਿਆਂ ਦੀ ਕਰਮ-ਭੂਮੀ, ਤਦਬੀਰਾਂ ਅਤੇ ਤਕਦੀਰਾਂ ਦਾ ਜਨਮਦਾਤਾ, ਨਵੀਆਂ ਉਪਲਬਧੀਆਂ ਦਾ ਦਿਸਹੱਦਾ ਅਤੇ ਇਨ੍ਹਾਂ 'ਤੇ ਪਹੁੰਚਣ ਲਈ ਜੁਗਤੀ-ਸਾਧਨ।"

'ਦਿਲ ਮਿਲੇ' ਲੇਖ ਵਿਚੋਂ—"ਦਿਲ ਬਹੁਤ ਨਾਜ਼ੁਕ। ਖ਼ੁਸ਼ੀ-ਗ਼ਮੀ, ਭੜਕਾਹਟ-ਉਕਸਾਹਟ, ਡਰ-ਨਿਰਭੈਅ, ਪੀੜ-ਹੁਲਾਸ, ਉਦਾਸੀ ਖੇੜਾ, ਨਿਰਾਸ਼ਾ-ਹਾਸਾ ਆਦਿ ਸਭ ਤੋਂ ਪਹਿਲਾਂ ਦਿਲ ਨੂੰ ਅਸਰ-ਅੰਦਾਜ਼ ਕਰਦੇ।"

ਡਾ. ਭੰਡਾਲ ਕਹਿੰਦੇ ਹਨ, "ਮੇਰੇ ਲਈ ਸਭ ਤੋਂ ਖ਼ੂਬਸੂਰਤ ਅਤੇ ਮਾਣਮੱਤੇ ਪਲ ਉਹ ਸਨ ਜਦ ਨਵੰਬਰ 2015 ਨੂੰ ਡਾ. ਗੁਰਨਾਮ ਸਿੰਘ ਹੁਰਾਂ ਦਾ ਫ਼ੋਨ ਆਇਆ ਅਤੇ ਉਨ੍ਹਾਂ ਨੇ ਮੈਨੂੰ ਮੁਬਾਰਕ ਦਿੰਦਿਆਂ ਦੱਸਿਆ ਕਿ ਮੈਨੂੰ ਪੰਜਾਬ ਸਰਕਾਰ ਦੇ ਭਾਸ਼ਾ ਵਿਭਾਗ ਵੱਲੋਂ ਸ਼੍ਰੋਮਣੀ ਪੰਜਾਬੀ ਸਾਹਿਤਕਾਰ ਪੁਰਸਕਾਰ ਲਈ ਚੁਣਿਆ ਗਿਆ ਸੀ। ਮੇਰੇ ਅਨਪੜ੍ਹ ਮਾਪਿਆਂ ਅਤੇ ਪਿੰਡ ਲਈ ਇਹ ਮਾਣ ਵਾਲੀ ਗੱਲ ਸੀ ਕਿ ਉਨ੍ਹਾਂ ਦੇ ਜੰਮੇ-ਜਾਏ ਨੂੰ ਇਹ ਸਨਮਾਨ ਮਿਲ ਰਿਹਾ ਸੀ। ਇਸ ਤੋਂ ਖ਼ੂਬਸੂਰਤ ਗੱਲ ਇਹ ਹੋਈ ਕਿ ਜਦ ਇਸ ਬਾਰੇ ਮੈਂ ਆਪਣੇ ਬਾਪ (ਮੇਰੀ ਮਾਂ ਦੀ 2010 ਵਿਚ ਮੌਤ ਹੋ ਗਈ ਸੀ) ਨੂੰ ਦੱਸਿਆ ਤਾਂ ਉਹ ਬਾਗ਼ੋ-ਬਾਗ਼ ਹੋਇਆ। ਉਨ੍ਹਾਂ ਦਾ ਪਹਿਲਾ ਪ੍ਰਸ਼ਨ ਸੀ ਕਿ ਤੂੰ ਇਹ ਇਨਾਮ ਲੈਣ ਲਈ ਇੰਡੀਆ ਕਦੋਂ ਆਵੇਂਗਾ। ਦਰਅਸਲ ਉਨ੍ਹਾਂ ਨੂੰ ਇਨਾਮ ਨਾਲੋਂ ਆਪਣੇ ਪਰਦੇਸੀ ਪੁੱਤ ਨੂੰ ਮਿਲਣ ਦਾ ਚਾਅ ਵੱਧ ਸੀ। ਇਹ ਸਨਮਾਨ ਮਾਰਚ 2016 ਵਿਚ ਪੰਜਾਬੀ ਯੂਨੀਵਰਸਿਟੀ ਵਿਚ ਦਿੱਤਾ ਗਿਆ ਸੀ।"

ਡਾ. ਭੰਡਾਲ ਹੁਰੀਂ ਸਿਰਜਣਾ ਕੇਂਦਰ ਕਪੂਰਥਲਾ ਨਾਲ ਕਾਫ਼ੀ ਦੇਰ ਤੋਂ ਜੁੜੇ ਹੋਏ ਹਨ ਅਤੇ ਚਾਰ ਸਾਲ ਇਸ ਦੇ ਪ੍ਰਧਾਨ ਵੀ ਰਹੇ ਸਨ। ਡਾ. ਭੰਡਾਲ ਹੁਰਾਂ ਦੀ ਪੰਜਾਬੀ ਸੱਥ ਦੇ ਸੰਚਾਲਕ ਡਾ. ਨਿਰਮਲ ਸਿੰਘ ਹੁਰਾਂ ਨਾਲ ਵੀ ਮੁਹੱਬਤੀ ਸਾਂਝ ਹੈ। ਸੱਥ ਵੱਲੋਂ ਹੀ ਡਾ. ਭੰਡਾਲ ਹੁਰਾਂ ਦੀ ਪੁਸਤਕ 'ਲੋਏ ਲੋਏ' ਛਾਪੀ ਗਈ ਸੀ।

2003 ਵਿਚ ਕੈਨੇਡਾ ਦੀ ਇਮੀਗ੍ਰੇਸ਼ਨ ਲੈਣ ਤੋਂ ਬਾਅਦ ਡਾ. ਭੰਡਾਲ ਹੁਰੀਂ ਤਿੰਨ ਮਹੀਨੇ ਕੈਨੇਡਾ ਰਹਿ ਕੇ ਆਪਣੀ ਛੋਟੀ ਬੇਟੀ ਨਾਲ ਪੰਜਾਬ ਪਰਤ ਗਏ ਜਿਥੇ ਉਨ੍ਹਾਂ ਦੀ ਬੇਟੀ ਬੀ.ਡੀ.ਐੱਸ. ਵਿਚ ਦਾਖਲ ਹੋ ਗਈ ਸੀ। ਫਿਰ 2006 ਵਿਚ ਆਪਣੀ ਸਟੇਅ ਪੂਰੀ ਕਰਨ ਲਈ ਡਾ. ਭੰਡਾਲ ਹੁਰੀਂ ਫਿਰ ਟੋਰਾਂਟੋ ਆ ਗਏ। ਸੰਯੋਗ-ਵੱਸ ਉਨ੍ਹਾਂ ਦਿਨਾਂ ਵਿਚ ਹੀ ਬਲਬੀਰ ਸਿੰਘ ਸੀਚੇਵਾਲ ਕੈਨੇਡਾ ਆਏ ਹੋਏ ਸਨ ਅਤੇ ਕਿਸੇ ਮੀਟਿੰਗ ਵਿਚ ਉਹ ਡਾ. ਭੰਡਾਲ ਹੁਰਾਂ ਨੂੰ ਮਿਲੇ। ਇਸੇ ਮੀਟਿੰਗ ਵਿਚ ਡਾ. ਭੰਡਾਲ ਹੁਰੀਂ ਪਰਵਾਸੀ ਅਖ਼ਬਾਰ ਦੇ ਰਜਿੰਦਰ ਸੈਣੀ ਨੂੰ ਮਿਲੇ ਅਤੇ ਫਿਰ ਇਸ ਪਰਵਾਸੀ ਅਖ਼ਬਾਰ ਵਿਚ 2008 ਤੀਕ ਕੰਮ ਕਰਦੇ ਰਹੇ। ਡਾ. ਭੰਡਾਲ ਕਹਿੰਦੇ ਹਨ, "ਇਸ ਪਰਵਾਸੀ ਅਖ਼ਬਾਰ ਵਿਚ ਕੰਮ ਕਰਨਾ ਮੇਰੀਆਂ ਸਾਹਿਤਕ ਰੁਚੀਆਂ ਦੀ ਪ੍ਰਫੁੱਲਤਾ ਅਤੇ ਕੈਨੇਡਾ ਵਿਚ ਵਸਦੀ ਕਮਿਊਨਿਟੀ ਨੂੰ ਸਮਝਣ ਲਈ ਬਹੁਤ ਸਹਾਈ ਹੋਇਆ।" ਫਿਰ 2010 ਵਿਚ ਪੰਜਾਬ ਦੇ ਸਰਕਾਰੀ ਕਾਲਜਾਂ ਦੀ ਨੌਕਰੀ ਛੱਡਣ ਤੋਂ ਬਾਅਦ ਡਾ. ਭੰਡਾਲ ਹੁਰੀਂ ਪੱਕੇ ਰੂਪ ਵਿਚ ਕੈਨੇਡਾ ਵਾਪਸ ਆ ਗਏ ਤਾਂ ਪੰਜਾਬੀ ਪੋਸਟ ਦੇ ਜਗਦੀਸ਼ ਸਿੰਘ ਗਰੇਵਾਲ ਨਾਲ ਚਾਰ ਸਾਲ ਇਸ ਅਖ਼ਬਾਰ ਲਈ ਕੰਮ ਕੀਤਾ।

ਡਾ. ਭੰਡਾਲ ਹੁਰਾਂ ਦੀਆਂ ਦੋਵੇਂ ਬੇਟੀਆਂ ਕਾਫ਼ੀ ਸਾਲਾਂ ਤੋਂ ਅਮਰੀਕਾ ਦੇ ਓਹਾਇਓ ਸੂਬੇ ਵਿਚ ਕਲੀਵਲੈਂਡ ਸ਼ਹਿਰ ਵਿਚ ਰਹਿੰਦੀਆਂ ਹਨ। ਡਾ. ਭੰਡਾਲ ਹੁਰੀਂ ਟੋਰਾਂਟੋ ਰਹਿੰਦੇ ਸਨ। ਸਤੰਬਰ 2014 ਵਿਚ ਬੱਚੀਆਂ ਦੇ ਕਹਿਣ 'ਤੇ ਅਤੇ ਪਰਿਵਾਰ ਦੀ ਇਕਜੁੱਟਤਾ ਲਈ ਬਰੈਂਪਟਨ ਵਿਚ ਆਪਣਾ ਘਰ-ਬਾਰ ਸਭ ਸਮੇਟ ਕੇ ਡਾ. ਭੰਡਾਲ ਹੁਰੀਂ ਅਮਰੀਕਾ ਵਿਚ ਕਲੀਵਲੈਂਡ ਆ ਵਸੇ। ਡਾ. ਭੰਡਾਲ ਹੁਰੀਂ ਕਹਿੰਦੇ ਹਨ, "ਬਹੁਤ ਕੁਝ ਟੁੱਟਦਾ ਹੈ ਜਦ ਤੁਸੀਂ ਇਕ ਥਾਂ ਨਾਲ ਜੁੜ ਕੇ ਟੁੱਟਦੇ ਹੋ ਅਤੇ ਮੁੜ ਤੋਂ ਸਥਾਪਤੀ ਦਾ ਸਫ਼ਰ ਸ਼ੁਰੂ ਕਰਦੇ ਹੋ। ਪਰ ਮੇਰੇ ਹਿੱਸੇ ਦਾ ਬਾਰ-ਬਾਰ ਜੁੜਨਾ, ਟੁੱਟਣਾ ਅਤੇ ਫਿਰ ਖ਼ੁਦ ਨੂੰ ਸਥਾਪਤ ਕਰਨਾ ਹੀ ਆਇਆ ਹੈ। ਪਹਿਲਾਂ ਪਿੰਡ ਤੋਂ ਕਪੂਰਥਲਾ ਆਉਣਾ, ਫਿਰ ਕਪੂਰਥਲਾ ਤੋਂ ਕੈਨੇਡਾ ਅਤੇ ਹੁਣ ਕੈਨੇਡਾ ਤੋਂ ਅਮਰੀਕਾ। ਪਰ ਇਹ ਸਭ ਕੁਝ ਮਨੁੱਖ ਨੂੰ ਬਹੁਤ ਕੁਝ ਸਿਖਾਉਂਦਾ ਹੈ ਅਤੇ ਖ਼ੁਦ ਦੀ ਸਮਰੱਥਾ ਦੀ ਪਰਖ ਵੀ ਕਰਵਾਉਂਦਾ ਹੈ।"

ਜਦੋਂ ਅਸੀਂ ਇਕ ਥਾਂ ਤੋਂ ਕਿਸੇ ਦੂਜੀ ਥਾਂ ਜਾਂਦੇ ਹਾਂ ਤਾਂ ਪਹਿਲਾ ਉੱਦਮ ਤਾਂ ਆਪਣੇ ਲਈ ਕੰਮ ਲੱਭਣਾ ਹੁੰਦਾ ਹੈ। ਡਾ. ਭੰਡਾਲ ਹੁਰਾਂ ਲਈ ਵੀ ਅਮਰੀਕਾ ਵਿਚ ਆ ਕੇ ਸਭ ਤੋਂ ਪ੍ਰਮੁੱਖ ਸੀ ਆਹਰ ਦਾ ਇੰਤਜ਼ਾਮ ਕਰਨਾ। ਡਾ. ਭੰਡਾਲ ਹੁਰਾਂ ਨੇ ਬੇਟੀਆਂ ਤੋਂ ਵੱਖਰਾ ਆਪਣਾ ਘਰ ਪਹਿਲਾਂ ਹੀ ਲੈ ਲਿਆ ਸੀ ਪਰ ਫਿਰ ਵੀ ਆਪਣੇ ਲਈ ਕੰਮ ਲੱਭਣਾ ਜ਼ਰੂਰੀ ਸੀ। ਡਾ. ਭੰਡਾਲ ਹੁਰਾਂ ਨੇ ਸਭ ਤੋਂ ਪਹਿਲਾਂ ਬਾਰ੍ਹਵੇਂ ਗਰੇਡ ਤਕ ਫਿਜ਼ਿਕਸ ਪੜ੍ਹਾਉਣ ਲਈ ਆਨਲਾਈਨ ਕੋਰਸ ਪਾਸ ਕਰ ਕੇ ਸਰਟੀਫਿਕੇਸ਼ਨ ਪ੍ਰਾਪਤ ਕੀਤੀ। ਨਾਲ ਹੀ ਆਲੇ-ਦੁਆਲੇ ਦੇ ਕਮਿਊਨਿਟੀ ਕਾਲਜਾਂ ਜਾਂ ਯੂਨੀਵਰਸਿਟੀ ਵਿਚ ਫਿਜ਼ਿਕਸ ਪੜ੍ਹਾਉਣ ਦੇ ਮੌਕਿਆਂ ਦੀ ਭਾਲ ਕਰਨ ਲੱਗੇ। ਚੰਗੇ ਭਾਗਾਂ ਨਾਲ ਜਨਵਰੀ


2016 ਵਿਚ ਕਲੀਵਲੈਂਡ ਸਟੇਟ ਯੂਨੀਵਰਸਿਟੀ ਵਿਚ ਫਿਜ਼ਿਕਸ ਪੜ੍ਹਾਉਣ ਦਾ ਮੌਕਾ ਮਿਲਿਆ, ਜੋ ਹੁਣ ਤਕ ਜਾਰੀ ਹੈ।

ਮੇਰੇ ਪੁੱਛਣ 'ਤੇ ਕਿ ਉਨ੍ਹਾਂ ਨੇ ਹਿੰਦੁਸਤਾਨ ਅਤੇ ਅਮਰੀਕਾ ਵਿਚ ਪੜ੍ਹਾਉਣ ਵਿਚ ਕੀ ਫ਼ਰਕ ਮਹਿਸੂਸ ਕੀਤਾ ਹੈ, ਡਾ. ਭੰਡਾਲ ਹੁਰੀਂ ਕਹਿਣ ਲੱਗੇ, "ਅਮਰੀਕਾ ਵਿਚ ਟੀਚਰ ਦੀ ਕਦਰ ਹੈ ਅਤੇ ਉਸ ਦੇ ਮੁਲਾਂਕਣ ਨੂੰ ਮਾਨਤਾ ਮਿਲਦੀ ਹੈ। ਵਿਦਿਆਰਥੀਆਂ ਵੱਲੋਂ ਪ੍ਰੋਫ਼ੈਸਰ ਦਾ ਮੁਲਾਂਕਣ ਵੀ ਅਹਿਮ ਹੈ। ਵਿਦਿਆਰਥੀ ਇਮਾਨਦਾਰ, ਸਪਸ਼ਟ ਅਤੇ ਟੀਚੇ ਪ੍ਰਤੀ ਸਮਰਪਿਤ ਹਨ। ਉਹ ਮੈਥ ਵਿਚ ਕਮਜ਼ੋਰ ਹਨ। ਅਮਰੀਕਾ ਵਿਚ ਪੜ੍ਹਾਉਣਾ ਮੇਰੇ ਲਈ ਸਕੂਨ ਅਤੇ ਸੰਤੁਸ਼ਟੀ ਦਾ ਅਹਿਸਾਸ ਹੈ। ਭਾਰਤ ਵਿਚ ਅਧਿਆਪਕ ਦਾ ਕਿਰਦਾਰ ਬਹੁਤ ਨੀਵਾਂ ਹੈ ਅਤੇ ਕੋਈ ਕਦਰ ਵੀ ਨਹੀਂ, ਜਿਸ ਲਈ ਉਹ ਖ਼ੁਦ ਵੀ ਜ਼ਿੰਮੇਵਾਰ ਹੈ। ਪੰਜਾਬ ਵਿਚ ਤਾਂ ਸਿਆਸੀ ਕਿੜਾਂ ਕੱਢਣ ਲਈ ਬਦਲੀ ਕਰ ਦੇਣੀ ਆਮ ਹੈ ਜੋ ਮੇਰੇ ਨਾਲ ਵੀ ਵਾਪਰਿਆ। ਤੁਹਾਡੇ ਸਿਆਸੀ ਸੰਬੰਧਾਂ ਦੀ ਅਹਿਮੀਅਤ ਹੈ, ਪੜ੍ਹਾਉਣ ਨੂੰ ਕੌਣ ਪੁੱਛਦਾ ? ਸਿਫ਼ਾਰਸ਼ੀ ਭਰਤੀ ਨੇ ਸਮੁੱਚੀ ਸਿੱਖਿਆ ਪ੍ਰਣਾਲੀ ਤਹਿਸ ਨਹਿਸ ਕਰ ਦਿੱਤੀ ਹੈ। ਵਿਦਿਆਰਥੀਆਂ ਵਿਚ ਨਿਰਾਸ਼ਾ ਦਾ ਆਲਮ ਹੈ ਕਿਉਂਕਿ ਉਨ੍ਹਾਂ ਦਾ ਭਵਿੱਖ ਧੁੰਦਲਾ ਹੈ।"

ਧਰਮ ਬਾਰੇ ਗੱਲ ਹੋਈ ਤਾਂ ਡਾ. ਭੰਡਾਲ ਹੁਰੀਂ ਕਹਿੰਦੇ, "ਮੇਰੇ ਲਈ ਧਰਮ ਇਕ ਜੀਵਨ-ਜਾਚ ਹੈ, ਕਰਮ ਕਾਂਡ ਨਹੀਂ। ਹਰ ਧਰਮ ਹੀ ਮਨੁੱਖ ਨੂੰ ਇਨਸਾਨੀਅਤ ਦਾ ਪੈਗ਼ਾਮ ਦਿੰਦਾ ਹੈ। ਮੈਂ ਅਰਥਾਂ ਸਹਿਤ ਗੁਰੂ ਗ੍ਰੰਥ ਸਾਹਿਬ ਦੀ ਨਿਰੰਤਰ ਸਟੱਡੀ ਕਰਦਾ ਹਾਂ ਅਤੇ ਹੋਰ ਧਰਮਾਂ ਦੀਆਂ ਧਾਰਮਿਕ ਪੁਸਤਕਾਂ ਵੀ ਪੜ੍ਹਦਾ ਹਾਂ। ਅਫ਼ਸੋਸ ਕਿ ਧਾਰਮਿਕ ਆਗੂਆਂ ਨੇ ਧਰਮ ਨੂੰ ਅਧਰਮ ਬਣਾ ਛੱਡਿਆ ਹੈ।"

ਡਾ. ਭੰਡਾਲ ਹੁਰੀਂ ਕਹਿੰਦੇ ਹਨ, "ਭਾਵੇਂ ਇਹ ਪੰਜਾਬ ਵਿਚ ਪੜ੍ਹਾਉਣਾ ਹੋਵੇ, ਕੈਨੇਡਾ ਵਿਚ ਪੱਤਰਕਾਰੀ ਹੋਵੇ ਅਤੇ ਜਾਂ ਅਮਰੀਕਾ ਵਿਚ ਪੜ੍ਹਾਉਣਾ ਹੋਵੇ, ਜ਼ਿੰਦਗੀ ਨੂੰ ਖ਼ੂਬਸੂਰਤ ਬਣਾਉਣ ਲਈ ਕੁਝ ਨਵਾਂ ਸਿੱਖਣਾ ਹੀ ਮੇਰਾ ਸ਼ੌਕ ਹੈ। ਹਰ ਸਮੇਂ, ਸਾਥ, ਸਥਿਤੀ, ਸੱਜਣ, ਸਥਾਨ ਅਤੇ ਸੰਯੋਗ ਵਿਚੋਂ ਨਵਾਂ ਸਿੱਖਦਾ ਹਾਂ। ਦਰਅਸਲ ਮੈਂ ਮਨੁੱਖ ਅਤੇ ਉਸਦੀ ਗੁਫ਼ਤਗੂ, ਵਰਤਾਰੇ ਅਤੇ ਸੁਭਾਅ ਨੂੰ ਪੜ੍ਹਦਾ ਹਾਂ ਅਤੇ ਇਹ ਕਦੇ ਕਦਾਈਂ ਮੇਰੀਆਂ ਲਿਖਤਾਂ ਵਿਚ ਅਛੋਪਲੇ ਹੀ ਆ ਜਾਂਦਾ ਹੈ।...ਮੈਂ ਸਿਰਫ਼ ਲਿਖਣ ਲਈ ਨਹੀਂ ਲਿਖਦਾ ਅਤੇ ਨਾ ਹੀ ਸ਼ਿਲਪਕਾਰੀ ਕਰਦਾ ਹਾਂ। ਮੇਰਾ ਲਿਖਣਾ ਇਕ ਆਵੇਸ਼ ਹੈ, ਵਿਚਾਰਾਂ ਤੇ ਭਾਵਾਂ ਦਾ ਆਵੇਗ ਹੈ। ਉਹ ਹਰਫ਼ਾਂ ਵਿਚ ਢਲਦੇ ਵਰਕਿਆਂ 'ਤੇ ਫੈਲਦੇ ਜਾਂਦੇ ਹਨ। ਇਕ ਅਰੋਕ ਵਹਾਅ ਅਤੇ ਦੋ ਕੁ ਘੰਟੇ ਵਿਚ ਲੇਖ ਲਿਖ ਲੈਂਦਾ ਹਾਂ। ਮੇਰੀ ਲਿਖਤ ਨੇ ਕਿਹੜਾ ਰੂਪ ਧਾਰਨਾ ਹੁੰਦਾ, ਮੈਨੂੰ ਵੀ ਨਹੀਂ ਪਤਾ ਹੁੰਦਾ। ਕਦੇ ਕਵਿਤਾ ਤੇ ਕਦੇ ਇਹ ਵਾਰਤਕ ਤੇ ਕਈ ਵਾਰ ਇਹ ਦੋਵਾਂ ਦੀ ਸਮਿਲਤ, ਨਜ਼ਮ-ਏ-ਨਸਰ। ਕਵਿਤਾ ਨੂੰ ਖ਼ੁਦ ਨਾਲੋਂ ਵੱਖ ਕਰਨਾ ਅਸੰਭਵ ਹੈ। ਕੁਝ ਇਸ ਨੂੰ ਸਰੋਦੀ ਵਾਰਤਕ ਅਤੇ ਕੁਝ ਹੋਰ ਕਹਿੰਦੇ ਹਨ। ਮਿਥੀਆਂ ਬੰਦਸ਼ਾਂ ਤੋਂ ਬਾਗ਼ੀ, ਇਹ ਆਪਣਾ ਮੁਹਾਂਦਰਾ ਆਪ ਲੈ ਕੇ ਆਉਂਦੀ ਹੈ। ਵਿਸ਼ੇ ਵੀ ਵੱਖਰੇ ਅਤੇ ਇਨ੍ਹਾਂ ਨੂੰ ਦੇਖਣ ਦਾ ਨਜ਼ਰੀਆ ਵੀ ਵੱਖਰਾ। ਇਨ੍ਹਾਂ ਦੀਆਂ ਪਰਤਾਂ ਵਿਚੋਂ ਜ਼ਿੰਦਗੀ ਦੀ ਫ਼ਿਲਾਸਫ਼ੀ ਨੂੰ ਅੱਖਰਾਂ 'ਚ ਉਤਾਰਨ ਦਾ ਨਿਮਾਣਾ ਜਿਹਾ ਯਤਨ। ਵਿਸ਼ੇ ਅਣਛੋਹੇ ਅਤੇ ਸਮਾਂ ਸੀਮਾ ਤੋਂ ਪਾਰ। ਇਨ੍ਹਾਂ 'ਚੋਂ ਜ਼ਿੰਦਗੀ ਦਾ ਸੁੱਚਮ ਤੇ ਉੱਚਮ ਨੂੰ ਭਾਲਿਆ ਅਤੇ ਅਪਣਾਇਆ ਜਾ ਸਕਦਾ ਹੈ। ਲਿਖਣਾ ਸਿੱਖ ਰਿਹਾ ਹਾਂ। ਕੁਝ ਚੰਗਾ ਲਿਖਣ ਦਾ ਚਾਅ ਏ। ਕਾਸ਼ ! ਕਦੇ ਮੈਂ ਕੁਝ ਵਧੀਆ ਲਿਖ ਸਕਾਂ।...ਹਾਂ ! ਪੜ੍ਹਦਾ ਬਹੁਤ ਹਾਂ। ਚੰਗੀਆਂ ਲਿਖਤਾਂ, ਕਿਤਾਬਾਂ, ਵਿਚਾਰ ਅਤੇ ਗੁਰਬਾਣੀ ਦਾ ਅਰਥਾਂ ਸਹਿਤ ਅਧਿਆਨੀ ਨਿਤਨੇਮ। ਉਮਰ ਭਰ ਦੀਆਂ ਦੋਸਤੀਆਂ ਪਾਲਣ ਦਾ ਸ਼ੌਕ ਏ। ਭਾਵੇਂ ਇਹ ਟਾਟ ਵਾਲੇ ਕੱਚੀ-ਪੱਕੀ ਦੇ ਸਾਥੀ ਹੋਣ, ਸਾਈਕਲ ਦੀ ਘੰਟੀ ਲਾਹ ਕੇ ਖੂਹ ਦੀ ਟਿੰਡ ਵਿਚੋਂ ਪਾਣੀ ਪੀਣ ਵਾਲੇ ਸਕੂਲੀ ਸਾਥੀ ਹੋਣ, ਕਾਲਜ ਦੇ ਦਿਨਾਂ ਦੇ ਹਮਜੋਲੀ ਜਾਂ ਨੌਕਰੀ ਦੌਰਾਨ ਮਿਲੇ ਮਿੱਤਰਾਂ ਦਾ ਮੋਹ ਹੋਵੇ। ਮੇਰਾ ਸ਼ੌਕ ਬਾਗਬਾਨੀ ਵੀ ਹੈ। ਚੰਗਾ ਲੱਗਦਾ ਹੈ ਫੁੱਲਾਂ ਨਾਲ ਗੱਲਾਂ ਕਰਨੀਆਂ; ਕੁਦਰਤ ਦੀ ਸੁੰਦਰਤਾ ਅਤੇ ਕਾਇਨਾਤ ਦੀ ਵਿਸ਼ਾਲਤਾ ਤੇ ਵਿਭਿੰਨਤਾ ਨੂੰ ਨਿਹਾਰਨਾ; ਘਰ ਵਿਚ ਸਬਜ਼ੀਆਂ ਅਤੇ ਫੁੱਲ ਬੂਟੇ ਉਗਾਉਣਾ। ਪਿੰਡ ਜਾਵਾਂ ਤਾਂ ਖੇਤਾਂ ਵਿਚ ਗੇੜਾ ਮਾਰਨਾ ਨਹੀਂ ਭੁੱਲਦਾ ਅਤੇ ਸਵੇਰ ਨੂੰ ਤਰੇਲੇ ਘਾਹ 'ਤੇ ਕੁਝ ਸਮਾਂ ਟਹਿਲਣ ਦਾ ਚਾਅ ਹੈ। ਖੇਤਾਂ ਅਤੇ ਫ਼ਸਲਾਂ ਵਿਚੋਂ ਆਪਣੇ ਬਾਪ ਨੂੰ ਤੁਰਿਆ ਫਿਰਦਾ ਕਿਆਸਣ ਨਾਲ ਮੇਰਾ ਖ਼ਾਲੀਪਣ ਭਰ ਜਾਂਦਾ ਹੈ। ਜ਼ਿੰਦਗੀ ਵਿਚ ਇਕ ਸੰਤੁਲਨ ਬਣਾ ਕੇ ਜਿਊਣਾ ਚੰਗਾ ਲੱਗਦਾ ਹੈ। ਆਪਣੀਆਂ ਬੱਚੀਆਂ ਅਤੇ ਵਿਦਿਆਰਥਣਾਂ ਨੂੰ ਹਮੇਸ਼ਾ ਬੇਟਾ ਕਹਿੰਦਾ ਹਾਂ। ਸਮਰੱਥਾ ਅਨੁਸਾਰ ਕਿਸੇ ਲੋੜਵੰਦ ਦੀ ਮਦਦ ਕਰਨ ਦਾ ਜਨੂੰਨ ਹੈ। ਇਕ ਵਾਰ ਪਤਾ ਲੱਗਾ ਕਿ ਮੇਰਾ ਪੁਰਾਣਾ ਵਿਦਿਆਰਥੀ ਭਾਗੀ ਵਾਂਦਰ ਵਾਲਾ (ਜ਼ਿਲ੍ਹਾ ਬਠਿੰਡਾ) ਗੁਰਚਰਨ ਜਿਸ ਨੇ ਡਬਲ ਐੱਮ.ਏ. ਕੀਤੀ ਹੈ, ਬੇਰੁਜ਼ਗਾਰੀ ਕਾਰਨ ਘੋਰ ਨਿਰਾਸ਼ਾ ਵਿਚ ਹੈ ਅਤੇ ਵਾਹੀ ਕਰਨ ਲਈ ਮਜਬੂਰ ਹੈ। ਦਰਅਸਲ ਕਿਸੇ ਏਜੰਟ ਨੇ ਐੱਸ.ਡੀ.ਓ. ਭਰਤੀ ਕਰਵਾਉਣ ਲਈ ਉਸ ਕੋਲੋਂ ਪੰਜ ਲੱਖ ਰੁਪਏ ਠੱਗ ਲਏ ਸਨ ਅਤੇ ਹੁਣ ਉਹ ਪੂਰਾ ਟੁੱਟ ਚੁੱਕਾ ਸੀ। ਮੈਂ ਤੇ ਮੇਰੀ ਪਤਨੀ ਤਲਵੰਡੀ ਸਾਬੋ ਗਏ ਤੇ ਉਸ ਨੂੰ ਭਾਗੀ ਵਾਂਦਰ ਵਿਚ ਜਾ ਕੇ ਮਿਲੇ। ਆਪਣੇ ਇਕ ਮਿੱਤਰ ਨੂੰ ਕਹਿ ਕੇ ਰਾਮਗੜ੍ਹੀਆ ਪਾਲੀਟੈਕਨਿਕ ਫਗਵਾੜਾ ਵਿਚ ਪ੍ਰੋਫ਼ੈਸਰ ਲਗਵਾਇਆ। ਮਨ ਖਿੜ ਜਾਂਦਾ ਹੈ ਜਦ ਵੀ ਹੁਣ ਪੰਜਾਬ ਜਾਣ 'ਤੇ ਉਸਦੇ ਖਿੜੇ ਹੋਏ ਚਿਹਰੇ ਨੂੰ ਦੇਖਦਾ ਹਾਂ।...ਜ਼ਿੰਦਗੀ ਤੋਂ ਬਹੁਤ ਸੰਤੁਸ਼ਟ ਹਾਂ ਅਤੇ ਸ਼ੁਕਰਗੁਜ਼ਾਰ ਹਾਂ। ਬਹੁਤ ਕੁਝ ਦਿੱਤਾ ਹੈ ਜ਼ਿੰਦਗੀ ਨੇ। ਇਸ ਦੀਆਂ ਨਿਆਮਤਾਂ ਤੇ ਬਖਸ਼ਿਸ਼ਾਂ ਨਾਲ ਮਾਲੋ-ਮਾਲ ਹਾਂ। ਸੀਮਤ ਲੋੜਾਂ ਅਤੇ ਸਾਧਨਾਂ ਵਿਚੋਂ ਜਦ ਮਨੁੱਖ ਨੂੰ ਆਪਣੇ ਹਿੱਸੇ ਦੀ ਜ਼ਿੰਦਗੀ ਨੂੰ ਜਿਊਣ ਅਤੇ ਮਾਨਣ ਦੀ ਜਾਚ ਆ ਜਾਵੇ ਤਾਂ ਜ਼ਿੰਦਗੀ ਅਰਥਮਈ ਹੁੰਦੀ ਹੈ। ਇਹ ਮੈਂ ਆਪਣੇ ਬਜ਼ੁਰਗਾਂ ਤੋਂ ਸਿੱਖਿਆ ਹੈ। ਸੈਰ ਦਾ ਨਿਤਨੇਮ ਹੈ। ਅਡੰਬਰੀ ਜੀਵਨ ਤੋਂ ਕੋਫ਼ਤ। ਤੁਸੀਂ ਕੀ ਹੋ, ਇਹ ਦੁਨੀਆ ਜਾਣਦੀ ਹੈ। ਮਸਤੀ ਦੇ ਆਲਮ ਵਿਚ ਜ਼ਿੰਦਗੀ ਨਾਲ ਗੁਫ਼ਤਾਰ ਕਰਦੇ ਰਹੋ ਤਾਂ ਇਸ ਦੀ ਰਫ਼ਤਾਰ ਵਿਚ ਅਵਾਰਗੀ ਅਤੇ ਅਮਲਸਤਤਾ ਤਾਰੀ ਰਹਿੰਦੀ ਹੈ। ਸ਼ਿਕਵਾ, ਹੇਰਵਾ, ਗਿਲਾ ਜਾਂ ਉਲਾਹਮਾ ਖ਼ੁਦ ਨਾਲ ਤਾਂ ਕਰ ਲੈਂਦਾ ਹਾਂ ਪਰ ਕਦੇ ਕਿਸੇ ਨਾਲ ਨਹੀਂ। ਖ਼ੁਦਾ ਕਰੇ ਕਿ ਜ਼ਿੰਦਗੀ ਦੇ ਸੁਖਨ ਭਰੇ ਅਤੇ ਸਕੂਨਮਈ ਸਫ਼ਰ ਦੇ ਨਾਲ-ਨਾਲ ਕਲਮੀ ਯਾਤਰਾ ਵੀ ਬਰਕਰਾਰ ਰਹੇ।"

-ਫ਼ੋਨ : 860-983-5002



ਦੋ ਗ਼ਜ਼ਲਾਂ

ਹਰਜੀਤ ਸਿੰਘ ਉੱਪਲ

ਗਲੀਆਂ ਕੱਛਾਂ ਕੂਚੇ ਗਾਹਵਾਂ ਦਿਲਬਰ ਤੇਰੀਆਂ ਝਾਤਾਂ ਨੂੰ
ਬੈਠ ਬਨੇਰੇ ਦੀਵੇ ਬਾਲਾਂ ਚੈਨ ਦਿਨੇ ਨਾ ਰਾਤਾਂ ਨੂੰ

ਗਾਨੀ, ਛੱਲਾ, ਕੋਕੇ, ਝਾਂਜਰ ਦਿਲ ਦੇ ਬੂਹੇ ਅੰਦਰ ਨੇ
ਦੱਸ ਭਲਾ ਮੈਂ ਕਿੰਝ ਛੁਪਾਵਾਂ ਹਿਜਰ ਦੀਆਂ ਸੌਗਾਤਾਂ ਨੂੰ

ਨੰਗਿਆਂ ਨਾ ਕਰ, ਭੋਇੰ ਦਬਾ ਦੇ, ਬੀ ਨੂੰ ਢੱਕ ਕੇ ਰੱਖੀਦਾ
ਮਿੱਟੀ ਮਿਲ ਇਸ ਪੁੰਗਰ ਪੈਣਾ ਆਉਂਦੀਆਂ ਬਰਸਾਤਾਂ ਨੂੰ

ਕੂੰਜ ਤਰ੍ਹਾਂ ਹੋਇਆ ਪਰਦੇਸੀ ਮੁੜ ਵਤਨੀਂ ਨਾ ਆਇਆ ਉਹ
ਪ੍ਰੀਤਾਂ ਦੇ ਵਣਜਾਰੇ ਤਰਸਣ ਅੱਜ ਤੱਕ ਮਿੱਠੀਆਂ ਬਾਤਾਂ ਨੂੰ

ਛੋੜ ਜੁਗਾਲੀ ਬੀਤੇ ਕੱਲ੍ਹ ਦੀ ਅੱਜ ਦੀ ਲੋਰੀ ਗਾਇਆ ਕਰ
ਡੋਰ ਸਮੇਂ ਦੀ ਹੱਥ ਵਿਚ ਤੇਰੇ ਤੁਣਕੇ ਲਾ ਹਾਲਾਤਾਂ ਨੂੰ

ਪੂੰਜੀਵਾਦ ਦੇ ਮੇਲੇ ਰਮਿਆ ਰੂਹੋਂ ਭੁੱਖਾ ਸਖਣਾ ਹੈ
ਪ੍ਰੀਤ ਵਿਹੂਣੇ ਖ਼ਾਕ ਮਨਾਉਣਾ ਬਾਜੇ ਬੈਂਡ ਬਰਾਤਾਂ ਨੂੰ

ਮੀਂਹ ਵਰ੍ਹੇ ਗ਼ਜ਼ਲਾਂ ਦਾ ਰੱਬਾ ਸੁਖਨਵਰਾਂ ਦੀ ਰੂਹ ਭਿੱਜੇ
ਕਾਵਿ ਉਡਾਰੀ ਭਰਨ ਆਕਾਸ਼ੀਂ ਲੈ ਕੇ ਕਲਮ ਦਵਾਤਾਂ ਨੂੰ

ਚਮਗਿੱਦੜਾਂ ਦੀ ਬਸਤੀ ਅੰਦਰ ਉਲਟੇ ਲਟਕੇ ਰਹਿਣਾ ਹੈ
ਵਹਿੰਦਾ ਜਾ ਵਹਿੰਦੇ ਦਰਿਆਵੀਂ ਛਿੱਕੇ ਟੰਗ ਜਜ਼ਬਾਤਾਂ ਨੂੰ

ਸਿੰਗੋਂ ਫੜ ਕੇ ਬੈਲ ਜੁਆਨੀ ਕੌਣ ਭਲਾ ਰੋਕੇ 'ਉੱਪਲ'
ਕੌਣ ਛੁਪਾਵੇ ਚਿਹਰੇ ਉੱਗੇ ਧੌਲੀ ਦੇ ਨਵਜਾਤਾਂ ਨੂੰ

*

ਨਿਰਧਨਾਂ ਦੇ ਵੇਖ ਦੁਖ ਕਿਸਮਤ ਦੇ ਮਾਰੇ ਨਾ ਕਹੋ
ਤੇ ਕਿਸੇ ਲਾਚਾਰ ਦੇ ਡੁੱਬੇ ਸਿਤਾਰੇ ਨਾ ਕਹੋ

ਕਹਿ ਦੇਵੋ ਕਿ ਔਖ ਵਿਚ ਕੰਮ ਆਉਣ ਦੀ ਹਿੰਮਤ ਨਹੀਂ
ਪਰ ਖ਼ੁਦਾ ਦੇ ਬੰਦਿਆਂ ਨੂੰ ਬੇਸਹਾਰਾ ਨਾ ਕਹੋ

ਗ਼ਜ਼ਲ / ***ਬਲਵਿੰਦਰ ਕੌਰ ਖੁਰਾਣਾ***

ਉਮਰਾਂ ਸਾਨੂੰ ਘੁੱਟ ਘੁੱਟ ਕਰਕੇ, ਕਿੰਨੀ ਜ਼ਹਿਰ ਪਿਲਾਈ
ਅੱਖਾਂ ਦੇ ਵਿਚ ਵਹਿਣ ਸਮੁੰਦਰ, ਰੂਹ ਸਾਡੀ ਤਿਰਹਾਈ

ਇਹ ਸਾਵਣ ਵੀ ਸੁੱਕਾ ਲੰਘਿਆ, ਹਰ ਸਾਵਣ ਦੇ ਵਾਂਗੂੰ
ਦਿਲ ਦੀ ਸੁੱਕੀ ਧਰਤੀ ਉੱਤੇ, ਨਾ ਕਿਸੇ ਪਿਉਂਦ ਲਗਾਈ

ਸੁੱਕੇ ਪੱਤੇ ਧਰਤੀ ਮਾਂ ਨੂੰ, ਰੋ ਰੋ ਹਾਲ ਸੁਣਾਉਂਦੇ
ਰੁੱਖਾਂ ਨਾਲੋਂ ਟੁੱਟ ਕੇ ਸਾਡੀ, ਘਰ ਤੋਂ ਹੋਈ ਵਿਦਾਈ

ਸੁੰਦਰ ਸੂਰਤ ਫੁੱਲਾਂ ਵਰਗੀ, ਧੋਖਾ ਖਾ ਕੇ ਰਹਿਗੇ
ਕੰਡਿਆਂ ਨੇ ਫਿਰ ਹੱਸ ਕੇ ਸਾਨੂੰ, ਜੀਵਨ ਜਾਚ ਸਿਖਾਈ

ਕਿਸ ਨੇ ਸੁਣਨੇ ਹਾਲ ਦਿਲਾਂ ਦੇ, ਬੋਲੀ ਹੋ ਗਈ ਦੁਨੀਆ
ਕੰਧਾਂ ਨੂੰ ਟਕਰਾ ਕੇ ਸਾਡੀ, ਚੀਕ ਜੁ ਵਾਪਸ ਆਈ।

ਮੋਬਾ. 98730-54130

ਪਿਆਸ ਜੇ ਮਿਹਨਤਕਸ਼ਾਂ ਦੀ ਆਪ ਤੋਂ ਬੁੱਝਦੀ ਨਹੀਂ
ਚਸ਼ਮਿਆਂ ਨਦੀਆਂ ਦੇ ਪਾਣੀ ਹੈਣ ਖਾਰੇ ਨਾ ਕਹੋ

ਦੇਸ਼ ਦੀ ਸਾਰੀ ਕਮਾਈ ਚੰਦ ਹੱਥਾਂ ਪਾਸ ਹੈ
ਤੇ ਕਰੋੜਾਂ ਬੇਬਸਾਂ ਨੂੰ ਰੱਬ ਦੇ ਮਾਰੇ ਨਾ ਕਹੋ

ਪੇਟ ਭਰ ਰੋਟੀ ਕਿਸੇ ਕਿਰਤੀ ਨੂੰ ਜੇ ਹੈ ਮਿਲ ਗਈ
ਹੋ ਗਏ ਉਸ ਸ਼ਖ਼ਸ ਦੇ ਵਾਰੇ ਨਿਆਰੇ ਨਾ ਕਹੋ

ਹੈ ਨਸੀਬਾਂ ਵਿਚ ਮਜੂਰੀ ਤੇ ਪਸੀਨਾ ਡੋਲ੍ਹਣਾ
ਜੂਨ ਕਿਹੜੀ ਭੁਗਤਦੇ ਨੇ, ਇਹ ਵਿਚਾਰੇ, ਨਾ ਕਹੋ

ਮਿਹਨਤੀ ਆਸਾਰ ਨੇ ਹਰ ਆ ਰਹੇ ਤੂਫ਼ਾਨ ਦੇ
ਸੰਦ ਫੜੇ ਹੱਥ ਵੇਖ ਲਉ, ਕੰਮੀ ਵਿਚਾਰੇ, ਨਾ ਕਹੋ

ਜ਼ਿੰਦਗੀ ਦੇਣੀ ਸੀ ਜਿਸ ਉਹ ਮੌਤ ਘਰ ਘਰ ਦੇ ਗਿਆ
ਸਾਥ ਦਿੱਤਾ ਤਾਂ ਨਹੀਂ, ਅਪਦਾ ਦੇ ਮਾਰੇ, ਨਾ ਕਹੋ

ਕਿਰਤੀਆਂ ਦੀ ਜ਼ਿੰਦਗੀ ਮਿੱਟੀ 'ਚ 'ਉੱਪਲ' ਰੁਲ ਗਈ
ਜੀਣ ਦਾ ਹੱਕ ਖੋਹ ਕੇ ਜੀਵਨ 'ਚ ਹਾਰੇ ਨਾ ਕਹੋ

ਮੋਬਾ. 94191-92886



ਕਵਿਤਾ

ਕਵਲਜੀਤ ਕੌਰ ਮਹਿਰੋਕ

ਜ਼ਰਦ ਪੱਤਾ

ਸਮਾਂ ਪਲ ਪਲ ਕਿਰ ਰਿਹਾ
ਬੰਦ ਮੁੱਠੀਆਂ 'ਚੋਂ ਵੀ
ਹਰ ਸਾਹ ਨਾਲ ਕੁਝ
ਮਨਫ਼ੀ ਹੋਣ ਦਾ ਅਹਿਸਾਸ
ਹੋ ਰਿਹੈ ਅੱਜ ਕੱਲ੍ਹ

ਦਿਨ ਮਹੀਨੇ ਸਾਲ
ਸਭ ਉੱਡਦੇ ਜਾ ਰਹੇ
ਬਗ਼ੈਰ ਖੰਭਾਂ ਤੋਂ

ਮਨ 'ਚ ਉੱਗਦੈ
ਕਈ ਸ਼ੰਕੇ, ਕਈ ਸੁਆਲ
ਮੌਤ ਦਾ ਡਰ ?
ਜ਼ੁੰਮੇਵਾਰੀਆਂ ਦਾ ਬੋਝ ਕੋਈ ?
ਅਧੂਰਾ ਪਿਆ ਕੁਝ ਬੇਹੱਦ ਜ਼ਰੂਰੀ ?

ਉਮਰ ਦੇ ਵਰ੍ਹੇ ਕੁਝ ਕਹਿ ਰਹੇ ?
ਕਿਤੇ ਸਮੇਂ ਦੇ ਕੀਮਤੀ, ਅਨਮੋਲ
ਹੋਣ ਵਾਲੀ ਗੱਲ ਤਾਂ ਨਹੀਂ ਟੁੰਬ ਰਹੀ ?

ਮੌਸਮ ਸੁਹਾਵਣਾ ਹੈ ਘਰ ਦਾ
ਬਾਹਰ ਦਾ ਹਰਗਿਜ਼ ਨਹੀਂ
ਰੁੱਤ ਵੀ ਮਿੱਠੀ ਜਿਹੀ
ਵਕਤ ਬਹੁਤਾ ਫੁੱਲਾਂ ਪੱਤੀਆਂ ਸੰਗ ਬੀਤਦਾ

ਸੋਚਾਂ ਬੇਸ਼ੱਕ ਦੂਰ ਦੁਰਾਡੇ
ਲੈ ਜਾਂਦੀਆਂ
ਫਰੋਲ ਆਉਂਦੀਆਂ
ਸਭ ਅਗਲਾ ਪਿਛਲਾ

ਇਕੋ ਰੱਸੇ ਬੰਨ੍ਹ ਦੇਂਦੀਆਂ
ਤ੍ਰੈਕਾਲ

ਅਚਨਚੇਤ ਨਜ਼ਰੀਂ ਪੈਂਦਾ
ਜਦ ਰੁੱਖ ਤੋਂ ਡਿੱਗਦਾ
ਕੋਈ ਪੀਲਾ ਪੱਤਾ
ਤਾਂ ਤ੍ਰਬਕ ਜਾਂਦੀ ਹਾਂ

ਐਵੇਂ ਹੀ
ਤ੍ਰਬਕ ਜਾਂਦੀ ਹਾਂ ਅਕਸਰ !!

•

ਮੋਬਾ. 94786 19091

ਕਵਿਤਾ : *ਹਰਸ਼ਵਿੰਦਰ ਕੌਰ*

ਉਹ ਬਿਰਖ

ਉਹ ਬਿਰਖ ਸਦਾ ਹੀ ਖਿੜਿਆ ਰਿਹਾ
ਔਕੜਾਂ 'ਚ ਵੀ ਕਦੇ ਮੁਰਝਾਇਆ ਨਾ
ਧੁੱਪਾਂ ਮੀਂਹਾਂ ਨੂੰ ਹੰਢਾਇਆ
ਨਿੱਕੀਆਂ ਕਰੂੰਬਲਾਂ ਨੂੰ
ਹੱਥੀਂ ਛਾਂਵਾਂ ਕਰ ਵੱਡੀਆਂ ਕੀਤਾ
ਪੱਤਝੜ ਦੀ ਰੁੱਤੇ ਵੀ
ਡੋਲਿਆ ਨਾ

ਰੱਬ ਹੱਥ ਹਮੇਸ਼ਾ ਡੋਰਾਂ ਰੱਖੀਆਂ
ਝੱਖੜਾਂ ਨਾਲ ਵੀ ਕਰਦਾ ਟਾਕਰਾ
ਦੁਨੀਆਂ ਦੇ ਰੰਗ ਤਮਾਸ਼ੇ ਵੀ ਵੇਖੇ
ਗੁਰਾਂ ਦੀ ਬਾਣੀ ਨਾ
ਕਦੇ ਮਨੋਂ ਵਿਸਾਰੀ
ਭਟਕਿਆਂ ਨੂੰ
ਸਦਾ ਰਾਹ ਵਿਖਾਉਂਦਾ
ਤੇ ਮਨ ਨਾ
ਕਿਸੇ ਵੀ ਰੂਹ ਦਾ ਦੁਖਾਉਂਦਾ

ਉਸ ਬਿਰਖ ਦੇ ਆਸਰੇ
ਸਾਰਾ ਹੀ ਘਰ ਬੇਫ਼ਿਕਰ ਰਹਿੰਦਾ
ਪਰ ਉਮਰਾਂ ਹੰਢਾ ਕੇ
ਹੁਣ ਤਾਂ ਹੋ ਗਿਐ ਉਹ ਬਿਰਖ
ਨਿਰਬਲ ਜਿਹਾ
ਤੇ ਮੈਂ ਰੱਬ ਨੂੰ
ਨਿੱਤ ਅਰਜ਼ੋਈਆਂ ਕਰਦੀ
ਕਿ ਢਹੇ ਨਾ ਉਹ ਘਰ ਦਾ ਬਿਰਖ
ਕਿ ਬਿਰਖ ਦੇ ਢਹਿਆਂ ਤਾਂ
ਢਹਿ ਜਾਵੇਗਾ ਸਾਰਾ ਹੀ ਘਰ
ਕਿਉਂਕਿ ਉਹ ਬਿਰਖ ਈ ਤਾਂ ਏ
ਘਰ ਦੇ ਜੀਆਂ ਲਈ ਸਾਰਾ ਜਹਾਨ

•

ਮੋਬਾ. 94172-45940



ਕਵਿਤਾ

ਜਸਵਿੰਦਰ ਕੌਰ ਬਿੰਦਰਾ

ਸੁੱਝਦਾ ਈ ਕੁਝ

ਪਿਛਲੇ ਵਰ੍ਹੇ
ਇਨ੍ਹਾਂ ਦਿਨਾਂ 'ਚ
ਪਸਰੇ ਸੰਨਾਟੇ ਨੇ ਡਰਾਇਆ
ਹੌਲੀ-ਹੌਲੀ ਚੁੱਪ ਟੁੱਟੀ
ਫਿਰ ਪਈ ਹਾਲ-ਦੁਹਾਈ ਨੇ ਡਰਾਇਆ।
ਕਿਸ ਨੂੰ ਕੋਸਾਂ....ਕਿਸ ਅੱਗੇ ਰੋਵਾਂ
ਲੋਕਾਂ ਨੂੰ, ਤੰਤਰ ਨੂੰ...ਸਿਆਸਤ ਨੂੰ।

ਲੋਕ ਤਾਂ ਸੱਚੀਓਂ
ਬੜੇ ਹੀ ਝੱਲੇ
ਮਿੰਟ ਵਿੱਚ ਅੰਦਰ ਵੜ ਬਹਿੰਦੇ
ਖੁਲ੍ਹ ਦੇਖ, ਦੋ-ਚਾਰ ਨੂੰ ਵੇਂਹਦੇ
ਝੱਟ ਦੇਣੀ ਭੀੜ ਬਣ ਬਹਿੰਦੇ।
ਸ਼ੁਕਰ ਏਂ ਇਸ ਵਾਰ
ਇਨ੍ਹਾਂ ਝੱਲਿਆਂ ਨੇ
ਤਾੜੀਆਂ-ਥਾਲੀਆਂ ਨਹੀਂ ਵਜਾਈਆਂ
ਸਮਝ ਗਏ ਹੋਣਗੇ
ਹਾਕਮ ਨੇ ਹਰ ਗੱਲ ਵਾਂਗ
ਇਹ ਵੀ ਝੂਠ ਹੀ ਕਿਹਾ ਸੀ
21 ਦਿਨਾਂ 'ਚ ਜਾਣ ਵਾਲਾ
'21 ਤਕ ਆ ਪੁੱਜਾ ਸੀ।

ਵੱਡੇ ਹਾਕਮ ਦਾ ਕੀ ਕਹਿਣਾ!
ਆਪੇ 'ਚ ਡੁੱਬਾ, ਹਉਮੈ 'ਚ ਤਰਦਾ
ਮੁਸ਼ਕਲ ਹੋਇਆ ਦੇਸ 'ਚ ਰਹਿਣਾ
ਉਸ ਨੂੰ ਨਹੀਂ ਕੁਝ ਵੀ ਦਿੱਸਦਾ।
ਚੋਣਾਂ ਦਾ ਦੰਗਲ
ਸੈਰ-ਸਪਾਟਾ, ਨਵਾਂ ਰੰਗ ਤਮਾਸ਼ਾ
ਤਾਕ ਤੇ ਰੱਖ ਸਾਰਾ ਸਲੀਕਾ
ਬਸ ਜਿੱਤਣ ਨੂੰ ਪਿਆ ਪੁਗਾਵੇ
ਟਿੱਚਰਾਂ ਕਰਦਾ 'ਦੀਦੀ' ਨੂੰ
ਹਾਕਮਾਂ ਦੀ ਜਾਤ ਨੂੰ ਮਾਤ ਪਾਵੇ।

ਨਾਅਰੇਬਾਜ਼ੀ, ਸ਼ੋਸ਼ੇਬਾਜ਼ੀ
ਭੀੜ-ਭੜਕਾ, ਝੰਡਾ ਬਰਦਾਰੀ
ਸਭ ਤਿਆਰ, ਸਜੇ ਪੰਡਾਲ
ਸਭ ਸੱਤਾ ਦੀ ਖੇਡ ਵੇ ਲੋਕਾਂ!
ਮਰਦਾ ਜਾਂਦਾ ਰੁਲਦਾ ਫਿਰਦਾ
ਦੇਸ 'ਚ ਵੱਸਦਾ ਸਾਧਾਰਣ ਬੰਦਾ।

ਤੰਤਰ ਦਾ ਸਲੀਕਾ ਵੇਖੋ !
ਤੁਸੀਂ ਕਦੇ ਸੁਣਿਆ ਏਂ ਜਨਾਬ...
ਦਵਾਈਆਂ ਭਰੇ ਟਰੰਕ ਦਾ ਗੁੰਮ ਹੋ ਜਾਣਾ
ਸਲੈਂਡਰਾਂ ਤਾਈਂ ਪਿੱਛੇ ਭੱਜਣਾ
ਫੂੰਕਣ ਤਾਈਂ ਲਾਈਨਾਂ 'ਚ ਬਹਿਣਾ
ਇਟਸ ਹੈਪਨਡ ਓਨਲੀ ਇਨ ਇੰਡੀਆ

ਬਲਿਹਾਰ ਇਸ ਦੀ ਮਹਾਨਤਾ
ਵੱਡਾ ਗੁਰੂ, ਦੁਨੀਆ ਦਾ ਦਾਨੀ
ਆਪਣਿਆਂ ਤੋਂ ਪਹਿਲਾ
ਬੁਰਕੀ ਬਾਹਰਲਿਆਂ ਨੂੰ ਪਾਉਂਦਾ
ਮਹਾਨਤਾ ਦਾ ਕਿੱਡਾ ਭੁੱਸ ਇਸ ਨੂੰ
ਮੇਰਾ ਭਾਰਤ ਮਹਾਨ
ਸੌ 'ਚੋਂ ਨਿਆਣਵੇਂ ਬੇਈਮਾਨ।

ਇਹ ਜੀਉਂਦਾ ਉਸ
ਰਹਿ ਗਏ 'ਇਕ' ਭਰੋਸੇ
ਜੋ ਭਲਿਆ 'ਚ, ਜੋ ਸੱਜਣਾਂ 'ਚ, ਜੋ
ਮਿੱਤਰਾਂ 'ਚ!
ਸੁਣਿਆ ਇਕ-ਇਕ
ਗਿਆਰਾਂ ਹੋ ਜਾਵਣ
ਫਿਰ ਸੁੱਝਦਾ ਈਂ ਕੁਝ
ਚਲ ਬਾਂਹ ਫੜਾ
ਆ ਕਰਗੰਡੀ ਪਾ
ਬਣ ਜ਼ੀਰੋ
ਉਸ ਇਕ ਨੂੰ ਵੱਧਾ।

◆

ਮੋ. 9868182835

ਗ਼ਜ਼ਲ : *ਜਗਤਾਰ ਗਿੱਲ*

ਗਿਆਨ ਦੇ ਭਰੇ ਭੰਡਾਰ ਕਿਤਾਬਾਂ।
ਲੈਣ ਤਦੇ ਸਤਿਕਾਰ ਕਿਤਾਬਾਂ।

ਮਨ ਮਸਤਕ ਨੂੰ ਇਹ ਰੁਸ਼ਨਾਵਣ
ਕੋਹੇਨੂਰ ਹਜ਼ਾਰ ਕਿਤਾਬਾਂ।

ਮਨ ਦਾ ਅੰਦਰ ਭਰਿਆ ਲੱਗੇ
ਜਿਉਂ ਹੰਸਾਂ ਦੀ ਡਾਰ ਕਿਤਾਬਾਂ।

ਚਾਰ ਚੁਫ਼ੇਰੇ ਮਹਿਕਾਂ ਵੰਡਣ
ਘਰ ਅੰਦਰ ਗੁਲਜ਼ਾਰ ਕਿਤਾਬਾਂ।

ਜਿੰਦੇ ਲਾ ਕੇ ਰੱਖੀਆਂ ਨੇ ਜੋ
ਰੋਵਣ ਜ਼ਾਰੋ ਜ਼ਾਰ ਕਿਤਾਬਾਂ।

ਵਾਰੇ ਜਾਵਾਂ ਉਸ ਮਿੱਤਰ ਦੇ
ਦੇਵੇ ਜੋ ਉਪਹਾਰ ਕਿਤਾਬਾਂ।

ਲੋਭੀ ਰਖਦੇ ਨੇ ਧਨ ਦੌਲਤ
ਰਖਦੇ ਨੇ ਦਿਲਦਾਰ ਕਿਤਾਬਾਂ।

ਪੜ੍ਹਿਆਂ ਮਨ ਚਾਹਿਆ ਫਲ ਮਿਲਦਾ
ਬੂਟੇ ਨੇ ਫ਼ਲਦਾਰ ਕਿਤਾਬਾਂ।

ਜੀਵਨ ਲਗਦਾ ਭਾਰ ਉਨ੍ਹਾਂ ਨੂੰ
ਜਿਹੜੇ ਸਮਝਣ ਭਾਰ ਕਿਤਾਬਾਂ।

ਹਰਦਮ ਰੱਖਾਂ ਗਲ ਨੂੰ ਲਾ ਕੇ
ਜਿਉਂ ਫ਼ੁੱਲਾਂ ਦਾ ਭਾਰ ਕਿਤਾਬਾਂ।


ਮਿਲੀਆਂ ਆਪਣਿਆਂ ਵਾਂਗੂੰ ਹੀ
ਮਿਲੀਆਂ ਜਿੰਨੀ ਵਾਰ ਕਿਤਾਬਾਂ।

ਲਿਖੀਆਂ ਖ਼ੂਨ ਜਿਗਰ ਦਾ ਲਾ ਕੇ
ਉਹ ਨਾ ਮਿਲਣ ਬਜ਼ਾਰ ਕਿਤਾਬਾਂ।

'ਗਿੱਲ' ਵਾਂਗ ਹੀ ਪੜ੍ਹਨਾ ਚਾਹੇ
ਚੁਣ ਚੁਣ ਕੇ ਜਗਤਾਰ ਕਿਤਾਬਾਂ।

•

ਮੋਬਾ. 94647-80299



ਨਿਬੰਧ

ਸੁਰਿੰਦਰ ਸਿੰਘ ਤੇਜ

ਇਨਸਾਨੀ ਕਦਰਾਂ ਦਾ ਮੁਰੀਦ

ਸੰਸਾਰ ਦੀਆਂ ਨਜ਼ਰਾਂ ਅੱਜ ਕੱਲ੍ਹ ਅਫ਼ਗਾਨਿਸਤਾਨ ਵੱਲ ਹਨ। ਉਥੇ ਹਾਲਾਤ ਕੀ ਬਣਦੇ ਹਨ, ਜਾਂ ਕੀ ਨਹੀਂ ਬਣਦੇ, ਕਿਆਸ ਇਸ ਬਾਰੇ ਲਾਏ ਜਾ ਰਹੇ ਹਨ। ਤਨਾਜ਼ੇ ਵਾਲੇ ਹੋਰ ਖ਼ਿੱਤੇ, ਖ਼ਾਸ ਕਰ ਕੇ ਫ਼ਲਸਤੀਨ, ਅਮਰੀਕਾ ਤੇ ਉਸਦੇ ਇਤਿਹਾਦੀਆਂ ਨੂੰ ਜਿਵੇਂ ਵਿਸਰ ਹੀ ਗਏ ਹਨ। ਅਫ਼ਗਾਨਿਸਤਾਨ ਵਿਚ ਮਨੁੱਖੀ ਹੱਕਾਂ ਦੇ ਘਾਣ ਦੀ ਸਾਰੀਆਂ ਮਹਾਂਸ਼ਕਤੀਆਂ ਨੂੰ ਫ਼ਿਕਰ ਹੈ, ਪਰ ਫ਼ਲਸਤੀਨੀ ਖ਼ਿੱਤੇ ਵਿਚ ਅਜਿਹੇ ਘਾਣ ਨੂੰ ਸਿੱਧੇ ਤੌਰ 'ਤੇ ਨਜ਼ਰਅੰਦਾਜ਼ ਕੀਤਾ ਜਾ ਰਿਹਾ ਹੈ। ਇਸ ਸਾਲ (2021) ਦੇ ਮਈ ਮਹੀਨੇ ਫ਼ਲਸਤੀਨੀ ਜਮਾਤ 'ਹਮਾਸ' ਤੇ ਇਜ਼ਰਾਈਲ ਦਰਮਿਆਨ ਜੰਗਬੰਦੀ ਦਾ ਅਹਿਦ ਹੋਇਆ ਸੀ। ਇਸ ਅਹਿਦ ਨੇ ਕੁਝ ਦਿਨਾਂ ਲਈ ਤਾਂ ਠੰਢ-ਠੰਢਾਰਾ ਕਰਵਾਇਆ ਪਰ ਹੁਣ ਹਾਲਾਤ ਮੁੜ ਅਸੁਖਾਵੇਂ ਹੋ ਚੁੱਕੇ ਹਨ। ਜੰਗਬੰਦੀ ਵਾਲੇ ਅਹਿਦ ਤੋਂ ਪਹਿਲਾਂ ਦੇ ਗਿਆਰਾਂ ਦਿਨ ਹਮਸ ਦੀ ਹਕੂਮਤ ਵਾਲੀ ਗਾਜ਼ਾ ਪੱਟੀ ਲਈ ਬੜੇ ਕਹਿਰਵਾਨ ਬਣੇ ਰਹੇ। ਹਮਾਸ ਵੱਲੋਂ ਇਜ਼ਰਾਇਲੀ ਨਗਰਾਂ-ਨਗਰੀਆਂ ਵੱਲ ਰਾਕੇਟ ਦਾਗ਼ੇ ਜਾਂਦੇ ਰਹੇ। ਇਜ਼ਰਾਇਲੀ ਜਵਾਬ ਹਵਾਈ ਬੰਬਾਰੀ ਤੇ ਟੈਂਕਾਂ ਰਾਹੀਂ ਗੋਲਾਬਾਰੀ ਦੇ ਰੂਪ ਵਿਚ ਰਿਹਾ। ਇਜ਼ਰਾਈਲ ਕੋਲ ਰਾਕੇਟ ਹਮਲਿਆਂ ਨੂੰ ਬੇਅਸਰ ਬਣਾਉਣ ਵਾਲੀ ਢਾਲ, ਰਾਕੇਟ-ਵਿਨਾਸ਼ਕ ਮਿਸਾਈਲਾਂ ਦੇ ਰੂਪ ਵਿਚ ਮੌਜੂਦ ਹੈ। ਹਮਾਸ ਕੋਲ ਨਾ ਲੜਾਕੂ ਜਹਾਜ਼ ਹਨ, ਨਾ ਹੀ ਕੋਈ ਹੋਰ ਜੰਗੀ ਢਾਲ। ਲਿਹਾਜ਼ਾ, ਜਦੋਂ ਵੀ ਦੋਵੇਂ ਧਿਰਾਂ ਖਹਿੰਦੀਆਂ ਹਨ, ਲੜਾਈ ਅਸਾਵੀਂ ਰਹਿੰਦੀ ਹੈ। ਮਾਰ ਆਮ ਫ਼ਲਸਤੀਨੀਆਂ ਨੂੰ ਪੈਂਦੀ ਹੈ; ਉਹ ਵੀ ਅੰਤਾਂ ਦੀ। ਜਾਨਾਂ ਤਾਂ ਜਾਂਦੀਆਂ ਹੀ ਹਨ, ਮਾਲੀ ਨੁਕਸਾਨ ਬੇਇੰਤਹਾ ਹੁੰਦਾ ਹੈ। ਖੰਡਰ ਹੋਈਆਂ ਬਹੁਮੰਜ਼ਿਲਾ ਇਮਾਰਤਾਂ ਅਤੇ ਧਰਤ 'ਤੇ ਵਿਛੇ ਹਸਪਤਾਲਾਂ ਤੇ ਸਕੂਲਾਂ ਦੇ ਰੂਪ ਵਿਚ। ਰਿਹਾਇਸ਼ੀ ਮੁਹੱਲੇ ਚੰਦ ਮਿੰਟਾਂ ਦੇ ਅੰਦਰ ਮਲਬੇ ਦੇ ਢੇਰਾਂ ਵਿਚ ਬਦਲ ਜਾਂਦੇ ਹਨ। ਇਹ ਸਹੀ ਹੈ ਕਿ ਇਨ੍ਹਾਂ ਖੰਡਰਾਂ ਵਿਚੋਂ ਹੀ ਜ਼ਿੰਦਗੀ ਵਾਰ-ਵਾਰ ਸੁਰਜੀਤ ਹੁੰਦੀ ਆਈ ਹੈ, ਫਿਰ ਵੀ ਨਿਥਾਵਿਆਂ, ਨਿਆਸਰਿਆਂ ਤੇ ਨਿਤਾਣਿਆਂ ਦੀ ਤਾਦਾਦ ਲਗਾਤਾਰ ਵਧਦੀ ਆ ਰਹੀ ਹੈ। ਅਫ਼ਸੋਸਨਾਕ ਪੱਖ ਇਹ ਵੀ ਹੈ ਕਿ ਜ਼ੋਰਾਵਰ ਮੁਲਕ ਜਾਂ ਉਨ੍ਹਾਂ ਦੇ ਪਿਛਲੱਗ ਇਨ੍ਹਾਂ ਨਿਥਾਵਿਆਂ-ਨਿਤਾਣਿਆਂ ਦੀ ਬਾਂਹ ਫੜਨ ਨੂੰ ਹੁਣ ਤਿਆਰ ਨਹੀਂ। ਛੱਪਰ-ਢਾਰੇ ਉਸਾਰਨ ਲਈ ਪੈਸੇ ਜ਼ਰੂਰ ਦੇ ਦਿੱਤੇ ਜਾਂਦੇ ਹਨ, ਉਸ ਤੋਂ ਵੱਧ ਹੋਰ ਕੁਝ ਨਹੀਂ।

ਸਿਰਫ਼ 365 ਵਰਗ ਕਿਲੋਮੀਟਰ ਹੈ ਗਾਜ਼ਾ ਦਾ ਰਕਬਾ। ਵਸੋਂ 20 ਲੱਖ ਤੋਂ ਵੱਧ ਹੈ। ਲਿਹਾਜ਼ਾ, ਖੁੱਲ੍ਹੀਆਂ ਥਾਵਾਂ ਤਾਂ ਹਾਜਤ ਲਈ ਜਾਣ ਵਾਸਤੇ ਵੀ ਨਹੀਂ ਮਿਲਦੀਆਂ। ਗਾਜ਼ਾ ਦਾ ਤਕਨੀਕੀ ਨਾਮ ਹੈ ਗਾਜ਼ਾ ਸਟ੍ਰਿਪ ਭਾਵ ਗਾਜ਼ਾ ਪੱਟੀ। ਭੂਗੋਲਿਕ ਰੂਪ ਵੀ ਭੀੜੀ ਜਹੀ ਪੱਟੀ ਵਾਲਾ ਹੈ। ਕਿਤੋਂ ਵੀ 16 ਕਿਲੋਮੀਟਰ ਤੋਂ ਵੱਧ ਚੌੜੀ ਨਹੀਂ। ਕਦੇ ਦੱਖਣ ਵਿਚ ਮਿਸਰ ਨਾਲ ਲੱਗਦੀ ਸਰਹੱਦ ਬਾਕੀ ਜਹਾਨ ਨਾਲ ਜੁੜੇ ਰਹਿਣ ਦਾ ਸਾਧਨ ਸੀ। ਹੁਣ ਉਥੇ ਵੀ ਕੰਡਿਆਲੀ ਵਾੜ ਹੈ ਅਤੇ 14-14 ਫੁੱਟ ਉੱਚੇ ਗੇਟਾਂ ਵਾਲੇ ਤਿੰਨ ਲਾਂਘੇ ਹਨ। ਇਨ੍ਹਾਂ ਵਿਚੋਂ ਦੋ ਕਦੇ ਖੋਲ੍ਹੇ ਹੀ ਨਹੀਂ ਜਾਂਦੇ। ਉੱਤਰ ਤੇ ਪੂਰਬ ਵੱਲ ਇਜ਼ਰਾਈਲ ਹੈ ਅਤੇ ਪੱਛਮ ਵੱਲ ਮੱਧ ਸਾਗਰ। ਇਸ ਸਾਗਰ ਦੇ ਸਾਹਿਲ ਨੇੜੇ ਇਜ਼ਰਾਇਲੀ ਨੇਵੀ ਦਾ ਪੱਕਾ ਪਹਿਰਾ ਹਰ ਸਮੇਂ ਮੌਜੂਦ ਰਹਿੰਦਾ ਹੈ। ਹਰ ਸਮੇਂ ਘਿਰੇ ਹੋਣ ਵਾਲੀ ਘੁਟਨ ਗਾਜ਼ਾ ਵਾਸੀਆਂ ਦਾ ਕਦੇ ਵੀ ਪਿੱਛਾ ਨਹੀਂ ਛੱਡਦੀ। ਇਸੇ ਘੁਟਨ ਨੂੰ ਹਮਾਸ ਜਥੇਬੰਦੀ, ਇਜ਼ਰਾਈਲ ਪ੍ਰਤੀ ਨਫ਼ਰਤ ਦੀ ਕਾਸ਼ਤ ਲਈ ਲਗਾਤਾਰ ਵਰਤਦੀ ਆਈ ਹੈ।

ਫ਼ਲਸਤੀਨੀ ਖ਼ੁਦਮੁਖ਼ਤਾਰ ਖ਼ਿੱਤੇ ਦਾ ਦੂਜਾ ਹਿੱਸਾ ਰਕਬੇ ਪੱਖੋਂ ਗ਼ਾਜ਼ਾ ਨਾਲੋਂ ਚਾਰ ਗੁਣਾ ਵੱਡਾ ਹੈ। ਇਸ ਦਾ ਗ਼ਾਜ਼ਾ ਨਾਲ ਸਿੱਧਾ ਜ਼ਮੀਨੀ ਰਾਬਤਾ ਨਹੀਂ। ਉਥੇ ਹਮਾਸ ਦੀ ਵਿਰੋਧੀ ਪੀ.ਐੱਲ.ਓ. ਦੀ ਅਗਵਾਈ ਵਾਲੀ ਫ਼ਲਸਤੀਨੀ ਅਥਾਰਟੀ ਦੀ ਹਕੂਮਤ ਹੈ। ਜੌਰਡਨ ਦਰਿਆ ਦੇ ਪੱਛਮ ਵੱਲ ਸਥਿਤ ਇਹ ਇਲਾਕਾ ਪੱਛਮੀ ਕੰਢੇ ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਇਜ਼ਰਾਈਲ ਨੂੰ ਇਸ ਇਲਾਕੇ ਤੋਂ ਬਹੁਤ ਭੈਅ ਨਹੀਂ ਆਉਂਦਾ। ਇਸੇ ਲਈ ਇਸ ਖ਼ਿੱਤੇ ਵਿਚ ਫ਼ਲਸਤੀਨੀਆਂ ਨਾਲ ਓਨੀਆਂ ਜ਼ਿਆਦਤੀਆਂ ਨਹੀਂ ਕੀਤੀਆਂ ਜਾਂਦੀਆਂ ਜੋ ਗਾਜ਼ਾ ਵਾਸੀਆਂ ਨਾਲ ਹੁੰਦੀਆਂ ਹਨ। ਗਾਜ਼ਾ ਵਾਸੀਆਂ ਲਈ ਤਾਂ ਹੁਣ ਨੇੜਲੇ ਅਰਬ ਮੁਲਕਾਂ ਵੱਲ ਹਿਜਰਤ ਵੀ ਆਸਾਨ ਨਹੀਂ ਰਹੀ। ਇਸਲਾਮੀ ਯਕਜਹਿਤੀ ਦੀ ਦੁਹਾਈ ਦੇਣ ਵਾਲੇ ਇਹ ਮੁਲਕ ਹੁਣ ਹੋਰ ਫ਼ਲਸਤੀਨੀ ਹਿਜਰਤੀਆਂ ਨੂੰ ਝੱਲਣ ਲਈ ਤਿਆਰ ਨਹੀਂ। ਕਾਰਨ ਕਈ ਹਨ : ਆਰਥਿਕ, ਰਾਜਨੀਤਕ, ਸਮਾਜਿਕ ਤੇ ਵੱਸੋਂ-ਮੂਲਕ। ਜਿੰਨੇ ਫ਼ਲਸਤੀਨੀ, ਫ਼ਲਸਤੀਨੀ ਖ਼ਿੱਤੇ ਦੇ ਅੰਦਰ ਰਹਿੰਦੇ ਹਨ, ਉਨ੍ਹਾਂ ਨਾਲੋਂ ਤਿੰਨ ਗੁਣਾਂ ਤੋਂ ਜ਼ਿਆਦਾ ਉਹ ਗੁਆਂਢੀ ਮੁਲਕਾਂ ਵਿਚ ਵਸੇ ਹੋਏ ਹਨ। ਇਨ੍ਹਾਂ ਮੁਲਕਾਂ ਦੀ ਵਸੋਂ ਕੋਈ ਨਵਾਂ ਬੋਝ ਬਰਦਾਸ਼ਤ ਕਰਨ ਲਈ ਹੁਣ ਤਿਆਰ ਨਹੀਂ। ਉਂਜ ਵੀ, 1993 ਤੇ 1995 ਦੀਆਂ ਓਸਲੋ ਸੰਧੀਆਂ ਅਤੇ ਇਨ੍ਹਾਂ ਦੀ ਬਦੌਲਤ ਫ਼ਲਸਤੀਨੀ ਅਥਾਰਟੀ ਦੀ ਸਥਾਪਨਾ ਨੇ ਗੁਆਂਢੀ ਮੁਲਕਾਂ ਨੂੰ ਫ਼ਲਸਤੀਨੀ

ਹਿਜਰਤੀਆਂ ਦੀ ਨਵੀਂ ਆਮਦ ਨਾ ਝੱਲਣ ਦਾ ਆਧਾਰ ਤੇ ਬਹਾਨਾ ਮੁਹੱਈਆ ਕਰਵਾ ਦਿੱਤਾ ਸੀ। ਇਸ ਬਹਾਨੇ ਉੱਤੇ ਪੂਰੀ ਢੀਠਤਾਈ ਨਾਲ ਪਹਿਰਾ ਦਿੱਤਾ ਜਾ ਰਿਹਾ ਹੈ।

ਹਮਸਾਇਆਂ ਦੀ ਬੇਵਫ਼ਾਈ, ਇਜ਼ਰਾਈਲ ਦੀ ਬਦਲਾਖ਼ੋਰੀ ਅਤੇ ਨਿਥਾਵੇ ਤੇ ਨਿਤਾਣੇ ਹੋਣ ਦੇ ਅਹਿਸਾਸ ਤੇ ਅਪਮਾਨ ਨੇ ਪਿਛਲੀ ਇਕ ਸਦੀ ਦੌਰਾਨ ਜਿਹੜੇ ਫ਼ਲਸਤੀਨੀ ਸਾਹਿਤ ਨੂੰ ਜਨਮ ਦਿੱਤਾ, ਉਹ ਸੁਭਾਅ ਤੇ ਸੰਵੇਦਨਾਵਾਂ ਪੱਖੋਂ ਦਵੇਸ਼ਵਾਦੀ ਹੈ; ਦੁਖਿਆਰੀ ਬਿਰਤੀ ਵਾਲਾ, ਕੀਰਨੇ ਪਾਉਣ ਵਾਲਾ। ਬੜੇ ਘੱਟ ਫ਼ਲਸਤੀਨੀ ਅਦੀਬ ਇਸ ਬਿਰਤੀ ਤੋਂ ਬਚ ਸਕੇ। ਜਿਹੜੇ ਬਚ ਗਏ ਜਾਂ ਤਾ ਉਮਰ ਬਚੇ ਰਹੇ, ਉਨ੍ਹਾਂ ਵਿਚੋਂ ਮੋਹਰੀ ਸੀ ਮੁਰੀਦ ਬਰਗ਼ੂਤੀਨ (Mourid Barghouti) ਬੁਨਿਆਦੀ ਤੌਰ 'ਤੇ ਉਹ ਕਵੀ ਸੀ, ਪਰ ਗਲਪ ਵਰਗੀ ਸ਼ਿਲਪ ਉੱਤੇ ਵੀ ਉਸਦੀ ਪਕੜ ਕਮਾਲ ਦੀ ਸੀ। ਬਦਕਿਸਮਤੀ ਨਾਲ ਉਸਦੀ ਇਸ ਸਾਲ (2021) ਦੇ ਫ਼ਰਵਰੀ ਮਹੀਨੇ ਹੋਈ ਬੇਵਕਤੀ ਮੌਤ ਦਾ ਅਦਬੀ ਜਹਾਨ ਨੇ ਉਸ ਵੇਲੇ ਬਹੁਤਾ ਨੋਟਿਸ ਨਹੀਂ ਲਿਆ। ਸ਼ਾਇਦ ਕੋਵਿਡ-19 ਵਰਗੀ ਮਹਾਂਮਾਰੀ ਦੀ ਦੂਜੀ ਲਹਿਰ ਦੇ ਕਾਰਨ। ਇਸ ਕੋਤਾਹੀ ਦੀ ਇਵਜ਼ ਪੂਰਤੀ ਵੱਲ ਹੁਣ ਧਿਆਨ ਦਿੱਤਾ ਜਾ ਰਿਹਾ ਹੈ; ਉਸਦੀ ਕਾਵਿਕਤਾ ਅਤੇ ਵਾਰਤਕਕਾਰੀ ਅੰਦਰਲੀ ਖ਼ੂਬਸੂਰਤੀ ਦੇ ਪੁਨਰ-ਪੜਚੋਲ ਰਾਹੀਂ। ਇਹ ਮੰਨਿਆ ਜਾ ਰਿਹਾ ਹੈ ਕਿ ਉਸਦਾ ਸਾਰਾ ਸਾਹਿਤ ਭਾਵੇਂ ਨਿਥਾਂਵੇ ਤੇ ਨਿਆਸਰੇ ਹੋਣ ਦੇ ਦਰਦ ਨਾਲ ਲੈਸ ਸੀ, ਫਿਰ ਵੀ ਇਸ ਦਰਦ ਉੱਤੇ ਤਰਸ ਦੀ ਖ਼ੈਰਾਤ ਮੰਗਣ ਵਾਲੀ ਸੁਰ ਉਸਨੇ ਕਦੇ ਵੀ ਹਾਵੀ ਨਹੀਂ ਹੋਣ ਦਿੱਤੀ। ਉਹ ਆਸ਼ਾਵਾਦੀ ਸੀ ਅਤੇ ਅਸਲਵਾਦੀ ਵੀ। ਉਸਨੇ ਫ਼ਲਸਤੀਨੀ ਹੱਕਾਂ ਦੀ ਸਦੈਵ ਪੈਰਵਾਈ ਕੀਤੀ, ਪਰ ਯਹੂਦੀਆਂ ਨੂੰ 'ਸਾਡੀ ਧਰਤੀ ਦੇ ਜਾਇਆਂ' ਵਾਂਗ ਸਵੀਕਾਰੇ ਜਾਣ ਦੀ ਗੱਲ ਵੀ ਲਗਾਤਾਰ ਤੋਰੀ ਰੱਖੀ। ਭਾਸ਼ਾਈ ਸ਼ਾਇਸਤਗੀ ਤੇ ਸ਼ਾਲੀਨਤਾ ਨੇ ਉਸਦੇ ਪਾਠਕਾਂ ਤੇ ਪ੍ਰਸ਼ੰਸਕਾਂ ਦਾ ਦਾਇਰਾ ਚੋਖਾ ਵਸੀਹ ਬਣਾਇਆ। ਅਜਿਹੇ ਅਦੀਬਾਂ-ਵਿਦਵਾਨਾਂ ਦੀ ਇਕ ਲੰਬੀ ਫਹਿਰਿਸਤ ਮੌਜੂਦ ਹੈ, ਜਿਨ੍ਹਾਂ ਨੂੰ ਉਸਦੇ ਅਦਬ ਵਿਚੋਂ ਵਿਸ਼ਵ-ਅਮਨ ਦੀਆਂ ਕਰੂੰਬਲਾਂ ਫੁਟਦੀਆਂ ਨਜ਼ਰ ਆਈਆਂ।

ਮੁਰੀਦ ਬਰਗ਼ੂਤੀ ਫ਼ਲਸਤੀਨੀਆਂ ਵਾਸਤੇ ਇਨਸਾਫ਼ ਸੰਭਵ ਬਣਾਉਣ ਵਾਲੇ ਕਾਰਜਾਂ ਵਿਚ ਜ਼ਿੰਦਗੀ ਭਰ ਸਹਿਯੋਗ ਦਿੰਦਾ ਰਿਹਾ। ਹਿੰਸਕ ਵਿਦਰੋਹ ਦਾ ਉਸਨੇ ਕਦੇ ਵੀ ਸਿੱਧੇ ਤੌਰ 'ਤੇ ਵਿਰੋਧ ਨਹੀਂ ਕੀਤਾ, ਪਰ ਮਹਾਤਮਾ ਗਾਂਧੀ ਵਾਲਾ ਰਾਹ ਵੱਧ ਇਖ਼ਲਾਕੀ ਹੋਣ ਦੀ ਗੱਲ ਉਹ ਫ਼ਲਸਤੀਨੀ ਮੰਚਾਂ ਉੱਤੇ ਵੀ ਕਰਦਾ ਰਿਹਾ ਅਤੇ ਅਦਬੀ ਮੰਚਾਂ ਉੱਤੇ ਵੀ। ਹਿਜਰਤੀ ਹੋਣ ਦਾ ਸੰਤਾਪ ਉਸਨੇ ਸਭ ਤੋਂ ਪਹਿਲਾਂ ਚਾਰ ਵਰ੍ਹਿਆਂ ਦੀ ਉਮਰ ਵਿਚ 1948 'ਚ ਹੰਢਾਇਆ। ਉਦੋਂ ਪੱਛਮੀ ਕੰਢੇ ਵੱਲ ਇਜ਼ਰਾਇਲੀ ਫ਼ੌਜੀ ਚੜ੍ਹਤ ਕਾਰਨ ਉਸ ਦੇ ਪਰਿਵਾਰ ਨੂੰ ਜੱਦੀ ਪਿੰਡ ਦੀਰ ਗ਼ਜ਼ਨਾਹ ਛੱਡਣਾ ਪਿਆ। ਇਹ ਪਿੰਡ ਰਾਮੱਲਾ ਸ਼ਹਿਰ ਤੋਂ ਜ਼ਿਆਦਾ ਦੂਰ ਨਹੀਂ। ਹਿਜਰਤ ਤੋਂ ਚੰਦ ਦਿਨ ਪਹਿਲਾਂ ਉਸਦੀ ਮਾਂ ਨੇ ਉਸ ਨੂੰ ਰਾਮੱਲਾ ਦੇ ਮਿਸ਼ਨਰੀ ਸਕੂਲ ਵਿਚ ਦਾਖ਼ਲ ਕਰਵਾਇਆ ਸੀ; ਇਸ ਉਮੀਦ ਨਾਲ ਕਿ ਅੰਗਰੇਜ਼ੀ ਪੜ੍ਹ ਕੇ ਉਹ ਫ਼ਲਸਤੀਨੀਆਂ ਦੇ ਦੁੱਖਾਂ ਦੀ ਗੱਲ ਦੁਨੀਆਂ-ਜਹਾਨ ਤਕ ਪੁਚਾਏਗਾ। ਮੁਰੀਦ ਨੇ ਅੰਗਰੇਜ਼ੀ ਪੜ੍ਹੀ ਵੀ, ਪੜ੍ਹਾਈ ਵੀ, ਫ਼ਲਸਤੀਨੀਆਂ ਨਾਲ ਹੋਈ ਨਾਹੱਕੀ ਖ਼ਿਲਾਫ਼ ਆਲਮੀ ਮੰਚਾਂ 'ਤੇ ਆਵਾਜ਼ ਵੀ ਲਗਾਤਾਰ ਬੁਲੰਦ ਕੀਤੀ, ਪਰ ਫ਼ਲਸਤੀਨੀ ਗੁੱਟਾਂ ਦਰਮਿਆਨ ਏਕੇ ਵਰਗਾ ਅਮਲ ਸ਼ੁਰੂ ਨਾ ਕਰਵਾ ਸਕਿਆ। ਏਕੇ ਦੀ ਘਾਟ ਨੇ ਫ਼ਲਸਤੀਨੀ ਜੱਦੋਜਹਿਦ ਨੂੰ ਫ਼ਲ ਨਹੀਂ ਪੈਣ ਦਿੱਤਾ। ਇਸ ਹਕੀਕਤ ਦੀ ਨਿਸ਼ਾਨਦੇਹੀ ਉਸਨੇ ਆਪਣੀਆਂ ਕਵਿਤਾਵਾਂ ਰਾਹੀਂ ਵੀ ਕੀਤੀ ਅਤੇ ਉਪਨਿਆਸਾਂ ਰਾਹੀਂ ਵੀ।

1948 ਵਾਲੀ ਹਿਜਰਤ ਤਾਂ ਚਾਰ ਹਫ਼ਤਿਆਂ ਲਈ ਰਹੀ, 1967 ਵਾਲੀ ਹਿਜਰਤ ਨੇ ਉਸ ਨੂੰ ਸਥਾਈ ਤੌਰ 'ਤੇ ਜਲਾਵਤਨੀ ਬਣਾ ਦਿੱਤਾ। ਛੇ-ਰੋਜ਼ਾ ਜੰਗ ਤੋਂ ਤੁਰੰਤ ਪਹਿਲਾਂ ਉਸਦੇ ਮਾਪਿਆਂ ਨੇ ਉਸ ਨੂੰ ਵਤਨ ਛੱਡਣ ਅਤੇ ਮਿਸਰ ਜਾਣ ਲਈ ਮਜਬੂਰ ਕੀਤਾ। ਉਨ੍ਹਾਂ ਨੂੰ ਖਦਸ਼ਾ ਸੀ ਕਿ ਇਜ਼ਰਾਇਲੀ ਖ਼ੁਫ਼ੀਆ ਪੁਲੀਸ, ਮੁਰੀਦ ਦੀ ਜਾਨ ਲੈਣ ਦਾ ਯਤਨ ਕਰੇਗੀ। ਬੌਧਿਕ ਹਲਕਿਆਂ ਵਿਚ ਉਦੋਂ ਉਸਦੀ ਚੰਗੀ ਸਾਖ਼ ਬਣ ਚੁੱਕੀ ਸੀ। ਖ਼ੁਫ਼ੀਆ ਪੁਲੀਸ ਨੂੰ ਇਸ ਸਾਖ਼ ਵਿਚੋਂ ਵਿਦਰੋਹ ਦੀ ਬੂਅ ਆਉਂਦੀ ਸੀ। ਮੁਰੀਦ 1948 ਵਾਂਗ 1967 ਵਿਚ ਵੀ ਅਮਾਨ (ਜੌਰਡਨ) ਜਾਣਾ ਚਾਹੁੰਦਾ ਸੀ ਪਰ ਉਸਦੇ ਪਿਤਾ ਤੇ ਚਾਚਿਆਂ ਨੂੰ ਯਕੀਨ ਸੀ ਕਿ ਅਮਾਨ ਉਸ ਲਈ ਸੁਰੱਖਿਅਤ ਨਹੀਂ। ਉਨ੍ਹਾਂ ਨੇ ਉਸ ਨੂੰ ਕਾਹਿਰਾ ਭੇਜਿਆ ਅਤੇ ਇਹੋ ਸ਼ਹਿਰ ਉਸਦੀ ਜਲਾਵਤਨੀ ਦਾ ਪੱਕਾ ਠਿਕਾਣਾ ਬਣ ਗਿਆ।

ਮੁਰੀਦ ਨੇ ਕਾਹਿਰਾ ਯੂਨੀਵਰਸਿਟੀ ਤੋਂ ਅੰਗਰੇਜ਼ੀ ਸਾਹਿਤ ਦੀ ਐੱਮ.ਏ. ਕੀਤੀ। ਫਿਰ ਉਸਨੇ ਯੂਨੀਵਰਸਿਟੀ ਵਿਚ ਕਾਫ਼ੀ ਸਮਾਂ ਅੰਗਰੇਜ਼ੀ ਪੜ੍ਹਾਈ। ਕਾਹਿਰਾ ਦੀ ਵਸਨੀਕ ਅਤੇ ਅਰਬੀ ਦੀ ਪ੍ਰਸਿੱਧ ਲੇਖਕ ਰਾਦਵਾ ਅਸ਼ਹੂਰ ਨਾਲ ਵਿਆਹ ਕਰਵਾਇਆ। ਦੋ ਬੱਚਿਆਂ ਦਾ ਪਿਤਾ ਬਣਿਆ, ਪਰ ਫ਼ਲਸਤੀਨੀ ਕਾਜ਼ ਨਾਲ ਮੋਹ ਉਸ ਨੂੰ ਵਤਨ ਲਈ ਕੁਝ ਸਾਰਥਿਕ ਕਰ ਗੁਜ਼ਰਨ ਵਾਸਤੇ ਟੁੰਬਦਾ ਰਿਹਾ। ਪ੍ਰੋਫ਼ੈਸਰੀ ਛੱਡ ਕੇ ਉਹ ਫ਼ਲਸਤੀਨੀ ਮੁਕਤੀ ਸੰਗਠਨ (ਪੀ.ਐੱਲ.ਓ.) ਦਾ ਕਲਚਰਲ ਅਟੈਚੀ ਜਾ ਬਣਿਆ ਅਤੇ ਛੇ ਸਾਲ ਬੁਡਾਪੈਸਟ (ਹੰਗਰੀ) ਵਿਚ ਤਾਇਨਾਤ ਰਿਹਾ। ਉਥੋਂ ਉਹ ਅਕਸਰ ਵੀ ਏਨਾ (ਆਸਟ੍ਰੀਆ) ਜਾਂਦਾ ਅਤੇ ਕੌਮਾਂਤਰੀ ਮੰਚਾਂ 'ਤੇ ਫ਼ਲਸਤੀਨੀ ਦੇ ਹੱਕਾਂ ਦੀ ਬਹਾਲੀ ਦੀ ਗੱਲ ਬਾਦਲੀਲ ਢੰਗ ਨਾਲ ਕਰਦਾ। ਫ਼ਲਸਤੀਨੀ ਰਾਜਸੀ ਸੰਗਠਨਾਂ ਅੰਦਰਲੀ ਗੁੱਟਬੰਦੀ ਤੋਂ ਮਾਯੂਸ ਹੋ ਕੇ ਉਸਨੇ ਕਾਹਿਰਾ ਪਰਤਣਾ ਵਾਜਬ ਸਮਝਿਆ। ਰਾਦਵਾ ਦੀ ਮਦਦ ਨਾਲ ਉਸਨੇ ਆਪਣੀਆਂ ਕਵਿਤਾਵਾਂ ਦਾ ਅੰਗਰੇਜ਼ੀ ਅਨੁਵਾਦ ਕੀਤਾ। ਇਸ ਅਨੁਵਾਦ ਨੇ ਉਸ ਦੀਆਂ ਸਿਰਜਣਾਵਾਂ ਨੂੰ ਯੂਰੋਪ, ਅਮਰੀਕਾ ਤੇ ਭਾਰਤੀ ਉਪ-ਮਹਾਂਦੀਪ ਤਕ ਪਹੁੰਚਾਇਆ। ਅਦਬੀ ਤੇ ਸਭਿਆਚਾਰਕ ਮੰਚਾਂ ਉੱਤੇ ਉਸਦੀ ਗੱਲ ਗਹੁ ਨਾਲ ਸੁਣੀ ਜਾਣ ਲੱਗੀ। ਉਸ ਨੂੰ ਫ਼ਲਸਤੀਨੀ ਜੱਦੋਜਹਿਦ ਦੇ ਅਦਬੀ ਚਿਹਰੇ ਵਜੋਂ ਪਛਾਣਿਆ ਜਾਣ ਲੱਗਾ। ਇਸ ਜੱਦੋਜਹਿਦ ਪ੍ਰਤੀ ਵਚਨਬੱਧ ਰਹਿੰਦਿਆਂ ਜਿਵੇਂ ਉਸ ਨੂੰ ਖ਼ੁਦ ਨੂੰ ਰਾਜਨੀਤਕ ਗੁੱਟਬੰਦੀ ਤੋਂ ਨਿਰਲੇਪ ਰੱਖਿਆ, ਬਿਲਕੁਲ ਉਸੇ ਤਰ੍ਹਾਂ ਬਤੌਰ ਅਧਿਆਪਕ ਵੀ

ਉਹ ਕਲਾਸ ਰੂਮ ਵਿਚ ਨਿਰੋਲ ਸਿਲੇਬਸ ਤਕ ਮਹਿਦੂਦ ਰਹਿੰਦਾ ਰਿਹਾ। ਫ਼ਲਸਤੀਨੀ ਸੰਘਰਸ਼ ਨਾਲ ਜੁੜੀਆਂ ਗਤੀਵਿਧੀਆਂ, ਯੂਨੀਵਰਸਿਟੀ ਕੈਂਪਸ ਤੋਂ ਬਾਹਰ ਦੇ ਉਸਦੇ ਨਿੱਤਕ੍ਰਮ ਦਾ ਹਿੱਸਾ ਬਣੀਆਂ ਰਹੀਆਂ, ਕੈਂਪਸ ਦੇ ਅੰਦਰਲੇ ਜੀਵਨ ਦਾ ਨਹੀਂ। ਇਹੋ ਪੇਸ਼ੇਵਾਰਾਨਾ ਅਨੁਸ਼ਾਸਨ ਉਸਦੇ ਅਦਬ ਅੰਦਰ ਵੀ ਮੌਜੂਦ ਰਿਹਾ। ਉਸਨੇ ਅਦਬ ਨੂੰ ਨਾਅਰੇਬਾਜ਼ਾਨਾ ਪ੍ਰਚਾਰਵਾਦ ਤੋਂ ਦੂਰ ਰੱਖਿਆ। ਆਪਣੀ ਕੌਮ ਨਾਲ ਨਾਇਨਸਾਫ਼ੀਆਂ ਜਾਂ ਜਲਾਵਤਨੀ ਦੇ ਦਰਦ ਦੀ ਸ਼ਿੱਦਤ ਨੂੰ ਉਸਨੇ ਆਪਣੀ 70 ਫ਼ੀਸਦੀ ਲੇਖਣੀਆਂ ਦਾ ਆਧਾਰ ਬਣਾਇਆ, ਪਰ ਪ੍ਰਚਾਰਵਾਦੀ ਲਾਲਸਾਵਾਂ ਨੂੰ ਆਪਣੇ ਸ਼ਬਦਾਂ ਉੱਤੇ ਹਾਵੀ ਨਹੀਂ ਹੋਣ ਦਿੱਤਾ।

ਇਜ਼ਰਾਈਲ ਸਰਕਾਰ ਤੇ ਪੀ.ਐੱਲ.ਓ. ਦਰਮਿਆਨ ਹੋਈਆਂ ਓਸਲੋ ਸੰਧੀਆਂ ਦਾ ਮੁਰੀਦ ਕੱਟੜ ਮੁਖ਼ਾਲਿਫ਼ ਸੀ। ਉਸ ਨੂੰ ਯਕੀਨ ਸੀ ਕਿ ਇਹ ਸੰਧੀਆਂ, ਫ਼ਲਸਤੀਨੀ ਕੌਮ ਲਈ ਹਿਤਕਾਰੀ ਸਾਬਤ ਨਹੀਂ ਹੋਣਗੀਆਂ। ਉਸਦੇ ਅੰਦੇਸ਼ੇ ਕੁਝ ਵਰ੍ਹਿਆਂ ਬਾਅਦ ਸਹੀ ਵੀ ਸਾਬਤ ਹੋਏ। ਅਜਿਹੀ ਸੋਚ ਦੇ ਬਾਵਜੂਦ ਇਨ੍ਹਾਂ ਸੰਧੀਆਂ ਦੀ ਬਦਲੌਤ 1996 ਵਿਚ ਜਦੋਂ ਉਸ ਨੂੰ ਵਤਨ ਵਾਪਸੀ ਦਾ ਮੌਕਾ ਮਿਲਿਆ ਤਾਂ ਉਹ ਖ਼ੁਦ ਨੂੰ ਰੋਕ ਨਾ ਸਕਿਆ। ਇਸ ਫੇਰੀ ਦੇ ਜ਼ਰੀਏ ਸਵੈ-ਜੀਵਨੀਨੁਮਾ ਨਾਵਲ "ਰਾਇਆਤਨ ਰਾਮ-ਅੱਲਾ" (ਰਾਮੱਲਾ ਦੇ ਦੀਦਾਰੇ) ਵਜੂਦ ਵਿਚ ਆਇਆ। ਨਿਥਾਵਿਆਂ ਦੀ ਕਸਕ ਦੀ ਨੁਮਾਇੰਦਗੀ ਕਰਨ ਵਾਲਾ ਇਹ ਨਾਵਲ 1997 ਵਿਚ ਅੰਗਰੇਜ਼ੀ ਅਨੁਵਾਦ (I saw Ramallah) ਦੇ ਪ੍ਰਕਾਸ਼ਨ ਤੋਂ ਬਾਅਦ ਪੂਰੀ ਦੁਨੀਆ ਵਿਚ ਚਰਚਿਤ ਹੋਇਆ। ਬੜਾ ਮਾਰਮਿਕ ਹੈ ਇਹ ਨਾਵਲ। ਜਿਹੜੇ ਪੱਛਮੀ ਕੰਢੇ ਨੂੰ ਮੁਰੀਦ 1967 ਵਿਚ ਛੱਡ ਕੇ ਗਿਆ ਸੀ, ਉਸ ਦੇ ਟਿੱਲੇ-ਟਿੱਬੇ ਆਪਣੀ ਜ਼ਰਖ਼ੇਜ਼ੀ ਗੁਆ ਚੁੱਕੇ ਸਨ। ਹਰ ਪਾਸੇ ਧੁਆਂਖੀ ਧਰਤ ਦਿੱਸਦੀ ਸੀ। ਹਰਿਆਲੀ ਸਿਰਫ਼ ਉਨ੍ਹਾਂ ਇਜ਼ਰਾਇਲੀ ਬਸਤੀਆਂ ਦੇ ਅੰਦਰ ਸੀ ਜਿਹੜੀਆਂ ਫਲਸਤੀਨੀ ਖ਼ਿੱਤੇ ਦੇ ਅੰਦਰ ਇਜ਼ਰਾਈਲ ਸਰਕਾਰ ਨੇ ਧੱਕੇ ਨਾਲ ਵਸਾਈਆਂ ਸਨ, ਓਸਲੋ ਸੰਧੀਆਂ ਦੀਆਂ ਧਾਰਾਵਾਂ ਦੀ ਉਲੰਘਣਾ ਕਰਕੇ। ਚੁਫ਼ੇਰੇ ਕੀਤੀਆਂ ਵਾੜਬੰਦੀਆਂ ਜਾਂ ਚਾਰਦੀਵਾਰੀਆਂ ਕਾਰਨ ਇਹ ਬਸਤੀਆਂ, ਬਸਤੀਆਂ ਘੱਟ ਜੇਲ੍ਹਾਂ ਵੱਧ ਜਾਪਦੀਆਂ ਸਨ। ਉਹ ਕਈ ਦਿਨਾਂ ਤੱਕ ਇਨ੍ਹਾਂ ਬਸਤੀਆਂ ਅੰਦਰਲੇ ਜੀਵਨ ਦੀਆਂ ਝਲਕਾਂ ਦੇਖਣ ਦੀ ਕੋਸ਼ਿਸ਼ ਕਰਦਾ ਰਿਹਾ, ਪਰ ਇਨ੍ਹਾਂ ਦੇ ਰਾਖਿਆਂ ਨੇ ਉਸ ਨੂੰ ਨੇੜੇ ਨਹੀਂ ਢੁਕਣ ਦਿੱਤਾ। ਦੂਜੇ ਪਾਸੇ, ਫ਼ਲਸਤੀਨੀ ਵਸੋਂ ਵਾਲੇ ਇਲਾਕਿਆਂ ਉਹ ਸਾਰੀਆਂ ਨਾਮੁਰਾਦਗੀਆਂ ਵਿਆਪਕ ਮਿਕਦਾਰ ਵਿਚ ਮੌਜੂਦ ਸਨ ਜੋ ਵਸੋਂ ਦੀ ਬਹੁਤਾਤ ਅਤੇ ਗ਼ੁਰਬਤ ਦੇ ਪਸਾਰੇ ਕਾਰਨ ਖ਼ੁਦ-ਬਖ਼ੁਦ ਉਗਮਦੀਆਂ ਰਹਿੰਦੀਆਂ ਹਨ।

ਪਿੰਡ ਦੀਰ ਗ਼ਜ਼ਨਾਹ ਵਿਚਲੇ ਉਸਦੇ ਜੱਦੀ ਘਰ ਵਿਚੋਂ ਅੰਜੀਰ ਦਾ ਬਿਰਖ ਗਾਇਬ ਸੀ। ਇਹ ਬਿਰਖ ਅਕਸਰ ਫਲਾਂ ਨਾਲ ਲੱਦਿਆ ਰਹਿੰਦਾ ਸੀ। ਉਸ ਤੋਂ ਬਿਨਾਂ ਘਰ, ਘਰ ਹੀ ਨਹੀਂ ਜਾਪਿਆ। ਉਸ ਘਰ ਵਿਚ ਕੋਈ ਪੁਰਖ ਨਹੀਂ ਸੀ ਬਚਿਆ। ਸਾਰੇ ਹਿਜਰਤ ਕਰ ਗਏ ਸਨ। ਇਕ ਬੁੱਢੀ ਚਾਚੀ ਬਚੀ ਸੀ। ਉਹਨੇ ਕਿਤੇ ਵੀ ਜਾਣ ਤੋਂ ਨਾਂਹ ਕਰ ਦਿੱਤੀ ਸੀ। ਉਹ ਘਰ ਦੇ ਵਿਹੜੇ ਅੰਦਰ ਹੀ ਦਫ਼ਨ ਹੋਣਾ ਲੋਚਦੀ ਸੀ, ਮੁਰੀਦ ਦੀ ਮਾਂ ਤੇ ਪਿਤਾ ਵਾਂਗ ਉਨ੍ਹਾਂ ਦੋਵਾਂ ਦੀਆਂ ਕਬਰਾਂ ਉੱਤੇ ਕੱਚੇ ਥੜ੍ਹੇ ਬਣੇ ਹੋਏ ਸਨ। ਥੜ੍ਹਿਆਂ ਉੱਤੇ ਇਕ ਇਕ ਇੱਟ ਪਈ ਸੀ। ਬਰਸੀ ਵਾਲੇ ਦਿਨ ਚੜ੍ਹਾਈ ਜਾਂਦੀ ਸਬਜ਼ ਚਾਦਰ ਨੂੰ ਉੱਡਣ ਤੋਂ ਰੋਕਣ ਲਈ।

ਮੁਰੀਦ ਨੇ ਅੰਜੀਰ ਦਾ ਬਿਰਖ ਕਟਵਾਏ ਜਾਣ ਦੀ ਵਜ੍ਹਾ ਪੁੱਛੀ। ਚਾਚੀ ਫਿੱਸ ਪਈ। ਘਰ ਵਿਚ ਜਦੋਂ ਕੋਈ ਫ਼ਲ ਖਾਣ ਵਾਲਾ ਹੀ ਨਹੀਂ ਸੀ ਬਚਿਆ ਤਾਂ ਉਹ ਬੁੱਢੀ ਦੇਹ ਕਦੋਂ ਤਕ ਸੁੱਕੇ-ਸੜੇ ਪੱਤੇ ਤੇ ਗਲੇ-ਸੜੇ ਫ਼ਲ ਹੂੰਝਦੀ ਰਹਿੰਦੀ। ਜਲਾਵਤਨੀ ਚੁਣਨ ਵਾਲਿਆਂ ਦੇ ਘਰਾਂ ਦਾ ਹਸ਼ਰ ਇਹੋ ਹੀ ਹੁੰਦਾ ਹੈ। ਇਹੋ ਹੀ ਬ੍ਰਹਿਮੰਡੀ ਸੱਚ ਹੈ। "ਰਾਮੱਲਾ ਦੇ ਦੀਦਾਰੇ" ਵਿਚ ਉਹ ਸਾਰੇ ਰਸ-ਰੰਗ ਜਾਂ ਇਨਸਾਨੀ-ਕਾਇਨਾਤੀ ਤੱਤ ਮੌਜੂਦ ਸਨ ਜੋ ਮਹਾਨ ਨਾਵਲ ਵਿਚ ਹੋਣੇ ਚਾਹੀਦੇ ਹਨ। ਇਹ ਨਾਵਲ ਸੀਨੇ ਦੇ ਅੰਦਰ ਕਸਕ ਛੱਡ ਜਾਂਦਾ ਹੈ, ਇਨਸਾਨੀਅਤ ਦੇ ਵਿਖੰਡਨ ਤੋਂ ਉਪਜਣ ਵਾਲੀ ਕਸਕ।

ਮੁਰੀਦ ਨੇ ਇਸੇ ਨਾਵਲ ਦਾ ਦੂਜਾ ਅੰਗ 2009 ਵਿਚ ਛਪਵਾਇਆ। ਸਿਰਲੇਖ ਸੀ 'ਮੈਂ ਓਥੇ ਜੰਮਿਆ, ਮੈਂ ਇਥੇ ਵੀ ਜੰਮਿਆ' (I was born there, I was born here)। ਇਹ ਨਾਵਲ ਮੁਰੀਦ ਵੱਲੋਂ ਆਪਣੇ ਸ਼ਾਇਰ ਪੁੱਤਰ ਤਮੀਮ ਅਲ-ਬਰਗ਼ੂਤੀ ਨਾਲ ਕੀਤੀ ਗਈ ਰਾਮੱਲਾ ਯਾਤਰਾ ਦੇ ਅਨੁਭਵਾਂ ਉੱਤੇ ਆਧਾਰਿਤ ਸੀ। ਉਸ ਨੂੰ ਪਹਿਲੇ ਹੀ ਦਿਨ ਅਹਿਸਾਸ ਹੋ ਗਿਆ ਕਿ ਤਮੀਮ ਦੀਆਂ ਜੜ੍ਹਾਂ ਰਾਮੱਲਾ ਵਿਚ ਨਹੀਂ ਹਨ। ਉਹ ਮਿਸਰੀ ਮਾਂ ਦੀ ਔਲਾਦ ਹੈ ਅਤੇ ਖ਼ੁਦ ਨੂੰ ਜਲਾਵਤਨ ਨਹੀਂ ਸਮਝਦਾ। ਆਪਣੇ ਤੇ ਪੁੱਤ ਦੇ ਅਹਿਸਾਸਾਂ ਤੇ ਅਨੁਭੂਤੀਆਂ ਦੇ ਵਖਰੇਵੇਂ ਨੂੰ ਮੁਰੀਦ ਨੇ ਖ਼ੂਬਸੂਰਤ ਜ਼ੁਬਾਨ ਬਖ਼ਸ਼ੀ ਹੈ, ਪਰ ਨਾਵਲ ਵਿਚੋਂ ਉਹ ਨਾਟਕੀਅਤਾ ਗ਼ਾਇਬ ਹੈ ਜੋ "ਰਾਮੱਲਾ ਦੇ ਦੀਦਾਰੇ" ਦੇ ਹਰ ਪੰਨੇ 'ਤੇ ਮੌਜੂਦ ਹੈ।

ਛੇ ਨਾਵਲਾਂ ਤੇ ਇਕ ਦਰਜਨ ਕਾਵਿ-ਸੰਗ੍ਰਹਿਆਂ ਦਾ ਰਚੇਤਾ ਮੁਰੀਦ ਬਰਗ਼ੂਤੀ 2001 ਵਿਚ ਪਹਿਲੀ ਵਾਰ ਭਾਰਤ ਆਇਆ ਸੀ। ਦਿੱਲੀ ਵਿਚ ਲੇਖਕ ਗੀਤਾ ਹਰੀਹਰਨ ਵੱਲੋਂ ਦੂਰਦਰਸ਼ਨ ਵਾਸਤੇ ਕੀਤੀ ਗਈ ਇਕ ਇੰਟਰਵਿਊ ਦੌਰਾਨ ਉਸਨੇ ਆਪਣੇ ਬਚਪਨ, ਜਵਾਨੀ ਤੇ ਅਧੇੜ ਅਵਸਥਾ ਨਾਲ ਜੁੜੇ ਕਈ ਕਿੱਸੇ ਸਾਂਝੇ ਕੀਤੇ ਸਨ। ਆਪਣੀ ਸਿਰਜਣ ਪ੍ਰਕਿਰਿਆ ਬਾਰੇ ਵੀ ਦੱਸਿਆ ਸੀ। ਨਾਲ ਹੀ ਦੋ ਕਵਿਤਾਵਾਂ ਸੁਣਾਈਆਂ ਸਨ (ਜੋ ਇਸ ਲੇਖ ਦੇ ਨਾਲ ਵੱਖਰੇ ਤੌਰ 'ਤੇ ਪਾਠਕਾਂ ਦੀ ਨਜ਼ਰ ਹਨ)। ਪ੍ਰਸ਼ੰਸਾ ਕੀਤੇ ਜਾਣ 'ਤੇ ਉਸਦਾ ਜਵਾਬ ਸੀ : "ਚੰਗੇ ਨਗ਼ਮਿਆਂ, ਚੰਗੀਆਂ ਨਜ਼ਮਾਂ ਤੇ ਚੰਗੇ ਅਸ਼ਰਾਰ ਦਾ ਹੱਕਦਾਰ ਹੈ ਫ਼ਲਸਤੀਨ। ਮੈਂ ਉਸ ਧਰਤੀ ਦਾ ਨੁਮਾਇੰਦਾ ਹਾਂ ਜੋ ਇਕ ਸਦੀ ਤੋਂ ਲਗਾਤਾਰ ਝੰਬੀ ਜਾ ਰਹੀ ਹੈ। ਮੇਰੀ ਕੋਸ਼ਿਸ਼ ਇਹੋ ਰਹੀ ਹੈ ਕਿ ਜੋ ਵੀ ਰਚਾਂ ਉਹ ਮਿਆਰੀ ਹੋਵੇ, ਅਰਥਪੂਰਨ ਹੋਵੇ। ਮੇਰੇ ਵਤਨ ਦਾ ਮਾਣ ਵਧਾਵੇ। ਉਸਦੇ ਜ਼ਖ਼ਮਾਂ 'ਤੇ ਮੱਲ੍ਹਮ ਲਾਏ।" ਮੁਰੀਦ ਦੀ ਸ਼ਖ਼ਸੀਅਤ ਅਤੇ ਅਦਬੀ ਦੇਣ ਦਾ ਸੱਚਾ-ਸੁੱਚਾ ਅਕਸ ਹਨ ਇਹ ਅਲਫ਼ਾਜ਼।



ਦੋ ਕਵਿਤਾਵਾਂ

ਮੁਰੀਦ ਬਰਗ਼ੂਤੀ

ਰਿਸ਼ਤਾ

ਸਾਡਾ ਰਿਸ਼ਤਾ ਹਮੇਸ਼ਾ
ਖ਼ਾਮੋਸ਼ ਹੋਇਆ ਕਰਦਾ ਸੀ
ਨਜ਼ਰਾਂ ਨਾਲ ਗੱਲਾਂ ਕਰਦੇ ਸਾਂ
ਲੁਕਵਾਂ ਜਿਹਾ
ਮੁਸਕਰਾਇਆ ਵੀ ਕਰਦੇ ਸਾਂ

ਪਰ ਇਕ ਦਿਨ ਅਚਾਨਕ
ਸਾਡੀ ਚੋਰੀ ਫੜੀ ਗਈ
ਸਕੂਲ 'ਚ ਗੱਲ ਫੈਲ ਗਈ
ਉਦੋਂ ਤੋਂ ਉਹਨੇ ਹਯਾ ਦੇ ਮਾਰੇ
ਮੈਨੂੰ ਦੇਖਣਾ ਛੱਡ ਦਿੱਤਾ

ਉਦੋਂ ਤੋਂ...
ਉਹ ਮੈਨੂੰ ਦੇਖਦੀ ਈ ਨਹੀਂ...
ਇਸ਼ਾਰੇ ਜ਼ਰੂਰ ਮਿਲਦੇ ਨੇ
ਪਰ ਇਸ਼ਾਰਿਆਂ ਦੇ ਅਲਫ਼ਾਜ਼
ਅਜਨਬੀ ਜਾਪਦੇ ਨੇ।

ਇਹ ਕੀ ਠੀਕ ਐ...!

(ਕਾਗਜ਼ੀ ਮੁਕਤੀ ਯੋਧਿਆਂ 'ਤੇ ਵਿਅੰਗ)

ਇੰਜ ਮਰਨਾ ਵੀ ਠੀਕ ਐ,
ਆਪਣੇ ਬਿਸਤਰੇ 'ਤੇ
ਸਾਫ਼ ਸਿਰ੍ਹਾਣੇ 'ਤੇ ਸਿਰ ਰੱਖੇ ਹੋਏ
ਆਪਣੇ ਦੋਸਤਾਂ, ਹਮਦਮਾਂ ਦੇ ਦਰਮਿਆਨ

ਇੰਜ ਮਰਨਾ ਵੀ ਤਾਂ ਠੀਕ ਐ
ਚਾਹੇ ਇਕ ਵਾਰ ਹੀ ਸਹੀ
ਹੱਥ ਸੀਨੇ 'ਤੇ ਬੰਨ੍ਹੇ ਹੋਏ

ਖ਼ਾਲੀ, ਬੇਰੌਣਕ
ਬਿਨਾਂ ਇਕ ਵੀ ਖਰੌਂਚ ਦੇ
ਬਿਨਾਂ ਬੇੜੀਆਂ ਦੇ
ਬਿਨਾਂ ਬੈਨਰ ਚੁੱਕੇ
ਬਿਨਾਂ ਕਿਸੇ ਮਰਜ਼ੀ ਦੇ

ਇਕ ਸੁਥਰੀ ਮੌਤ ਵੀ ਤਾਂ ਠੀਕ ਐ...
ਜਿਥੇ ਨਾ ਸਾਡੀਆਂ ਕਮੀਜ਼ਾਂ ਵਿਚ
ਸੁਰਾਖ਼ ਹੋਣ
ਨਾ ਹੀ ਸਾਡੀਆਂ ਪਸਲੀਆਂ 'ਤੇ
ਮਾਰ ਦੇ ਸਬੂਤ

ਅਜਿਹੀ ਮੌਤ ਵੀ ਠੀਕ ਐ, ਜਿਥੇ
ਸਾਡੀਆਂ ਗੱਲ੍ਹਾਂ ਫੁੱਟਪਾਥ 'ਤੇ ਨਹੀਂ
ਸਫ਼ੈਦ ਸਿਰ੍ਹਾਣੇ 'ਤੇ ਹੋਣ
ਸਾਡੇ ਹੱਥ
ਸਾਡੇ ਸਨੇਹੀਆਂ ਦੇ ਹੱਥਾਂ 'ਚ ਹੋਣ

ਅਸੀਂ ਮਾਯੂਸ ਡਾਕਟਰ
ਤੇ ਉਦਾਸੀਨ ਨਰਸਾਂ 'ਚ ਘਿਰੇ ਹੋਈਏ
ਬਿਨਾਂ ਕਿਸੇ ਹੋਰ ਤਕਾਜ਼ੇ ਦੇ
ਸਿਰਫ਼ ਇਕ ਮੁਕੱਦਸ ਮੌਤ ਦੇ

ਤ੍ਵਾਰੀਖ਼ ਦੇ ਮੁਤੱਲਕ ਬੇਫ਼ਿਕਰ
ਅਸੀਂ ਇਹ ਦੁਨੀਆਂ ਛੱਡ ਜਾਈਏ
ਸਿਰਫ਼ ਏਸ ਉਮੀਦ ਨਾਲ
ਕਿ ਇਕ ਦਿਨ
ਕੋਈ ਦੂਜਾ ਆ ਕੇ
ਇਹਨੂੰ ਜ਼ਰੂਰ ਬਦਲੇਗਾ

•

ਅਨੁ. *ਸੁਰਿੰਦਰ ਸਿੰਘ ਤੇਜ*
ਸਾਬਕਾ ਸੰਪਾਦਕ, ਪੰਜਾਬੀ ਟ੍ਰਿਬਿਊਨ

ਕਵਿਤਾ : *ਨਿਰਮਲ ਦੱਤ*


ਤਸਵੀਰ ਤੇ ਸ਼ਾਇਰੀ

ਪਿਆਰੇ, ਪਿਆਰੇ ਰੰਗਾਂ ਦਾ
ਇਕ ਬੇ-ਸਿਰ-ਪੈਰਾ
ਸੰਘਣਾ ਝੁਰਮਟ
ਲਿੰਗਾਂ ਦੇ
ਨਾ-ਥਾਵੇਂ ਜਿਹੇ ਆਕਾਰ
ਛਾਤੀਆਂ ਵਰਗੇ ਉੱਡਦੇ ਬੱਦਲ
ਭਾਰੀ ਗੋਲ ਨਿਤੰਭਾਂ ਵਰਗੇ ਬਲਦੇ ਟਿੱਬੇ
ਬਿਰਖਾਂ ਦੇ ਤਣਿਆਂ 'ਚੋਂ ਤੱਕਦੇ
ਟੇਢੇ-ਮੇਢੇ ਕਈ ਯੋਨੀ-ਆਕਾਰ
ਮੇਰੇ ਰੱਬਾ,
ਕੀ ਬੱਸ ਹੁਣ ਤਸਵੀਰ ਇਹੀ ਹੈ ?

ਪਿਆਰੇ ਪਿਆਰੇ ਸ਼ਬਦਾਂ ਦਾ
ਇਕ ਬੇ-ਸਿਰ-ਪੈਰਾ
ਸੰਘਣਾ ਝੁਰਮਟ
ਬੇ-ਨਿੱਤਰੇ ਭਾਵਾਂ ਦਾ
ਮੈਲਾ, ਗੰਧਲਾ ਦਰਪਣ
ਅਨੁਭਵ-ਹੀਣ,
ਰੁਮਾਨੀ ਤੇ ਬੇਚੈਨ ਨਜ਼ਰੀਆ
ਵਾਕ-ਰਹਿਤ ਕੁਝ ਫ਼ਿਕਰੇ
ਸੁੱਤ-ਉਨੀਂਦੇ ਸੁਪਨੇ
ਸਮਝ-ਵਿਹੂਣੀ ਸੋਚ
ਅਤੇ ਬੇ-ਸ਼ਿਲਪੇ ਰੌਲ਼ੇ
ਮੇਰੇ ਰੱਬਾ
ਕੀ ਬੱਸ ਹੁਣ ਇਹੀ ਸ਼ਾਇਰੀ ਹੈ ?

•

ਮੋਬਾ. 98760-13060



ਪੈਣ ਕਪਾਹੀਂ ਫੁੱਲ

ਮਨਮੋਹਨ ਸਿੰਘ ਢਿੱਲੋਂ

ਪੰਚਾਇਤੀ ਰੇਡੀਓ

ਪੁਰਾਣੀ ਪੀੜ੍ਹੀ ਦੇ ਚੇਤਿਆਂ ਵਿਚ ਅੱਜ ਵੀ ਪੰਚਾਇਤੀ ਰੇਡੀਓ ਦੀ ਯਾਦ ਜ਼ਰੂਰ ਵੱਸਦੀ ਹੋਵੇਗੀ। ਉਦੋਂ ਆਕਾਸ਼ਵਾਣੀ ਜਲੰਧਰ ਤੋਂ ਪੇਸ਼ ਹੁੰਦਾ ਦਿਹਾਤੀ ਪ੍ਰੋਗਰਾਮ ਬਹੁਤ ਮਕਬੂਲ ਹੋਇਆ ਕਰਦਾ ਸੀ। ਇਹ ਪ੍ਰੋਗਰਾਮ ਅੱਜ ਵੀ ਪ੍ਰਸਾਰਿਤ ਹੋ ਰਿਹਾ ਹੈ। ਰੇਡੀਓ ਹੁਣ ਲੋਕਾਂ ਦੀ ਪਹਿਲੀ ਪਸੰਦ ਨਹੀਂ ਰਿਹਾ ਭਾਵੇਂ ਕਿ ਰੇਡੀਓ ਤੋਂ ਅੱਜ ਵੀ ਬਹੁਤ ਵਧੀਆ ਅਤੇ ਜਾਣਕਾਰੀ ਭਰਪੂਰ ਪ੍ਰੋਗਰਾਮ ਪ੍ਰਸਾਰਿਤ ਹੋ ਰਹੇ ਹਨ।

ਉਨ੍ਹਾਂ ਦਿਨਾਂ ਵਿਚ ਜਦੋਂ ਰੇਡੀਓ ਵੀ ਲੋਕਾਂ ਦੀ ਪਹੁੰਚ ਵਿਚ ਨਹੀਂ ਸੀ ਅਤੇ ਪਿੰਡਾਂ ਵਿਚ ਬਿਜਲੀ ਵੀ ਨਹੀਂ ਸੀ ਹੁੰਦੀ, ਉਦੋਂ ਸਰਕਾਰ ਵੱਲੋਂ ਪੰਚਾਇਤਾਂ ਨੂੰ ਬੈਟਰੀ ਵਾਲੇ ਰੇਡੀਓ ਦਿੱਤੇ ਗਏ ਸਨ। ਪੰਚਾਇਤਾਂ ਨੂੰ ਰੇਡੀਓ ਮੁਹੱਈਆ ਕਰਵਾਉਣ ਦਾ ਸਰਕਾਰ ਦਾ ਮੁੱਖ ਮੰਤਵ ਇਹ ਸੀ ਕਿ ਕਿਸਾਨਾਂ ਨੂੰ ਖੇਤੀਬਾੜੀ ਸੰਬੰਧੀ ਜਾਣਕਾਰੀ ਦਿੱਤੀ ਜਾਵੇ, ਪਿੰਡਾਂ ਦੇ ਵਿਕਾਸ ਸੰਬੰਧੀ ਸਰਕਾਰ ਵੱਲੋਂ ਕੀਤੇ ਜਾ ਰਹੇ ਕੰਮਾਂ ਬਾਰੇ ਦੱਸਿਆ ਜਾਵੇ ਅਤੇ ਇਸ ਦੇ ਨਾਲ-ਨਾਲ ਮਿਆਰੀ ਗੀਤ-ਸੰਗੀਤ ਰਾਹੀਂ ਮਨੋਰੰਜਨ ਵੀ ਕਰਵਾਇਆ ਜਾਵੇ। ਦਿਹਾਤੀ ਪ੍ਰੋਗਰਾਮ ਵਿਚ ਮੌਸਮ ਅਨੁਸਾਰ ਫ਼ਸਲਾਂ ਬੀਜਣ, ਉਨ੍ਹਾਂ ਤੋਂ ਚੰਗਾ ਝਾੜ ਲੈਣ ਦੇ ਢੰਗ-ਤਰੀਕੇ ਖੇਤੀ ਮਾਹਿਰਾਂ ਵੱਲੋਂ ਦੱਸੇ ਜਾਂਦੇ ਹਨ। ਰੋਜ਼ਾਨਾ ਮੌਸਮ ਦੀ ਜਾਣਕਾਰੀ ਵੀ ਦਿੱਤੀ ਜਾਂਦੀ ਸੀ। ਉਦੋਂ ਕਿਸਾਨ ਖੇਤੀ ਮਾਹਿਰਾਂ ਵੱਲੋਂ ਦਿੱਤੇ ਜਾਂਦੇ ਸੁਝਾਵਾਂ/ਸਲਾਹਾਂ 'ਤੇ ਵਿਸ਼ਵਾਸ ਵੀ ਕਰਦੇ ਸਨ। ਇਸ ਪ੍ਰੋਗਰਾਮ ਮਗਰੋਂ ਖ਼ਬਰਾਂ ਪ੍ਰਸਾਰਿਤ ਹੁੰਦੀਆਂ ਸਨ।

ਆਲ ਇੰਡੀਆ ਰੇਡੀਓ ਤੋਂ ਦੇਸ਼ ਦੀ ਆਜ਼ਾਦੀ 1947 ਤਕ ਲਾਹੌਰ (ਪਾਕਿਸਤਾਨ) ਤੋਂ ਪ੍ਰੋਗਰਾਮਾਂ ਦਾ ਪ੍ਰਸਾਰਣ ਹੋਇਆ ਕਰਦਾ ਸੀ। ਆਜ਼ਾਦੀ ਤੋਂ ਬਾਅਦ ਇਹ ਰੇਡੀਓ ਅੰਮ੍ਰਿਤਸਰ ਵਿਚ ਤਬਦੀਲ ਹੋ ਗਿਆ ਸੀ। ਇਸ ਰੇਡੀਓ 'ਤੇ ਜਿੰਨੇ ਵੀ ਆਰਟਿਸਟ ਉਦੋਂ ਕੰਮ ਕਰਦੇ ਸਨ, ਉਹ ਸਾਰੇ ਇਸ ਦੇ ਨਾਲ ਹੀ ਅੰਮ੍ਰਿਤਸਰ ਆ ਗਏ ਸਨ। ਜਾਣਕਾਰੀ ਅਨੁਸਾਰ ਅੰਮ੍ਰਿਤਸਰ ਤੋਂ ਆਲ ਇੰਡੀਆ ਰੇਡੀਓ ਨੇ ਥੋੜ੍ਹਾ ਸਮਾਂ ਹੀ ਪ੍ਰੋਗਰਾਮਾਂ ਦਾ ਪ੍ਰਸਾਰਣ ਕੀਤਾ ਸੀ ਅਤੇ ਇਥੋਂ ਇਹ ਜਲੰਧਰ ਤਬਦੀਲ ਹੋ ਗਿਆ ਸੀ।

ਆਲ ਇੰਡੀਆ ਰੇਡੀਓ 'ਤੇ ਲੰਮਾ ਸਮਾਂ ਆਪਣੀਆਂ ਸੇਵਾਵਾਂ ਨਿਭਾਉਣ ਵਾਲੇ ਅਤੇ ਦਿਹਾਤੀ ਪ੍ਰੋਗਰਾਮ ਵਿਚ ਬਾਊ ਜੀ ਦੇ ਨਾਂ 'ਤੇ ਚਿੱਠੀਆਂ ਦੇ ਜਵਾਬ ਦੇਣ ਵਾਲੇ ਸ੍ਰੀ ਰਾਜ ਕੁਮਾਰ ਵੋਹਰਾ ਨੇ ਰੇਡੀਓ ਬਾਰੇ ਕਾਫ਼ੀ ਜਾਣਕਾਰੀ ਦਿੱਤੀ। ਵੋਹਰਾ ਸਾਹਿਬ ਖੇਤੀਬਾੜੀ ਵਿਭਾਗ ਵਿਚ ਨੌਕਰੀ ਕਰਦੇ ਸਨ। 1963 ਵਿਚ ਦਿਹਾਤੀ ਪ੍ਰੋਗਰਾਮ ਵਿਚ ਕਿਸਾਨਾਂ ਨੂੰ ਖੇਤੀ ਬਾਰੇ ਜਾਣਕਾਰੀ ਦੇਣ ਲਈ ਡੈਪੂਟੇਸ਼ਨ 'ਤੇ ਆਲ ਇੰਡੀਆ ਰੇਡੀਓ 'ਤੇ ਭੇਜਿਆ ਗਿਆ ਸੀ। ਉਹ 1966 ਤੀਕ ਇਸ ਸਟੇਸ਼ਨ 'ਤੇ ਰਹੇ ਸਨ। ਫਿਰ ਉਹ ਯੂਪੀਐੱਸਸੀ ਰਾਹੀਂ 1970 ਵਿਚ ਆਲ ਇੰਡੀਆ ਰੇਡੀਓ 'ਤੇ ਕਿਸਾਨ ਰੇਡੀਓ ਰਿਪੋਰਟਰ ਵਜੋਂ ਪੱਕੇ ਤੌਰ 'ਤੇ ਨਿਯੁਕਤ ਹੋ ਗਏ ਸਨ ਅਤੇ ਇਥੋਂ ਹੀ 1997 ਵਿਚ ਸੇਵਾ ਮੁਕਤ ਹੋਏ ਸਨ।

ਵੋਹਰਾ ਸਾਹਿਬ ਦੱਸਦੇ ਹਨ ਕਿ ਉਦੋਂ ਸਰਕਾਰ ਨੇ ਪਿੰਡਾਂ ਵਿਚ ਪੰਚਾਇਤਾਂ ਰਾਹੀਂ ਚਰਚਾ ਮੰਡਲ ਬਣਾਏ ਸਨ। ਇਨ੍ਹਾਂ ਦਾ ਮੰਤਵ ਦਿਹਾਤੀ ਪ੍ਰੋਗਰਾਮ ਸੁਣਨ ਤੋਂ ਬਾਅਦ ਕਿਸਾਨਾਂ ਵੱਲੋਂ ਖ਼ਾਸ ਕਰ ਖੇਤੀ ਪ੍ਰੋਗਰਾਮਾਂ ਬਾਰੇ ਆਪਸ ਵਿਚ ਚਰਚਾ ਕਰਨੀ ਹੁੰਦੀ ਸੀ ਤੇ ਪੱਤਰ ਲਿਖ ਕੇ ਦੱਸਣਾ ਹੁੰਦਾ ਸੀ ਕਿ ਇਸ ਪ੍ਰੋਗਰਾਮ ਵਿਚ ਦਿੱਤੀ ਜਾਣਕਾਰੀ ਕਿੰਨੀ ਕੁ ਲਾਹੇਵੰਦ ਹੈ ਕਿਉਂਕਿ ਉਦੋਂ ਕਿਸਾਨ ਪੜ੍ਹੇ-ਲਿਖੇ ਨਹੀਂ ਸਨ ਹੁੰਦੇ ਤੇ ਉਨ੍ਹਾਂ ਵੱਲੋਂ ਚਰਚਾ ਕਰਨੀ ਤੇ ਉਸ ਬਾਰੇ ਪੱਤਰ ਲਿਖਣਾ ਸੰਭਵ ਨਹੀਂ ਸੀ ਹੁੰਦਾ। ਇਸ ਲਈ ਸਰਕਾਰ ਦੀ ਚਰਚਾ ਮੰਡਲਾਂ ਦੀ ਸਕੀਮ ਬਹੁਤੀ ਕਾਮਯਾਬ ਨਹੀਂ ਸੀ ਹੋਈ। ਉਹ ਦੱਸਦੇ ਹਨ ਕਿ ਇਸ ਦੇ ਬਾਵਜੂਦ ਵੀ ਉਦੋਂ ਕੁਝ ਪੜ੍ਹੇ-ਲਿਖੇ ਕਿਸਾਨ ਇਸ ਬਾਰੇ ਪੱਤਰ ਲਿਖਦੇ ਹੁੰਦੇ ਸਨ, ਜਿਸ ਕਰਕੇ ਇਸ ਪ੍ਰੋਗਰਾਮ ਦੀ ਮਕਬੂਲੀਅਤ ਬਾਰੇ ਪਤਾ ਲੱਗਦਾ ਸੀ। ਉਹ ਦੱਸਦੇ ਹਨ ਕਿ ਜਿਵੇਂ-ਜਿਵੇਂ ਕਿਸਾਨਾਂ ਵਿਚ ਜਾਗਰੂਕਤਾ ਆਉਂਦੀ ਗਈ, ਇਹ ਪ੍ਰੋਗਰਾਮ ਕਿਸਾਨਾਂ ਲਈ ਲਾਹੇਵੰਦ ਬਹੁਤ ਹੁੰਦਾ ਗਿਆ।

ਜਦੋਂ ਸਰਕਾਰ ਵੱਲੋਂ ਪਿੰਡਾਂ ਵਿਚ ਪੰਚਾਇਤਾਂ ਨੂੰ ਰੇਡੀਓ ਦਿੱਤੇ ਗਏ ਸਨ, ਉਦੋਂ ਮੇਰੇ ਤਾਇਆ ਜੀ ਪਿੰਡ ਦੇ ਸਰਪੰਚ ਸਨ। ਉਹ ਲਗਾਤਾਰ ਵੀਹ ਵਰ੍ਹੇ ਪਿੰਡ ਦੇ ਸਰਪੰਚ ਰਹੇ ਸਨ। ਜਦੋਂ ਇਹ ਰੇਡੀਓ ਦਿੱਤੇ ਗਏ ਸਨ ਤਾਂ ਇਸ ਬਾਰੇ ਕੋਈ ਜਾਣਕਾਰੀ ਨਹੀਂ ਸੀ ਕਿ ਰੇਡੀਓ 'ਤੇ ਪ੍ਰੋਗਰਾਮ ਦਿਨੇ ਵੀ ਆਉਂਦੇ ਹਨ। ਕੇਵਲ ਇਹ ਜਾਣਕਾਰੀ ਸੀ ਕਿ ਸ਼ਾਮੀਂ ਛੇ ਵਜੇ ਦਿਹਾਤੀ ਪ੍ਰੋਗਰਾਮ ਸ਼ੁਰੂ ਹੁੰਦਾ ਹੈ, ਉਸ ਵੇਲੇ ਰੇਡੀਓ ਲੱਗੇਗਾ।

ਪੰਚਾਇਤ ਕੋਲ ਰੇਡੀਓ ਆਉਣ ਬਾਰੇ ਚਰਚਾ ਤਾਂ ਪਿੰਡ ਵਿਚ ਕਈ ਦਿਨ ਪਹਿਲਾਂ ਹੀ ਛਿੜ ਪਈ ਸੀ ਪਰ ਰੇਡੀਓ ਸੈੱਟ ਕਈ ਦਿਨਾਂ ਬਾਅਦ ਆਇਆ ਸੀ। ਲੋਕਾਂ ਵਿਚ ਉਤਸੁਕਤਾ ਸੀ ਤੇ ਉਤਸ਼ਾਹ ਵੀ, ਇਹ ਵੇਖਣ ਲਈ ਕਿ ਇਹ ਰੇਡੀਓ ਕਿਹੋ ਜਿਹਾ ਹੋਵੇਗਾ ਅਤੇ ਇਸ ਵਿਚ ਪ੍ਰੋਗਰਾਮ ਕਿਵੇਂ ਆਉਣਗੇ ਤੇ ਉਹ ਕਿਵੇਂ ਸੁਣ ਸਕਣਗੇ।

ਇਕ ਦਿਨ ਰੇਡੀਓ ਦਾ ਸੈੱਟ ਵੀ ਆ ਗਿਆ ਪਰ ਫਿਰ ਕਿੰਨੇ

ਦਿਨ ਉਸ ਨੂੰ ਚਲਾਉਣ ਬਾਰੇ ਜਾਣਕਾਰੀ ਦੇਣ ਲਈ ਮਕੈਨਿਕ ਨਾ ਆਇਆ। ਲੋਕੀਂ ਰੋਜ਼ ਪੁੱਛਣ ਆਉਂਦੇ ਸਨ ਕਿ ਕਦੋਂ ਚਾਲੂ ਹੋਵੇਗਾ। ਲੋਕਾਂ ਨੂੰ ਦੱਸਿਆ ਗਿਆ ਕਿ ਚਾਲੂ ਹੋਣ ਬਾਰੇ ਪਿੰਡ ਵਿਚ ਚੌਂਕੀਦਾਰ ਮੁਨਿਆਦੀ ਕਰੇਗਾ। ਰੇਡੀਓ ਕਮਰੇ ਅੰਦਰ ਰੱਖਿਆ ਗਿਆ ਅਤੇ ਸਪੀਕਰ ਮਜ਼ਬੂਤੀ ਨਾਲ ਬਨੇਰੇ 'ਤੇ ਟਿਕਾਅ ਦਿੱਤਾ ਗਿਆ। ਇਕ ਦਿਨ ਮਕੈਨਿਕ ਚਾਲੂ ਕਰਕੇ ਵਿਖਾ ਗਿਆ ਅਤੇ ਆਕਾਸ਼ਵਾਣੀ ਜਲੰਧਰ ਦੇ ਨਿਸ਼ਾਨ 'ਤੇ ਸੈੱਟ ਕਰ ਗਿਆ। ਉਸੇ ਦਿਨ ਰਾਤ ਵੇਲੇ ਚੌਂਕੀਦਾਰ ਨੇ ਸਾਰੇ ਪਿੰਡ ਵਿਚ ਮੁਨਿਆਦੀ ਕਰਕੇ ਅਗਲੇ ਦਿਨ ਤੋਂ ਰੇਡੀਓ ਚਾਲੂ ਹੋਣ ਅਤੇ ਸ਼ਾਮ ਸਾਢੇ ਛੇ ਵਜੇ ਪ੍ਰੋਗਰਾਮ ਸ਼ੁਰੂ ਹੋਣ ਬਾਰੇ ਜਾਣਕਾਰੀ ਦਿੱਤੀ ਸੀ।

ਅਗਲੇ ਦਿਨ ਛੇ ਵਜੇ ਹੀ ਸਾਡੀ ਬੈਠਕ ਮੂਹਰੇ ਰੌਣਕ ਲੱਗ ਗਈ ਸੀ। ਲੋਕੀਂ ਰੇਡੀਓ ਨੂੰ ਵਾਰ-ਵਾਰ ਛੂਹ ਕੇ ਵੇਖ ਰਹੇ ਸਨ। ਰੇਡੀਓ ਆੱਨ ਕੀਤਾ ਤਾਂ ਆਕਾਸ਼ਵਾਣੀ ਜਲੰਧਰ ਤੋਂ ਪੇਸ਼ ਹੈ ਦਿਹਾਤੀ ਪ੍ਰੋਗਰਾਮ ਦੀ ਆਵਾਜ਼ ਆਈ ਤਾਂ ਸਭ ਦੇ ਚਿਹਰੇ ਖਿੜ ਗਏ।

ਦਿਹਾਤੀ ਪ੍ਰੋਗਰਾਮ ਸ਼ੁਰੂ ਹੁੰਦਿਆਂ ਹੀ ਆਵਾਜ਼ ਆਈ। ਰੁਲੀਆ ਰਾਮ ਜੀ ਬੋਲੇ, 'ਠੰਡੂ ਰਾਮ ਜੀ ਲੰਘ ਆਉ। ਗੱਲਬਾਤ ਦਾ ਢੰਗ ਬਹੁਤ ਹੀ ਦਿਲ ਨੂੰ ਛੂਹਣ ਵਾਲਾ ਅਤੇ ਦਿਲਚਸਪ, ਠੇਠ ਪੰਜਾਬੀ। ਸੁਣਨ ਵਾਲਿਆਂ ਨੂੰ ਮੋਹ ਲੈਂਦਾ ਸੀ। ਪਹਿਲੇ ਦਿਨ ਤੋਂ ਹੀ ਪਿੰਡ ਦੇ ਲੋਕੀਂ ਪ੍ਰੋਗਰਾਮ ਵਿਚ ਹੁੰਦੀ ਗੱਲਬਾਤ ਦੇ ਮੁਰੀਦ ਹੋ ਗਏ ਸਨ। ਖੇਤੀ ਬਾਰੇ ਦੱਸੇ ਜਾਂਦੇ ਢੰਗ-ਤਰੀਕੇ ਜਾਂ ਕੋਈ ਹੋਰ ਜਾਣਕਾਰੀ, ਉਹ ਬਹੁਤ ਹੀ ਧਿਆਨ ਨਾਲ ਸੁਣਦੇ ਸਨ। ਆਸਾ ਸਿੰਘ ਮਸਤਾਨਾ, ਸੁਰਿੰਦਰ ਕੌਰ, ਗੁਰਮੀਤ ਬਾਵਾ, ਅਮਰਜੀਤ ਗੁਰਦਾਸਪੁਰੀ ਅਤੇ ਹੋਰ ਗਾਇਕਾਂ ਦੇ ਗੀਤਾਂ ਨੇ ਪਿੰਡ ਵਾਲਿਆਂ ਨੂੰ ਮੋਹ ਲਿਆ ਸੀ। ਅਗਲੇ 24 ਘੰਟਿਆਂ ਵਿਚ ਰਹਿਣ ਵਾਲੇ ਮੌਸਮ ਦਾ ਹਾਲ ਵੀ ਉਹ ਪੂਰੇ ਧਿਆਨ ਨਾਲ ਸੁਣਦੇ।

ਪੰਚਾਇਤੀ ਰੇਡੀਓ ਨੇ ਉਸ ਵੇਲੇ ਪਿੰਡਾਂ ਵਿਚ ਜਾਗਰੂਕਤਾ ਦੀ ਇਕ ਨਵੀਂ ਕ੍ਰਾਂਤੀ ਲੈ ਆਂਦੀ ਸੀ। ਲੋਕੀਂ ਆਪਣੇ-ਆਪ ਨੂੰ ਆਪਣੇ ਦੇਸ਼ ਨਾਲ ਜੁੜੇ ਮਹਿਸੂਸ ਕਰਨ ਲੱਗੇ ਸਨ। ਦਿਹਾਤੀ ਪ੍ਰੋਗਰਾਮ ਸੁਣਨ ਮਗਰੋਂ ਖ਼ਬਰਾਂ ਸੁਣਨਾ ਵੀ ਉਨ੍ਹਾਂ ਦੀ ਆਦਤ ਬਣ ਗਈ ਸੀ। ਠੰਡੂ ਰਾਮ, ਰੁਲੀਆ ਰਾਮ, ਮਾਸਟਰ ਜੀ, ਚਾਚਾ ਕੁੰਮੇਦਾਨ, ਭਾਈਆ ਜੀ, ਰੌਣਕੀ ਰਾਮ ਦੀਆਂ ਗੱਲਾਂ ਅਤੇ ਨੋਕ-ਝੋਕ ਲੋਕਾਂ ਨੂੰ ਹਸਾਉਂਦੀ ਵੀ ਸੀ ਤੇ ਅਰਥ-ਭਰਪੂਰ ਸੁਨੇਹਾ ਵੀ ਦਿੰਦੀ ਸੀ। ਰੇਡੀਓ 'ਤੇ ਰੋਜ਼ਾਨਾ ਆਉਂਦੇ ਇਸ ਦਿਹਾਤੀ ਪ੍ਰੋਗਰਾਮ ਨੇ ਪਿੰਡਾਂ ਵਿਚ ਇਕ ਸੱਥ ਵੀ ਕਾਇਮ ਕਰ ਦਿੱਤੀ ਸੀ। ਜੇਕਰ ਇਹ ਕਿਹਾ ਜਾਵੇ ਕਿ ਇਸ ਪ੍ਰੋਗਰਾਮ ਸਦਕਾ ਹੀ ਪਿੰਡਾਂ ਦੇ ਲੋਕਾਂ ਵਿਚ ਆਪਸੀ ਸਾਂਝ ਨੂੰ ਹੋਰ ਮਜ਼ਬੂਤ ਕਰ ਦਿੱਤਾ ਸੀ। ਇਸ ਪ੍ਰੋਗਰਾਮ ਨੇ ਲੋਕਾਂ ਅੰਦਰ ਨਵੀਂ ਰੂਹ ਫੂਕ ਦਿੱਤੀ ਸੀ। ਪ੍ਰੋਗਰਾਮ ਖ਼ਤਮ ਹੋਣ ਤੋਂ ਬਾਅਦ ਵੀ ਲੋਕੀਂ ਕਿੰਨਾ-ਕਿੰਨਾ ਚਿਰ ਉਥੇ ਬੈਠੇ ਗੱਲਾਂ ਕਰਦੇ ਰਹਿੰਦੇ ਸਨ। ਰਾਜਕੁਮਾਰ ਤੁਲੀ ਨੇ ਲੰਬਾ ਸਮਾਂ ਦੇਹਾਤੀ ਪ੍ਰੋਗਰਾਮ ਵਿਚ ਕੰਮ ਕੀਤਾ। ਅੱਜ ਕੱਲ੍ਹ ਸਰਬਜੀਤ ਰਿਸ਼ੀ, ਦਨੇਸ਼ ਗਰੇਵਾਲ, ਗੁਰਵਿੰਦਰ ਸਿੰਘ ਸੰਧੂ, ਤੇਜਪਾਲ ਸਿੰਘ, ਨਰੇਸ਼ ਗੁਲਾਟੀ ਦਿਹਾਤੀ ਪ੍ਰੋਗਰਾਮ ਵਿਚ ਸੇਵਾਵਾਂ ਨਿਭਾਅ ਰਹੇ ਹਨ।

ਜਲੰਧਰ ਰੇਡੀਓ ਸਟੇਸ਼ਨ ਨਾਲ ਮੇਰਾ ਲੰਮਾ ਸਮਾਂ ਵਾਹ ਰਿਹਾ ਹੈ। ਮੈਂ ਪਹਿਲੀ ਵਾਰ ਸਤੰਬਰ 1974 ਵਿਚ ਇਕ ਪ੍ਰੋਗਰਾਮ ਵਿਚ ਕਵਿਤਾਵਾਂ ਪੜ੍ਹੀਆਂ ਸਨ ਤੇ ਮੈਨੂੰ ਉਦੋਂ 6 ਮਿੰਟਾਂ ਦੇ 36 ਰੁਪਏ ਮਿਲੇ ਸਨ। ਉਸ ਮਗਰੋਂ 1989 ਵਿਚ ਪਹਿਲੀ ਵਾਰ ਮੈਨੂੰ ਰੇਡੀਓ ਤੋਂ 10 ਮਿੰਟਾਂ ਦੀ ਵਾਰਤਕ ਪੇਸ਼ ਕਰਨ ਦਾ ਪ੍ਰੋਗਰਾਮ ਮਿਲਿਆ ਸੀ। ਉਸ ਤੋਂ ਬਾਅਦ 2015 ਤੀਕ ਮੈਨੂੰ ਨਿਰੰਤਰ ਵਾਰਤਕ ਦਾ ਪ੍ਰੋਗਰਾਮ ਮਿਲਦਾ ਰਿਹਾ ਸੀ। ਇਹ ਪ੍ਰੋਗਰਾਮ ਦਿਹਾਤੀ ਪ੍ਰੋਗਰਾਮ ਲਈ ਹੀ ਹੁੰਦਾ ਸੀ। ਇਨ੍ਹਾਂ ਸਾਲਾਂ ਦੌਰਾਨ ਰੇਡੀਓ ਨਾਲ ਬਹੁਤ ਹੀ ਪੀਡੀ ਸਾਂਝ ਬਣ ਗਈ ਸੀ, ਜਿਹੜੀ ਅੱਜ ਵੀ ਕਾਇਮ ਹੈ।

ਇਕ ਦਿਲਚਸਪੀ ਵਾਲੀ ਗੱਲ ਵੀ ਇਥੇ ਦੱਸਣਾ ਚਾਹੁੰਦਾ ਹਾਂ। ਪਿੰਡ ਵਿਚ ਅਜੇ ਪੰਚਾਇਤੀ ਰੇਡੀਓ ਨਹੀਂ ਸੀ ਆਇਆ। ਇਕ ਦਿਨ ਅਸੀਂ ਪਿੰਡੋਂ ਬਾਹਰ ਖੇਡ ਰਹੇ ਸਾਂ। ਸਾਡੇ ਪਿੰਡ ਤੋਂ ਥੋੜ੍ਹੀ ਦੂਰ ਪੈਂਦੇ ਅਗਲੇ ਪਿੰਡ ਜਾਣ ਲਈ ਇਕ ਫ਼ੌਜੀ ਉੱਥੋਂ ਲੰਘਿਆ। ਉਹਨੇ ਆਪਣਾ ਛੋਟਾ ਰੇਡੀਓ ਖੱਬੀ ਬਾਂਹ ਵਿਚ ਫੜਿਆ ਹੋਇਆ ਸੀ। ਰੇਡੀਓ 'ਤੇ ਗਾਣੇ ਵੱਜ ਰਹੇ ਸਨ। ਅਸੀਂ ਬਹੁਤ ਹੈਰਾਨ ਹੋਏ ਅਤੇ ਗਾਣੇ ਸੁਣਦੇ ਉਸਦੇ ਪਿੱਛੇ-ਪਿੱਛੇ ਤੁਰ ਪਏ ਅਤੇ ਉਸਦੇ ਪਿੰਡ ਦੀ ਜੂਹ ਤੀਕ ਪੁੱਜ ਕੇ ਹੀ ਵਾਪਸ ਪਰਤੇ ਸਾਂ। ਸਾਡੇ ਲਈ ਇਹ ਬਹੁਤ ਅਜੀਬ ਵਰਤਾਰਾ ਸੀ। ਅਸੀਂ ਆਪਣੇ ਘਰ ਆ ਕੇ ਦੱਸਿਆ ਤਾਂ ਉਹ ਵੀ ਬਹੁਤ ਹੈਰਾਨ ਹੋਏ ਸਨ।

ਰੇਡੀਓ ਨਾਲ ਜੁੜੀ ਇਕ ਹੋਰ ਗੱਲ ਵੀ ਚੇਤੇ ਆ ਗਈ। ਉਨ੍ਹਾਂ ਦਿਨਾਂ ਵਿਚ ਰੇਡੀਓ ਲਈ ਲੋਕਾਂ ਵਿਚ ਖਿੱਚ ਪੈਦਾ ਹੋ ਗਈ ਸੀ। ਮੇਰੇ ਵੱਡੇ ਭਰਾ ਨੂੰ ਉਨ੍ਹਾਂ ਦਿਨਾਂ ਵਿਚ ਹੀ ਬੀ.ਏ. ਕਰਨ ਤੋਂ ਬਾਅਦ ਦਿੱਲੀ ਵਿਚ ਨੌਕਰੀ ਮਿਲ ਗਈ ਸੀ। ਉਹ ਜਦੋਂ ਦੋ ਮਹੀਨੇ ਮਗਰੋਂ ਪਿੰਡ ਆਇਆ ਤਾਂ ਇਕ ਟਰਾਂਜਿਸਟਰ (ਰੇਡੀਓ) ਨਾਲ ਲੈ ਕੇ ਆਇਆ। ਰੇਡੀਓ ਨਾਲ ਖ਼ੂਬ ਰੌਣਕਾਂ ਲੱਗੀਆਂ। ਇਕ ਦਿਨ ਬੈਠਕ ਵਿਚ ਪਿਆ ਇਹ ਰੇਡੀਓ ਕੋਈ ਚੁੱਕ ਕੇ ਲੈ ਗਿਆ। ਜਿਸ 'ਤੇ ਸ਼ੱਕ ਸੀ, ਉਹ ਸਾਫ਼ ਮੁੱਕਰ ਗਿਆ ਸੀ ਕਿ ਉਸਨੇ ਨਹੀਂ ਚੁੱਕਿਆ। ਮੇਰੇ ਤਾਇਆ ਜੀ ਉਦੋਂ ਸਰਪੰਚ ਸਨ ਅਤੇ ਉਨ੍ਹਾਂ ਦੀ ਸਰਕਾਰੇ-ਦਰਬਾਰੇ ਚੱਲਦੀ ਵੀ ਬਹੁਤ ਸੀ। ਉਨ੍ਹਾਂ ਥਾਣੇ ਚੋਰੀ ਦੀ ਰਿਪੋਰਟ ਕਰਵਾਉਣ ਦੀ ਧਮਕੀ ਦਿੱਤੀ ਅਤੇ ਉਹ ਇਹ ਆਖ ਕੇ ਚਲੇ ਗਏ। ਪਰ ਉਹ ਥਾਣੇ ਨਹੀਂ ਸਨ ਗਏ ਅਤੇ ਕਾਫ਼ੀ ਦੇਰ ਮਗਰੋਂ ਫਿਰ ਘਰ ਪਰਤ ਆਏ। ਉਨ੍ਹਾਂ ਨੂੰ ਜਿਸ ਬੰਦੇ 'ਤੇ ਸ਼ੱਕ ਸੀ, ਉਸ ਬਾਰੇ ਉਹ ਇਹ ਵੀ ਜਾਣਦੇ ਸਨ ਕਿ ਉਹ ਡਰਪੋਕ ਵੀ ਹੈ, ਇਸ ਲਈ ਉਹ ਕਿਤੇ ਨੇੜੇ-ਤੇੜੇ ਰੱਖ ਵੀ ਸਕਦਾ ਹੈ। ਉਨ੍ਹਾਂ ਉਸ ਬੰਦੇ ਨੂੰ ਸੁਣਾ ਕੇ ਆਖਿਆ ਕਿ ਪੁਲਿਸ ਆ ਰਹੀ ਹੈ। ਪਰ ਉਸ ਬੰਦੇ ਨੇ ਤਾਇਆ ਜੀ ਦੇ ਜਾਣ ਤੋਂ ਬਾਅਦ ਹੀ ਉਹ ਰੇਡੀਓ ਲਾਗੇ ਪਈਆਂ ਪਾਥੀਆਂ ਵਿਚ ਲੁਕਾ ਕੇ ਰੱਖ ਦਿੱਤਾ ਸੀ। ਕਿਸੇ ਨੇ ਉਸ ਨੂੰ ਟਰਾਂਜਿਸਟਰ ਰੱਖਦਿਆਂ ਵੇਖ ਲਿਆ ਸੀ ਤੇ ਉਸ ਨੂੰ ਦੱਸ ਵੀ ਦਿੱਤਾ। ਟਰਾਂਜਿਸਟਰ ਪਾਥੀਆਂ ਵਿਚ ਪਿਆ ਸੀ।

ਮੋਬਾ. 98784-47635



ਕਹਾਣੀ

ਰਘਬੀਰ ਸਿੰਘ ਮਾਨ

ਬੜ੍ਹਕਾਂ ਤਾਂ ਮਾਰਨਗੇ ਈ...

ਕੇਵਲ ਸਿੰਘ ਦੀ ਸਰਦਾਰਨੀ ਸੀਤਲ ਕੌਰ ਦੇ ਮੂੰਹੋਂ ਗੱਲ ਸੁਣ, ਵੈਟਰਨਰੀ ਡਾਕਟਰ ਬਲਰਾਜ ਉਰਫ਼ ਡਾਕਟਰ ਬਾਲੀ ਹੈਰਾਨ ਹੋਇਆ। ਪਲ ਦੀ ਪਲ ਉਹਨੂੰ ਕੋਈ ਜੁਆਬ ਨਾ ਅਹੁੜਿਆ।

ਕੋਠੀ ਦੇ ਗੇਟ 'ਤੇ ਖੜ੍ਹੇ ਡਾਕਟਰ ਨੇ ਕੇਵਲ ਦੀ ਹਵੇਲੀ 'ਚ ਨਜ਼ਰ ਮਾਰੀ। ਖੁਰਲੀ ਨਾਲ ਬੱਝੀਆਂ ਮੱਝਾਂ, ਬੂਥੀਆਂ ਉੱਪਰ ਚੁੱਕ ਡਰੀਆਂ ਜਿਹੀਆਂ, ਉਹਦੇ ਵੱਲ ਵੇਖ ਰਹੀਆਂ ਸਨ। ਡਾਕਟਰ ਨੇ ਖੜ੍ਹੇ-ਖੜ੍ਹੇ ਕੇਵਲ ਸਿੰਘ ਨੂੰ ਫੋਨ ਮਿਲਾਇਆ। ਉਸ ਨੇ ਵੀ ਓਹੀ ਕਿਹਾ, ਜੋ ਸੀਤਲ ਕੌਰ ਨੇ ਕਿਹਾ ਸੀ।

"ਠੀਕ ਐ, ਫੇਅ ਮੈਂ ਦਾਦੂਵਾਲ ਹੋ ਆਵਾਂ।" ਫੋਨ ਬੰਦ ਕਰ ਉਹਨੇ ਸੀਤਲ ਕੌਰ ਨੂੰ ਕਿਹਾ। ਫਿਰ ਮੋਟਰ ਸਾਈਕਲ ਨੂੰ ਕਿੱਕ ਮਾਰੀ। "ਹਾਕਮ ਸੌਂਅ ਦੀ ਵਲੈਤੀ ਗਾਂ ਰਾਤੀਂ ਸੂਈ ਸੀ। ਜੇਰ ਨ੍ਹੀਂ ਪਾਈ। ਉਹਨੂੰ ਦੇਖ ਆਵਾਂ। ਮੁੜਦੀ ਵਾਰੀ ਥੁਆਡੇ ਵੱਲ ਆਊਂਗਾ। ਉਦੋਂ ਤੱਕ ਭਈਆ ਵੀ ਪੱਠੇ ਲੈ ਕੇ ਆ ਜਾਊਗਾ।"

ਸੀਤਲ ਕੌਰ ਅੰਦਰ ਨੂੰ ਮੁੜ ਗਈ।

ਡਾਕਟਰ ਬਾਲੀ ਨੇ ਮੋਟਰ ਸਾਈਕਲ ਦਾਦੂਵਾਲ ਦੀ ਸੜਕੇ ਪਾ ਲਿਆ। ਸੜਕ ਥਾਂ-ਥਾਂ ਤੋਂ ਬੁਰੀ ਤਰ੍ਹਾਂ ਟੁੱਟੀ ਹੋਈ ਸੀ। ਮੋਟਰ ਸਾਈਕਲ, ਠਿੱਬਲ਼ ਠੋਲ਼ਿਆਂ ਵਿਚੀਂ ਹੁਜਕੇ ਖਾਂਦਾ ਹੌਲੀ-ਹੌਲੀ ਜਾ ਰਿਹਾ ਸੀ।

'ਦੁਨੀਆ ਬਦਲ ਗਈ, ਪਿੰਡ ਬਦਲ ਗਏ। ਲੋਕ ਬਦਲ ਗਏ। ਪਿੰਡਾਂ ਦੀਆਂ ਸੜਕਾਂ ਦੀ ਕਿਸਮਤ ਨ੍ਹੀਂ ਬਦਲੀ...।' ਡਾਕਟਰ ਬਾਲੀ ਗੁੱਸੇ 'ਚ ਬੁੜਬੁੜਾਇਆ। 'ਸਹੀ ਮਿਕਦਾਰ ਵਿਚ ਲੁੱਕ ਪਾਈ ਹੁੰਦੀ ਤਾਂ ਸੜਕ ਕਾਹਨੂੰ ਲੀਰੋ-ਲੀਰ ਹੁੰਦੀ। ਕੋਈ ਲੀਡਰ ਲੁੱਕ ਵੇਚੀ ਜਾਂਦਾ। ਕੋਈ ਚਾਰਾ। ਕੋਈ ਸੀਮਿੰਟ। ਕੋਈ ਕੋਲਾ। ਕੋਈ ਦਰਿਆਵਾਂ ਦੀ ਰੇਤ...।' ਫਿਰ ਉਸ ਹਾਉਕਾ ਜਿਹਾ ਲੈ ਆਪਣੇ-ਆਪ ਨੂੰ ਕਿਹਾ, 'ਡਾਕਟਰਾ, ਦੇਖ ਲਈਂ...ਇਹ ਭੁੱਖੇ ਲੀਡਰ, ਕਿਸੇ ਦਿਨ ਨੂੰ ਮੁਲਕ ਵੀ ਵੇਚ ਦੇਣਗੇ।'

ਡਾਕਟਰ ਬਾਲੀ, ਹੁਣ ਸੇਵਾ ਮੁਕਤ ਹੋ ਚੁੱਕਿਆ ਸੀ। ਨੌਕਰੀ ਵੇਲੇ, ਸਰਕਾਰੀ ਡਿਊਟੀ ਵਿਚੋਂ ਫਰਲੋ ਮਾਰ, ਉਹ ਪਸ਼ੂਆਂ ਦਾ ਪ੍ਰਾਈਵੇਟ ਤੌਰ 'ਤੇ ਇਲਾਜ ਕਰਨ ਪਿੰਡੋ-ਪਿੰਡ ਘੁੰਮਦਾ। ਜ਼ਿਮੀਂਦਾਰਾਂ ਤੋਂ ਠੋਕ ਕੇ ਪੈਸੇ ਲੈਂਦਾ। ਕਿਸੇ ਨਾਲ ਲਿਹਾਜ਼ ਨਾ ਕਰਦਾ। ਪ੍ਰਾਈਵੇਟ ਕੰਮ ਕਰਕੇ ਤਨਖਾਹ ਜਿੰਨੇ ਪੈਸੇ ਉਪਰੋਂ ਈ ਕਮਾਅ ਲੈਂਦਾ। ਹੁਣ ਸੇਵਾ-ਮੁਕਤ ਹੋ ਕੇ, ਨੌਕਰੀ ਵੇਲੇ ਤੋਂ ਵੀ ਵੱਧ ਰਫ਼ਤਾਰ ਨਾਲ, ਉਹ ਪਿੰਡੋ-ਪਿੰਡ ਪਸ਼ੂਆਂ ਦਾ ਇਲਾਜ ਕਰਦਾ ਫਿਰਦਾ। ਸਭ ਜੱਟ-ਜ਼ਿਮੀਂਦਾਰ ਉਹਨੂੰ ਲਾਲਚੀ ਕਹਿੰਦੇ।

"ਮੋਟੂ ਡਾਕਟਰ ਨੂੰ ਰੱਜ ਨ੍ਹੀਂ ਆਉਣਾ। ਦੇਖ ਕਿਮੇਂ ਦੌੜ ਲੱਗੀ ਐ ਏਹਦੀ।" ਖੂਹਾਂ ਦੇ ਕੱਚਿਆਂ ਰਸਤਿਆਂ 'ਤੇ ਧੂੜਾਂ ਉਡਾਉਂਦੇ ਜਾਂਦੇ ਉਹਦੇ ਮੋਟਰ ਸਾਇਕਲ ਨੂੰ ਦੇਖ ਕੇ ਕੋਈ ਜੱਟ ਆਖਦਾ।

"ਹੁਣ ਤਾਂ ਪੈਸੇ ਰੋਲਦਾ ਆ ਏਹੇ। ਕਹਿੰਦੇ ਨਿਆਣੇ ਵੀ ਬਾਹਰਲੇ ਮੁਲਕ 'ਚ ਸੈੱਟ ਕਰ ਲਏ ਏਹਨੇ। ਰਟੈਰ ਹੋ ਕੇ ਪੈਨਸ਼ਨ ਵੀ ਮਿਲਦੀ ਹੋਊ। ਦੁਆਈਆਂ ਵੀ ਧੱਕੇ ਨਾਲ ਵੇਚੀ ਜਾਂਦਾ। ਫੇਅ ਵਨੀਂ ਰੱਜ...। ਬੜਾ ਬੇਸਬਰਾ। ਕਿਸੇ ਨਾਲ ਨਿੱਕੇ ਪੈਸੇ ਦਾ ਲਿਹਾਜ਼ ਨ੍ਹੀਂ ਕਰਦਾ।" ਹਰੇਕ ਉਹਦੇ 'ਤੇ ਰਸ਼ਕ ਕਰਦਾ।

ਸ਼ੁਰੂ-ਸ਼ੁਰੂ ਵਿਚ ਉਹਦੇ ਕੋਲ ਸਕੂਟਰ ਸੀ। ਫੇਰ ਉਹਨੇ ਲਾਲ ਰੰਗ ਦਾ ਸੀ.ਡੀ. ਹੰਡਰਡ ਐੱਸ.ਐੱਸ. ਹੀਰੋ ਹੋਂਡਾ ਮੋਟਰ ਸਾਇਕਲ ਲੈ ਲਿਆ। 'ਇਹ ਸਕੂਟਰ ਨਾਲੋਂ, ਪਟਰੌਲ ਘੱਟ ਖਾਂਦਾ। ਬੜਾ ਸੁੱਖ ਐ ਇਹਦਾ।' ਉਹ ਸਭ ਨੂੰ ਏਹੀ ਤਰਕ ਦਿੰਦਾ। ਮੋਟਰ ਸਾਈਕਲ 'ਤੇ ਦਵਾਈਆਂ ਵਾਲੀ ਕਿੱਟ ਰੱਖਣ ਦੀ ਮੁਸ਼ਕਲ ਆਈ ਤਾਂ ਉਹਨੇ ਵੱਡਾ ਸਾਰਾ ਕਾਲ਼ੇ ਰੰਗ ਦਾ ਬੈਗ ਮੋਢਿਆਂ 'ਚ ਪਾ ਪਿੱਠ ਪਿੱਛੇ ਲਾ ਲਿਆ।

ਇਕ ਤਾਂ ਡਾਕਟਰ ਬਾਲੀ ਦਾ ਇਲਾਜ ਮਹਿੰਗਾ ਸੀ, ਦੂਜਾ ਉਹ ਪੈਸੇ ਪੱਖੋਂ ਬਹੁਤ ਅੱਕਰਾ ਸੀ। ਜੇ ਕਿਸੇ ਜ਼ਿਮੀਂਦਾਰ ਨੇ ਉਹਦੇ ਨਾਲ ਉਧਾਰ ਕੀਤਾ ਹੁੰਦਾ, ਮੰਗਣ ਲੱਗਾ ਨਾ ਸੰਗਦਾ, ਝੱਟ ਚਿਤਾਰ ਦਿੰਦਾ। ਇਸੇ ਕਰਕੇ ਪਹਿਲਾਂ ਤਾਂ ਜ਼ਿਮੀਂਦਾਰ ਇਹਨੂੰ ਸੱਦਦੇ ਹੀ ਨਾ। ਪਰ ਜਦੋਂ ਬੇਵਾਹ ਹੋ ਜਾਂਦੀ, ਕੋਈ ਚਾਰਾ ਨਾ ਬਚਦਾ ਫਿਰ ਉਹਨੂੰ ਸੱਦਣਾ ਈ ਪੈਂਦਾ।

"ਹੈ ਤਾਂ ਏਦ੍ਹਾ ਅਲਾਜ ਮਹਿੰਗਾ ਈ...। ਪਰ ਪਸ਼ੂ ਨੂੰ ਨੌ-ਬਰ-ਨੌ ਕਰ ਦਿੰਦਾ।"

"ਡਾਕਟਰੀ ਤਾਂ ਏਦ੍ਹੀ ਸਿਆਣੀ ਐ। ਪਰ ਲਾਲਚੀ ਬੜਾ। ਛਿੱਲ ਬਹੁਤ ਲੌਂਹਦਾ। ਬਿੱਲ ਵੱਡਾ ਬਣਾਉਣ ਲਈ, ਪਸ਼ੂ ਦੇ ਟੀਕੇ ਈ ਠੋਕੀ ਜਾਊ। ਕਦੀ ਤਾਕਤ ਦਾ ਟੀਕਾ, ਕਦੀ ਠੰਡਾ ਟੀਕਾ, ਕਦੀ ਦੁੱਧ ਵਧਾਉਣ ਦਾ ਟੀਕਾ, ਕਦੀ ਬੱਚੇਦਾਨੀ ਸਾਫ਼ ਕਰਨ ਦਾ ਟੀਕਾ ਤੇ ਕਦੀ ਭੁੱਖ ਲੱਗਣ ਦਾ ਟੀਕਾ...। ਸਾਨੂੰ ਕਿਹੜਾ ਪਤਾ, ਚਾਹੇ ਪਾਣੀਆਂ ਦੀਆਂ ਸਰਿੰਜਾਂ ਈ ਭਰ-ਭਰ ਲਾਈ ਜਾਏ।" ਸਾਰੇ ਉਹਦੇ ਲਾਲਚੀ ਸੁਭਾਅ ਦਾ ਰੋਣਾ ਰੋਂਦੇ।

ਜੇ ਕੋਈ ਮੱਝ-ਗਾਂ ਜੇਰ ਨਾ ਪਾਉਂਦੀ ਤਾਂ ਜੇਰ ਕੱਢਣ ਦੇ ਪੰਦਰਾਂ ਸੌ ਰੁਪਏ ਲੈਂਦਾ। ਫਿਰ ਦੋ ਦਿਨ ਬੱਚੇਦਾਨੀ ਦੀ ਸਫ਼ਾਈ ਵਾਲੀ ਦਵਾਈ ਭਰਦਾ। ਟੀਕੇ ਵੀ ਲਾਉਂਦਾ ਤੇ ਵੱਡੀਆਂ-ਵੱਡੀਆਂ ਗੋਲ਼ੀਆਂ ਵੀ ਦਿੰਦਾ। ਉਨ੍ਹਾਂ ਦੇ ਵੱਖਰੇ ਪੈਸੇ ਲੈਂਦਾ।

ਨੱਥੇਆਲ਼ ਦਾ ਦੇਬੂ ਛੋਟਾ ਕਿਸਾਨ ਸੀ। ਮੂੰਹ ਬੰਨ੍ਹ ਕੇ ਗੁਜ਼ਾਰਾ ਕਰਦਾ। ਥੋੜ੍ਹੀ ਜਿਹੀ ਖੇਤੀ ਦੇ ਨਾਲ-ਨਾਲ, ਉਸ ਦੋ ਜਰਸੀ ਗਊਆਂ ਤੇ ਦੋ ਮੱਝਾਂ ਰੱਖੀਆਂ ਹੋਈਆਂ ਸਨ। ਦੁੱਧ ਵੇਚਦਾ ਤੇ ਘਰ ਦਾ ਲੂਣ-ਤੇਲ ਤੋਰਦਾ।

ਇਕ ਵਾਰੀ ਦੇਬੂ ਦਾ ਡਾਕਟਰ ਬਾਲੀ ਨਾਲ ਵਾਹ ਪੈ ਗਿਆ।

ਉਹਦੀ ਜਰਸੀ ਗਾਂ ਨੇ ਸੂਅ ਕੇ ਜੇਰ ਨਾ ਪਾਈ। ਜੇਰ ਪਵਾਉਣ ਲਈ ਦੇਬੂ, ਦੇਸੀ ਓਹੜ-ਪੋਹੜ ਕਰਦਾ ਰਿਹਾ ਤਾਂ ਕਿ ਡਾਕਟਰ ਨੂੰ ਨਾ ਈ ਸੱਦਣਾ ਪਵੇ। ਜਿੱਦਾਂ ਕਿਸੇ ਦੱਸਿਆ, ਦੇਬੂ ਓਦਾਂ ਈ ਕੀਤਾ। ਸੂਣ ਤੋਂ ਤੁਰੰਤ ਬਾਅਦ ਘਿਓ 'ਚ ਬਣੀ ਚੂਰੀ ਵੀ ਦਿੱਤੀ। ਜਦੋਂ ਜੇਰ ਨਾ ਤੁਰੀ ਤਾਂ ਕੰਗਰੋੜ ਤੇ ਦੇਸੀ ਘਿਓ ਲਾ ਕੇ ਲੂਣ ਪਾਇਆ। ਦੁੱਧ ਉਤਾਰਨ ਵਾਲਾ ਟੀਕਾ ਵੀ ਲਾਇਆ। ਕਿਸੇ ਨੇ ਕਮਾਦੀ ਦੇ ਸੱਜਰੇ ਆਗ ਪਾਉਣ ਲਈ ਕਿਹਾ। ਉਹ ਵੀ ਪਾਏ ਪਰ ਤਰਕਾਲਾਂ ਦੀ ਸੂਈ ਗਾਂ ਨੇ ਸਵੇਰ ਤੱਕ ਵੀ ਜੇਰ ਨਾ ਪਾਈ। ਦੇਬੂ ਪ੍ਰੇਸ਼ਾਨ ਹੋ ਗਿਆ।

"ਗਾਂ ਦੀ ਜੇਰ ਨ੍ਹੀਂ ਪੈਣੀ। ਮੈਂ ਦੇਖ ਲਈ ਆ। ਡਾਕਟਰ ਬਾਲੀ ਨੂੰ ਸੱਦ। ਜੇਰ ਕਢਾਅ ਲੈ। ਨਹੀਂ ਅੰਦਰ ਜ਼ਹਿਰ ਫੈਲ ਜਾਊ।" ਲਾਗਲੇ ਖੂਹ ਵਾਲਾ ਜੀਤਾ ਸਿਹੁੰ ਦੇਬੂ ਕੋਲ ਆਇਆ ਤਾਂ ਉਸ ਕਿਹਾ।

"ਹੁਣ ਤੱਕ ਤਾਈਂ ਤਾਂ ਜੇਰ ਪੈ ਜਾਣੀ ਚਾਹੀਦੀ ਸੀ। ਏਹਦੇ ਅੰਦਰ ਕੋਈ ਤਕਲੀਫ਼ ਐ। ਬੈਠੇ ਕਾਸ ਨੂੰ ਆਂ ? ਡੰਗਰ ਡਾਕਟਰ ਨੂੰ ਸੱਦੋ ਛੇਤੀ। ਕਿਤੇ ਆਪਾਂ ਬੇਜ਼ਬਾਨੀ ਤੋਂ ਹੱਥ ਨਾ ਧੋ ਬੈਠੀਏ। ਆਪਣਾ ਲੂਣ-ਤੇਲ ਤੋਂ ਇਨ੍ਹਾਂ ਵਿਚਾਰੀਆਂ ਸਿਰੋਂ ਤੁਰਦਾ।" ਦੇਬੂ ਦੀ ਘਰਵਾਲੀ ਛਾਹ ਵੇਲਾ ਲੈ ਕੇ ਆਈ। ਗਾਂ ਵੱਲ ਦੇਖ ਉਹਦੇ ਕਾਲਜੇ ਹੌਲ਼ ਪਿਆ।

ਦੇਬੂ ਜੱਕੋ-ਤੱਕੋ ਵਿਚ ਪੈ ਗਿਆ। ਡੁੱਬਦੀਆਂ ਗੱਲਾਂ ਸੁਣ, ਉਸ ਸਾਈਕਲ ਚੁੱਕਿਆ ਤੇ ਸਰਹਾਲੀ, ਸਲੋਤਰਖਾਨੇ ਨੂੰ ਵੱਗ ਗਿਆ। ਦੇਬੂ ਦੀ ਘਰ ਆਲ਼ੀ ਗਾਂ ਦੀ ਰਾਖੀ ਬੈਠ ਗਈ।

ਡਾਕਟਰ ਨੇ ਸਰਕਾਰੀ ਡਿਊਟੀ ਤੋਂ ਬਾਅਦ ਦੁਪਹਿਰੇ ਆਉਣ ਦਾ ਕਿਹਾ।

"ਜਿੰਨਾ ਮਰਜ਼ੀ ਧਿਆਨ ਨਾਲ ਜੇਰ ਕੱਢ ਦੇਈਏ। ਫੇਅ ਵੀ ਕੋਈ ਨਾ ਕੋਈ ਲੜ ਅੰਦਰ ਰਹਿ ਜਾਂਦਾ।" ਡਾਕਟਰ ਬਾਲੀ ਨੇ ਆਪਣੇ ਵੱਲੋਂ ਜੇਰ ਦਾ ਆਖ਼ਰੀ ਲੜ ਕੱਢਦਿਆਂ ਕਿਹਾ, "ਜੇਰ ਕੱਢ ਕੇ ਬੱਚੇਦਾਨੀ ਵਿਚ ਦਵਾਈ ਨਾ ਭਰੀਏ ਤਾਂ ਅੰਦਰ ਗੰਦ ਰਹਿ ਜਾਂਦਾ। ਜੇ ਗੰਦ ਰਹਿ ਗਿਆ ਤਾਂ ਬੱਚੇਦਾਨੀ 'ਚ ਇੰਫੈਕਸ਼ਨ ਹੋ ਸਕਦੀ ਆ। ਫੇਅ ਗਾਂ ਨੇ ਅਗਾਂਹ ਨ੍ਹੀਂ ਠਹਿਰਨਾ। ਫੰਡਰ ਬਣ ਸਕਦੀ ਆ।" ਡਾਕਟਰ ਬਾਲੀ ਨੇ ਕਿਹਾ ਤਾਂ ਦੇਬੂ ਦਾ ਕਾਲਜਾ ਮੱਚਿਆ। ਉਸ ਜਾਮਣ ਦੇ ਦਰਖ਼ਤ ਨਾਲ ਨੂੜੀ ਗਾਂ ਨੂੰ ਹੋਰ ਕੱਸਿਆ।

"ਸਾਡੇ ਘਰ ਦਾ ਤਾਂ ਗੁਜ਼ਾਰਾ ਈ ਇਨ੍ਹਾਂ ਸਿਰੋਂ ਹੁੰਦਾ ਡਾਕਟਰ ਜੀ। ਫੰਡਰ ਹੋ ਗਈਆਂ ਤਾਂ ਪੱਟੇ ਜਾਂ ਗੇ।' ਦੇਬੂ ਨੇ ਬੈਠਦੀ ਆਵਾਜ਼ ਵਿਚ ਕਿਹਾ।

ਡਾਕਟਰ ਬਾਲੀ ਨੇ ਗਾਂ ਦੀ ਬੱਚੇਦਾਨੀ ਵਿਚ ਦਵਾਈ ਭਰੀ। ਕੁਝ ਗੋਲ਼ੀਆਂ ਅੰਦਰ ਰੱਖੀਆਂ। ਕੁਝ ਗਾਂ ਨੂੰ ਆਟੇ ਦੇ ਪੇੜੇ ਵਿਚ ਪਾ ਕੇ ਦੇਣ ਨੂੰ ਕਿਹਾ। ਟੀਕੇ ਲਾਏ। ਕੰਮ ਮੁਕਾਅ, ਉਸ ਆਪਣੀ ਫੀਸ ਅਤੇ ਦੁਆਈਆਂ ਦੇ ਖਰਚੇ ਦੀ ਪਰਚੀ ਬਣਾ, ਦੇਬੂ ਵੱਲ ਕੀਤੀ। ਗਿਆਰਾਂ ਸੌ ਰੁਪਏ ਦੀ ਪਰਚੀ ਦੇਖ ਦੇਬੂ ਨੂੰ ਮੁੜਕਾ ਆ ਗਿਆ। ਜ਼ਬਾਨ ਤਾਲੂ ਨਾਲ ਜਾ ਲੱਗੀ।

"ਹਜੇ, ਦੋ ਵਾਰੀ ਹੋਰ ਦਵਾਈ ਭਰਨੀ ਐ।" ਡਾਕਟਰ ਬਾਲੀ ਬੋਲਿਆ।

ਦੇਬੂ ਚੁੱਪ ਸੀ। ਕੀਮਤੀ ਸ਼ੈਅ ਦੇ ਗੁਆਚ ਜਾਣ ਵਾਂਗ, ਉਹ ਹੋਰੂੰ-ਹੋਰੂੰ ਕਦੀ ਡਾਕਟਰ ਤੇ ਕਦੀ ਪਰਚੀ ਵੱਲ ਝਾਕ ਰਿਹਾ ਸੀ।

"ਐਤਕੀਂ ਤਾਂ ਦੁੱਧ ਮੁੱਲ ਦਾ ਈ ਪਊ।" ਉਸ ਹਾਉਕਾ ਲਿਆ।

ਡਾਕਟਰ ਦੋ ਦਿਨ ਹੋਰ ਦਵਾਈ ਭਰਨ ਲਈ ਆਉਂਦਾ ਰਿਹਾ।

"ਹੁਣ ਤਾਂ ਗਾਂ ਐਨ ਠੀਕ ਐ। ਪੱਠੇ ਵੀ ਸੋਹਣੇ ਖਾਂਦੀ ਐ, ਜਗਾਲੀ ਵੀ ਕਰਦੀ ਹੈ। ਪਾਣੀ ਵੀ ਰੱਜ ਕੇ ਪੀਂਦੀ ਐ। ਦੁੱਧ ਨੂੰ ਵੀ ਤੁਰ ਪਈ ਐ।" ਚੌਥੇ ਦਿਨ ਡਾਕਟਰ ਫਿਰ ਆ ਗਿਆ ਤਾਂ ਦੇਬੂ ਨੇ ਹੋਰ ਟੀਕੇ ਲਾਉਣ ਤੋਂ ਨਾਂਹ ਕਰਦਿਆਂ ਕਿਹਾ।

"ਅਜੇ ਭੁੱਖ ਪੂਰੀ ਨਹੀਂ ਲੱਗਦੀ। ਗੋਹਾ ਈ ਦੱਸਦਾ।" ਡਾਕਟਰ ਬਾਲੀ ਨੇ ਗਾਂ ਦੀ ਪਿੱਠ 'ਤੇ ਹੱਥ ਫੇਰਦਿਆਂ ਉਹਦੇ ਆਲ਼ੇ-ਦੁਆਲ਼ੇ ਚੱਕਰ ਕੱਢਿਆ, "ਦੋ ਟੀਕੇ ਹੋਰ ਲਾ ਦਿੰਨਾ। ਅੰਦਰ ਐਨ ਸਾਫ ਹੋ ਜਾਊ ਤੇ ਕਮਜ਼ੋਰੀ ਵੀ ਦੂਰ ਹੋ ਜਾਊ।" ਦੇਬੂ ਦੇ ਰੋਕਦਿਆਂ ਡਾਕਟਰ ਨੇ ਟੀਕੇ ਭਰ ਲਏ। ਗਾਂ ਨੂੰ ਨੂੜਨ ਲਈ ਕਿਹਾ। ਦੇਬੂ ਨੇ ਅਣਮੰਨੇ ਮਨ, ਗਾਂ ਜਾਮਣ ਦੇ ਦਰਖ਼ਤ ਨਾਲ ਨੂੜ ਲਈ। ਡਾਕਟਰ ਨੇ ਗਾਂ ਦੇ ਟੀਕੇ ਲਾਏ। ਪੀੜ ਦੇਬੂ ਮਹਿਸੂਸ ਕੀਤੀ, ਜਿਵੇਂ ਟੀਕੇ ਗਾਂ ਦੇ ਨਹੀਂ, ਉਹਦੇ ਲੱਗ ਰਹੇ ਹੋਣ।

"ਇਹ ਦੁਆਈ ਸ਼ਹਿਰੋਂ ਲੈ ਆਇਓ। ਦਸ ਐੱਮ.ਐੱਲ. ਰੋਟੀ 'ਤੇ ਪਾ ਕੇ ਸਵੇਰੇ ਦੇ ਦਿਆ ਕਰਿਓ। ਦੁੱਧ ਵੀ ਵੱਧ ਜਾਊ, ਲੇਵੇ ਦੀ ਸੋਜ ਵੀ ਹੱਟ ਜਾਊ।" ਡਾਕਟਰ ਬਾਲੀ ਨੇ ਪਰਚੀ 'ਤੇ ਦਵਾਈ ਲਿਖੀ ਤੇ ਦੇਬੂ ਨੂੰ ਫੜਾਈ। ਸੋਜ ਨਾਲ ਗਾਂ ਦਾ ਲੇਵਾ ਲਾਲ ਹੋਇਆ ਪਿਆ ਸੀ।

"ਕਿੰਨੇ ਦੀ ਆਊ ਦਵਾਈ...।" ਦੇਬੂ ਨੇ ਕੰਬਦੇ ਹੱਥੀਂ ਪਰਚੀ ਫੜਦਿਆਂ ਪੁੱਛਿਆ।

"ਅੱਠ ਨੌਂ ਸੌ ਦੀ ਆ ਜਾਣੀ ਆ।"

ਦਵਾਈ ਦੀ ਕੀਮਤ ਸੁਣ ਦੇਬੂ ਦੀ ਜੀਭ ਤਾਲੂ ਨਾਲ ਜਾ ਲੱਗੀ।

"ਲਵੇਰੀਆਂ ਨੂੰ ਕੈਲਸ਼ੀਅਮ ਦਿੰਨੇ ਆਂ ?" ਡਾਕਟਰ ਬਾਲੀ ਆਪਣੀਆਂ ਸਰਿੰਜਾਂ ਸੰਭਾਲਦਾ ਬੋਲਿਆ।

ਦੇਬੂ ਨੇ ਨਾਂਹ ਵਿਚ ਸਿਰ ਹਿਲਾਇਆ। ਉਸ ਸੁਣਿਆ ਸੀ ਕਿ ਡਾਕਟਰ ਬਾਲੀ ਪੈਸੇ ਦਾ ਲਾਲਚੀ ਐ। ਪਰ ਅੱਜ ਅੱਖੀਂ ਦੇਖ ਲਿਆ। ਦੇਬੂ ਨੂੰ ਕਦੀ ਪਸ਼ੂਆਂ ਦੀ ਵੱਡੀ ਬਿਮਾਰੀ ਦੀ ਕੋਈ ਦਿੱਕਤ ਨਹੀਂ ਸੀ ਆਈ। ਉਹਦੇ ਦਿੱਤੇ ਗਰਮ ਕਾੜ੍ਹਿਆਂ ਨਾਲ ਪਸ਼ੂ ਠੀਕ ਰਹਿੰਦੇ ਸਨ। ਇਹ ਪਹਿਲੀ ਵਾਰ ਸੀ ਕਿ ਦਵਾਈਆਂ ਦੇ ਚੱਕਰਾਂ ਵਿਚ ਪਿਆ ਉਹ ਬੁਰੀ ਤਰ੍ਹਾਂ ਬੌਂਦਲ ਗਿਆ ਸੀ।

"ਦੁੱਧ ਵਾਲੇ ਪਸ਼ੂ ਨੂੰ ਕੈਲਸ਼ੀਅਮ ਤਾਂ ਬਹੁਤ ਜ਼ਰੂਰੀ ਐ।" ਡਾਕਟਰ ਬਾਲੀ ਨੇ ਜ਼ੋਰ ਦੇ ਕੇ ਕਿਹਾ, "ਦੁੱਧਾਰੂ ਜਾਨਵਰ ਦੀਆਂ ਹੱਡੀਆਂ ਖਰਦੀਆਂ ਹੁੰਦੀਆਂ। ਜੇ ਕੈਲਸ਼ੀਅਮ ਦੀ ਘਾਟ ਹੋ ਜਾਏ ਤਾਂ ਪਸ਼ੂ ਨੂੰ ਕਮਜ਼ੋਰੀ ਆ ਜਾਂਦੀ ਐ। ਓਸੇ ਘਾਟ ਦਾ ਅਸਰ ਪਸ਼ੂ ਦੇ ਸੂਣ ਵੇਲੇ ਹੁੰਦਾ

। ਤਾਂ ਹੀ ਜੇਰ ਨ੍ਹੀਂ ਪਈਂਦੀ। ਇਹਨੂੰ ਵੀ ਕੈਲਸ਼ੀਅਮ ਦੀ ਘਾਟ ਹੋ ਗਈ ਸੀ। ਅੰਦਰ ਖੁਸ਼ਕ ਹੋ ਗਿਆ ਏਹਦਾ।" ਡਾਕਟਰ ਪਲ ਕੁ ਰੁਕਿਆ, ਫਿਰ ਪੁੱਛਿਆ, "ਪੱਠਿਆਂ 'ਤੇ ਮਿਨੀ ਮਿਕਸਚਰ ਦਾ ਪਾਊਡਰ ਪਾਉਂਦੇ ਓ ?" ਬੁੱਤ ਜਿਹੇ ਬਣੇ ਦੇਬੂ ਵੱਲ ਝਾਕਦਿਆਂ ਡਾਕਟਰ ਬਾਲੀ ਹੋਰ ਸਵਾਲ ਦਾਗਿਆ। ਦੇਬੂ ਦਾ ਸਿਰ ਚਕਰਾਉਣ ਲੱਗਾ।

"ਮਿਨੀ ਮਿਕਸਚਰ ਦਾ ਚਮਚਾ-ਚਮਚਾ ਦੋ ਟੈਮ ਪੱਠਿਆਂ 'ਤੇ ਪਾਇਆ ਕਰੋ। ਇਹ ਦੋਵੇਂ ਚੀਜ਼ਾਂ ਰੈਗੂਲਰ ਪਾਓਗੇ ਤਾਂ ਗਾਂ-ਮੱਝ ਕਦੀ ਖਾਲੀ ਨਾ ਨਿਕਲੂ।" ਚੁੱਪ ਖੜ੍ਹੇ ਦੇਬੂ ਨੂੰ ਡਾਕਟਰ ਨੇ ਕਿਹਾ।

"ਦੋਵੇਂ ਚੀਜ਼ਾਂ ਕਿੰਨੇ ਕੁ ਦੀਆਂ ਆ ਜਾਣਗੀਆਂ...?" ਦੇਬੂ ਨੇ ਮਲ਼ਵੀਂ ਜੀਭੇ ਪੁੱਛਿਆ।

"ਹਿਮਾਲਿਆ ਕੈਲਸ਼ੀਅਮ ਦੀ ਪੰਜ ਲਿਟਰ ਦੀ ਕੇਨੀ ਬਾਜ਼ਾਰ ਵਿਚ ਸੱਤ ਸੌ ਦੀ ਐ। ਪਰ ਮੈਂ ਸਾਢੇ ਛੇ ਸੌ ਦੀ ਦੇ ਦਊਂ। ਮਿਨੀ ਮਿਕਸਚਰ ਜਿਹੜਾ ਸ਼ਹਿਰ 'ਚ ਚਾਰ ਸੌ ਦਾ ਆ, ਮੈਂ ਸਾਢੇ ਤਿੰਨ ਸੌ ਦਾ ਦੇ ਦਊਂ। ਸ਼ਹਿਰ ਤਾਂ ਬਹੁਤ ਛਿੱਲ ਲਾਹੁੰਦੇ ਆ...। ਮੈਂ ਤਾਂ ਸੇਵਾ ਈ ਕਰਦਾਂ। ਬੋਲੋ...। ਦੇਵਾਂ...?" ਡਾਕਟਰ ਧੱਕੇ ਨਾਲ ਕੈਲਸ਼ੀਅਮ ਅਤੇ ਮਿਨੀ ਮਿਕਸਚਰ ਜੱਟਾਂ ਨੂੰ ਵੇਚ ਦਿਆ ਕਰਦਾ ਸੀ।

"ਪਾਊਡਰ ਦੇ ਦਿਓ। ਕੈਲਸ਼ੀਅਮ ਹਾਲੇ ਰਹਿਣ ਦਿਓ।"

ਡਾਕਟਰ ਬਾਲੀ ਨੇ ਫੁਰਤੀ ਨਾਲ ਕਾਲੇ ਵੱਡੇ ਬੈਗ 'ਚੋਂ ਪਾਊਡਰ ਦਾ ਪੈਕਟ ਕੱਢਿਆ। ਉਸ ਤੋਂ ਮਿੱਟੀ ਝਾੜੀ। ਦੇਬੂ ਨੂੰ ਫੜਾਇਆ। ਡਾਕਟਰ ਨੇ ਪਾਊਡਰ ਦੀਆਂ ਸਿਫ਼ਤਾਂ ਦੇ ਢੇਰ ਲਾ ਦਿੱਤੇ। ਸਿਫ਼ਤਾਂ ਸੁਣ ਦੇਬੂ ਪਿਘਲ ਗਿਆ।

"ਡਾਕਟਰ ਸਾਬ, ਅੱਜ ਦੇ ਕਿੰਨੇ ਪੈਸੇ ਬਣ ਗਏ ?" ਦੇਬੂ, ਦੱਬੀ ਜ਼ਬਾਨ 'ਚ ਬੋਲਿਆ।

"ਸਾਢੇ ਚਾਰ ਸੌ ਦਵਾਈਆਂ ਦਾ ਤੇ ਤਿੰਨ ਸੌ ਪਾਊਡਰ ਦੇ। ਇਹ ਬਣ ਗਏ ਅੱਠ ਸੌ ਰੁਪਏ, ਚਲੋ ਤੁਸੀਂ ਸਾਢੇ ਸੱਤ ਸੌ ਦੇ ਦਿਉ। ਥੁਆਡੇ ਨਾਲ ਰੈਤ ਕਰ ਲੈਨੇ ਆਂ।" ਡਾਕਟਰ ਨੇ ਹੱਸ ਕੇ ਕਿਹਾ। ਦੇਬੂ, ਘਸਮੈਲੀ ਘਸੀ ਤੇ ਫਟੀ ਹੋਈ ਕਮੀਜ਼ ਦੀ ਜੇਬ ਵਿਚ ਹੱਥ ਮਾਰਿਆ।

"ਡਾਕਟਰ ਸਾਬ, ਬਾਕੀ ਚੌਥ ਨੂੰ ਲੰਘਦੇ-ਵੜਦੇ ਕਰ ਲਿਓ।" ਝਿਜਕਦਿਆਂ ਦੇਬੂ ਨੇ ਪੰਜ ਸੌ ਦਾ ਨੋਟ ਡਾਕਟਰ ਵੱਲ ਵਧਾਇਆ।

"ਕੈਲਸ਼ੀਅਮ ਨੂੰ ਆਮਾਂ ਓਦਨ ਨੂੰ...?" ਜੇਬ ਵਿਚ ਪੈਸੇ ਪਾਉਂਦਾ ਡਾਕਟਰ ਬੋਲਿਆ।

"ਨਹੀਂ, ਫੇਅ ਦੱਸੂੰਗਾ...।"

"ਪੜ੍ਹਾਈਆਂ ਕੀਤੀਆਂ ਐਮੇਂ ਨੀਂ ਜਾਂਦੀਆਂ। ਗੁਣ ਐ ਅਗਲੇ ਕੋਲ...।" ਡਾਕਟਰ ਬਾਲੀ ਨੂੰ ਜਾਂਦਿਆਂ ਦੇਖ ਉਸ ਸੋਚਿਆ, 'ਦੋਹੀਂ ਹੱਥੀਂ ਲੁੱਟਦਾ। ਦੁਆਈਆਂ ਵਿਚੋਂ ਵੀ ਕੁਸ਼ ਨਾ ਕੁਸ਼ ਬਚਦਾ ਹੋਊ। ਐਮੇਂ ਤਾਂ ਨ੍ਹੀਂ ਦੁਆਈਆਂ ਨਾਲ ਭਰਿਆ ਬੈਗ ਪਿੱਠ 'ਤੇ ਗਧੇ ਆਂਗ ਚੁੱਕੀ ਫਿਰਦਾ।' ਦੁਖੀ ਜਿਹੇ ਹੋਏ ਦੇਬੂ ਨੇ ਸੱਜਾ ਪੈਰ ਚੁੱਕ, ਖੱਬੀ ਲੱਤ ਦੀ ਪਿੰਨੀ 'ਤੇ ਖਾਜ ਕੀਤੀ।

ਡਾਕਟਰ ਬਾਲੀ ਨੇ ਆਪਣੀ ਨੌਕਰੀ ਦੀ ਸਾਰੀ ਟਰਮ, ਸਿਰਫ਼ ਦੋ ਸਾਲਾਂ ਨੂੰ ਛੱਡ ਕੇ ਇਨ੍ਹਾਂ ਪਿੰਡਾਂ ਵਿਚ ਈ ਪੂਰੀ ਕੀਤੀ ਸੀ। ਸਰਹਾਲੀ ਦੇ ਲਾਗਲੇ ਪਿੰਡਾਂ 'ਚ ਉਹਨੂੰ ਬੱਚਾ-ਬੱਚਾ ਜਾਣਦਾ ਸੀ। ਦੋ ਸਾਲ ਉਹ ਬੰਗਿਆਂ ਦੇ ਲਾਗੇ, ਬਹਿਰਾਮ ਪਿੰਡ ਵਿਚ ਵੀ ਰਿਹਾ ਸੀ। ਸਿਹਤ ਪੱਖੋਂ ਕੁਝ ਮੋਟਾ ਸੀ। ਕਈ ਉਹਨੂੰ ਪਿੱਠ ਪਿੱਛੇ 'ਮੋਟੂ ਡਾਕਟਰ' ਅਤੇ ਕਈ ਹਾਸੇ ਨਾਲ 'ਡੰਗਰ ਡਾਕਟਰ' ਵੀ ਕਹਿੰਦੇ।

ਪਸ਼ੂ, ਅੜਬ ਹੋਵੇ, ਛੜਾਂ ਮਾਰਦਾ ਹੋਵੇ ਜਾਂ ਛੜੱਪੇ ਮਾਰਦਾ ਹੋਵੇ, ਡਾਕਟਰ ਬਾਲੀ ਦਲੇਰੀ ਤੇ ਫੁਰਤੀ ਨਾਲ ਉਹਨੂੰ ਕਾਬੂ ਕਰਕੇ ਟੀਕਾ ਲਾ ਈ ਦਿੰਦਾ ਸੀ। ਪਸ਼ੂ ਨੂੰ ਗੰਭੀਰ ਬਿਮਾਰੀ ਹੁੰਦੀ ਤਾਂ ਵੀ ਉਹ ਝੱਟ ਹੱਥ ਪਾ ਲੈਂਦਾ।

ਬੁਕਣਾਂ ਦੇ ਰੈਸ਼ੂ ਦੀ ਗਾਂ, ਦਿਨ ਪੂਰੇ ਹੋਣ 'ਤੇ ਵੀ ਸੂਣ 'ਚ ਨਾ ਆਵੇ। ਵਾਰ-ਵਾਰ ਉੱਠ ਬੈਠੇ। ਇਕ ਪਲ਼ ਬੈਠੇ, ਦੂਜੇ ਪਲ਼ ਉੱਠ ਖੜ੍ਹੇ। ਰੇਸ਼ੂ ਨੂੰ ਅੰਦਾਜ਼ਾ ਹੋ ਗਿਆ ਕਿ ਗਾਂ ਜ਼ਿਆਦਾ ਈ ਢਿੱਲੀ ਮੱਠੀ ਹੋ ਗਈ ਆ। ਉਸਨੇ ਮੇਸ਼ੀ ਡਾਕਟਰ ਨੂੰ ਸੱਦਿਆ। ਮੇਸ਼ੀ, ਘੱਟ ਪੈਸੇ ਲੈਂਦਾ ਸੀ। ਉਹ ਆਇਆ, ਗਾਂ ਨੂੰ ਚੈੱਕ ਕੀਤਾ ਤੇ ਨਾਂਹ ਵਿਚ ਸਿਰ ਫੇਰ ਦਿੱਤਾ।

"ਮੇਰੇ ਵੱਸ ਦਾ ਕੰਮ ਨ੍ਹੀਂ। ਅੰਦਰ ਬੱਚਾ ਪੁੱਠਾ ਹੋ ਗਿਆ। ਏਦਾਂ ਨੀ ਸੂ ਸਕਦੀ। ਲੁਧਿਆਣੇ ਯੂਨੀਵਰਸਿਟੀ ਲਿਜਾਣੀ ਪਊ। ਅਪਰੇਸ਼ਨ ਹੋਣਾ ਏਹਦਾ।" ਲਿਬੜੇ ਹੱਥ ਧੋਂਦਾ ਮੇਸ਼ੀ ਬੋਲਿਆ।

ਰੇਸ਼ੂ ਦੇ ਪੈਰੋਂ ਭੋਇੰ ਖਿਸਕ ਗਈ। ਉਹਦੇ 'ਚ ਫੱਕਾ ਨਾ ਰਿਹਾ। ਮੇਸ਼ੀ ਡਾਕਟਰ ਜਾ ਚੁੱਕਿਆ ਸੀ।

"ਜੀਤੇ, ਜਾ ਮੇਰਾ ਪੁੱਤ, ਨੱਠ ਸ਼ਹਿਰ ਨੂੰ ਫੋਰ-ਵ੍ਹੀਲਰ ਲੈ ਆ, ਲੁਧਿਆਣੇ ਲੈ ਚੱਲੀਏ।" ਕੁਝ ਪਲਾਂ ਬਾਅਦ ਰੇਸ਼ੂ ਬਿਮਾਰਾਂ ਵਾਂਗ ਬੋਲਿਆ। ਜੀਤਾ ਸ਼ਹਿਰ ਜਾਣ ਲਈ ਮੋਟਰ ਦੇ ਚਲੇ ਵਿਚ ਹੱਥ ਪੈਰ ਧੋਣ ਲੱਗਾ। ਜਦੇ ਨੂੰ ਲਾਗਲੇ ਖੂਹ ਵਾਲਾ ਦੇਵ ਸਿੰਘ ਆ ਗਿਆ। ਰੇਸ਼ੂ ਨੇ ਸਾਰੀ ਵਿਥਿਆ ਦੱਸੀ।

"ਓਹ ਮੁੰਡਿਆ ਠਹਿਰ ਜਾ...।" ਉਸ ਤੁਰੇ ਜਾਂਦੇ ਜੀਤੇ ਨੂੰ ਰੋਕ ਲਿਆ, "ਰੇਸ਼ੂ, ਮੋਟੂ ਡਾਕਟਰ ਨੂੰ ਸੱਦਿਆ...?" ਦੇਵਾ ਸਿੰਘ ਨੇ ਪੁੱਛਿਆ।

"ਨਹੀਂ ਚਾਚਾ...।" ਰੇਸ਼ੂ ਮਸੋਸਿਆ ਜਿਹਾ ਪੈਰ ਮਲ਼ਦਾ ਭਾਰੀ ਹੋ ਗਈ ਆਵਾਜ਼ 'ਚ ਬੋਲਿਆ।

"ਤੂੰ ਇਕ ਵਾਰ ਮੋਟੂ ਨੂੰ ਦਿਖਾਅ ਲੈ। ਕਰ ਫੋਨ ਉਹਨੂੰ...।" ਦੇਵਾ ਸਿੰਘ ਨੇ ਸਲਾਹ ਦਿੱਤੀ, "ਅੱਛਾ ਠਹਿਰ, ਮੇਰੇ ਕੋਲ ਹੈਗਾ ਓਹਦਾ ਨੰਬਰ। ਮੈਂ ਸੱਦਦਾ ਉਹਨੂੰ...। ਏਹਨੂੰ ਲੁਧਿਆਣੇ ਲਿਜਾਣਾ ਕਿਤੇ ਸੌਖਾ ਪਿਆ। ਤਕਲੀਫ਼ 'ਚ ਐ ਗਾਂ...।" ਉਸ ਖੀਸੇ 'ਚੋਂ ਫੋਨ ਕੱਢਦਿਆਂ ਕਿਹਾ, "ਬੰਦਿਆਂ ਆਂਗ ਈਂ ਆਂ। ਬੇਜ਼ਬਾਨ ਜਾਨਵਰ ਐ, ਬੋਲ ਕੇ ਥੋੜ੍ਹੋ ਦੱਸੂਗਾ।" ਦੇਵਾ ਸਿੰਘ ਨੇ ਡਾਕਟਰ ਦਾ ਨੰਬਰ ਮਿਲਾਇਆ। ਜ਼ਮੀਨ 'ਤੇ ਚੌਫਾਲ ਪਈ ਗਊ ਵੱਲ ਵੇਖ ਰੇਸ਼ੂ ਦੀਆਂ ਅੱਖਾਂ ਭਰ ਆਈਆਂ।

ਡਾਕਟਰ ਬਾਲੀ ਨੇ ਅੱਧੇ ਘੰਟੇ ਤੱਕ ਆਉਣ ਲਈ ਹਾਮੀ ਭਰੀ ਤੇ ਕਿਹਾ ਕਿ ਗਰਮ ਪਾਣੀ ਦੀ ਇਕ ਬਾਲਟੀ ਤਿਆਰ ਰੱਖੋ। ਅੱਧੇ ਘੰਟੇ ਬਾਅਦ ਡਾਕਟਰ ਧੂੜਾਂ ਉਡਾਉਂਦਾ ਆ ਗਿਆ। ਗਾਂ ਨੂੰ ਚੈੱਕ ਕੀਤਾ। ਦੋ-ਤਿੰਨ ਬੰਦੇ ਹੋਰ ਸੱਦਣ ਲਈ ਕਿਹਾ। ਸਾਰੇ ਬੰਦਿਆਂ ਗਾਂ ਨੂੰ ਜ਼ਮੀਨ 'ਤੇ ਲਿਟਾਇਆ। ਡਾਕਟਰ ਆਪ, ਗਾਂ ਦੇ ਪਿੱਛੇ ਪੱਲੀ

ਵਿਛਾਅ ਕੇ ਲੰਮਾ ਪੈ ਗਿਆ। ਅੰਦਰ ਹੱਥ ਪਾ ਕੇ ਉਹਨੇ ਵੱਛਤੂ ਦੀ ਬੂਥੀ ਘੁੱਟ ਕੇ ਫੜੀ। 'ਕੱਠੇ ਹੋਏ ਬੰਦਿਆਂ ਨੂੰ ਗਾਂ ਦੀ ਪਲਟੀ ਪਾਉਣ ਲਈ ਕਿਹਾ। ਪਲਟੀ ਪੈਂਦਿਆਂ ਬੱਚਾ ਸਿੱਧਾ ਹੋ ਗਿਆ। ਫਿਰ ਡਾਕਟਰ ਨੇ ਰੱਸੀਆਂ ਪਾ ਕੇ ਬੱਚਾ ਬਾਹਰ ਕੱਢ ਦਿੱਤਾ। ਬੱਚਾ ਮਰ ਚੁੱਕਾ ਸੀ। ਗਾਂ ਸਹੀ ਸਲਾਮਤ ਸੀ। ਰੇਸ਼ੂ ਨੇ ਸੁੱਖ ਦਾ ਸਾਹ ਲਿਆ। ਲੁਧਿਆਣੇ ਜਾਣ ਤੋਂ ਜਾਨ ਛੁੱਟੀ।

ਜਦੋਂ ਡਾਕਟਰ ਬਾਲੀ ਦੀ ਨਿਯੁਕਤੀ ਸਰਹਾਲੀ ਪਿੰਡ ਦੇ ਵੈਟਰਨਰੀ ਹਸਪਤਾਲ ਵਿਚ ਹੋਈ ਤਾਂ ਉਦੋਂ ਸਲਾਰਪੁਰੀਆ ਕੇਵਲ ਸਿੰਘ ਗੱਭਰੂ ਸੀ। ਉਸ ਕੋਲ ਵਧੀਆ ਮੱਝਾਂ ਤੇ ਜਰਸੀ ਗਾਵਾਂ ਸਨ। ਉਸਦੇ ਪਸ਼ੂ, ਖੂਹ 'ਤੇ ਹੁੰਦੇ ਸਨ। ਪਸ਼ੂਆਂ ਦੇ ਪੱਠੇ-ਦੱਥੇ ਅਤੇ ਧਾਰ-ਡੋਕੇ ਦਾ ਕੰਮ ਕੇਵਲ ਦੀਆਂ ਭੈਣਾਂ ਅਤੇ ਉਸਦੀ ਮਾਂ ਦੇ ਜ਼ੁੰਮੇ ਸੀ। ਉਹ ਆਪ ਤਾਂ ਵਾਹ-ਵਹਾਈ ਵਿਚ ਹੀ ਰੁੱਝਾ ਰਹਿੰਦਾ ਸੀ।

ਉਸਦਾ ਪਿਤਾ ਬਹੁਤ ਚਿਰ ਪਹਿਲਾਂ ਪੂਰਾ ਹੋ ਚੁੱਕਿਆ ਸੀ। ਕੇਵਲ ਸਿੰਘ ਦੀ ਮਾਂ ਅਤੇ ਭੈਣਾਂ ਦੀ ਮਿਹਨਤ ਨਾਲ ਦੁੱਧ ਦੀ ਕਮਾਈ ਬਹੁਤ ਆ ਰਹੀ ਸੀ। ਘਰ ਦਾ ਸਾਰਾ ਖਰਚਾ ਦੁੱਧ ਤੋਂ ਹੀ ਹੁੰਦਾ ਸੀ।

ਕੇਵਲ ਨੇ ਖੇਤੀ ਅਤੇ ਦੁੱਧ ਦੀ ਕਮਾਈ ਨਾਲ ਦੋਹਾਂ ਭੈਣਾਂ ਦੇ ਵਿਆਹ ਕੀਤੇ। ਉਸ ਤੋਂ ਬਾਅਦ ਆਪਣਾ ਵਿਆਹ ਕਰਾਇਆ। ਕੇਵਲ ਸਿੰਘ ਦੀ ਬਰਾਤੇ ਵੀ ਡਾਕਟਰ ਬਾਲੀ ਗਿਆ ਸੀ।

ਕੇਵਲ ਦੇ ਸਹੁਰੇ ਤਕੜੇ ਸਨ। ਉਸਦੇ ਸਹੁਰੇ ਅਤੇ ਪਤਿਉਰਿਆਂ ਨੇ ਮਾਡਰਨ ਕੋਠੀਆਂ ਪਾਈਆਂ ਹੋਈਆਂ ਸਨ। ਸੀਤਲ ਕੌਰ ਨੇ ਵੀ ਆਉਂਦਿਆਂ ਹੀ ਕੋਠੀ ਬਣਾਉਣ ਦੀ ਰੱਟ ਲਗਾ ਲਈ।

ਸੀਤਲ ਕੌਰ ਸਾਲ ਕੁ ਤਾਂ ਗੋਹੇ-ਕੂੜੇ ਤੇ ਧਾਰ-ਡੋਕੇ ਦਾ ਕੰਮ ਕਰਦੀ ਰਹੀ। ਪਹਿਲੇ ਬੱਚੇ ਦੇ ਜਨਮ ਤੋਂ ਬਾਅਦ ਫਿਰ ਉਸਨੇ ਪਸ਼ੂਆਂ ਦਾ ਕੰਮ ਛੱਡ ਦਿੱਤਾ।

"ਸਾਰਾ ਦਿਨ ਪਸ਼ੂਆਂ ਨਾਲ ਪਸ਼ੂ ਬਣਨਾ ਪਈਂਦਾ। ਹੱਥਾਂ ਪੈਰਾਂ ਤੇ ਤੇੜ ਦਿਆਂ ਲੀੜਿਆਂ 'ਚੋਂ ਗੋਹੇ ਦਾ ਮੁਸ਼ਕ ਔਣੋਂ ਨੀਂ ਹਟਦਾ। ਨਾਲੇ ਬੱਚਿਆਂ ਨਾਲ ਕੰਮ ਵੀ ਵਧ ਗਿਆ ਐ। ਘਰ ਦਾ ਕੰਮ ਈ ਨ੍ਹੀਂ ਮੁੱਕਦਾ। ਧਾਰ-ਡੋਕਾ ਕਦੋਂ ਕਰਾਂ?" ਸੀਤਲ ਕੌਰ ਨੇ ਸਾਫ਼ ਨਾਂਹ ਕਰ ਦਿੱਤੀ।

ਕੇਵਲ ਦੀ ਮਾਂ ਜੀਤੋ ਵੀ ਉਮਰ ਦੇ ਹਿਸਾਬ ਨਾਲ ਕਮਜ਼ੋਰ ਹੋ ਗਈ ਸੀ। ਉਹਦੇ ਕੋਲੋਂ ਵੀ ਹੁਣ ਪਹਿਲਾਂ ਵਾਂਗ ਨਹੀਂ ਸੀ ਵੱਗਿਆ ਜਾਂਦਾ। ਉਹ ਬੈਠੀ-ਬੈਠੀ ਨਿੱਕੇ-ਮੋਟੇ ਕੰਮ ਕਰ ਦਿੰਦੀ ਸੀ।

ਕੇਵਲ ਨੂੰ ਵਿਆਹ ਤੋਂ ਬਾਅਦ ਖੂਹ 'ਤੇ ਪਸ਼ੂਆਂ ਦੀ ਰਾਖੀ ਕਰਨ ਦੀ ਮੁਸ਼ਕਲ ਆਈ। ਪਿੰਡ ਦੀ ਚੜ੍ਹਦੇ ਬੰਨੇ ਨਿਆਈਆਂ 'ਚ ਉਹਦੇ ਦੋ ਖੇਤ ਸਨ। ਉਹਨੇ ਪਿੰਡ ਵਿਚਲੇ ਘਰ ਨੂੰ ਤਾਲਾ ਮਾਰ, ਨਿਆਈਆਂ ਦੀ ਕੋਠੀ ਉਸਾਰ ਲਈ ਸੀ। ਕੋਠੀ ਦੇ ਨਾਲ ਲੱਗਦੀ, ਦੋ ਕਨਾਲਾਂ ਜਗ੍ਹਾ ਵਿਚ ਹਵੇਲੀ ਵੀ ਬਣਾ ਲਈ।

ਕੇਵਲ ਸਿੰਘ, ਮੱਝਾਂ ਤੇ ਗਾਵਾਂ ਦਾ ਕੰਮ ਛੱਡਣਾ ਨਹੀਂ ਸੀ ਚਾਹੁੰਦਾ। ਘਰ ਦਾ ਖਾਲਸ ਦੁੱਧ ਖੁਲ੍ਹ-ਖੇਲ ਨਾਲ ਵਰਤਣ ਦੀ ਆਦਤ ਸੀ। ਬੱਚਿਆਂ ਨੂੰ ਦੁੱਧ, ਦਹੀਂ ਤੇ ਮੱਖਣ ਰੱਜ ਕੇ ਖੁਆਇਆ ਜਾਂਦਾ। ਘਰ ਜੋਗਾ ਦੁੱਧ ਰੱਖ ਕੇ ਬਾਕੀ ਡੇਅਰੀ ਵਿਚ ਪਾ ਦਿੰਦਾ। ਜਿਸ ਨਾਲ ਬੱਚਿਆਂ ਦੀ ਪੜ੍ਹਾਈ ਅਤੇ ਘਰ ਦਾ ਖ਼ਰਚ ਨਿਕਲ ਆਉਂਦਾ। ਫ਼ਸਲ ਦੇ ਪੈਸੇ ਬੈਂਕ ਵਿਚ ਜਮ੍ਹਾ ਕਰਾ ਦਿੰਦਾ। ਉਹਨੇ, ਸੀਤਲ ਕੌਰ ਦੇ ਕੰਮ ਛੱਡਣ ਸਮੇਂ ਹੀ ਇਕ ਭਈਆ ਪੱਕੇ ਤੌਰ 'ਤੇ ਰੱਖ ਲਿਆ ਸੀ।

ਹੁਣ ਸੀਤਲ ਕੌਰ ਆਪਣੇ ਕੱਪੜਿਆਂ ਨੂੰ ਮਿੱਟੀ ਨਾ ਲੱਗਣ ਦਿੰਦੀ। ਜਦੋਂ ਕੇਵਲ ਸਿੰਘ ਸ਼ਹਿਰ ਗਿਆ ਹੁੰਦਾ ਤਾਂ ਸੀਤਲ ਕੌਰ ਉਦੋਂ ਹੀ ਹਵੇਲੀ ਜਾਂਦੀ, ਸਿਰਫ਼ ਭਈਏ ਨੂੰ ਦੇਖਣ ਕਿ ਵਿਹਲਾ ਨਾ ਬੈਠਾ ਰਹੇ। ਉਨ੍ਹਾਂ ਦੇ ਬੱਚੇ ਸ਼ਹਿਰ ਦੇ ਕਾਨਵੈਂਟ ਸਕੂਲ ਵਿਚ ਪੜ੍ਹਦੇ ਸਨ। ਸਕੂਲ ਵੈਨ ਘਰ ਦੇ ਅੱਗੇ ਆ ਜਾਂਦੀ ਸੀ। ਦੇਖਦਿਆਂ-ਦੇਖਦਿਆਂ ਕੇਵਲ ਸਿੰਘ ਦੇ ਘਰ ਦੀ ਕਾਇਆ-ਕਲਪ ਹੋਈ ਸੀ।

ਡਾਕਟਰ ਬਾਲੀ ਨੇ ਦਾਦੂਵਾਲ ਦੇ ਹਾਕਮ ਸਿੰਘ ਦੀ ਵਲੈਤੀ ਗਾਂ ਦੀ ਜੇਰ ਕੱਢੀ। ਬੱਚੇਦਾਨੀ ਵਿਚ ਦਵਾਈ ਭਰੀ। ਟੀਕੇ ਲਾਏ। ਕੰਮ ਮੁਕਾਅ, ਡਾਕਟਰ ਨੇ ਬਾਲਟੀ ਵਿਚ ਗਰਮ ਕਰਕੇ ਰੱਖੇ ਪਾਣੀ ਨਾਲ ਕੂਹਣੀਆਂ ਤੱਕ ਬਾਹਾਂ ਧੋਤੀਆਂ।

"ਹਾਕਮ ਸਿਆਂ, ਪੂਰੇ 'ਕੱਤੀ ਸਾਲ ਸਰਕਾਰੀ ਨੌਕਰੀ ਕੀਤੀ ਸੀ। ਅੱਜ ਪੂਰੇ ਤੇਤੀ ਸਾਲ ਹੋ ਗਏ, ਇਨ੍ਹਾਂ ਪਿੰਡਾਂ 'ਚ ਆਉਂਦੇ ਨੂੰ...। ਹਰ ਪਿੰਡ ਦੇ ਜੀਅ-ਜੀਅ ਬਾਰੇ ਮੈਂ ਜਾਣਦਾ।" ਲਾਗੇ ਮੰਜੇ 'ਤੇ ਪਿਆ ਤੌਲੀਆ ਚੁੱਕ ਡਾਕਟਰ ਬਾਹਾਂ ਪੂੰਝਦਾ ਬੋਲਿਆ।

ਹਾਕਮ ਸਿੰਘ ਚਲ੍ਹੇ 'ਤੇ ਖੜ੍ਹੀ ਗਾਂ ਦਾ ਪਿੱਛਾ ਧੋ ਰਿਹਾ ਸੀ। ਉਸਦੇ ਤੇੜ ਮੈਲਾ ਜਿਹਾ ਪਜਾਮਾ ਤੇ ਗਲ਼ ਅੱਧੋਰਾਣਾ ਕੁੜਤਾ ਪਾਇਆ ਹੋਇਆ ਸੀ। ਜੋ ਅੱਧ-ਪਚੱਧਾ ਪਾਣੀ ਨਾਲ ਭਿੱਜ ਚੁੱਕਿਆ ਸੀ। ਸਿਰ 'ਤੇ ਮੈਲ਼ਾ ਜਿਹਾ ਪਰਨਾ ਬੰਨ੍ਹਿਆ ਹੋਇਆ ਸੀ। ਪਰਨੇ ਦੇ ਲੜਾਂ ਵਿਚੋਂ ਉਲਝੇ ਹੋਏ ਸਿਰ ਦੇ ਵਾਲ਼ ਬਾਹਰ ਝਾਕ ਰਹੇ ਸਨ। ਜਾਪਦਾ ਸੀ, ਜਿਵੇਂ ਹਾਕਮ ਸਿੰਘ ਨੂੰ ਨਹਾਤਿਆਂ ਮੁੱਦਤਾਂ ਬੀਤ ਗਈਆਂ ਹੋਣ।

"ਮੇਰੇ ਕੋਲ ਵੀ ਤੁਸੀਂ ਓਦੋਂ ਦੇ ਈ ਔਨੇ ਓਂ।" ਹਾਕਮ ਸਿੰਘ ਗਾਂ ਦੇ ਪੁੜੇ ਮਲ਼ਦਾ ਬੋਲਿਆ।

"ਮੇਰੇ ਦੇਖਦਿਆਂ-ਦੇਖਦਿਆਂ ਘਰਾਂ ਦੀ ਨੁਹਾਰ ਈ ਬਦਲ ਗਈ ਐ। ਜਿਹੜੇ ਉਦੋਂ ਧਰਤੀ 'ਤੇ ਸੀ ਅੱਜ ਅਸਮਾਨ 'ਤੇ ਪਹੁੰਚ ਗਏ ਆ। ਕੋਠੀਆਂ ਬਣ ਗਈਆਂ। ਏ.ਸੀ. ਲੱਗ ਗਏ। ਘਰਾਂ 'ਚ ਕਾਰਾਂ ਖੜ੍ਹ ਗਈਆਂ। ਮੁੰਡਿਆਂ ਦੇ ਹੱਥਾਂ 'ਚ ਟੱਚ ਫੋਨ ਆ ਗਏ। ਥੱਲੇ ਧੁੱਕ-ਧੁੱਕ ਕਰਦੇ ਬੁਲਟ ਮੋਟਰ ਸੈਕਲ ਆ। ਜੱਟਾਂ ਦੇ ਮੁੰਡੇ ਤਾਂ ਐਂ ਟੌਹਰ ਕੱਢ ਕੇ ਫਿਰਦੇ ਆ ਜਿਵੇਂ ਡੀ.ਸੀ. ਲੱਗੇ ਹੋਣ।" ਆਖ ਡਾਕਟਰ ਮੰਜੇ 'ਤੇ ਬੈਠ ਗਿਆ।

"ਡਾਕਟਰ ਸਾਬ, ਸਮੇਂ ਨਾਲ ਤਬਦੀਲੀ ਤਾਂ ਆਉਂਦੀ ਆ।" ਗਾਂ ਨੂੰ ਨਲ੍ਹਾਅ ਕੇ ਖੁਰਲੀ ਨਾਲ ਬੰਨ੍ਹ ਹਾਕਮ ਸਿੰਘ ਡਾਕਟਰ ਬਾਲੀ ਕੋਲ ਆ ਬੈਠਾ।

"ਹਾਕਮ ਸਿੰਹਾਂ, ਤਬਦੀਲੀ ਤੋਂ ਮੈਨੂੰ ਯਾਦ ਆ ਗਿਆ। ਲੈ ਸੁਣ, ਮੈਂ ਥੁਆਨੂੰ ਸਲਾਰਪੁਰੀਏ ਕੇਵਲ ਸਿਹੁੰ ਦੀ ਗੱਲ ਦੱਸਦਾਂ।" ਡਾਕਟਰ ਨਿੱਠ ਕੇ ਬੈਠਦਾ ਬੋਲਿਆ, "ਜਦੋਂ ਸਰਹਾਲੀ, ਮੇਰੀ ਜੁਆਇਨਿੰਗ ਹੋਈ ਸੀ ਤਾਂ ਕੇਵਲ ਸਿੰਘ ਨੇ ਜਰਸੀ ਤੇ ਐੱਚ.ਐੱਫ਼. ਨਸਲ ਦੀਆਂ ਗਾਈਆਂ ਤੇ ਮੁਹਰਾ ਨਸਲ ਦੀਆਂ ਮੱਝਾਂ ਰੱਖੀਆਂ ਹੋਈਆਂ ਸਨ।

ਉਹ, ਉਦੋਂ ਮੁੱਢਾਂ ਬੁਢਲਾਡੇ ਤੋਂ ਲਿਆਇਆ ਸੀ। ਪਸ਼ੂਆਂ ਨੂੰ ਢਿੱਲ-ਮੱਠ ਹੋ ਜਾਣੀ ਤਾਂ ਮੈਨੂੰ ਈ ਸੱਦਣਾ। ਏਹਦੀਆਂ ਭੈਣਾਂ ਤੇ ਏਹਦੀ ਮਾਤਾ ਮੱਝਾਂ-ਗਾਵਾਂ ਸਾਂਭਦੀਆਂ ਸੀ। ਪਸ਼ੂਆਂ ਦੀ ਨਿੱਕੀ-ਨਿੱਕੀ ਬਿਮਾਰੀ ਬਾਰੇ ਏਹਦੀਆਂ ਭੈਣਾਂ ਨੂੰ ਪਤਾ ਹੁੰਦਾ ਸੀ। ਜਦੋਂ ਕੁੜੀਆਂ ਨੇ ਪਸ਼ੂਆਂ ਬਾਰੇ ਮੈਨੂੰ ਦੱਸਣਾ ਤਾਂ ਮੈਂ ਸੁਣ ਕੇ ਹੈਰਾਨ ਹੋਣਾ। ਪਈ ਕਿੰਨੀ ਬਰੀਕੀ ਨਾਲ ਉਨ੍ਹਾਂ ਨੂੰ ਪਤਾ। ਏਥੋਂ ਤੱਕ ਕਿ ਕੁੜੀਆਂ ਨੂੰ ਦਵਾਈਆਂ ਦੇ ਨਾਂ ਵੀ ਯਾਦ ਸੀ। ਕੁੜੀਆਂ ਨੇ ਇਕ ਕਾਪੀ ਲਾਈ ਹੋਈ ਸੀ। ਉਹਦੇ 'ਚ ਸਾਰਾ ਕੁਝ ਨੋਟ ਕਰਦੀਆਂ ਸੀ। ਕਿਹੜੀ ਮੱਝ ਨੂੰ ਕਿਹੜੀ ਬਿਮਾਰੀ ਹੋਈ। ਕੀ ਦਿੱਤਾ ? ਕਿਵੇਂ ਦਿੱਤਾ ? ਕਿਹੜੀ ਦਵਾਈ ਨਾਲ ਠੀਕ ਹੋਈ ? ਕਿਹੜਾ ਟੀਕਾ ਲਾਇਆ। ਮੱਝ ਨਵੇਂ ਦੁੱਧ ਕਦੋਂ ਹੋਈ ? ਉਹਨੇ ਸੂਣਾ ਕਦੋਂ ਐਂ ? ਕੁੜੀਆਂ, ਪਸ਼ੂਆਂ ਦੀ ਮਾੜੀ-ਮੋਟੀ ਬਿਮਾਰੀ-ਠਮਾਰੀ 'ਤੇ ਆਪ ਈ ਟੀਕੇ ਲਾ ਲੈਂਦੀਆਂ ਸੀ। ਕੁੜੀਆਂ ਦੀ ਪਿੱਠ ਸੁਣਦੀ ਐ। ਬੜੀਆਂ ਦਲੇਰ ਤੇ ਅਕਲਮੰਦ ਸੀ। ਬਹੁਤ ਮਿਹਨਤ ਕੀਤੀ ਉਨ੍ਹਾਂ...।"

"ਬਈ ਕੁੜੀਆਂ ਦਾ ਦੇਣ ਨ੍ਹੀਂ ਮਾਪੇ ਦੇ ਸਕਦੇ। ਸਵਰਗ ਬਣਾ ਦਿੰਦੀਆਂ ਮਾਪਿਆਂ ਦੇ ਘਰਾਂ ਨੂੰ...। ਮੁੰਡੇ ਤਾਂ ਬਸ...।" ਹਾਕਮ ਸਿੰਘ ਦਾ ਹਾਉਕਾ ਨਿਕਲ ਗਿਆ।

"ਮੈਨੂੰ ਕੱਲ੍ਹ ਕੇਵਲ ਸਿਹੁੰ ਦਾ ਫ਼ੋਨ ਆਇਆ ਸੀ।" ਡਾਕਟਰ ਬੋਲਿਆ, "ਕਹਿੰਦਾ, ਸਾਡੀ ਇਕ ਮੱਝ ਦਾ ਥਣ ਬੰਦ ਐ। ਥਣ 'ਚੋਂ ਛਿਛਕੜੇ ਆਉਂਦੇ ਆ। ਸਵੇਰ ਨੂੰ ਆਇਓ ਤੇ ਦੇਖ ਕੇ ਟੀਕਾ-ਟੂਕਾ ਲਾ ਜਾਇਓ। ਅੱਜ ਥੁਆਤੋਂ ਪਹਿਲਾਂ ਮੈਂ ਉਥੇ ਈ ਗਿਆ ਸੀ। ਕੋਠੀ ਦੀ ਡੋਰ-ਬੈੱਲ ਮਾਰੀ, ਕੇਵਲ ਸੌਂਅ ਦੀ ਘਰਆਲ਼ੀ ਕੋਠੀ 'ਚੋਂ ਨਿਕਲੀ। ਯਕੀਨ ਕਰੀਂ ਹਾਕਮ ਸਿੰਹਾਂ, ਨਵੇਂ-ਨਕੋਰ ਕੱਪੜੇ, ਸ਼ਹਿਰਨਾਂ ਵਰਗੀ ਟੌਹਰ, ਤੋਰ ਵਿਚ ਲੋੜ੍ਹਿਆਂ ਦੀ ਮੜਕ, ਜਿਵੇਂ ਕੋਈ ਪਰੌਣੀ ਆਈ ਹੋਵੇ। ਮੈਂ ਦੇਖਦਾ ਹੀ ਰਹਿ ਗਿਆ।"

ਮੈਂ ਉਹਨੂੰ ਆਪਣੇ ਆਉਣ ਦਾ ਕਾਰਨ ਦੱਸਿਆ।

ਮੈਨੂੰ ਕਹਿਣ ਲੱਗੀ, "ਸਰਦਾਰ ਜੀ ਵੀ ਦੱਸਦੇ ਸੀ, ਪਈ ਮੱਝ ਦਾ ਥਣ ਬੰਦ ਐ। ਪਰ ਐਸ ਵੇਲੇ ਤਾਂ ਉਹ ਘਰ ਨ੍ਹੀਂ ਹੈਗੇ। ਕਿਹੇ ਰਿਸ਼ਤੇਦਾਰ ਦੇ ਗਏ ਹੋਏ ਆ। ਭਾਜੀ, ਮੈਨੂੰ ਨ੍ਹੀਂ ਪਤਾ। ਸਾਡੇ ਭਈਏ ਨੂੰ ਪਤਾ, ਕਿਹੜੀ ਮੱਝ ਦਾ ਕਿਹੜਾ ਥਣ ਬੰਦ ਐ ? ਓਹੀ ਧਾਰਾਂ ਕੱਢਦਾ। ਹੁਣ ਤਾਂ ਭਈਆ ਪੱਠੇ ਲੈਣ ਖੂਹ 'ਤੇ ਗਿਆ ਹੋਇਐ। ਘੰਟੇ ਕੁ ਤਾਈਂ ਆ ਜਾਇਓ। ਜਦੋਂ ਨੂੰ ਭਈਏ ਨੇ ਵੀ ਪੱਠੇ ਲੈ ਕੇ ਆ ਜਾਣਾ।"

ਹਾਕਮ ਸਿੰਘ ਉਤਸੁਕਤਾ ਨਾਲ ਡਾਕਟਰ ਬਾਲੀ ਦੀ ਗੱਲ ਸੁਣਨ ਲੱਗਾ।

"ਮੈਂ ਕੇਵਲ ਸੌਂਅ ਨੂੰ ਫੋਨ ਕੀਤਾ, ਉਹਨੇ ਵੀ ਏਦਾਂ ਈ ਕਿਹਾ, ਮੈਨੂੰ ਬੜੀ ਹੈਰਾਨੀ ਹੋਈ। ਦੇਖੋ ਸਮੇਂ ਕਿੱਦਾਂ ਬਦਲ ਗਏ। ਕਿਹੜਾ ਕੰਮ ਰਹਿ ਗਿਆ ਹਾਕਮ ਸਿੰਹਾਂ, ਜਿਹੜਾ ਪੰਜਾਬ 'ਚ ਭਈਏ ਨ੍ਹੀਂ ਕਰਦੇ ? ਆਪਣੇ ਬੰਦਿਆਂ ਦੀ ਹੁਣ ਐਨੀ ਸੁੱਖ ਜਾਨ ਪੈ ਗਈ ਕਿ ਕਿਸੇ ਕੰਮ ਨੂੰ ਹੱਥ ਲਾ ਕੇ ਰਾਜੀਓ ਨ੍ਹੀਂ। ਸੋਚਣ ਵਾਲੀ ਗੱਲ ਤਾਂ ਇਹ ਐ ਕਿ ਜੱਟਾਂ-ਜ਼ਿਮੀਂਦਾਰਾਂ ਦਾ ਅਗਾਂਹ ਕਿੱਦਾਂ ਸਰੂ...?"

"ਡਾਕਟਰ ਸੁਣ ਲੈ ਮੇਰੀ ਗੱਲ...? ਝੱਗਾ ਚੁੱਕਦਾਂ ਤਾਂ ਆਪਣਾ ਈ ਢਿੱਡ ਨੰਗਾ ਹੁੰਦਾ। ਕੱਲ੍ਹ ਸੂਰਜ ਛਿਪਦਿਆਂ ਗਾਂ ਸੂਅ ਪਈ ਸੀ।" ਹਾਕਮ ਸਿੰਘ ਦਾ ਮੱਥਾ ਤਣ ਗਿਆ, "ਘਰਆਲੀ ਨੌਂ ਵਜੇ ਰਾਤੀਂ ਹਨੇਰੇ 'ਚ ਠੇਡੇ ਖਾਂਦੀ ਮੇਰੀ ਰੋਟੀ ਲੈ ਕੇ ਆਈ ਸੀ। ਕਹਿੰਦੀ, ਮੁੰਡਾ ਹਜੇ ਸ਼ਹਿਰੋਂ ਨ੍ਹੀਂ ਆਇਆ। ਕਿਹੇ ਫਰੈਂਡ ਦੀ ਬਥਰ-ਡੇ ਪਾਰਟੀ 'ਤੇ ਗਿਆ ਹੋਇਐ। ਮੈਂ ਗਾਂ ਕੋਲ ਬੈਠਾ ਸਾਰੀ ਰਾਤ ਜਾਗਦਾ ਰਿਹਾਂ, ਘੜੀ ਭਰ ਵੀ ਅੱਖ ਨ੍ਹੀਂ ਲਾਈ। ਮੈਂ ਖਿਆ ਜੇ ਅੱਖ ਲੱਗ ਗਈ ਤਾਂ ਕਿਤੇ ਕੁੱਤੇ ਜੇਰ ਨਾ ਖਾ ਜਾਣ। ਸਵੇਰੇ ਲੋਅ ਹੁੰਦੀ ਨੂੰ ਘਰਆਲੀ ਚਾਹ ਲੈ ਕੇ ਆਈ ਤਾਂ ਦੱਸਿਆ ਪਈ ਮੁੰਡਾ ਰਾਤੀਂ ਬਾਰ੍ਹਾਂ ਵਜੇ ਪਾਰਟੀ ਤੋਂ ਆਇਆ ਸੀ।"

"ਕਰ ਲਓ ਗੱਲ...।" ਡਾਕਟਰ ਬੋਲਿਆ।

"ਕਹਿੰਦੀ ਹੁਣ ਘੂਕ ਸੁੱਤਾ ਪਿਆ। ਸਾਲ਼ਾ, ਪੁੱਠਾ ਜਿਹਾ ਰਵਾਜ਼ ਹੋ ਗਿਆ, ਜਨਮ ਦਿਨ ਮਨਾਉਣ ਦਾ। ਕਦੇ ਨ੍ਹੀਂ ਸੀ ਸੁਣਿਆ। ਡਾਕਟਰਾ, ਹੈ ਨ੍ਹੀਂ ਲੋਕਾਂ ਦਾ ਕਮਲ਼ਪੁਣਾ...? ਉਮਰ ਦਾ ਇਕ ਸਾਲ ਘੱਟ ਜਾਂਦਾ, ਲੋਕੀਂ ਖ਼ੁਸ਼ੀ 'ਚ ਪਾਰਟੀਆਂ ਕਰਦੇ ਫਿਰਦੇ ਆ।"

"ਦੇਖੋ-ਦੇਖੀ ਸਭ ਕਰੀ ਜਾਂਦੇ ਆ...ਗੁੱਸਾ ਨਾ ਕਰੀਂ ਹਾਕਮ ਸਿੰਹਾਂ, ਹੁਣ ਤਾਂ ਥੁਆਡੇ ਮੁੰਡੇ ਡੱਕਾ ਭੰਨ ਕੇ ਦੂਹਰਾ ਨ੍ਹੀਂ ਕਰਦੇ। ਪੂਰੀ ਤਰ੍ਹਾਂ ਭਈਆਂ 'ਤੇ ਨਿਰਭਰ ਹੋ ਗਏ ਆ। ਜੇ ਭਲਾ ਪੰਜਾਬ 'ਚ ਭਈਏ ਨਾ ਆਉਣ, ਫੇਅ ਕੀ ਬਣੂ...?" ਡਾਕਟਰ ਤੈਸ਼ ਵਿਚ ਬੋਲਿਆ।

"ਮੁੰਡਾ ਸਵੇਰੇ ਨੌਂ ਵਜੇ ਖੂਹ 'ਤੇ ਆਇਆ, ਉਹ ਵੀ ਮੋਟਰ ਸੈਕਲ 'ਤੇ। ਮੈਂ ਉਹਨੂੰ ਗਾਂ ਦੀ ਰਾਖੀ ਬੈਠਣ ਲਈ ਕਿਹਾ, ਅੱਗਿਓਂ ਕਹਿੰਦਾ ਮੈਂ ਤਾਂ ਪਹਿਲਾਂ ਈ ਕਾਲਜੋਂ ਲੇਟ ਹੋ ਗਿਆ। ਕਿੱਕ ਮਾਰੀ ਔਹ ਗਿਆ। ਪਤਾ ਨ੍ਹੀਂ ਅੱਜ ਕੱਲ੍ਹ ਕਿੱਦਾਂ ਦੀਆਂ ਪੜ੍ਹਾਈਆਂ ? ਕਿਤਾਬ ਮੈਂ ਕਦੀ ਉਹਦੇ ਹੱਥ 'ਚ ਦੇਖੀ ਨ੍ਹੀਂ। ਘਰ ਪੜ੍ਹਦਾ ਮੈਂ ਨ੍ਹੀਂ ਦੇਖਿਆ। ਰੁੱਗ ਫੀਸਾਂ ਦਾ ਚੜ੍ਹੇ ਮਹੀਨੇ ਲੈ ਜਾਂਦਾ। ਅੱਧੀ-ਅੱਧੀ ਰਾਤ ਨੂੰ ਘਰ ਵੜਦਾ। ਮੋਟਰ ਸੈਕਲ ਦਾ ਸਿਲੰਸਰ ਠੰਡਾ ਨ੍ਹੀਂ ਹੋਣ ਦਿੰਦਾ...। ਏਧਰੋਂ ਆਉਂਦਾ, ਓਧਰ ਨੂੰ ਭੱਜ ਜਾਂਦਾ। ਪਤਾ ਨ੍ਹੀਂ ਕਿਹੜੀ ਕਬੀਲਦਾਰੀ 'ਚ ਖੁੱਭਿਆ ਹੋਇਐ ?"

"ਹੁਣ ਜੱਟਾਂ ਦੇ ਮੁੰਡੇ ਕਿੱਥੇ ਪੜ੍ਹਦੇ ਆ। ਐਮੇਂ ਸਕੂਲਾਂ-ਕਾਲਜਾਂ 'ਚ ਤੁਰ ਫਿਰ ਕੇ ਘਰ ਆ ਜਾਂਦੇ ਆ। ਸੁਖ ਜਾਨ ਪੈ ਗਈ ਅਗਲੀ ਪੀੜ੍ਹੀ ਦੀ...।"

'ਡਾਕਟਰਾ, ਸਾਰਾ ਦਿਨ ਮਿੱਟੀ ਨਾਲ ਮਿੱਟੀ ਹੋਣਾ ਪਈਂਦਾ। ਫੇਅ ਚੁੱਲ੍ਹੇ 'ਚ ਅੱਗ ਮੱਘਦੀ ਐ। ਅੱਜ ਦੇ ਮੁੰਡੇ ਤਾਂ ਅੰਗ ਨੂੰ ਮਿੱਟੀ ਨ੍ਹੀਂ ਲੱਗਣ ਦਿੰਦੇ। ਬੜ੍ਹਕਾਂ ਵਥੇਰੀਆਂ ਮਾਰਦੇ ਆ। ਮੈਂ ਜੱਟ ਦਾ ਪੁੱਤ ਆਂ। ਅਸੀਂ ਜੱਟ ਹੁੰਨੇ ਆਂ। ਇਨ੍ਹਾਂ ਨੂੰ ਕੀ ਪਤਾ ਜੱਟਾਂ ਦੀ ਜੂਨ ਕਿੱਦਾਂ ਦੀ ਹੁੰਦੀ ਆ। ਮੈਨੂੰ ਤਾਂ ਏਹੀ ਚਿੰਤਾ ਐ, ਪਈ ਸਾਡੇ ਮੁੰਡੇ ਸਾਡੇ ਤੋਂ ਬਾਅਦ ਆਪਣੀਆਂ ਜ਼ਮੀਨਾਂ ਕਿੱਦਾਂ ਸਾਂਭਣਗੇ ? ਜਿਹੜੇ ਹੁਣ ਅੰਗ ਨੂੰ ਮਿੱਟੀ ਨ੍ਹੀਂ ਲੱਗਣ ਦਿੰਦੇ।"

"ਜੱਟਵਾਦ ਦੀਆਂ ਫੋਕੀਆਂ ਬੜ੍ਹਕਾਂ ਤਾਂ ਮਾਰਨਗੇ ਈ ਨਾ...।" ਵਿਅੰਗ ਨਾਲ ਆਖਦਿਆਂ ਡਾਕਟਰ ਬਾਲੀ ਜ਼ੋਰ ਨਾਲ ਹੱਸਿਆ।

•

ਮੋਬਾ. 88728-54500



ਖੋਜ ਪੱਤਰ

ਡਾ. ਕਿਰਨ

ਪੰਜਾਬੀ ਭਾਸ਼ਾ ਦਾ ਮਹੱਤਵ

ਭਾਸ਼ਾ ਲੋਕ ਜੀਵਨ ਦਾ ਆਧਾਰ ਹੈ। ਮਨੁੱਖੀ ਭਾਵਨਾਵਾਂ ਦਾ ਸੰਚਾਰ ਕਰਨ ਲਈ ਭਾਸ਼ਾ ਇਕ ਸਾਧਨ ਹੈ, ਜਿਸ ਰਾਹੀਂ ਮਨੁੱਖ ਆਪਣੇ ਵਿਚਾਰ ਭਾਵ-ਮਨੋਰਥ ਦੂਜਿਆਂ ਤਕ ਪਹੁੰਚਾਉਂਦਾ ਹੈ। ਹਰ ਭਾਸ਼ਾ ਨੂੰ ਇਕ ਵਿਸ਼ੇਸ਼ ਲਿਪੀ ਵਿਚ ਲਿਖਿਆ ਜਾਂਦਾ ਹੈ। ਲਿਪੀ ਬੋਲੀ ਦਾ ਵਾਹਨ ਹੈ। ਗੁਰਮੁਖੀ ਲਿਪੀ ਪੰਜਾਬੀ ਭਾਸ਼ਾ ਨੂੰ ਲਿਖਣ ਲਈ ਵਰਤੀ ਜਾਂਦੀ ਹੈ। ਭਾਸ਼ਾ ਤੇ ਲਿਪੀ ਦਾ ਆਪਸ ਵਿਚ ਗੂੜ੍ਹਾ ਸੰਬੰਧ ਹੈ। ਲਿਪੀ ਦੇ ਪਹਿਰਾਵੇ ਨੇ ਹੀ ਭਾਸ਼ਾ ਨੂੰ ਸਦੀਵਤਾ ਬਖ਼ਸ਼ੀ ਹੈ। ਲਿਪੀ ਮਨੁੱਖੀ ਭਾਵਾਂ ਨੂੰ ਅਮਰ ਕਰ ਦਿੰਦੀ ਹੈ। ਗੱਲ ਕਰਦੇ ਹਾਂ ਪੰਜਾਬੀ ਭਾਸ਼ਾ ਦੀ ਤਾਂ ਇਹ ਹੋਰਨਾਂ ਦੱਖਣੀ ਏਸੀਆਈ ਬੋਲੀਆਂ ਦੀ ਤਰ੍ਹਾਂ ਹੀ ਇਕ ਹਿੰਦ-ਆਰੀਆਂ ਬੋਲੀ ਹੈ। ਪੰਜਾਬੀ ਸੈਂਕੜੇ ਵਰ੍ਹੇ ਸੱਤਾ ਅਤੇ ਦਰਬਾਰਾਂ ਦੀ ਸਰਪ੍ਰਸਤੀ ਤੋਂ ਬਿਨਾ ਵਧੀ-ਫੁੱਲੀ ਤੇ ਪ੍ਰਫੁਲਿਤ ਹੋਈ ਲੋਕਾ ਦੀ ਜ਼ੁਬਾਨ ਹੈ। ਪੰਜਾਬ ਸੂਬੇ ਦੀ ਮਾਂ ਬੋਲੀ ਹੋਣ ਦਾ ਮਾਣ ਪੰਜਾਬੀ ਬੋਲੀ ਦੇ ਹਿੱਸੇ ਆਇਆ। ਇਸ ਤੋਂ ਇਲਾਵਾ ਬਾਹਰਲੇ ਮੁਲਕਾਂ ਜਿਵੇਂ- ਇੰਗਲੈਂਡ, ਅਮਰੀਕਾ, ਆਸਟਰੇਲੀਆ, ਸਿੰਘਾਪੁਰ ਤੇ ਖਾਸ ਕਰ ਕੇਨੈਡਾ, ਜਿੱਥੇ ਕਿ 2011 ਦੇ ਇਕ ਸਰਵੇ ਮੁਤਾਬਕ ਤੀਜੀ ਆਮ ਬੋਲੀ ਜਾਣ ਵਾਲੀ ਭਾਸ਼ਾ ਪੰਜਾਬੀ ਹੈ। ਗੁਰੂ ਨਾਨਕ ਦੇਵ ਜੀ ਨੇ ਬਾਣੀ ਲਈ ਪੰਜਾਬੀ ਭਾਸ਼ਾ ਨੂੰ ਚੁਣਿਆ। ਪੰਜਾਬੀ ਸਿੱਖੀ ਦੇ ਧਾਰਮਿਕ ਭਾਸ਼ਾ ਵੀ ਹੈ ਤੇ ਗੁਰਮੁਖੀ ਲਿਪੀ ਵਿਚ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰਚਨਾ ਕੀਤੀ ਗਈ। ਸਾਡੇ ਗੁਰੂ ਸਹਿਬਾਨ ਤੋਂ ਪਹਿਲਾਂ ਬਾਬਾ ਫਰੀਦ ਨੇ ਵੀ ਬਾਣੀ ਦੀ ਰਚਨਾ ਨਾਥਾਂ, ਜੋਗੀਆਂ, ਵਾਰਿਸ, ਸਾਹ ਹੁਸੈਨ ਆਦਿ ਸਾਰੇ ਕਵੀਆ ਨੇ ਆਪਣੀ ਕਵਿਤਾ ਨੂੰ ਪੰਜਾਬੀ ਭਾਸ਼ਾ ਵਿਚ ਲਿਖਕੇ ਇਸਨੂੰ ਅਮੀਰ ਤੇ ਗੌਰਵਸਾਲੀ ਬਣਾਇਆ ਪ੍ਰੋ. ਪੂਰਨ ਸਿੰਘ ਭਾਵੇਂ ਅੰਗਰੇਜੀ ਦੇ ਚੰਗੇ ਵਿਦਵਾਨ ਸਨ ਪਰ ਉਹਨਾਂ ਨੇ ਪੰਜਾਬੀ ਵਿਚ ਖੁੱਲ੍ਹੀ ਕਵਿਤਾ ਲਿਖ ਕੇ ਇਤਿਹਾਸ ਸਿਰਜਿਆ। ਪੰਜਾਬੀ ਭਾਸ਼ਾ ਦਾ ਹਿਰਦਾ ਇੰਨ੍ਹਾ ਵਿਸ਼ਾਲ ਹੈ ਕਿ ਤੁਰਕ, ਮੁਗਲ, ਮੰਗੋਲ ਆਦਿ ਸਭ ਦੀਆਂ ਭਾਸ਼ਾਵਾਂ ਨੂੰ ਵੀ ਪੰਜਾਬੀ ਭਾਸ਼ਾ ਨੇ ਆਪਣੇ ਵਿਚ ਜ਼ਜਬ ਕਰਕੇ ਆਪਣੀ ਨਿਵੇਕਲੀ ਪਛਾਣ ਬਰਕਰਾਰ ਰੱਖੀ। ਪੰਜਾਬੀ ਲੋਕ ਗੀਤ ਸਾਡੀ ਸੰਪੂਰਨ ਪੰਜਾਬੀਅਤ ਦੀ ਤਰਜਮਾਨੀ ਕਰਦੇ ਹਨ। ਕਥਾ, ਕਹਾਣੀਆ, ਸੁਹਾਗ, ਘੋੜੀਆ ਟੱਪੇ ਆਦਿ ਪੰਜਾਬੀਅਤ ਦਾ ਖਜਾਨਾ ਹਨ। ਜੋ ਹੋਰ ਕਿਸੇ ਭਾਸ਼ਾ ਵਿਚ ਦੇਖਣ ਨੂੰ ਨਹੀਂ ਮਿਲਦੇ। ਪੰਜਾਬੀ ਸੰਗੀਤ ਨੇ ਤਾਂ ਪੂਰੀ ਦੁਨੀਆਂ ਨੂੰ ਹੀ ਝੂਮਣ ਲਾ ਦਿੱਤਾ।

ਵਿਦੇਸ਼ੀ ਧਰਤੀ ਤੇ ਪੰਜਾਬੀ ਭਾਸ਼ਾ ਨੂੰ ਮਾਣ-ਸਤਿਕਾਰ ਤਾਂ ਮਿਲ ਹੀ ਰਿਹਾ ਪਰ ਉਸ ਤੋਂ ਪਹਿਲਾਂ ਗਲ ਕਰਦੇ ਹਾਂ ਸਾਡੇ ਖਿੱਤੇ 'ਪੰਜਾਬ' ਚ ਅਜ ਦੇ ਸਮੇਂ 'ਚ ਪੰਜਾਬੀ ਦਾ ਮਿਆਰ ਤੇ ਉਪਯੋਗਤਾ ਕਿੱਥੇ ਤੱਕ ਸੀਮਤ ਹੋ ਕੇ ਰਹਿ ਗਈ ਹੈ। ਅੰਤਰਰਾਸ਼ਟਰੀ ਭਾਸ਼ਾ ਅੰਗਰੇਜ਼ੀ ਦੀ ਆੜ ਹੇਠ ਜਿਆਦਾ ਸੱਭਿਅਕ ਬਣ ਜਾਣ ਦੇ ਯਤਨਾਂ ਨਾਲ ਸਾਡੀ ਮਾਂ-ਬੋਲੀ ਪੰਜਾਬੀ ਨਾਲ ਕਿੰਨਾ ਕੁ ਇਨਸਾਫ ਹੋ ਰਿਹਾ? ਬਿਨਾਂ ਸ਼ੱਕ ਕਿਹਾ ਜਾ ਸਕਦਾ ਹੈ ਕਿ ਪੰਜਾਬੀ ਭਾਸ਼ਾ ਦਾ ਬਹੁਤ ਵਿਕਾਸ ਹੋਇਆ। ਵਿਸ਼ਵ ਦੇ ਕੋਨੇ ਕੋਨੇ ਵਿਚ ਫੈਲੇ ਪੰਜਾਬੀਆਂ ਲਈ ਇਹ ਉਨ੍ਹਾਂ ਲਈ ਮਾਣ ਦਾ ਇਕ ਅੰਗ ਹੀ ਨਹੀਂ ਬਲਕਿ ਪੰਜਾਬੀਆਂ ਦੀ ਸਮੁੱਚੀ ਵਿਰਾਸਤ ਦੇ ਆਧਾਰ ਤੇ ਸ੍ਰੋਤ ਵਜੋ ਇਸਨੂੰ ਸਮਝਿਆ ਤੇ ਸਮਝਾਇਆ ਜਾਂਦਾ ਹੈ। ਵਿਦੇਸ਼ੀ ਧਰਤੀਆਂ ਤੇ ਪੰਜਾਬੀ ਭਾਈਚਾਰੇ ਨੂੰ ਇਕ ਸੂਤਰ ਵਿਚ ਬੰਨਣ ਅਤੇ ਪੰਜਾਬੀਆਂ ਦੀਆਂ ਸਮਾਜਿਕ ਤੇ ਸਦਾਚਾਰਕ ਕਦਰਾਂ-ਕੀਮਤਾਂ ਨੂੰ ਉਜਾਗਰ ਕਰਨ ਵਿਚ ਵਿਸ਼ੇਸ਼ ਮਹੱਤਵ ਹੈ। ਆਪਣੀ ਬੋਲੀ ਤੋਂ ਦੂਰ ਪਰਾਈ ਧਰਤੀ ਤੇ ਜਜਬਿਆਂ ਤੇ ਸੰਵੇਦਨਾਵਾਂ ਨੂੰ ਪ੍ਰਗਟ ਕਰਨਾ ਹੀ ਨਹੀਂ ਸਗੋਂ ਉਥੇ ਪੰਜਾਬੀ ਸਮਾਜ ਤੇ ਭਾਈਚਾਰਾ ਸਥਾਪਿਤ ਕਰਨ ਵਿਚ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ। ਵਿਕਾਸ ਅਤੇ ਨਿਰੰਤਰ ਅੱਗੇ ਵਧਣ ਦੀ ਇੱਛਾ ਰੱਖਣ ਵਾਲੇ ਸੂਝਵਾਨ ਪੰਜਾਬੀ ਆਪਣੀ ਅਗਲੀ ਪੀੜ੍ਹੀ ਨੂੰ ਆਪਣੇ ਮੂਲ ਤੇ ਮਾਂ ਬੋਲੀ ਤੋਂ ਦੂਰ ਹੋਇਆ ਦੇਖਦੇ ਹਨ ਤਾਂ ਇਸ ਦਿਸ਼ਾ ਵਲ ਚਿੰਤਨ ਕਰਨ ਲਈ ਮਜਬੂਰ ਹੋ ਜਾਂਦੇ ਹਨ ਇਹ ਆਪਣੀ ਭਾਸ਼ਾਈ ਵਿਰਾਸਤ ਵਲ ਮੁੜਨ ਲਈ ਯਤਨ ਕਰਨੇ ਆਰੰਭ ਕਰਦੇ ਹਨ ਚਿੰਤਨ ਦੀ ਇਸੇ ਪ੍ਰਕਿਰਿਆ ਦੁਆਰਾ ਹੀ ਪੰਜਾਬੀ ਭਾਈਚਾਰੇ ਨੂੰ ਚੇਤਨ ਕਰਨ ਦੇ ਉਪਰਾਲੇ ਆਰੰਭੇ ਹਨ ਜਿਸ ਕਰਕੇ ਸਮੇਂ ਸਮੇਂ ਗੋਸ਼ਟੀਆਂ ਸਭਾਵਾਂ, ਰਸਾਲੇ ਤੇ ਮੈਗਜ਼ੀਨ ਪੰਜਾਬੀ ਭਾਸ਼ਾ ਤੇ ਹੋਰ ਮਸਲਿਆਂ ਨੂੰ ਵਿਚਾਰਨ ਲਈ ਮਾਂ ਬੋਲੀ ਨੂੰ ਬਣਦਾ ਮਾਣ-ਸਤਿਕਾਰ ਦੇਣ ਲਈ ਵਿਦੇਸ਼ੀ ਧਰਤੀ ਤੋਂ ਛਪਦੇ ਰਹਿੰਦੇ ਹਨ ਜੋ ਕਿ ਸਾਰਥਕ ਉਪਰਾਲਾ ਹੈ। ਸਭਿਆਚਾਰਿਕ ਗਤੀਵਿਧੀਆਂ ਜਿੰਨ੍ਹਾਂ ਵਿਚ ਗਿੱਧਾ ਭੰਗੜਾ ਤੇ ਹੋਰ ਲੋਕ ਸੰਗੀਤ ਕਰਵਾਉਂਦੇ ਰਹਿੰਦੇ ਹਨ ਕਿਉਂਕਿ ਪੰਜਾਬੀਆਂ ਨੂੰ ਜਿਸ ਗਲ ਨੇ ਵਧੇਰੇ ਬੈਚੇਨ ਕੀਤਾ ਹੈ ਉਹ ਹੈ ਉਹਨਾਂ ਦੀ ਵਿਦੇਸ਼ ਵਿਚ ਵਸਦੀ ਅਗਲੀ ਪੀੜ੍ਹੀ ਦਾ ਝੁਕਾਅ ਅੰਗਰੇਜ਼ੀ ਭਾਸ਼ਾ ਤੇ ਉਥੋਂ ਦੇ ਕਲਚਰ ਵਲ ਹੋਣਾ।

ਜੋ ਪੰਜਾਬੀ ਨੂੰ ਆਪਣੇ ਗੌਰਵਮਈ ਵਿਰਾਸਤ ਤੋਂ ਪਿਛਾਂਹ ਰੱਖਦੇ ਹਨ। ਚਾਹੀਦਾ ਤਾਂ ਇਹ ਹੈ ਕਿ ਦੁਨੀਆਂ ਦੀਆਂ ਆਧੁਨਿਕ ਭਾਸ਼ਾਵਾਂ ਵਾਂਗ ਪੰਜਾਬੀ ਨੂੰ ਵੀ ਅਤਿ ਵਿਕਸਿਤ ਜਾਵੇ। ਕਿਸੇ ਵਿਦਵਾਨ ਨੇ ਵੀ ਕਿਹਾ ਸੀ ਕਿ "ਜੇਕਰ ਕਿਸੇ ਕੌਮ ਨੂੰ ਖਤਮ ਕਰਨਾ ਹੈ ਤਾਂ, ਉਸਦੀ ਬੋਲੀ ਖੋਹ ਲਵੋ" ਵਿਦੇਸ਼ ਵਿਚ ਵਸਤੇ ਪੰਜਾਬੀ ਇਸ ਧਾਰਨਾ ਨੂੰ ਬਹੁਤ ਬਾਰੀਕੀ ਨਾਲ ਸਮਝਦੇ ਹਨ ਇਸੇ ਲਈ ਅਗਲੀ ਪੀੜ੍ਹੀ ਨੂੰ ਸ਼ਹਿਦ ਜਿਹੀ ਮਿੱਠੀ ਮਾਂ-ਬੋਲੀ ਪੰਜਾਬੀ ਨਾਲ ਜੋੜਨ ਦੀ ਚਿੰਤਾ ਹਰ ਪੰਜਾਬੀ ਦੇ ਮਨ ਵਿਚ ਮੌਜੂਦ ਹੈ। ਕਿਸੇ ਵਿਦਵਾਨ ਨੇ ਕਿਹਾ ਸੀ ਕਿ "ਆਪਣੀਆਂ ਜੜ੍ਹਾਂ ਨਾਲੋਂ ਟੁੱਟ ਕੇ ਰੁੱਖ ਬਹੁਤਾ ਚਿਰ ਛਾਂ ਨਹੀਂ ਕਰ ਸਕਦਾ।

ਮੋਬਾ.9501978261

ਆਰਟੀਕਲ / ***ਵੀਨਾ ਅਰੋੜਾ***

ਜੋਗਿੰਦਰ ਬਾਹਰਲਾ ਰਚਿਤ 'ਹਾੜ੍ਹੀਆਂ ਸੌਣੀਆਂ' ਦੀ ਸਮਕਾਲੀ ਪ੍ਰਸੰਗਿਕਤਾ

(ਟਿਕਰੀ ਬਾਰਡਰ 'ਤੇ 'ਮੰਚ ਰੰਗਮੰਚ' ਦੀ ਪੇਸ਼ਕਾਰੀ—ਸਾਲ 2020)

ਕਿਸਾਨੀ ਜਨ-ਜੀਵਨ ਤੇ ਸਭਿਆਚਾਰ ਹੀ ਮੂਲ ਰੂਪ ਵਿਚ ਪੰਜਾਬੀ ਸਭਿਆਚਾਰ ਦਾ ਪਛਾਣ-ਚਿੰਨ੍ਹ ਹੈ, ਇਸੇ ਕਰਕੇ ਇਹ ਮੁੱਢ ਤੋਂ ਹੀ ਸਾਹਿਤ ਸਿਰਜਣਾ ਦਾ ਆਧਾਰ ਰਿਹਾ ਹੈ। ਮੁਲਕ ਦੀ ਆਜ਼ਾਦੀ ਤੋਂ ਬਾਅਦ ਲੇਖਕਾਂ ਦੀ ਵੱਡੀ ਗਿਣਤੀ ਸਮਾਜ ਦੇ ਇਸੇ ਵਰਗ 'ਚੋਂ ਸਾਹਮਣੇ ਆਉਂਦੀ ਹੈ, ਜਿਨ੍ਹਾਂ ਨੇ ਕਿਸਾਨੀ ਜੀਵਨ ਦੀਆਂ ਸਮੱਸਿਆਵਾਂ ਤੇ ਅੰਤਰ-ਵਿਰੋਧਾਂ ਨੂੰ ਆਪਣੀਆਂ ਲਿਖਤਾਂ ਦਾ ਆਧਾਰ ਬਣਾਇਆ। ਪੰਜਾਬੀ ਸਾਹਿਤ ਵਿਚ ਕਿਸਾਨੀ ਜੀਵਨ ਸਮੁੱਚਤਾ ਨਾਲ ਪੇਸ਼ ਹੋਇਆ ਹੈ। ਕਿਸਾਨੀ ਜੀਵਨ ਦੇ ਬਿਰਤਾਂਤ ਨੂੰ (ਸਮਾਜਿਕ, ਆਰਥਿਕ, ਰਾਜਨੀਤਕ) ਪੰਜਾਬੀ ਨਾਟਕ ਤੇ ਰੰਗਮੰਚ ਨੇ ਵੀ ਬੜੀ ਖ਼ੂਬਸੂਰਤੀ ਨਾਲ ਚਿਤਰਿਆ ਹੈ।

ਸਾਲ 1943-44 ਵਿਚ ਬੁੱਧੀਜੀਵੀਆਂ ਤੇ ਸਭਿਆਚਾਰਕ ਕਾਰਕੁੰਨਾਂ ਨੇ ਦੇਸ਼ ਨੂੰ ਸਾਮਰਾਜਵਾਦੀ ਤਾਕਤਾਂ ਤੋਂ ਬਚਾਉਣ ਲਈ ਇਕ ਸਾਂਝਾ ਪਲੇਟਫਾਰਮ ਇਪਟਾ ਦੇ ਰੂਪ ਵਿਚ ਸੰਗਠਿਤ ਕੀਤਾ। ਅਸਲ ਵਿਚ ਤਾਂ ਇਸ ਸੰਸਥਾ ਦੇ ਪੈੜ ਚਿੰਨ੍ਹ 1936 ਵਿਚ ਪ੍ਰਗਤੀਵਾਦੀ ਲੇਖਕ ਸੰਘ ਦੀ ਹੋਈ ਕਾਨਫਰੰਸ ਸਮੇਂ ਦਿਖਾਈ ਦੇਣ ਲੱਗੇ ਸਨ। ਇਸ ਸੰਸਥਾ ਦੇ ਹੋਂਦ ਵਿਚ ਆਉਣ ਤੋਂ ਬਾਅਦ ਇਸ ਨਾਲ ਜੁੜੇ ਹਰ ਸ਼ਖ਼ਸ ਅੰਦਰ ਉਤਸ਼ਾਹ ਭਰਨ ਲਈ 25 ਮਈ 1943 ਨੂੰ ਮਾਰਵਾੜੀ ਸਕੂਲ ਆਫ਼ ਬੰਬਈ ਵਿਚ ਪ੍ਰਧਾਨਗੀ ਭਾਸ਼ਣ ਦੇਂਦੇ ਹੋਏ ਪ੍ਰੋਫ਼ੈਸਰ ਹੀਰੇਨ ਮੁਖਰਜੀ ਨੇ ਕਿਹਾ, "ਆਓ ਲੇਖਕੋ, ਆਓ ਕਲਾਕਾਰੋ, ਅਦਾਕਾਰੋ, ਨਾਟਕਕਾਰੋ, ਸਾਰੇ ਆਓ, ਉਹ ਸਾਰੇ ਵੀ ਆਓ ਜੋ ਆਪਣੇ ਹੱਥੀਂ ਮਿਹਨਤ ਕਰਦੇ ਨੇ ਤੇ ਉਹ ਵੀ ਜੋ ਦਿਮਾਗ਼ ਵੀ ਲੜਾਉਂਦੇ ਨੇ। ਆਓ ਆਪਣੇ-ਆਪ ਨੂੰ ਇਕ ਨਵਾਂ ਸੰਸਾਰ ਸਿਰਜਣ ਲਈ ਝੋਕ ਦਿਉ, ਜਿਸ ਵਿਚ ਆਜ਼ਾਦੀ ਹੋਵੇ ਤੇ ਸਮਾਜਿਕ ਨਿਆਂ ਹੋਵੇ।"[1]

ਹਿੰਦੁਸਤਾਨ ਦੇ ਉਸ ਵੇਲੇ ਦੇ ਸਭ ਤੋਂ ਵੱਡੇ ਸੰਗਠਨ ਇਪਟਾ ਨੇ 1950 'ਚ ਪੰਜਾਬ ਦੇ ਰੰਗਮੰਚ ਵਿਚ ਦਸਤਕ ਦਿੱਤੀ। ਪੰਜਾਬ ਇਪਟਾ ਦੇ ਮੁੱਢਲੇ ਪੜਾਅ 'ਤੇ ਤੇਰਾ ਸਿੰਘ ਚੰਨ, ਸੁਰਿੰਦਰ ਕੌਰ (ਲੋਕ ਗਾਇਕਾ), ਜਗਦੀਸ਼ ਫਰਿਆਦੀ, ਨਿਰੰਜਨ ਮਾਨ, ਪ੍ਰੀਤਮਾਨ, ਹੁਕਮ ਚੰਦ ਖ਼ਲੀਲੀ, ਉਮਾ ਗੁਰਬਖ਼ਸ਼ ਸਿੰਘ, ਨਰਿੰਦਰ ਦੁਸਾਂਝ, ਅਮਰਜੀਤ ਗੁਰਦਾਸਪੁਰੀ, ਜੋਗਿੰਦਰ ਬਾਹਰਲਾ, ਕੰਵਲਜੀਤ ਸੂਰੀ, ਨਵਤੇਜ ਸਿੰਘ, ਮਹਿੰਦਰ ਕੌਰ, ਗੁਰਚਰਨ ਬਪਾਰਾਏ, ਸ਼ੀਲਾ ਦੀਦੀ, ਸ਼ੀਲਾ ਭਾਟੀਆ ਤੇ ਮੱਲ ਸਿੰਘ ਰਾਮਪੁਰੀ ਨੇ ਇਪਟਾ ਦੀਆਂ ਸਟੇਜਾਂ 'ਤੇ ਆਪਣੇ ਨਾਟਕਾਂ, ਗੀਤਾਂ ਤੇ ਕਵਿਤਾਵਾਂ ਦੇ ਰਾਹੀਂ ਵਿਰੋਧ ਦੀ ਆਵਾਜ਼ ਨੂੰ ਬੁਲੰਦ ਕੀਤਾ।[2] ਇੱਕੀਵੀਂ, ਸਦੀ ਦਹਾਕਾ ਦੂਜਾ, ਸਾਲ 2020, ਪੋਹ ਦਾ ਮਹੀਨਾ ਇਸ ਸਮੇਂ ਪੰਜਾਬ ਇਕ ਨਵਾਂ ਇਤਿਹਾਸ ਸਿਰਜ ਰਿਹਾ ਹੈ, ਨਵੀਂ ਇਬਾਰਤ ਲਿਖ ਰਿਹਾ ਹੈ। ਦਿੱਲੀ ਦੇ ਤਖ਼ਤ ਨੂੰ ਵੰਗਾਰਦਾ ਹਰ ਸੂਬੇ ਤੋਂ ਆਇਆ ਕਿਸਾਨ ਖੇਤੀ ਵਿਰੁੱਧ ਬਣੇ ਕਾਲੇ ਕਾਨੂੰਨਾਂ ਨੂੰ ਰੱਦ ਕਰਵਾਉਣ ਲਈ ਬਜ਼ਿੱਦ ਹੈ। ਉਸਦੇ ਇਸ ਸੰਘਰਸ਼ ਵਿਚ ਉਸ ਨਾਲ ਹਰ ਵਰਗ ਦੇ ਲੋਕ ਆ ਜੁੜੇ ਹਨ, ਇਸੇ ਸੰਦਰਭ 'ਚ ਰੰਗਕਰਮੀਆਂ ਦੀ ਭੂਮਿਕਾ ਵੀ ਵੱਡੀ ਹੈ ਕਿਉਂਕਿ ਕਿਸਾਨੀ ਸੰਘਰਸ਼ਾਂ ਤੇ ਦੁੱਖਾਂ ਦੀ ਬਾਤ ਪਾਉਂਦੇ ਨਾਟਕਾਂ ਦੀ ਇਕ ਲੰਮੀ ਲੜੀ ਹੈ ਹਰ ਭਾਸ਼ਾ ਦੇ ਨਾਟਕੀ ਸਾਹਿਤ ਵਿਚ ਕਿਸਾਨੀ ਜਨ-ਜੀਵਨ ਨਾਲ ਸੰਬੰਧਿਤ ਨਾਟਕ ਲਿਖੇ ਤੇ ਖੇਡੇ ਗਏ ਹਨ।

ਇਸ ਪੇਪਰ ਵਿਚ ਪੰਜਾਬ ਇਪਟਾ ਨਾਲ ਜੁੜੇ ਜੋਗਿੰਦਰ ਬਾਹਰਲਾ ਦੇ ਨਾਟਕ 'ਹਾੜ੍ਹੀਆਂ ਸੌਣੀਆਂ' ਦੇ ਸਰੋਕਾਰ ਨੂੰ ਸਮਕਾਲੀ ਸਥਿਤੀ ਵਿਚ ਵਾਚਣ ਦਾ ਮਨੋਰਥ ਲਗਭਗ ਸੱਤ ਦਹਾਕਿਆਂ ਦੇ ਲੰਮੇ ਸਮੇਂ ਤੋਂ ਬਾਅਦ ਇਸ ਸੰਗੀਤ ਓਪੇਰੇ ਦੀ ਸਮਕਾਲੀ ਪ੍ਰਸੰਗਿਕਤਾ (ਵਰ੍ਹਾ 2020) ਦੀ ਪੁਸ਼ਟੀ ਕਰਨਾ ਹੈ। ਜੋਗਿੰਦਰ ਬਾਹਰਲਾ ਦੀਆਂ ਪ੍ਰਮੁੱਖ ਕਿਰਤਾਂ ਡਾਲਰ ਦਾ ਵਣਜਾਰਾ, ਟੈਕਸ, ਸਮਝੌਤਾ, ਖੋਹੀਆਂ ਰੰਬੀਆਂ, ਪੁਲਿਸ ਟਾਊਟ, ਫਿਰਕੂ ਰੋਕਾਂ, ਧਰਤੀ ਦੇ ਬੋਲ, ਚਾਨਣੀਆਂ ਲੰਘ ਗਈਆਂ, ਅੰਗੂਠੇ ਆਦਿ ਹਨ[3], ਇਨ੍ਹਾਂ ਰਚਨਾਵਾਂ ਵਿਚਲੀ ਉਸਦੀ ਲੋਕ-ਪੱਖੀ ਸੋਚ ਨੇ ਉਸ ਨੂੰ ਇਪਟਾ ਦਾ ਮਹੱਤਵਪੂਰਨ ਹਸਤਾਖ਼ਰ ਬਣਾ ਦਿੱਤਾ। ਇਸੇ ਕਰਕੇ ਪੰਜਾਬ ਦੀ ਇਪਟਾ ਇਕਾਈ ਵਿਚ ਜੋਗਿੰਦਰ ਬਾਹਰਲੇ ਦੀ ਵੱਖਰੀ ਪਛਾਣ ਹੈ।

ਇਸ ਪੇਪਰ ਵਿਚ 'ਮੰਚ ਰੰਗਮੰਚ' ਅੰਮ੍ਰਿਤਸਰ ਦੀ ਟੀਮ ਵੱਲੋਂ ਕੇਵਲ ਧਾਲੀਵਾਲ ਦੀ ਨਿਰਦੇਸ਼ਨਾ ਹੇਠ ਕਿਸਾਨ ਮੋਰਚੇ (ਟਿਕਰੀ ਬਾਰਡਰ) 'ਤੇ ਖੇਡੇ ਗਏ ਸੰਗੀਤ ਓਪੇਰੇ 'ਹਾੜ੍ਹੀਆਂ ਸੌਣੀਆਂ' ਦੀ ਪੇਸ਼ਕਾਰੀ ਦਾ ਜ਼ਿਕਰ ਕੀਤਾ ਜਾਣਾ ਹੈ। ਇਪਟਾ ਭਾਰਤੀ ਰੰਗਮੰਚ ਦਾ ਪਹਿਲਾ ਆਧੁਨਿਕ ਸੰਗਠਨ ਸੀ ਜਿਸ ਦਾ ਉਦੇਸ਼ ਦੇਸ਼ ਵਿਚਲੇ ਸਮਾਜਿਕ, ਸਿਆਸੀ ਤੇ ਆਰਥਿਕ ਨਿਘਾਰ ਨੂੰ ਲੋਕਾਂ ਸਾਹਮਣੇ ਪੇਸ਼ ਕਰਨਾ ਸੀ। ਇਸ ਲਹਿਰ ਨਾਲ ਵੱਡੀ ਗਿਣਤੀ ਵਿਚ ਕਿਸਾਨ, ਮਜ਼ਦੂਰ ਤੇ ਮਿਹਨਤਕਸ਼ ਲੋਕ ਜੁੜ ਗਏ ਤਾਂ ਇਸ ਦਾ ਦਾਇਰਾ ਹੋਰ ਵਿਸ਼ਾਲ ਹੋ ਗਿਆ। ਇਪਟਾ ਦੀ ਰਾਸ਼ਟਰੀ ਇਕਾਈ ਨਾਲ ਜੁੜੇ ਬੁੱਧੀਜੀਵੀਆਂ ਤੇ ਕਲਾਕਾਰ ਕੈਫ਼ੀ ਆਜ਼ਮੀ, ਬਲਰਾਜ ਸਾਹਨੀ, ਫ਼ੈਜ਼ ਅਹਿਮਦ ਫ਼ੈਜ਼, ਅਲੀ ਸਰਦਾਰ ਜਾਫ਼ਰੀ, ਜਿਹੇ ਉੱਚ ਕੋਟੀ ਦੇ ਵਿਦਵਾਨਾਂ ਅਤੇ ਕਲਾਕਾਰਾਂ ਤੋਂ ਪ੍ਰਭਾਵ ਗ੍ਰਹਿਣ ਕਰਨ ਵਾਲੇ ਜੋਗਿੰਦਰ ਬਾਹਰਲਾ ਨੇ ਪੰਜਾਬ ਦੀ ਇਪਟਾ ਇਕਾਈ ਵਿਚ ਮਹੱਤਵਪੂਰਨ ਭੂਮਿਕਾ ਨਿਭਾਈ। ਉਸ ਦੁਆਰਾ ਰਚਿਤ ਨਾਟ

ਓਪੇਰਿਆਂ ਦੀ ਸਮਕਾਲੀ ਮਹੱਤਤਾ ਦਾ ਜ਼ਿਕਰ 'ਹਾੜ੍ਹੀਆਂ ਸੌਣੀਆਂ' ਦੀ ਪੇਸ਼ਕਾਰੀ ਦੇ ਸੰਦਰਭ ਬਾਰੇ ਹੈ। ਕਿਸਾਨਾਂ ਨੂੰ ਜਾਗਰੂਕ ਕਰਨ ਲਈ ਰਚਿਆ ਉਸਦਾ ਓਪੇਰਾ ਜਦੋਂ ਟਿਕਰੀ ਬਾਰਡਰ (ਨਵੰਬਰ 2020) 'ਤੇ ਪੇਸ਼ ਕੀਤਾ ਜਾ ਰਿਹਾ ਸੀ ਤਾਂ ਜਾਪਦਾ ਸੀ ਜਿਵੇਂ ਇਸ ਦੀ ਰਚਨਾ ਅਜੋਕੀਆਂ ਸਥਿਤੀਆਂ ਵਾਸਤੇ ਹੀ ਹੋਈ ਹੈ।

ਟਿਕਰੀ ਬਾਰਡਰ 'ਤੇ ਬੋਲਦਿਆਂ ਪੰਜਾਬੀ ਨਾਟਕ ਤੇ ਰੰਗਮੰਚ ਦੇ ਵੱਡੇ ਹਸਤਾਖ਼ਰ ਕੇਵਲ ਧਾਲੀਵਾਲ ਨੇ ਆਖਿਆ, "ਅਸੀਂ ਪੁਸਤਕਾਂ ਵਿਚ ਰੂਸ, ਫਰਾਂਸ ਦੇ ਵੱਡੇ ਸੰਘਰਸ਼ਾਂ ਦੀ ਗਾਥਾ ਪੜ੍ਹ ਕੇ ਸੋਚਦੇ ਸੀ ਕਿ ਅਜਿਹਾ ਸੰਭਵ ਕਿਸ ਤਰ੍ਹਾਂ ਹੁੰਦਾ ਹੋਵੇਗਾ ਪਰ ਅੱਜ ਅਸੀਂ ਹਕੀਕਤ ਦੇ ਰੂਬਰੂ ਹਾਂ। ਇਥੇ ਸੰਘਰਸ਼ ਦਾ ਦਰਿਆ ਵਹਿ ਰਿਹਾ ਹੈ, ਜਿਸ ਵਿਚ ਕਿਸਾਨ, ਮਜ਼ਦੂਰ, ਕਲਾਕਾਰ, ਬੁੱਧੀਜੀਵੀ ਸ਼ਾਮਿਲ ਹਨ, ਅੱਜ ਸੜਕ 'ਤੇ ਕਵਿਤਾ ਲਿਖੀ ਜਾ ਰਹੀ ਹੈ, ਨਾਟਕ ਸਿਰਜਿਆ ਜਾ ਰਿਹਾ ਹੈ, ਇਤਿਹਾਸ ਲਿਖਿਆ ਜਾ ਰਿਹਾ ਹੈ, ਇਸ ਹਜੂਮ ਨੇ ਤਖ਼ਤ ਦਿੱਲੀ ਨੂੰ ਵੰਗਾਰਿਆ ਹੈ, ਇਹ ਸਭ ਕੁਝ ਆਉਣ ਵਾਲੀਆਂ ਪੀੜ੍ਹੀਆਂ ਲਈ ਪ੍ਰੇਰਨਾ ਸ੍ਰੋਤ ਬਣੇਗਾ। ਮੈਂ ਅੱਜ ਉਨ੍ਹਾਂ ਹਾੜ੍ਹੀਆਂ ਸੌਣੀਆਂ ਨੂੰ ਤੁਹਾਡੇ ਕੋਲ ਲੈ ਕੇ ਆਇਆ ਹਾਂ, ਜਿਨ੍ਹਾਂ ਦੇ ਸਿਰ 'ਤੇ ਅਸੀਂ ਜਿਊਂਦੇ ਹਾਂ।"

ਨਾਟਕ ਸ਼ੁਰੂ ਹੁੰਦਾ ਹੈ, ਪੰਜ ਕਲਾਕਾਰ ਤੇ ਹਜ਼ਾਰਾਂ ਦੀ ਗਿਣਤੀ ਵਿਚ ਦਰਸ਼ਕ, ਦੋ ਕਲਾਕਾਰ ਸੌਣੀਆਂ ਦੀ ਸ਼ਕਲ ਵਿਚ, ਦੋ ਕਲਾਕਾਰ ਹਾੜ੍ਹੀਆਂ ਦੀ ਸ਼ਕਲ 'ਚ ਤੇ ਇਕ ਕਲਾਕਾਰ ਸੂਤਰਧਾਰ ਦੀ ਭੂਮਿਕਾ ਵਿਚ ਮੰਚ 'ਤੇ ਆਉਂਦੇ ਹਨ। ਗੀਤ ਰਾਹੀਂ ਪਹਿਲੀ ਭੂਮਿਕਾ ਹਾੜ੍ਹੀਆਂ ਦੀ ਹੈ, 'ਜਦੋਂ ਠੰਡ ਦੇ ਦਿਹਾੜੇ ਮੁਕਦੇ ਵੇ, ਸ਼ਾਹਾਂ ਦੇ ਆ ਬੂਹੇ ਉੱਤੇ ਝੁਕਦੇ ਵੇ' ਤੇ ਦੂਜੀ ਵਾਰਤਾਲਾਪ ਗੀਤ ਰੂਪ ਵਿਚ ਸੌਣੀਆਂ 'ਧਰਤੀ ਧੁੱਪਾਂ ਵਿਚ ਤਪਦੀ ਵੇ, ਅੱਗਾਂ ਤੱਤੀਆਂ ਲੋਆਂ ਦੀ ਮੱਚਦੀ ਵੇ' ਅੱਤ ਦੀ ਗਰਮੀ ਤੇ ਸਰਦੀ ਵਿਚ ਹੱਡ-ਭੰਨਵੀਂ ਮਿਹਨਤ ਕਰਕੇ ਧਰਤੀ ਦੀ ਕੁੱਖ ਵਿਚ ਬੀਜ ਪਾ ਕੇ, ਰੱਬ ਤੋਂ ਮੀਂਹ ਦੀ ਆਸ ਕਰਕੇ, ਖੂਹਾਂ ਤੋਂ ਪਾਣੀ ਲਾ ਕੇ ਗਿੱਠ-ਗਿੱਠ ਹੋਈਆਂ ਫ਼ਸਲਾਂ ਨੂੰ ਵੇਖ ਕੇ ਕਿਸਾਨ ਬੇਹੱਦ ਖ਼ੁਸ਼ ਹੈ। ਨਾਟਕ ਅੱਗੇ ਤੁਰਦਾ ਹੈ, ਕਿਸਾਨ ਦਾ ਕਰਮ ਜਾਰੀ ਹੈ ਬਾਬੇ ਨਾਨਕ ਵੱਲੋਂ ਮਿਲੀ ਕਿਰਤ ਕਰਨ ਦੀ ਗੁੜ੍ਹਤੀ ਉਸਦੇ ਜੀਵਨ ਦਾ ਹਿੱਸਾ ਹੈ। ਇਹ ਫ਼ਸਲ ਉਸਦੇ ਸੁਪਨਿਆਂ ਦੀ ਫ਼ਸਲ ਹੈ, ਉਹ ਬੋਹਲ ਬੰਨ੍ਹਦਾ ਹੈ ਤੇ ਫ਼ਸਲ ਨੂੰ ਦੇਖ ਕੇ ਬਹੁਤ ਖ਼ੁਸ਼ ਹੁੰਦਾ ਹੈ ਤਾਂ ਉਸੇ ਸਮੇਂ ਆਦਮਖ਼ੋ ਦੇ ਰੂਪ ਵਿਚ ਜਾਗੀਰਦਾਰ ਉਸਦੀ ਫ਼ਸਲ 'ਤੇ ਕਬਜ਼ਾ ਕਰਦਾ ਹੈ ਤਾਂ ਫ਼ਸਲਾਂ ਪ੍ਰਤੀਕ ਰੂਪ 'ਚ ਕਿਸਾਨ ਨੂੰ ਆਪਣਾ ਬੋਹਲ ਸੰਭਾਲਣ ਲਈ ਜਾਗਰੂਕ ਕਰਦੀਆਂ ਹਨ—

ਜਾਗ ਵੇ ਜੱਟਾ ਜਾਗ, ਜਾਗ ਵੇ ਜੱਟਾ ਜਾਗ
ਬੋਹਲ ਸੰਭਾਲੀਂ, ਬੋਹਲ ਸੰਭਾਲੀਂ, ਬੋਹਲ ਸੰਭਾਲੀਂ। ਬੋਹਲ...
ਆ ਗਏ ਉਹੀਓ ਨਾਗ, ਆ ਗਏ ਉਹੀਓ ਨਾਗ।
ਜਾਗ ਵੇ ਜੱਟਾ ਜਾਗ, ਜਾਗ ਵੇ ਜੱਟਾ ਜਾਗ।

ਕਿਸਾਨ ਜਗੀਰਦਾਰ ਨੂੰ ਤਾੜਨਾ ਭਰੇ ਲਹਿਜ਼ੇ ਨਾਲ ਤੇ ਗੁੱਸੇ ਵਿਚ ਬੋਲਦੇ ਨੇ—

ਹੋ ਜਾ ਦੂਰ ਬੋਹਲ ਤੋਂ ਦੂਰ ਹੋ ਜਾ ਦੂਰ ਬੋਹਲ ਤੋਂ ਦੂਰ।
ਦਾਣਾ ਦਾਣਾ ਮੁੜ ਕੇ ਰੱਖ ਦੇ ਅੱਜ ਕਮਾਈ ਦਾ।
ਉਹ ਵੇਲੇ ਹੁਣ ਬੀਤ ਗਏ ਹੱਕ ਲੈਣਾ ਪਾਈ ਪਾਈ ਦਾ,
ਹੋ ਜਾ ਦੂਰ ਬੋਹਲ ਤੋਂ ਦੂਰ।

ਕਿਸਾਨ ਦੀ ਰੂਹ ਆਪਣੀ ਜ਼ਮੀਨ, ਆਪਣੀ ਫ਼ਸਲ, ਆਪਣੇ ਖੇਤਾਂ ਵਿਚ ਵਸਦੀ ਹੈ ਤਾਂ ਉਹ ਜਾਗੀਰਦਾਰ ਨੂੰ ਲਲਕਾਰ ਮਾਰਦਾ ਹੈ। ਕਿਸਾਨ ਦੀ ਲਲਕਾਰ ਸੁਣਦੇ ਹੀ ਜਾਗੀਰਦਾਰ ਦੌੜ ਜਾਂਦਾ ਹੈ ਤਾਂ ਕਿਸਾਨ ਆਖਦਾ ਹੈ, ਸਾਡੇ ਖੇਤ ਸਾਡੇ ਖੇਤ।

ਟਿਕਰੀ ਤੇ ਸਿੰਘੂ ਬਾਰਡਰ 'ਤੇ ਖੇਤੀ ਬਿੱਲਾਂ ਦਾ ਵਿਰੋਧ ਕਰ ਰਹੇ ਹਜ਼ਾਰਾਂ ਕਿਸਾਨਾਂ ਦੇ ਸਾਹਮਣੇ ਭਾਵੇਂ ਇਹ ਬਿੱਲ ਵੱਡੀ ਚੁਣੌਤੀ ਬਣੇ ਹੋਏ ਹਨ ਪਰ ਉਨ੍ਹਾਂ ਦਾ ਹੌਂਸਲਾ ਬਰਕਰਾਰ ਹੈ ਤੇ ਇਸ ਰੰਗਮੰਚੀ ਪੇਸ਼ਕਾਰੀ ਨੇ ਉਨ੍ਹਾਂ ਦੇ ਜੋਸ਼ ਤੇ ਜਜ਼ਬੇ ਨੂੰ ਨਾ ਕੇਵਲ ਬੁਲੰਦ ਕੀਤਾ, ਸਗੋਂ ਹੱਕਾਂ ਦੀ ਪ੍ਰਾਪਤੀ ਲਈ ਹੋਰ ਸੁਚੇਤ ਵੀ ਕੀਤਾ। ਬਹੁਤ ਹੀ ਖ਼ੂਬਸੂਰਤ ਇਸ ਪੇਸ਼ਕਾਰੀ ਵਿਚ ਕੇਵਲ ਧਾਲੀਵਾਲ ਨੇ ਆਪ ਜਗੀਰਦਾਰ ਦੀ ਭੂਮਿਕਾ ਨਿਭਾਈ, ਬਾਕੀ ਕਲਾਕਾਰ 'ਹਾੜ੍ਹੀਆਂ ਸੌਣੀਆਂ' ਬਣ ਕੇ ਪੇਸ਼ ਹੋਏ। ਹਾੜ੍ਹੀਆਂ ਸੌਣੀਆਂ ਸੰਗੀਤਕ ਓਪੇਰਾ ਸਮਕਾਲੀ ਸਥਿਤੀਆਂ ਦੇ ਐਨ ਅਨੁਕੂਲ ਹੋ ਨਿਬੜਿਆ।

ਸਮੁੱਚੇ ਤੌਰ 'ਤੇ ਆਖਿਆ ਜਾ ਸਕਦਾ ਹੈ ਕਿ ਜੋਗਿੰਦਰ ਬਾਹਰਲੇ ਦਾ ਉਪਰੋਕਤ ਨਾਟ-ਸੰਗੀਤ ਓਪੇਰਾ ਅੱਜ ਵੀ ਦਿੱਲੀ ਦੇ ਤਖ਼ਤ ਨੂੰ ਵੰਗਾਰ ਰਿਹਾ ਹੈ। ਕਿਸਾਨ ਆਪਣੇ ਹੱਕਾਂ ਲਈ ਸੜਕ 'ਤੇ ਬੈਠਾ ਨਵੀਂ ਇਬਾਰਤ ਲਿਖ ਰਿਹਾ ਹੈ। ਇਸ ਪੇਸ਼ਕਾਰੀ ਲਈ 'ਮੰਚ ਰੰਗਮੰਚ' ਅੰਮ੍ਰਿਤਸਰ ਦੇ ਸੰਚਾਲਕ ਕੇਵਲ ਧਾਲੀਵਾਲ ਤੇ ਉਨ੍ਹਾਂ ਦੀ ਟੀਮ ਦੀ ਪੇਸ਼ਕਾਰੀ ਨੇ ਕਿਸਾਨਾਂ 'ਚ ਨਵਾਂ ਜੋਸ਼ ਭਰਿਆ। ਇਹ ਨਾਟਕ ਇਨ੍ਹਾਂ ਕਿਸਾਨ ਮੋਰਚਿਆਂ 'ਤੇ ਖੇਡਿਆ ਜਾ ਰਿਹਾ ਹੈ। ਬਾਹਰਲੇ ਦੀ ਕਲਮ ਦੀ ਤਾਕਤ ਦਾ ਪ੍ਰਭਾਵ ਸਦੀਵੀ ਹੈ ਰੰਗਮੰਚ ਆਮ ਲੋਕਾਂ ਦੀ ਆਵਾਜ਼ ਬਣ ਰਿਹਾ ਹੈ ਕਿਉਂਕਿ ਧਰਤੀ ਦਾ ਹਰ ਟੁਕੜਾ ਰੰਗਮੰਚ ਦੀ ਕਰਮਭੂਮੀ ਹੈ ਤੇ ਕਿਸਾਨ ਦੀ ਜਿੱਤ ਯਕੀਨੀ ਹੈ। ਵੀਹਵੀਂ ਸਦੀ 'ਚ ਰਚਿਆ ਸੰਗੀਤ ਨਾਟ—ਓਪੇਰਾ 'ਹਾੜ੍ਹੀਆਂ ਸੌਣੀਆਂ' 21ਵੀਂ ਸਦੀ ਦੇ ਆਧੁਨਿਕ ਪਰਿਪੇਖ ਵਿਚ ਵੀ ਕ੍ਰਾਂਤੀਕਾਰੀ ਸੰਵੇਦਨਾ ਤੇ ਜਨਵਾਦੀ ਚੇਤਨਾ ਦਾ ਲੋਕ ਪੱਖੀ ਨਾਟਕ ਹੋ ਨਿਬੜਿਆ ਹੈ।

ਹਵਾਲੇ

1. ਕੇਵਲ ਧਾਲੀਵਾਲ, *ਰੰਗਮੰਚ ਪੰਜਾਬ ਇਤਿਹਾਸ ਦੀਆਂ ਪੈੜਾਂ*, ਰਵੀ ਸਾਹਿਤ ਪ੍ਰਕਾਸ਼ਨ, 2019, ਪੰਨਾ 121.
2. ਉਹੀ, ਪੰਨਾ 123.
3. ਦੇਵਿੰਦਰ ਕੁਮਾਰ (ਡਾ.), *ਪੰਜਾਬੀ ਰੰਗਮੰਚ ਪਿਛੋਕੜ ਤੇ ਪਰਿਪੇਖ*, ਸ਼ਿਲਾਲੇਖ ਪ੍ਰਕਾਸ਼ਨ, ਦਿੱਲੀ, ਪਹਿਲੀ ਵਾਰ, 2016, ਪੰਨਾ 66.
4. ਕੇਵਲ ਧਾਲੀਵਾਲ (ਸੰਪਾ.), *ਇਪਟਾ ਲਹਿਰ ਦੀ ਪੰਜਾਬ ਵਿਚ ਦਸਤਕ*, ਪੰਜਾਬ ਸੰਗੀਤ ਨਾਟਕ ਅਕਾਦਮੀ, ਚੰਡੀਗੜ੍ਹ, 2015, ਪੰਨਾ 66.
5. ਉਹੀ, ਪੰਨਾ 165.

ਮੋਬਾ. 98036 39775

ਕਵਿਤਾਵਾਂ

ਅਨੁ. ਅਰਤਿੰਦਰ ਸੰਧੂ

ਬੰਗਾਲੀ ਕਵਿਤਾ :

ਦੇਵੇਂਦਰ ਕੁਮਾਰ ਦੇਵੇਸ਼



ਐ ਕੁੜੀਏ

–1–

ਐ ਕੁੜੀਏ
ਲੋਕ ਮੇਰੇ ਨਾਲ ਤੇਰੀਆਂ ਗੱਲਾਂ ਕਰਦੇ ਨੇ
ਤੇਰਾ ਸੁਹੱਪਣ,ਤੇਰਾ ਵਿਹਾਰ
ਤੇ ਤੇਰੀ ਮੁਸਕਾਨ ਦੀਆਂ
ਅੰਦਾਜ਼ੇ ਲਾਉਂਦੇ ਨੇ
ਸਾਡੇ ਵਿਚਕਾਰ
ਸਾਥ ਤੇ ਤਾਲਮੇਲ ਦੀਆਂ
ਸਾਰੀਆਂ ਸੰਭਾਵਨਾਵਾਂ ਬਾਰੇ
ਚਾਹੁੰਦੇ ਨੇ ਕਿ ਕਾਇਮ ਹੋ ਜਾਵੇ
ਸਾਡੇ ਵਿਚਕਾਰ, ਇਕ ਰਿਸ਼ਤਾ
ਜ਼ਿੰਦਗੀ ਭਰ ਦੀ ਸੁਹਬਤ ਦਾ !
ਸ਼ਾਇਦ ਉਹ ਨਹੀਂ ਜਾਣਦੇ
ਕਿ ਕਾਇਮ ਹੈ ਸਾਡੇ ਵਿਚਕਾਰ
ਇੱਕ ਮਹੀਨ ਜਿਹਾ ਪੜਦਾ
ਉਹਦੇ ਇੱਕ ਪਾਸੇ
ਤੇਰਾ ਆਪਣਾ ਇੱਕ ਸੰਸਾਰ ਹੈ
ਜਿੱਥੇ ਰਿਸ਼ਤਿਆਂ ਦੇ ਪੱਸਰੇ ਅਹਿਸਾਸ
ਇਕੱਠੇ ਹੋ ਕੇ ਜਕੜ ਲੈਂਦੇ ਨੇ ਤੈਨੂੰ
ਜਦੋਂ ਵੀ ਤੈਨੂੰ ਕੋਈ ਮੌਕਾ ਮਿਲਦਾ ਏ ਤੈਨੂੰ
ਉਸ ਪੜਦੇ ਨੂੰ ਹਟਾਉਣ ਦਾ
ਜਾਂ ਪੜਦੇ ਦੇ ਪਾਰ ਜਾਣ ਦਾ

–2–

ਓ ਕੁੜੀਏ
ਜਦੋਂ ਵੀ ਮੈਂ ਸੋਚਦਾ ਹਾਂ
ਤੇਰੇ ਤੇ ਆਪਣੇ ਬਾਰੇ ਵਿੱਚ
ਸੋਚਦਾ ਹਾਂ ਉਸ ਰਿਸ਼ਤੇ ਬਾਰੇ
ਜੋ ਸਾਡੀ ਦੋਹਾਂ ਦੀ ਜਾਣਕਾਰੀ ਨਾਲ
ਆਪਸ ਵਿੱਚ ਬਣਿਆ
ਤੇ ਉਸ ਰਿਸ਼ਤੇ ਬਾਰੇ ਵੀ
ਜਿਹੜੀ ਦੁਨੀਆਂ ਸੋਚਦੀ ਏ
ਸਾਡੇ ਦੋਹਾਂ ਵਿਚਕਾਰ ਹੋਣ ਬਾਰੇ
ਸੋਚਦਾ ਹਾਂ
ਇੱਕ ਤੇਰੀ ਆਪਣੀ ਦੁਨੀਆਂ
ਸਾਡੇ ਦੋਹਾਂ ਦੇ ਮਿਲਣ ਨਾਲ
ਬਣੀ ਇੱਕ ਹੋਰ ਦੁਨੀਆਂ
ਤੇ ਦੁਨੀਆਂ ਵੱਲੋਂ ਘੜਿਆ ਗਿਆ
ਸਾਡੇ ਦੋਹਾਂ ਦਾ ਇੱਕ ਵੱਖਰਾ ਸੰਸਾਰ

ਹਰੇਕ ਸੰਸਾਰ ਬਿਲਕੁਲ ਵੱਖਰਾ ਹੈ
ਇੱਕ ਦੂਜੇ ਨਾਲੋਂ
ਪਰ ਸਾਡੀ ਹਾਜ਼ਰੀ ਹਰੇਕ ਵਿਚ ਹੈ
ਸੋਚਦਾ ਹਾਂ
ਨਾਲ ਨਾਲ ਤੇ ਭਾਵੇਂ ਵੱਖਰਿਆਂ ਵੱਖਰਿਆਂ
ਫੈਸਲਾ ਤਾਂ ਅਸੀਂ ਹੀ ਕਰਨਾ ਹੈ
ਕਿ ਕਿਹੜੀ ਦੁਨੀਆਂ ਵਿਚ
ਰਹਿਣਾ ਹੈ ਅਸੀਂ

–3–

ਐ ਕੁੜੀਏ !
ਤੈਨੂੰ ਹੁਣ ਕੁੜੀ ਵੀ ਕਿਸ ਤਰਾਂ ਆਖਾਂ
ਹੁਣ ਤਾਂ ਤੂੰ ਵਸਾ ਲਿਆ ਏ
ਵੱਖਰਾ ਨਵਾਂ ਸੰਸਾਰ ਆਪਣਾ
ਸਮਰਪਿਤ ਕਰ ਦਿੱਤਾ ਏ ਵਜੂਦ ਆਪਣਾ
ਤੇ ਸਮੋ ਲਿਆ ਏ ਕਿਸੇ ਨੂੰ
ਆਪਣੀ ਦੁਨੀਆਂ ਵਿੱਚ
ਮੈਂ ਜਾਣਦਾ ਹਾਂ
ਖੁਸ਼ੀ ਖੁਸ਼ੀ ਸਵੀਕਾਰ ਕੀਤਾ ਏ
ਇਹ ਸਾਰਾ ਕੁਝ ਤੂੰ
ਪਤਾ ਨਹੀਂ ਪਰ
ਉਸ ਮਾਨਸਿਕ ਤਣਾਅ
ਟੱਬਰ ਦੀ ਖੁਸ਼ੀ ਦੇ ਦਬਾਅ
ਜਾਂ ਸਮਾਜਿਕ ਹਾਲਾਤ ਦੇ ਬਾਰੇ
ਜਿਸ ਨੂੰ ਸ਼ਾਇਦ ਕਿਸੇ ਤੂਫ਼ਾਨ ਵਾਂਗ
ਝੱਲਿਆ ਹੋਵੇਗਾ ਤੂੰ
ਆਪਣੇ ਇਸ ਫ਼ੈਸਲੇ ਤੋਂ ਪਹਿਲਾਂ
ਮੈਨੂੰ ਆਪਣੀ ਨਿੱਕੀ ਜਿਹੀ ਜ਼ਿੰਦਗੀ ਵਿਚ
ਬਹੁਤ ਘੱਟ ਮੌਕੇ ਮਿਲੇ ਨੇ ਫੈਸਲਾ ਕਰਨ ਦੇ
ਪਰ ਮੈਨੂੰ ਇਵੇਂ ਲਗਦਾ ਏ
ਕਿ ਆਖਰੀ ਨਹੀਂ ਹੁੰਦਾ ਕੋਈ ਵੀ ਫੈਸਲਾ
ਨਤੀਜਾ ਤਾਂ ਇੱਕ ਤੇ ਕੇਵਲ ਇੱਕ ਹੀ
ਹੁੰਦਾ ਏ ਫ਼ੈਸਲੇ ਦਾ
ਪਰ ਮੌਕੇ ਅਨੇਕਾਂ ਹੁੰਦੇ ਨੇ
ਮੇਰੇ ਫ਼ੈਸਲੇ ਦੀ ਘੜੀ
ਆਈ ਨਹੀਂ ਅਜੇ

–4–

ਓ ਕੁੜੀਏ
ਕਿਓਂ ਕੀਤਾ ਸੀ ਫੈਸਲਾ ਤੂੰ
ਮੇਰੇ ਨਾਲ ਆਪਣੇ ਗੱਠਜੋੜ ਦਾ
ਮੇਰੇ ਬਾਰੇ ਜਾਣ ਕੇ
ਮੈਨੂੰ ਮਿਲ ਕੇ,
ਥੋੜ੍ਹੀਆਂ ਜਿਹੀਆਂ ਗੱਲਾਂ ਕਰ ਕੇ
ਕੀ ਸਚਮੁੱਚ ਪਰਖ ਲਿਆ ਸੀ ਤੂੰ ਮੈਨੂੰ
ਪੂਰੇ ਦਾ ਪੂਰਾ
ਕੀ ਸੋਚ ਕੇ
ਲਾ ਲਈ ਸੀ ਆਪਣੇ ਹੱਥਾਂ ਨੂੰ ਮਹਿੰਦੀ
ਲਗਵਾ ਲਿਆ ਸੀ ਸਰੀਰ ਆਪਣੇ ਤੇ
ਹਲਦੀ ਦਾ ਵਟਣਾ
ਪਾ ਦਿੱਤੀ ਗਲ ਵਿਚ ਵਰ ਮਾਲਾ
ਵਾਅਦਾ ਲੈ ਲਿਆ ਸੱਤਾਂ ਫੇਰਿਆਂ ਦਾ
ਚੌਂਕ ਚੁਬਾਰੇ
ਕੁਲ ਦੇਵੀਆਂ ਪੂਜ ਕੇ
ਰੱਖ ਰੱਖ ਕੇ ਵਰਤ
ਸੁੱਖਣਾ ਸੁੱਖ ਸੁੱਖ ਕੇ
ਔਖੀਆਂ ਤੀਰਥ ਯਾਤਰਾਵਾਂ ਵਿਚ
ਜਿਸ ਵਰ ਦੀ
ਸੈਂਕੜੇ ਵਾਰ ਕਾਮਨਾ ਕੀਤੀ ਸੀ ਤੂੰ
ਕੀ ਓਹੋ ਹਾਂ ਮੈਂ

–5–

ਏ ਕੁੜੀਏ
ਕਿਸ ਤਰਾਂ ਤੁਰ ਆਈ ਸੈਂ ਤੂੰ ਪਿੱਛੇ
ਮੇਰਾ ਹੱਥ ਫੜ ਕੇ
ਹੱਸਦੀ ਹੱਸਦੀ ਵਿਦਾਈ ਵੇਲੇ
ਛੱਡ ਕੇ ਮਾਂਪਿਤਾ,ਭੈਣ ਭਰਾ
ਰਿਸ਼ਤਾ-ਨਾਤੇ, ਸਖੀਆਂ ਸਹੇਲੀਆਂ
ਆਂਢ ਗੁਆਂਢ, ਪਿੰਡ ਜੂਹਾਂ

ਬਦੋਬਦੀ ਰੋਣਾ ਰੋਕਣ ਦੀ
ਜ਼ਬਰਦਸਤ ਕੋਸ਼ਿਸ਼ ਨਾਲ
ਉਡੀਕ ਸੀ
ਦਾਨ ਕੀਤੀ ਗਈ ਵੱਛੀ ਦਾ
ਫੁੱਟ ਫੁੱਟ ਆਉਂਦਾ ਰੋਣ ਸੁਣਨ ਦੀ
ਧੀ ਦੀ ਵਿਦਾਈ ਤੇ ਹੋਣ ਵਾਲੇ
ਪ੍ਰਚੱਲਤ ਰਿਵਾਜ਼ ਵਾਲੇ ਰੋਣ ਨੂੰ
ਕਿਹੜੇ ਭਰੋਸੇ ਨਾਲ ਆਪਣੇ ਬੁੱਲ੍ਹਾਂ ਦੀ
ਮੁਸਕਾਨ ਵਿਚ ਸਮੇਟ ਕੇ
ਜਜ਼ਬ ਕੀਤਾ ਸੀ ਆਪਣੇ ਅੰਦਰ ਤੂੰ ?
ਕਿਸ ਤੇ ਯਕੀਨ ਸੀ ਸਭ ਤੋਂ ਵੱਧ ਤੈਨੂੰ
ਆਪਣੀਆਂ ਅਰਦਾਸਾਂ ਤੇ
ਮੇਰੇ ਤੋਂ ਲਏ ਗਏ ਸੱਤ ਵਚਨਾਂ ਤੇ ?
ਤਲੀ 'ਤੇ ਉੱਗ ਪਈ
ਗੂੜ੍ਹੀ ਲਾਲ ਮਹਿੰਦੀ ਤੇ ?
ਜਾਂ ਮੈਨੂੰ ਪਰਖ ਕੇ ਲਏ ਗਏ
ਆਪਣੇ ਫ਼ੈਸਲੇ 'ਤੇ ?

ਮੋਬਾ. 98685 66420

ਬੰਗਾਲੀ ਕਵਿਤਾਵਾਂ :

ਸਵਰਾਂਗੀ ਸਾਨੇ

ਟੁੱਟਣ ਤੇ ਜੁੜਨ ਦੇ ਵਿਚਕਾਰ

ਮੈਂ ਝੁਕਦੀ ਰਹੀ
ਟੁੱਟਦੀ ਰਹੀ, ਰੋਂਦੀ ਰਹੀ
ਲੜਕੀ ਸਾਂ ਮੈਂ
ਸੋ ਲਗਾਤਾਰ ਹਾਰਦੀ ਰਹੀ
ਪੈਦਾ ਜਿੱਤਣ ਵਾਸਤੇ ਹੋਈ ਸਾਂ
ਤਿਆਰ ਮੈਨੂੰ ਕੀਤਾ ਜਾਂਦਾ ਰਿਹਾ
ਹਾਰਨ ਵਾਸਤੇ



ਜਿੱਤਣਾ ਤੇ ਜੀਣਾ ਚਾਹੁੰਦੀ ਸਾਂ ਮੈਂ ਵੀ
ਕੁੜੀਆਂ ਵਾਂਗ ਪਾਲਿਆ ਗਿਆ
ਮੇਰੀ ਪਾਲਣਾ ਹੀ ਇੰਜ ਹੋਈ
ਕਿ ਜੀਂਦੀ ਰਹੀ ਮੈਂ
ਟੁੱਟਣ ਤੇ ਜੁੜਨ ਦੇ ਹੀ ਵਿਚਕਾਰ

ਪਿਤਾ

ਤੁਸੀਂ ਕਿਹਾ ਸੀ
ਆਦਮੀ ਫਿਰ ਵਾਪਸ ਆਉਂਦਾ ਹੈ
ਕਿੱਥੇ ਗਏ ਤੁਸੀਂ
ਇੱਥੇ ਹੁੰਦੇ ਤਾਂ ਕਿੰਨਾ ਚੰਗਾ ਹੁੰਦਾ
ਤੁਹਾਨੂੰ ਤੱਕਦੀ
ਸਦੀਆਂ ਦੀਆਂ ਗੱਲਾਂ ਕਰਦੀ

ਪਰ ਕਿੱਥੇ ਚਲੇ ਗਏ ਤੁਸੀਂ
ਸਮਿਆਂ ਤੋਂ ਪਾਰ
ਜੋ ਤੁਹਾਡਾ ਮੇਰੇ ਕੋਲ ਹੈ
ਉਹ ਦੱਸਣਾ ਸੰਭਵ ਨਹੀਂ
ਤੇ ਨਹੀਂ ਰਿਹਾ ਜੋ
ਉਸ ਵਾਸਤੇ
ਸ਼ਬਦ ਨਹੀਂ ਮੇਰੇ ਕੋਲ

ਸ਼ਹਿ ਤੇ ਮਾਤ

ਤੂੰ
ਜਾਰੀ ਕੀਤਾ ਫੁਰਮਾਨ
ਕਿ ਬਚੇ ਨੇ ਉਸ ਕੋਲ
ਦਿਨ ਸਿਰਫ ਚਾਰ

ਪਹਿਲੇ ਦਿਨ
ਘਬਰਾਈ ਉਹ ਬਹੁਤ ਜ਼ਿਆਦਾ
ਇੰਜ ਧੜਧੜਾਈ
ਜਿਵੇਂ ਉਸ ਦੇ ਅੰਦਰ ਹੋਵੇ
ਹੀਰੋਸ਼ੀਮਾਂ

ਦੂਜੇ ਦਿਨ
ਯਾਦ ਕੀਤੇ ਉਸ ਨੇ
ਉਹ ਸਾਰੇ ਦਿਨ
ਜਿਹੜੇ ਸੀ ਤਾਂ ਸਟਰਬੈਰੀ ਵਰਗੇ
ਤੇ ਹੋ ਗਏ ਨਾਸ਼ਪਾਤੀ ਵਰਗੇ
ਫਿਰ ਬਦਲ ਗਏ ਸੀ
ਕਰੇਲਿਆਂ ਵਿੱਚ

ਤੀਜੇ ਦਿਨ
ਲੱਗਾ ਜਿਵੇਂ ਦੌੜ ਰਿਹਾ ਹੋਵੇ
ਕੋਈ ਮਾਸੂਮ ਹਿਰਨ
ਇੱਕ ਤੀਰ ਤੇ ਉਹ
ਏਨਾ ਹੀ ਸੱਚ ਸੀ

ਚੌਥੇ ਦਿਨ
ਫੈਸਲਾ ਕਰਨਾ ਸੀ ਉਸ ਨੇ
ਕਦੀ ਉਸਦੇ ਮਨ ਵਿੱਚ ਆਇਆ
ਲਿਬਰਟੀ ਦਾ ਬੁੱਤ
ਕਦੇ ਖ਼ੂਬਸੂਰਤ ਤਾਜ ਮਹੱਲ
ਤੇ ਕਦੇ ਚੀਨ ਦੀ ਲੰਬੀ ਦੀਵਾਰ
ਖਿੱਚੀ ਗਈ ਅੰਦਰ ਉਹਦੇ

ਕਦੇ ਸਮਾ ਗਏ ਅੰਦਰ ਉਸ ਦੇ
ਸੱਤੇ ਸਮੁੰਦਰ
ਤੇ ਕਦੇ ਦੋਹਾਂ ਧਰੁਵਾਂ ਵਾਂਗ
ਹੋ ਗਈ ਉਹ ਠੰਢੀ ਤੇ ਸਖ਼ਤ

ਤੂੰ ਯਾਦ ਕਰਵਾਇਆ
ਇਹ ਸ਼ਹਿ
ਤੇ ਇਹ ਲੈ ਮਾਤ !
ਤੂੰ ਦੇ ਦਿੱਤੀ ਸਜ਼ਾ, ਪਰ
ਮੁਕਤ ਹੋ ਗਈ ਉਹ
ਤੇਰੀ ਬਿਸਾਤ ਤੋਂ

ਮੋਬਾ. 98508 04068

ਆਸਾਮੀ ਕਵਿਤਾਵਾਂ :

ਗਜੇਨ ਮਿਲੀ

ਮਨੁੱਖ ਬਾਰੇ ਕਵਿਤਾ

ਜਿਸ ਨੂੰ ਪੂਜਦੇ ਹਾਂ ਦੇਵ ਮੰਨ ਕੇ ਅਸੀਂ
ਉਸੇ ਦੇਵਤਾ ਰੂਪੀ ਨਛੱਤਰ ਦੇ ਬਾਰੇ
ਕੀਤੀ ਸੀ ਗੈਲੀਲੀਓ ਨੇ ਖੋਜ
ਪ੍ਰਯੋਗ ਕੀਤੇ ਜਾਨਣ ਵਾਸਤੇ . . .
ਧਰਤੀ ਦੇ ਚਾਰੇ ਪਾਸੇ ਘੁੰਮਦਾ ਏ
ਇਹ ਸੂਰਜ ਦੇਵਤਾ ਕਿ ਘੁੰਮਦੀ ਏ
ਧਰਤੀ ਸਾਡੀ, ਸੂਰਜ ਦੇ ਚਾਰੇ ਪਾਸੇ

ਮੰਨਿਆ ਨਾ ਕਿਸੇ ਵੀ
ਉਸ ਦੀ ਖੋਜ ਦੇ ਨਤੀਜੇ ਦੇ ਸੂਤਰ ਨੂੰ
ਅਤਿਆਚਾਰ ਹੋਏ ਉਸ ਤੇ
ਪਰ ਬਾਵਜੂਦ ਆਪਣੇ ਨਤੀਜੇ ਉੱਤੇ
ਅਟੱਲ ਵਿਸ਼ਵਾਸ ਦੇ
ਮੰਨਣਾ ਪੈ ਗਿਆ ਸੀ
ਸਿਰ ਝੁਕਾ ਕੇ ਉਸ ਨੂੰ
ਮਨੁੱਖਾਂ ਦਾ ਅਣਮਨੁੱਖੀ-ਪਨ

ਬਾਵਜੂਦ ਆਪਣੇ ਅਟੱਲ ਯਕੀਨ ਦੇ
ਸੂਰਜ ਤੇ ਧਰਤੀ ਦੇ ਭੇਦਾਂ ਦੀ ਜਾਣਕਾਰੀ ਦੇ
ਕੋਈ ਵੀ ਖੋਜ ਨਾ ਕੀਤੀ ਮਨੁੱਖਾਂ ਤੇ ਉਸ ਨੇ
ਨਾ ਸੂਤਰ ਮੰਤਰ ਹੀ ਲੱਭਿਆ ਕੋਈ

ਪੱਕਾ ਯਕੀਨ ਸੀ ਉਸ ਨੂੰ
ਕਿ ਕਰਨਾ ਹੀ ਪਏਗਾ
ਵਿਸ਼ਵਾਸ ਇਕ ਦਿਨ
ਬੰਦਿਆਂ ਨੂੰ ਉਸ ਦੀ ਖੋਜ ਤੇ...

ਹੁਣ ਜਾਪਣ ਲੱਗਾ ਏ
ਕਿ ਜ਼ਰੂਰੀ ਸੀ ਉਸ ਦਾ
ਜਿਊਂਦੇ ਰਹਿਣਾ...ਕੁਝ ਹੋਰ ਦਿਨ
ਸਾਡੇ ਮਨੁੱਖਾਂ ਦੇ ਵਿਚ ਵਿਚਾਲੇ. . .ਨਾਲ...

ਜੀਆ ਭਰੋਲੀ[1]

ਮੇਰੇ ਪਿੰਡ ਦੀ ਉਹ ਨਦੀ
ਨਾਮ ਹੈ ਜਿਸ ਦਾ ਜੀਆ ਭਰੋਲੀ
ਉੱਤਰਦੀ ਹੈ ਜਿਸ ਵਿੱਚ
ਅਸਮਾਨੀ ਨੀਲਮ ਦੀ ਨੀਲੱਤਣ



ਤੇ ਜਗਮਗਾਉਂਦੀ ਏ ਤੱਕ ਕੇ
ਰੂਪਮਤੀ ਚਾਨਣੀ ਨੂੰ
ਜਲ-ਪਰੀ ਨਾ ਸਮਝ ਲਵੇ ਕੋਈ ਕਿਤੇ

ਜੀਆ ਭਰੋਲੀ ਏ ਬਚਪਨ ਮੇਰਾ
ਅਕਸ ਕਿਸ਼ੋਰ ਉਮਰ ਤੇ ਜਵਾਨੀ ਦਾ
. . .ਮੱਝ 'ਤੇ ਸਵਾਰ ਹੋ ਕੇ
ਪਾਰ ਕਰਨੀ ਭਰੋਲੀ
ਰਾਖੀ ਕਰਨੀ ਝੋਨੇ ਦੇ ਖੇਤ ਤੇ ਮੱਝ ਦੀ
ਪੀਪਾ ਖੜਕਾ ਕੇ ਉਡਾਉਣੇ
ਤੋਤੇ, ਤਿੱਤਰ ਬਿਜੜੇ ਤੇ ਚਿੜੀਆਂ
ਉਨ੍ਹਾਂ ਦੀਆਂ ਮਿੱਠੀਆਂ ਰਸੀਲੀਆਂ
ਰਾਗਨੀਆ ਦੀ ਛਾਵੇਂ ਬੈਠਿਆਂ
ਉਕੇਰ ਲੈਣੀਆਂ ਉਹ ਮਨ ਦੀ ਕਾਪੀ ਵਿਚ
ਉਲਝ ਜਾਂਦੀਆਂ ਸੀ ਪਰ
ਕੋਮਲ ਇਬਾਰਤਾਂ ਮੇਰੀਆਂ
ਪਿਤਾ ਦੇ ਦਬਕੇ ਨਾਲ

ਬਹੁਤ ਇਕੱਲ ਮਹਿਸੂਸ ਹੁੰਦੀ
ਦੂਰੋਂ ਵਹਿ ਕੇ ਆ ਰਹੀ
ਘੰਟੀਆਂ ਦੀ ਆਵਾਜ਼ ਵਿਚਾਲੇ
ਅੱਖਾਂ 'ਚੋਂ ਅੱਥਰੂ ਵਗਦੇ
ਕੇਸੂ ਦੇ ਫੁੱਲਾਂ ਪਿੱਛੇ ਉੱਤਰਦਾ ਜਦੋਂ
ਲਾਲੀ ਪਸਾਰਦਾ ਸੂਰਜ
ਮੈਂ ਵੀ ਉੱਤਰ ਜਾਂਦਾ ਉਦਾਸ ਹੋ ਕੇ
ਜੀਆ ਭਰੋਲੀ ਦੇ ਸੀਨੇ ਵਿੱਚ

ਪਿਆਰ ਦੁਲਾਰ ਨਾਲ ਮਨਾਉਂਦੀ ਮਾਂ
ਤਾਂ ਬਹਿ ਜਾਂਦਾ ਬੇੜੀ ਵਿੱਚ
ਕੰਨਾਂ ਅੰਦਰ ਪਨਕੁਕੜੀ[2] ਦਾ
ਗੀਤ ਸਹੇਜ ਕੇ ਘਰ ਮੁੜਦਾ

ਪਹਿਲੀ ਜੂਨ ਸੀ. . .
ਪੱਕਾ ਚੇਤਾ ਏ ਮੈਨੂੰ
ਗੁਲੇਲ ਬਣਾ ਕੇ ਦਿੱਤੀ ਸੀ ਪਿਤਾ ਨੇ ਮੈਨੂੰ
ਚਿੜੀਆਂ ਉਡਾਉਣ ਵਾਸਤੇ
ਵਗਾਹ ਮਾਰੀ ਸੀ ਉਹ ਮੈਂ
ਸੰਘਣੇ ਜੰਗਲ਼ ਵਿਚਕਾਰ
ਕਦੇ ਨਹੀਂ ਉਡਾਊਂਗਾ ਚਿੜੀਆਂ
ਠੀਕ ਓਸੇ ਤੋਂ ਦਿਨ ਛੱਡ ਦਿੱਤੀ ਸੀ
ਮੱਝ ਦੀ ਪੂਛ
ਤੇ ਖੁਸ਼ ਹੋ ਗਿਆ ਸਾਂ ਮੈਂ

ਪਹਿਲਾ ਦਿਨ ਹੈ ਅੱਜ
ਜੂਨ ਦੋ ਹਜ਼ਾਰ ਪੰਦਰਾਂ ਦਾ
ਛੱਡ ਦਿੱਤੀ ਏ ਅੱਜ ਮੈਂ ਬੇੜੀ
ਜੀਆ ਭਰੋਲੀ ਦੇ ਸੀਨੇ ਵਿੱਚ
ਦੇਵ ਹੰਸਾਂ ਦੇ ਪਰਾਂ ਦੀ
ਧੁਨੀ ਤਲਾਸ਼ ਕਰਨ ਵਾਸਤੇ
ਕੈਮ ਚਿੜੀਆਂ ਦਾ ਮਿੱਠਾ ਸੰਗੀਤ ਸੁਣ
ਜ਼ਿੰਦਗੀ ਦੀ ਮਿਠਾਸ ਪੀਣ ਖ਼ਾਤਰ
. . .ਸ਼ਾਇਦ ਕਿਸੇ ਨੂੰ ਜਾਪੇ
ਕਿ ਇਹ ਜਲ-ਪਰੀ ਸੰਗ
ਵਿਲਾਸ ਸੈਰ ਹੈ ਮੇਰੀ
ਕਹਿੰਦਾ ਰਹੇ ਜੋ ਕਿਸੇ ਦਾ ਜੀ ਕਰੇ
ਸ਼ੀਲਧਰੀਆ[3] ਗਵਾਹ ਏ ਮੇਰੀ
ਜੀਆ ਭਰੋਲੀ ਮੰਦਾਕਿਨੀ[4] ਏ
ਮੇਰੇ ਪ੍ਰਾਣਾਂ ਦੀ

◆

1. ਜੀਆ ਭਰੋਲੀ : ਆਸਾਮ ਦੀ ਇਕ ਨਦੀ, 2. ਪਣਕੁਕੜੀ : ਹੰਸਨੀ, 3. ਸ਼ੀਲ ਧਰੀਆ : ਵਧੀਆ ਕਿਸਮ ਦੀ ਮੱਛਲੀ, 4. ਮੰਦਾਕਿਨੀ : ਨਦੀ।

◆

ਮੋਬਾ. 98596 93761

ਸੱਜਰਾ ਕਾਵਿ

ਕਵਿਤਾ : *ਨੀਤੂ ਰਾਮਪੁਰ*

ਸੁਪਨਿਆਂ ਦੀ ਪੂਰਤੀ

ਸੋਚਾਂ ਵਿਚ ਡੁੱਬੀ
ਮਨ ਆਪਣੇ ਨਾ
ਕਰ ਰਹੀ ਸੀ ਗੱਲਾਂ

ਮਨ ਕਹਿੰਦਾ
ਝੱਲੀਏ ਕਿਵੇਂ ਕਰੇਂਗੀ
ਐਨਾ ਲੰਮਾ ਸਫ਼ਰ ?
ਕਦ ਕਰੇਗੀ
ਆਪਣੀ ਮਾਂ ਦੇ ਸੁਪਨੇ ਪੂਰੇ ?
ਕਦ ਚੱਲੇਗੀ
ਵੀਰ ਦੇ ਮੋਢੇ ਨਾਲ ਮੋਢਾ ਜੋੜ ?
ਤੇਰਾ ਰਸਤਾ ਬਹੁਤ ਔਖਾ
ਹਨ੍ਹੇਰੀ, ਤੂਫ਼ਾਨ, ਝੱਖੜ
ਕਿਵੇਂ ਝੱਲੇਂਗੀ ?
ਕਦੋਂ ਤਕ ਰਹੇਂਗੀ
ਆ ਬਾਲਿਆਂ ਵਾਲੀ ਛੱਤ ਹੇਠ
ਜੋ ਭੋਰਾ ਮੀਂਹ ਪੈਣ 'ਤੇ
ਚੋਂਣ ਲੱਗ ਜਾਂਦੀਆਂ ?

ਕਦ ਤੱਕ ਖਾਂਦੀ ਰਹੇਂਗੀ
ਲੂਣ ਭੁੱਕ ਭੁੱਕ ਰੋਟੀਆਂ ?
ਕਦ ਤੱਕ
ਉਹੀ ਇਕੋ
ਮੈਲਾ ਕੁਚੈਲਾ ਸੂਟ ਪਾ ਕੇ ਰੱਖੇਂਗੀ ?
ਕਦ ਤੱਕ
ਆਖ਼ਿਰ ਕਦ ਤੱਕ...
ਤੇਰੀ ਮਾਂ ਲੋਕਾਂ ਦੇ ਜੂਠੇ ਭਾਂਡੇ ਮਾਂਜ
ਪੁਸ਼ਕਾਂ ਧੋ ਕੇ
ਤੈਨੂੰ ਪੜ੍ਹਾਉਂਦੀ ਰਹੂ ?

ਕਦ ਪਹੁੰਚੇਂਗੀ
ਤੂੰ ਆਪਣੀ ਮੰਜ਼ਿਲ 'ਤੇ
ਬੋਲ...ਕਦ...?

ਮੈਂ ਡੌਰ ਭੌਰ ਹੋ ਗਈ
ਮੇਰਾ ਦਿਮਾਗ਼ ਸੁੰਨ ਹੋ ਗਿਆ
ਕੁਝ ਨਾ ਅਹੁੜਿਆ
ਉੱਠ ਕੇ
ਬਾਪੂ ਦੀ ਫੋਟੋ ਨੂੰ
ਸੀਨੇ ਨਾਲ ਲਾ ਲਿਆ
ਇਉਂ ਪ੍ਰਤੀਤ ਹੋਇਆ ਜਿਉਂ
ਬਾਪੂ ਬੋਲ ਰਿਹਾ ਹੋਵੇ...

ਉਹ ਮੇਰੇ ਪੁੱਤਰਾ
ਤੂੰ ਚਿੱਤ ਹੌਲਾ ਨਾ ਕਰ
ਕਹਿ ਦੇ ਇਸ ਨੂੰ
ਕਿ ਗਿਆਨ ਨਾਲ ਹਾਲਾਤ ਬਦਲਣਗੇ
ਮੈਂ ਸਭ ਕੁਝ ਕਰਾਂਗੀ
ਲੜਾਂਗੀ
ਆਖ਼ਰੀ ਦਮ ਤੱਕ
ਇਕ ਦਿਨ ਮੰਜ਼ਿਲ 'ਤੇ ਜ਼ਰੂਰ ਪਹੁੰਚਾਂਗੀ
ਇਸ ਗ਼ਰੀਬੀ ਦਾ
ਇਨ੍ਹਾਂ ਮਜਬੂਰੀਆਂ ਦਾ
ਖ਼ਾਤਮਾ ਕਰਾਂਗੀ
ਦਿਨ ਬਦਲਣਗੇ
ਮੈਂ ਬਦਲਾਂਗੀ

ਸੋਚਾਂ 'ਚੋਂ ਨਿਕਲ ਕੇ
ਮੈਂ ਕਿਤਾਬਾਂ ਵਿਚ ਰੁੱਝ ਗਈ

•

ਮੋਬਾ. 98149-60725

ਕਵਿਤਾ : *ਗੁਰਦੀਪ ਗੁਲ*

ਕਾਲਮ ਨਵੀਸ

ਖ਼ਿਆਲ ਬਬੀਹੇ ਤੇਰੇ ਪੈਰੀਂ
ਬਿਰਹਾ ਝਾਂਜਰ ਪਾਵਾਂ
ਅੱਖਰ ਕਲਮ ਦੇ ਦਿਲੋਂ ਭਰ ਕੇ
ਅਦਬ ਦਾ ਰਾਹ ਰੁਸ਼ਨਾਵਾਂ

ਫ਼ਿਜ਼ਾ ਨਾ ਮਹਿਕੇ, ਫੁੱਲ ਨਾ ਟਹਿਕੇ
ਤਾਰੇ ਧੁੰਧਲਾ ਜਾਵਣ
ਬਸ ਯਾਦਾਂ ਨੂੰ ਹੀ ਚੁੰਮ ਕੇ
ਸਫ਼ਿਆਂ ਖ਼ਾਬ ਬਨਾਵਣ

ਹਉਕਿਆਂ ਦੀ ਤਹਿਰੀਰ ਬਣਾ
ਦਿਲ ਚੀਸ ਉਤਾਰੀ ਜਾਵੇ
ਆਸ ਉਮੀਦਾਂ ਰੱਖ ਕੇ ਸਾਹਵੇਂ
ਨਜ਼ਮ ਸੰਵਾਰੀ ਜਾਵੇ

ਸਾਥੀ ਬਣ ਕੇ ਸੁਖਨਵਰੀ ਵਿਚ
ਸੋਚਾਂ ਤਸਕੀਂ ਲੱਭਣ
ਤਾਰੀਆਂ ਲਾਵਣ, ਅੰਬਰੀਂ ਸਾਗਰ
ਰੰਗਲੇ ਸੁਫ਼ਨੇ ਸਿਰਜਣ

ਹਰਫ਼ਾਂ ਦੇ ਹੰਝੂ ਹੁੰਦੇ ਨੇ
ਵਰਕੇ 'ਤੇ ਡੁੱਲ੍ਹ ਪੈਂਦੇ
ਜ਼ੁਲਮ-ਜਬਰ ਦੀ ਹਰ ਵਾਛੜ ਨੂੰ
ਕਤਰਾ ਕਤਰਾ ਸਹਿੰਦੇ

ਕਲਮ ਨਵੀਸ ਦੀ ਕਾਨੀ ਲੋਕੋ
ਸਿਆਹੀ ਹੀ ਨਹੀਂ ਭਰਦੀ
ਲਹੂ ਜਿਗਰ ਜਦ ਇਸ ਵਿਚ ਰਲਦਾ
ਅਸਲ ਹਯਾਤੀ ਕਿਰਦੀ

ਦਰਦ ਦਾ ਪੈਰਹਨ ਪਾ ਤਹਿਰੀਰਾਂ
ਅਦਬ ਉਲੀਕੀ ਜਾਵਣ
ਗੁੱਝੇ ਜਜ਼ਬੇ ਅਫ਼ਸ਼ਾਂ ਕਰ 'ਗੁਲ'
ਕਲਮ ਨਵੀਸ ਕਹਾਵਣ

•

ਮੋਬਾ. 98729 93281

ਖੋਜ ਪੱਤਰ

ਬਚਿੰਤ ਕੌਰ ਦੀਆਂ ਕਹਾਣੀਆਂ ਵਿਚ ਮਰਦ-ਔਰਤ ਦੇ ਸੰਬੰਧਾਂ ਦਾ ਵਰਣਨ

-ਬਲਵੀਰ ਕੌਰ

ਇਕ ਸਮਾਜ ਉੱਨੀ ਦੇਰ ਸੰਪੂਰਨ ਨਹੀਂ ਸਮਝਿਆ ਜਾ ਸਕਦਾ ਜਿੰਨੀ ਦੇਰ ਤੱਕ ਔਰਤ ਮਰਦ ਦੇ ਸੰਬੰਧਾਂ ਵਿਚ ਸਮਤੋਲ ਨਾ ਹੋਵੇ ।ਸਮਾਜ ਨੂੰ ਬਣਾਉਣ, ਸਮਾਜ ਨੂੰ ਚਲਾਉਣ ਲਈ ਔਰਤ-ਮਰਦ ਸੰਬੰਧਾਂ ਵਿਚ ਪਿਆਰ ਤੇ ਸਮਝ ਦਾ ਹੋਣਾ ਬਹੁਤ ਜ਼ਰੂਰੀ ਹੈ ।ਜੇ ਔਰਤ ਮਰਦ ਦੇ ਸੰਬੰਧ ਸੁਖਾਵੇਂ ਨਹੀਂ ਹੋਣਗੇ ਤਾਂ ਪਰਿਵਾਰ ਅਤੇ ਸਮਾਜ ਵਿਚ ਅਸੰਤੁਲਨ ਪੈਦਾ ਹੋ ਜਾਵੇਗਾ।

ਬਚਿੰਤ ਕੌਰ ਦੀਆਂ ਕਹਾਣੀਆਂ ਵਿਚ ਔਰਤ ਮਰਦਾਂ ਦੇ ਸੰਬੰਧ ਕੋਈ ਬਹੁਤ ਸੁਖਾਵੇਂ ਨਹੀਂ ਹਨ।ਕਹਾਣੀਕਾਰਾਂ ਨੇ ਔਰਤ ਮਰਦ ਸੰਬੰਧਾਂ ਦੀ ਪੇਸ਼ਕਾਰੀ ਕਰਦਿਆਂ ਬਹੁਤ ਹੀ ਸਹਿਜਤਾ ਅਤੇ ਬੇਬਾਕੀ ਨਾਲ ਆਪਣੀ ਗੱਲ ਨੂੰ ਕਹਿਣ ਦੀ ਕੋਸ਼ਿਸ਼ ਕੀਤੀ ਹੈ।ਕਹਾਣੀਕਾਰਾ ਉਹਨਾਂ ਮਰਦਾਂ ਦਾ ਚਿੱਤਰਣ ਕਰਦੀ ਹੈ ਜਿਹੜੇ ਸਮਾਜ ਦੁਆਰਾ ਤੈਅ ਕੀਤੀਆਂ ਸੀਮਾਵਾਂ ਦੀ ਉਲੰਘਣਾ ਕਰਦੇ ਹਨ।ਕਈ ਔਰਤ ਪਾਤਰ ਵੀ ਅਜਿਹੀਆਂ ਹਨ ਜੋ ਵਿਆਹ ਬਾਹਰੇ ਰਿਸ਼ਤਿਆਂ ਦੀ ਉਲੰਘਣਾ ਕਰਦੀਆਂ ਹਨ।ਸਮਾਜ ਵਿਅਹ ਦੀ ਸੰਸਥਾ ਨੂੰ ਕਾਇਮ ਰੱਖਦੇ ਹੋਏ ਦੋਹਾਂ ਧਿਰਾਂ ਨੂੰ ਇਕ ਚੌਖਟੇ ਵਿਚ ਰੱਖਣ ਦਾ ਯਤਨ ਕਰਦਾ ਹੈ ਪਰ ਬਚਿੰਤ ਦੇ ਦੋਵੇਂ ਤਰ੍ਹਾਂ ਦੇ ਪਾਤਰ ਸਮਾਜ ਦੀਆਂ ਸੀਮਾਵਾਂ ਦਾ ਉਲੰਘਣ ਕਰਦੇ ਹਨ। ਉਹਨਾਂ ਦੇ ਉਲੰਘਣ ਦਾ ਕਾਰਨ ਸਰੀਰਕ ਤੇ ਮਾਨਸਿਕ ਆਸੰਤੁਸ਼ਟੀ ਸਾਹਮਣੇ ਆਉਂਦੀ ਹੈ।ਸਿਰਫ਼ ਜਵਾਨ ਪਾਤਰ ਹੀ ਸੀਮਾਵਾਂ ਦਾ ਉਲੰਘਣ ਨਹੀਂ ਕਰਦੇ ਬਲਕਿ ਕਿਸ਼ਨ ਸਿੰਘ ਵਰਗੇ ਬੁੱਢੇ ਪਾਤਰ ਵੀ ਆਪਣੀਆਂ ਹੱਦਾਂ ਪਾਰ ਕਰ ਜਾਂਦੇ ਹਨ।ਸਰੀਰਕ ਅਕਰਸ਼ਣ ਵਿਚ ਉਮਰ ਵੀ ਕੋਈ ਰੁਕਾਵਟ ਨਹੀਂ ਹੋ ਸਕਦੀ।

'ਭੁੱਬਲ ਦੀ ਅੱਗ' ਕਹਾਣੀ ਦਾ ਪਾਤਰ ਕਿਸ਼ਨ ਸਿੰਘ ਬਚਨੋ ਦਾ ਪਿਓ ਹੈ, ਉਸ ਦੀ ਪਤਨੀ ਜੁਆਨੀ ਵਿਚ ਹੀ ਮਰ ਜਾਂਦੀ ਹੈ।ਇਸ ਤਰ੍ਹਾਂ ਉਹ ਆਪਣੀ ਛੋਟੀ ਜਿਹੀ ਬੱਚੀ ਦਾ ਪਾਲਣ ਪੋਸ਼ਣ ਕਰਦਾ ਹੈ ਤੇ ਉਸ ਦੇ ਜਵਾਨ ਹੋਣ ਤੇ ਵਿਆਹ ਕਰ ਦਿੰਦਾ ਹੈ।ਕਿਸ਼ਨ ਸਿੰਘ ਫੌਜ ਦੀ ਨੌਕਰੀ ਕਰਦਾ ਹੈ, ਨੌਕਰੀ ਤੋਂ ਰਿਟਾਇਰ ਹੋ ਕੇ ਉਹ ਲੋਕਾਂ ਦਾ ਮੁਫ਼ਤ ਇਲਾਜ ਕਰਦਾ ਹੈ, ਔਰਤਾਂ ਨੂੰ ਮੁਫ਼ਤ ਦਵਾ ਦਾਰੂ ਦਿੰਦਾ ਹੈ, ਉਸ ਦਾ ਔਰਤਾਂ ਦਾ ਮੁਫ਼ਤ ਇਲਾਜ ਕਰਨਾ ਵੀ ਆਪਣੇ ਆਪ ਨੂੰ ਧਰਵਾਸ ਦੇਣ ਦਾ ਹੀ ਇਕ ਬਹਾਨਾ ਹੈ ।ਇਸ ਤਰ੍ਹਾਂ ਉਹ ਔਰਤਾਂ ਦੇ ਨੇੜੇ ਰਹਿ ਕੇ ਖੁਸ਼ੀ ਮਹਿਸੂਸ ਕਰਦਾ ਹੈ। ਕਿਸ਼ਨ ਸਿੰਘ ਨੂੰ ਕੁੱਝ ਸਮਾਂ ਔਰਤਾਂ ਨਾਲ ਗੁਜਾਰਨ ਲਈ ਮਿਲ ਜਾਂਦਾ ਹੈ।ਇਕ ਦਿਨ ਕਿਸ਼ਨ ਸਿੰਘ ਦੀ ਜੁੱਤੀ ਸਿੰਦਰੋ ਦੇ ਮੰਜੇ ਹੇਠ ਪਈ ਮਿਲਦੀ ਹੈ।ਕਹਾਣੀਕਾਰਾਂ ਸੰਕੇਤਕ ਰੂਪ ਵਿਚ ਜੁੱਤੀ ਨੂੰ ਮੰਜੇ ਹੇਠ ਦਿਖਾ ਕੇ ਇਕ ਤਸਵੀਰ ਪੇਸ਼ ਕਰਦੀ ਹੈ।ਪਰ ਜੁਆਨ ਧੀ ਨੂੰ ਜਦੋਂ ਇਸ ਸਾਰੇ ਘਟਨਾ ਕਰਮ ਬਾਰੇ ਪਤਾ ਲਗਦਾ ਹੈ ਤਾਂ ਉਹ ਇਸ ਨੂੰ ਬਰਦਾਸ਼ਤ ਨਹੀਂ ਕਰ ਸਕੀ। ਧੀ ਨੂੰ ਆਪਣੇ ਪਿਓ ਦੇ ਇਸ ਵਿਵਹਾਰ ਉੱਪਰ ਯਕੀਨ ਨਹੀਂ ਆਉਂਦਾ।ਡਾਕਟਰ ਵੀ ਇਸ ਗੱਲ ਦੀ ਪੁਸ਼ਟੀ ਕਰ ਦਿੰਦਾ ਹੈ, "ਇੰਦਰੀਆਂ ਦੇ ਭੋਗਾਂ ਨੂੰ ਨਾ ਭੋਗਣਾ ਮੱਚਦੀ ਅੱਗ ਤੇ ਸੁਆਹ ਪਾ ਦੇਣ ਵਾਲੀ ਗੱਲ ਹੁੰਦੀ ਹੈ।"

"ਤਾਂ ਕੀ ਰਾਤ ਵਾਲੀ ਘਟਨਾ ਸੱਚੀ ਹੋ ਸਕਦੀ ਹੈ ਡਾਕਟਰ ਸਾਹਿਬ।"

" ਇਸ ਵਿਚ ਕੋਈ ਸ਼ੱਕ ਨਹੀਂ।"[1]

ਇਹ ਮਨੁੱਖੀ ਸੱਚ ਹੈ ਕਿ ਮਨੁੱਖ ਨੂੰ ਮਨੁੱਖ ਹੋਣ ਲਈ ਉਸ ਅੰਦਰ ਕਾਮੁਕਤਾ ਹੋਣੀ ਵੀ ਜ਼ਰੂਰੀ ਹੈ, ਕਿਸ਼ਨ ਸਿੰਘ ਦੀ ਪਤਨੀ ਦਾ ਜੁਆਨੀ ਵਿਚ ਮਰ ਜਾਣਾ ਉਸ ਲਈ ਇਕ ਰੋਕ ਪੈਦਾ ਕਰ ਦਿੰਦਾ ਹੈ ਪਰ ਉਮਰ ਦੇ ਅਖੀਰੀ ਪੜਾਅ ਤੇ ਇਹ ਰੋਕ ਕਾਮਯਾਬ ਨਹੀਂ ਹੁੰਦੀ ਤੇ ਉਹ ਸਰੀਰਕ ਸੰਬੰਧ ਸਥਾਪਿਤ ਕਰਨ ਵਿਚ ਕਾਮਯਾਬ ਹੋ ਜਾਂਦਾ ਹੈ ਪਰ ਉਸ ਦੀ ਧੀ ਇਸ ਨੂੰ ਬਰਦਾਸ਼ਤ ਨਹੀਂ ਕਰਦੀ।

ਕਿਸ਼ਨ ਸਿੰਘ ਦੇ ਅਜਿਹੇ ਵਿਵਹਾਰ ਨੂੰ ਡਾਕਟਰ ਵੀ ਜ਼ਾਇਜ ਠਹਿਰਾ ਦਿੰਦਾ ਹੈ ਕਿਉਂਕਿ ਉਸ ਦੀ ਪਤਨੀ ਜਵਾਨੀ ਵਿਚ ਹੀ ਗੁਜ਼ਰ ਗਈ ਸੀ ਤੇ ਉਹ ਆਪਣੀਆਂ ਕਾਮੁਕ ਇੰਦਰੀਆਂ ਨੂੰ ਆਪਣੇ ਵੱਸ ਵਿਚ ਨਹੀਂ ਰੱਖ ਸਕਿਆ। ਬਚਿੰਤ ਦੀਆਂ ਬਹੁਤੀਆਂ ਕਹਾਣੀਆਂ ਦੇ ਪਤੀ ਪਾਤਰ ਆਪਣੀਆਂ ਪਤਨੀਆਂ ਨਾਲ ਪ੍ਰੇਮ ਨਹੀਂ ਕਰਦੇ ਪਰ ਆਪਣੀ ਸਰੀਰਕ ਭੁੱਖ ਮਿਟਾਉਣ ਲਈ ਉਹ ਪਤਨੀ ਨੂੰ ਇਕ ਮਸ਼ੀਨ ਦੀ ਤਰ੍ਹਾਂ ਵਰਤਣ ਦਾ ਹੱਕ ਰੱਖਦੇ ਹਨ।ਪਤਨੀ ਸਿਰਫ਼ ਕਾਮ ਬੁਝਾਊ ਯੰਤਰ ਹੀ ਹੈ।"ਮੇਰੇ ਪਤੀ ਦੇ ਅੰਦਰ ਵੀ ਇਕ ਭੁੱਖ, ਮੇਰੇ ਅੰਦਰ ਵੀ ਇਕ ਭੁੱਖ।"[2]

ਬਚਿੰਤ ਕੌਰ ਕਹਾਣੀਆਂ ਰਾਹੀਂ ਦੱਸਦੀ ਹੈ ਕਿ ਪਤੀ ਨੂੰ ਪਤਨੀ ਨਾਲ ਕੋਈ ਬਹੁਤਾ ਵਾਹ ਵਾਸਤਾ ਨਹੀਂ ਪਤਨੀ ਸਿਰਫ਼ ਪਤੀ ਲਈ ਕੁੱਝ ਸਮੇਂ ਦਾ ਹੀ ਸਾਥ ਦੇਣ ਲਈ ਬਣੀ ਹੈ।ਸਰੀਰਕ ਭੁੱਖ ਹੈ ਜਦੋਂ ਉਹ ਤ੍ਰਿਪਤ ਹੋ ਗਈ ਸਮਝੋ ਸਾਥ ਮੁੱਕ ਗਿਆ, 'ਛਾਇਆ' ਕਹਾਣੀ ਵਿਚਲਾ ਪਤੀ ਪਾਤਰ ਆਪਣੀ ਪਤਨੀ ਨੂੰ ਧੋਖਾ ਦਿੰਦਾ ਹੈ।ਉਹ ਢੋਂਗ ਇਹ ਕਰਦਾ ਹੈ ਕਿ ਉਹ ਬਹੁਤ ਪਿਆਰ ਕਰਦਾ ਹੈ।

ਮੈਂ ਪਾਤਰ ਛਾਇਆ ਨਾਲ ਪਿਆਰ ਕਰਦਾ ਹੈ।ਪਰ ਛਾਇਆ ਮਿਸਟਰ ਦਿਸਾਈ ਨੂੰ ਪਿਆਰ ਕਰਦੀ ਹੈ ।ਫ਼ਿਰ ਵੀ ਮੈਂ ਪਾਤਰ ਛਾਇਆ ਨੂੰ ਪਾਉਣ ਲਈ ਤਰਲੋਮੱਛੀ ਹੋਇਆ ਪਿਆ ਹੈ।ਪਾਤਰਾਂ ਦੀ ਵਿਡੰਬਨਾ ਇਹ ਹੈ ਕਿ ਜੋ ਕਿਸੇ ਨੂੰ ਪਿਆਰ ਕਰਦਾ ਹੈ ਤਾਂ ਅਗਲਾ ਪਾਤਰ ਕਿਸੇ ਹੋਰ ਨੂੰ ਪਿਆਰ ਕਰਦਾ ਹੈ।ਹਰ ਇਕ ਦਾ ਪਿਆਰ ਅਧੂਰਾ ਤੇ ਇਕਤਰਫ਼ਾ ਹੈ।

ਮੈਂ ਪਾਤਰ ਆਪਣੀ ਪਤਨੀ ਦੇ ਕੋਲ ਹੁੰਦਿਆਂ ਵੀ ਛਾਇਆ ਨੂੰ ਪਿਆਰ ਕਰਦਾ ਤੇ ਆਪਣੇ ਕੋਲ ਮਹਿਸੂਸ ਕਰਦਾ ਹੈ।ਇਸ ਤਰ੍ਹਾਂ ਉਹ ਪਤਨੀ ਕੋਲ ਰਹਿ ਕੇ ਹੀ ਉਸ ਨੂੰ ਧੋਖਾ ਦਿੰਦਾ ਹੈ।ਪਤਨੀਆਂ ਪਤੀ ਨੂੰ ਧੋਖਾ ਦੇ ਰਹੀਆਂ ਹਨ ਤੇ ਪਤੀ ਪਤਨੀਆਂ ਨੂੰ।ਪਰ ਬਹੁਤੀਆਂ

ਪਤਨੀਆਂ ਮਰਦਾਂ ਨੂੰ ਮਾਫ਼ ਕਰ ਰਹੀਆਂ ਹਨ ਤੇ ਉਹਨਾਂ ਦੇ ਜ਼ੁਲਮ ਸਹਿਣ ਕਰ ਰਹੀਆਂ ਹਨ। ਪਤੀ ਪਤਨੀ ਦੇ ਸੰਬੰਧਾਂ ਨੂੰ ਪੇਸ਼ ਕਰਦੀ ਕਹਾਣੀ 'ਖੁਸ਼ਬੋ' ਸਮਾਜਿਕ ਕਦਰਾਂ ਕੀਮਤਾਂ ਕਰਕੇ ਪਤਨੀ ਪਤੀ ਦੇ ਹਰੇਕ ਗੁਨਾਹ ਨੂੰ ਸਵੀਕਾਰ ਕਰੀ ਜਾ ਰਹੀ ਹੈ। ਇਹ ਭਾਰਤੀ ਸਮਾਜ ਦੀ ਪ੍ਰੰਪਰਾ ਹੈ ਕਿ ਔਰਤ ਪਤੀ ਦਾ ਹਰ ਇਕ ਜ਼ੁਲਮ ਸਹਿ ਕੇ ਵੀ ਉਸ ਨੂੰ ਮਾਫ਼ ਕਰ ਦਿੰਦੀ ਹੈ। ਰੋਡੂ ਸ਼ਰਾਬੀ ਕਬਾਬੀ ਵੀ ਹੈ ਤੇ ਜੂਏਬਾਜ ਵੀ ਪਹਿਲਾਂ ਉਸ ਕੋਲੋਂ ਮਾਂ ਦੁਖੀ ਸੀ ਤੇ ਹੁਣ ਵਿਆਹ ਤੋਂ ਬਾਅਦ ਪਤਨੀ ਵੀ ਦੁਖੀ ਹੈ।

ਰੁਲਦੂ ਤੇ ਸਿਆਮੀ (ਕਲਪ ਬ੍ਰਿਛ) ਇਸ ਸਮਾਜ ਤੋਂ ਕਿਤੇ ਦੂਰ ਅਜਿਹੇ ਕਲਪ ਬ੍ਰਿਛ ਹੇਠਾਂ ਚਲੇ ਜਾਣਾ ਚਾਹੁੰਦੇ ਹਨ, ਜਿੱਥੇ ਉਹਨਾਂ ਦੀਆਂ ਸੱਧਰਾਂ ਦੀ ਪੂਰਤੀ ਹੋ ਸਕੇ। ਪਰ ਲੇਖਿਕਾ ਦੱਸਦੀ ਹੈ ਕਿ ਸਮਾਜ ਉਹਨਾਂ ਦੀਆਂ ਇੱਛਾਵਾਂ ਅੱਗੇ ਇਕ ਰੋਕ ਪੈਦਾ ਕਰਦਾ ਹੈ ਤੇ ਉਹ ਅਜਿਹਾ ਨਹੀਂ ਕਰ ਸਕਦੇ। ਸਮਾਜ ਇਕ ਸਿਸਟਮ ਵਿਚ ਹਰੇਕ ਇਨਸਾਨ ਨੂੰ ਚੱਲਣ ਦਾ ਸਿਧਾਂਤ ਅਖਤਿਆਰ ਕਰਨ ਲਈ ਮਜ਼ਬੂਰ ਕਰਦਾ ਹੈ। ਸਮਾਜ ਵਿਚ ਰਹਿੰਦੇ ਮਨੁੱਖਾਂ ਨੂੰ ਉਸ ਸਮਾਜ ਦੇ ਕਾਇਦੇ ਕਾਨੂੰਨਾਂ ਦਾ ਪਾਲਣ ਕਰਨਾ ਪਵੇਗਾਂ ਉਹ ਜਿਸ ਸਮਾਜ ਵਿਚ ਰਹਿ ਰਹੇ ਹਨ। ਉਲੰਘਣਾ ਕਰਨ ਵਾਲਾ ਸਜਾ ਦਾ ਹੱਕਦਾਰ ਹੋਵੇਗਾ।

ਪਤਨੀ ਪਤੀ ਕੋਲੋਂ ਇਕ ਤੋਂ ਵੱਧ ਤਰੀਕਿਆਂ ਨਾਲ ਦੁਖੀ ਹੈ ਜਾਂ ਉਸ ਨੂੰ ਦੁਖੀ ਕਰਨ ਦੀਆਂ ਅਨੇਕਾਂ ਯੁਗਤਾਂ ਹਨ। ਗੂੰਗੇ ਨਾਲ ਨਿਰਮਲਾ ਦਾ ਰਿਸ਼ਤਾ ਪਤੀ-ਪਤਨੀ ਵਾਲਾ ਹੈ, ਪਰ ਨਿਰਮਲਾ ਨੂੰ ਰੁਲਦੂ ਇਕ ਤੋਂ ਵੱਧ ਜਗ੍ਹਾ ਵੇਚਦਾ ਹੈ। ਨਿਰਮਲਾ ਨੂੰ ਸਿਰਫ਼ ਵੇਚਿਆ ਹੀ ਨਹੀਂ ਜਾਂਦਾ ਬਲਕਿ ਉਸ ਨੂੰ ਮਾਰਿਆ ਕੁੱਟਿਆ ਵੀ ਜਾਂਦਾ ਹੈ। ਸਰੀਰਕ ਤੇ ਮਾਨਸਿਕ ਪੱਧਰ ਤੇ ਹਰਾਸ ਕੀਤਾ ਜਾਂਦਾ ਹੈ। "ਭਾਵੇਂ ਕਿੰਨਾ ਕੁੱਟ ਮਾਰ ਲੌ, ਇਹ ਤੀਵੀਂ ਦੀ ਜਾਤ ਹੀ ਕੁੱਤੀ ਜਾਤ ਹੈ।"[3]

ਨਿਰਮਲਾ ਨੂੰ ਉਸ ਦਾ ਗੂੰਗਾ ਪਤੀ ਕੁੱਟਦਾ ਹੈ, ਮਿਸਿਜ਼ ਜਾਰਜ ਆਪਣੇ ਪਤੀ ਤੋਂ ਦੁਖੀ ਹੈ ਉਸ ਦੇ ਦੁੱਖ ਦਾ ਕਾਰਣ ਉਸ ਦੇ ਪਤੀ ਦਾ ਸਰੀਰਕ ਪੱਖੋਂ ਅਸੰਤੁਸ਼ਟ ਹੋਣਾ ਹੈ, ਇਹੀ ਵਜ੍ਹਾ ਹੈ ਉਹ ਆਪਣੇ ਪਤੀ ਰਮੈਸ਼ ਕੌਲ ਤੋਂ ਤਲਾਕ ਲੈ ਕੇ ਸੁਖੀ ਜੀਵਨ ਬਤੀਤ ਕਰਨਾ ਚਾਹੁੰਦੀ ਹੈ। ਨਿਰਮਲਾ ਹੀ ਇਕੱਲੀ ਅਜਿਹੀ ਔਰਤ ਨਹੀਂ ਜੋ ਪਤੀ ਦੀ ਕੁੱਟ ਦਾ ਸ਼ਿਕਾਰ ਹੁੰਦੀ ਹੈ ਦੀਪੋ (ਹੱਕ ਸਿਰਤਾਜ ਦਾ) ਵੀ ਨਿਰਮਲਾ ਵਰਗਾ ਹੀ ਪਾਤਰ ਹੈ ਜਿਹੜੀ ਬੁੱਢੇ ਪਤੀ ਤੋਂ ਕੁੱਟ ਖਾਂਦੀ ਹੈ, ਕਿਉਂਕਿ ਉਹ ਸ਼ਾਮੂ ਨੂੰ ਪਿਆਰ ਕਰਦੀ ਹੈ। "ਸ਼ਾਮੂ ਰੱਬ ਦਾ ਵਾਸਤਾ ਈ, ਵਾਪਸ ਮੁੜ ਜਾ। ਫੇਰ ਕਦੇ ਏਧਰ ਨਾ ਆਈ।"[4]

ਦੀਪੋ ਸ਼ਾਮੂ ਨੂੰ ਆਪਣੇ ਘਰ ਵਿਚ ਆਉਣ ਤੋਂ ਮਨ੍ਹਾਂ ਕਰ ਦਿੰਦੀ ਹੈ, ਦੀਪੋ ਦਾ ਬੁੱਢਾ ਪਤੀ ਸ਼ਾਮੂ ਤੇ ਦੀਪੋ ਨੂੰ ਇਕੱਠਿਆਂ ਬੈਠਿਆਂ ਵੇਖ ਲੈਂਦਾ ਹੈ। ਬੁੱਢੇ ਪਤੀ ਨੂੰ ਸਮਾਜ ਡਾਂਗ ਚੁੱਕਣ ਦਾ ਹੱਕ ਇਸ ਵਾਸਤੇ ਹੀ ਦਿੰਦਾ ਹੈ ਕਿਉਂਕਿ ਉਸ ਨੇ ਪੈਸਾ ਦੇ ਕੇ ਬੁੱਢੇ ਵਾਰੇ ਦੀਪੋ ਨਾਲ ਵਿਆਹ ਕਰਵਾ ਲਿਆ ਹੈ।

ਸਮਾਜ ਅਜਿਹਾ ਹੈ ਜਿਸ ਵਿਚ ਬੁੱਢਾ ਮਰਦ ਵਿਆਹ ਕਰਵਾ ਸਕਦਾ ਹੈ ਪਰ ਬਨੀਤਾ (ਨੈਗੇਟਿਵ ਪੁਆਇੰਟ) ਵਰਗੀ ਵਿਧਵਾ ਹੋ ਚੁੱਕੀ ਔਰਤ ਕਿਸੇ ਕੋਲੋਂ ਮੱਦਦ ਵੀ ਨਹੀਂ ਲੈ ਸਕਦੀ। ਜੇ ਉਹ ਮੱਦਦ ਲਵੇਗੀ ਤਾਂ ਆਂਢ-ਗੁਆਂਢ ਦੇ ਲੋਕ ਉਸ ਪ੍ਰਤੀ ਬੁਰੀ ਸੋਚ ਰੱਖਣਗੇ। ਲੇਖਿਕਾ ਇਹ ਦੱਸਣ ਦੀ ਕੋਸ਼ਿਸ਼ ਕਰ ਰਹੀ ਹੈ ਕਿ ਸਮਾਜ ਵਿਚ ਔਰਤ ਨੂੰ ਖੁੱਲ ਕੇ ਜੀਵਨ ਜਿਊਣ ਦੀ ਇਜਾਜ਼ਤ ਨਹੀਂ ਹੈ।

ਔਰਤ ਮਰਦ ਵਿਚ ਕਦੋਂ ਪਿਆਰ ਹੋ ਜਾਵੇ ਇਹ ਗੱਲ ਨਿਸ਼ਚਿਤ ਨਹੀਂ ਹੈ ਇਹ ਤਾਂ ਮਨੁੱਖੀ ਜ਼ਜ਼ਬਾ ਹੈ। ਔਰਤ ਮਰਦ ਦੇ ਰਿਸ਼ਤਿਆਂ ਦੀ ਕੋਈ ਸੀਮਾ ਨਹੀਂ ਹੈ ਪਰ ਹਰੇਕ ਸਮਾਜ ਨੇ ਆਪਣੇ ਅਨੁਸਾਰ ਹੀ ਕੁੱਝ ਦਾਇਰੇ ਬਣਾਏ ਹੋਏ ਹਨ ਜੇ ਕੋਈ ਔਰਤ ਓਹਨਾਂ ਦਾ ਉਲੰਘਣ ਕਰਦੀ ਹੈ ਤਾਂ ਉਸ ਨੂੰ ਬਦਚਲਣ ਦਾ ਖਿਤਾਬ ਦਿੱਤਾ ਜਾਂਦਾ ਹੈ, "ਨਹੀਂ ਬਨੀਤਾ ਐਸੇ ਰਿਸ਼ਤੈ ਬਣਾਏ ਨਹੀਂ ਜਾਂਦੇ ਬਲਕਿ ਖੁਦ-ਬਖੁਦ ਬਣ ਜਾਂਦੇ ਹਨ।"[5]

ਬਚਿੰਤ ਕੌਰ ਔਰਤ ਮਰਦ ਦੇ ਸੰਬੰਧਾਂ ਨੂੰ ਬਹੁਤ ਹੀ ਬੇਬਾਕੀ ਨਾਲ ਪੇਸ਼ ਕਰਦੀ ਹੈ। ਸੈਂਕਰੀ ਦੇ ਪਤੀ ਠੇਕੇਦਾਰ ਦੇ ਬੇਗ਼ਾਨੀ ਔਰਤ ਨਾਲ ਨਜ਼ਾਇਜ਼ ਸੰਬੰਧ ਹਨ, ਪਰ ਸੈਂਕਰੀ ਇਹ ਸਭ ਬਰਦਾਸ਼ਤ ਨਹੀਂ ਕਰਦੀ, ਉਹ ਆਪਣੀ ਜਿੱਦ ਗੁਰਬਚਨੋ ਬੱਚੀ ਦਾ ਰੇਪ ਕਰਵਾ ਕੇ ਪੂਰੀ ਕਰਦੀ ਹੈ। ਚੰਦੀ ਤੇ ਠੇਕੇਦਾਰ ਦੇ ਨਜ਼ਾਇਜ਼ ਸੰਬੰਧ ਹਨ ਤੇ ਗੁਰਬਚਨੋ ਚੰਦੀ ਦੀ ਬੱਚੀ ਹੈ, ਦੋਹਾਂ ਦੇ ਅਵੈਧ ਸੰਬੰਧਾਂ ਦਾ ਅਸਰ ਬੱਚੀ ਤੇ ਹੁੰਦਾ ਹੈ। "ਹੇਠਾਂ ਕੱਚੀ ਧਰਤੀ, ਕੱਚ-ਕੁਆਰੀ ਕੰਜਕ ਦੇ ਲਹੂ ਨਾਲ ਰੱਤੋ-ਰੱਤ ਹੋਈ ਪਈ।"[6]

'ਮੇਮਣਾ' ਕਹਾਣੀ ਦੀ ਪਾਤਰ ਚੰਦੀ ਨੇ ਆਪਣੇ ਧੀਆਂ ਪੁੱਤਰਾਂ ਦੇ ਹੁੰਦਿਆਂ ਹੀ ਠੇਕੇਦਾਰ ਨਾਲ ਸੰਬੰਧ ਕਾਇਮ ਕਰ ਲਏ ਉਸ ਦਾ ਵਿਆਹ ਵੀ ਹੋਇਆ ਹੈ, ਇਸੇ ਕਾਰਣ ਠੇਕੇਦਾਰ ਦੀ ਪਤਨੀ ਸੈਂਕਰੀ ਹਰ ਵਖਤ ਲੋਹੀ ਲਾਖੀ ਹੋਈ ਰਹਿੰਦੀ ਹੈ। ਇਸ ਕਹਾਣੀ ਵਿਚ ਲੇਖਿਕਾ ਔਰਤ ਦੇ ਕਰੋਧ ਦਾ ਵੀ ਕਰੂਪ ਰੂਪ ਪੇਸ਼ ਕਰਦੀ ਹੈ, ਔਰਤ ਜਦੋਂ ਜਿੱਦ ਤੇ ਆ ਜਾਵੇ ਤਾਂ ਉਸ ਦਾ ਨਤੀਜਾ ਬੁਰਾ ਨਿਕਲਦਾ ਹੈ।

'ਖ਼ਾਲੀ ਬੋਤਲ' ਕਹਾਣੀ ਵਿਚ ਲੇਖਿਕਾ ਨੇ ਪਤੀ ਪਤਨੀ ਦੇ ਰਿਸ਼ਤੇ ਨੂੰ ਖ਼ਾਲੀ ਬੋਤਲ ਨਾਲ ਤੁਲਨਾ ਦੇ ਕੇ ਪ੍ਰਗਟ ਕਰਦੀ ਹੈ। ਅਸਲ ਹਕੀਕਤ ਇਹ ਹੈ ਕਿ ਪਤੀ ਪਤਨੀ ਦੇ ਸੰਬੰਧ ਖ਼ਾਲੀ ਬੋਤਲ ਵਾਂਗ ਹਨ। ਵੇਖਣ ਨੂੰ ਤਾਂ ਪਤੀ ਪਤਨੀ ਇਕੱਠੇ ਰਹਿ ਰਹੇ ਹਨ ਪਰ ਅੰਦਰੋਂ ਪਰਿਵਾਰ ਪੂਰੀ ਤਰ੍ਹਾਂ ਟੁੱਟ ਚੁੱਕੇ ਹਨ। ਪਤੀ ਆਪਣੀ ਪਤਨੀ ਦੇ ਹੁੰਦਿਆਂ ਕਿਸੇ ਹੋਰ ਔਰਤ ਨਾਲ ਜਾ ਰਿਹਾ ਹੈ ਤੇ ਪਤਨੀ ਵੀ ਪਤੀ ਦੇ ਹੁੰਦਿਆਂ ਕਿਸੇ ਪਰਾਏ ਮਰਦ ਨਾਲ ਰਹਿ ਰਹੀ ਹੈ, "ਪਰ ਕੀ! ਹਸਬੈਂਡ ਦੀ ਟਿਕਟ ਉੱਤੇ ਕਿਸੇ ਦੋਸਤ ਨੂੰ ਨਾਲ ਲੈ ਚਲੋ। ਨਾਲੇ ਮੇਰੇ ਨਾਲ ਕਿਹੜਾ ਮੇਰੇ ਹਸਬੈਂਡ ਹੀ ਜਾ ਰਹੇ ਹਨ।"[7]

ਅਜਿਹੇ ਕਿਰਦਾਰ ਸ਼ਹਿਰਾਂ ਵਿਚ ਆਮ ਮਿਲ ਜਾਂਦੇ ਹਨ, ਜਿਹੜੇ ਇਕ ਦੂਜੇ ਨੂੰ ਪਲ ਪਲ ਧੋਖਾ ਦੇ ਰਹੇ ਹਨ। ਕਹਾਣੀਕਾਰਾ ਅਜਿਹੇ ਪਤੀ ਪਤਨੀ ਦੇ ਸੰਬੰਧਾਂ ਦਾ ਆਪਣੀਆਂ ਕਹਾਣੀਆਂ ਵਿਚ ਜ਼ਿਕਰ ਕਰਦੀ ਹੈ ਜਿਹੜੇ ਇਕ ਦੂਜੇ ਤੋਂ ਆਸੰਤੁਸ਼ਟ ਹਨ ਤੇ ਪਰਾਏ ਲੋਕਾਂ ਤੋਂ ਵੱਧ ਸੰਤੁਸ਼ਟੀ ਮਹਿਸੂਸ ਕਰਦੇ ਹਨ, ਇਸੇ ਤਰ੍ਹਾਂ ਧ੍ਰਿਤਰਾਸ਼ਟਰ ਦਾ ਵਿਆਹ ਬਿਆਸ ਨਾਲ ਹੋ ਜਾਂਦਾ ਹੈ ਤੇ ਉਹ ਧ੍ਰਿਤਰਾਸ਼ਟਰ ਦੇ ਤਿੰਨ ਬੱਚਿਆਂ ਦੀ ਮਾਂ ਹੈ। ਬਿਆਸ ਉਸ ਨੂੰ ਅਧੂਰੀ ਔਰਤ ਸਮਝਦਾ ਹੈ ਪਰ ਉਹ ਨੂੰ ਮਿਸ ਵਰਮਾ ਸੰਪੂਰਣ ਔਰਤ ਲੱਗਦੀ ਹੈ। ਬਿਆਸ ਕੋਝੀ ਅੱਧੇ ਧੜ ਵਾਲੀ ਅਧੂਰੀ ਔਰਤ ਸੀ। ਧ੍ਰਿਤਰਾਸ਼ਟਰ ਲਈ ਮਿਸ ਵਰਮਾ ਖੂਬਸੂਰਤ ਪੂਰੇ ਧੜ ਵਾਲੀ ਪੂਰੀ ਔਰਤ ਸੀ। ਧ੍ਰਿਤਰਾਸ਼ਟਰ

ਸਿਰਫ਼ ਤੇ ਸਿਰਫ਼ ਬਿਸਤਰ ਤੇ ਹੀ ਆਪਣੀ ਪਤਨੀ ਨੂੰ ਸਹਾਰ ਸਕਦਾ ਸੀ, ਇਸ ਤੋਂ ਇਲਾਵਾ ਉਹ ਆਪਣੀ ਪਤਨੀ ਨੂੰ ਸਹਿਣ ਕਰਨ ਲਈ ਬਿਲਕੁਲ ਵੀ ਤਿਆਰ ਨਹੀਂ ਸੀ। ਉਸ ਲਈ ਔਰਤ ਇਕ ਸੈਕਸ ਦੀ ਮਸ਼ੀਨ ਤੋਂ ਵੱਧ ਕੁੱਝ ਵੀ ਨਹੀਂ ਸੀ। ਇਹੋ ਜਿਹਾ ਹੀ ਪਾਤਰ ਰਾਜੇਸ਼ ਹੈ ਜਿਹੜਾ ਪਰਾਈ ਔਰਤ ਹਰਿੰਦਰ ਨਾਲ ਸੰਬੰਧ ਸਥਾਪਿਤ ਕਰਦਾ ਹੈ, ਉਸ ਦੀ ਸਮੱਸਿਆ ਉਸ ਦੀ ਵਿਧਵਾ ਚੰਦਕੁਰ ਭਰਜਾਈ ਹੈ। ਜਿਸ ਨਾਲ ਭਰਾ ਦੇ ਮਰਨ ਤੋਂ ਬਾਅਦ ਉਸ ਦਾ ਵਿਆਹ ਹੋ ਜਾਂਦਾ ਹੈ। ਰਾਜੇਸ਼ ਦਾ ਜੇ ਪਿੰਡ ਨਾਲ ਕੋਈ ਸੰਬੰਧ ਜਾਂ ਨਾਤਾ ਹੈ ਤਾਂ ਉਹ ਸਿਰਫ਼ ਆਪਣੇ ਬੱਚੇ ਕਰਕੇ ਹੀ ਹੈ।

ਦੂਜੇ ਪਾਸੇ ਲੇਖਕਾ ਕਹਾਣੀਆਂ ਰਾਹੀਂ ਸਾਬਿਤ ਕਰਨਾ ਚਾਹੁੰਦੀ ਹੈ ਕਿ ਇਕ ਆਦਮੀ ਲਈ ਔਰਤ ਦਾ ਨਾਤਾ ਜ਼ਮੀਨ ਵਾਂਗ ਹੈ ਜਿਸ ਨੂੰ ਮਰਦ ਕਿਸੇ ਵੀ ਕੀਮਤ ਤੇ ਛੱਡਣਾ ਨਹੀਂ ਚਾਹੁੰਦਾ। "ਜ਼ਰ ਤੇ ਜੋਰੂ ਨੂੰ ਛੱਡਦੇ ਨੇ ਭਲਾ ਜੱਟਾਂ ਦੇ ਪੁੱਤ ਕਦੇ। ਪਿੰਡਾਂ ਵਿਚ ਤਾਂ ਜੱਟਾਂ ਦੇ ਘਰੀਂ ਕਈ ਕਈ ਭਾਈਆਂ ਦੇ ਘਰ ਕਈ ਥਾਂਈ ਇਕੋ ਤੀਵੀਂ ਹੀ ਸਾਰਾ ਟੱਬਰ ਸਾਂਭੀ ਰੱਖਦੀ ਹੈ।"[8]

ਲੋਕਾਂ ਸਾਹਮਣੇ ਤੈ ਔਰਤ ਇਕ ਦੀ ਪਤਨੀ ਹੈ ।ਪਰ ਅੰਦਰੋ ਅਸਲੀਅਤ ਹੋਰ ਹੀ ਹੈ। ਇਕ ਔਰਤ ਨੂੰ ਸਾਰੇ ਟੱਬਰ ਦੇ ਮਰਦ ਆਪਣੀ ਕਾਮੁਕ ਭੁੱਖ ਲਈ ਵਰਤਦੇ ਹਨ। ਇਕ ਤੋਂ ਵੱਧ ਮਰਦਾਂ ਨਾਲ ਔਰਤ ਦੇ ਸ ੰਬੰਧਾਂ ਦਾ ਹੋਣਾ ਔਰਤ ਦੀ ਕੋਈ ਖੁਸ਼ੀ ਨਹੀਂ ਹੈ, ਇਹ ਸਾਰਾ ਵਰਤਾਰਾ ਜ਼ਮੀਨ ਦੀ ਵੰਡ ਰੋਕਣ ਲਈ ਵਾਪਰਦਾ ਹੈ। ਜੇ ਘਰ ਵਿਚ ਇਕ ਤੋਂ ਵੱਧ ਔਰਤਾਂ ਦੀ ਹੋਂਦ ਹੋਵੇਗੀ ਤਾਂ ਉੱਨੇ ਹਿੱਸੇ ਹੀ ਜ਼ਮੀਨ ਹੋ ਜਾਵੇਗੀ। ਸਮਾਜ ਵਿਚ ਔਰਤ ਨਾਲੋਂ ਜ਼ਮੀਨ ਦੀ ਵੱਧ ਅਹਿਮੀਅਤ ਹੈ। ਇਸੇ ਕਰਕੇ ਇਕ ਔਰਤ ਨੂੰ ਇਕ ਤੋਂ ਵੱਧ ਬੰਦਿਆਂ ਨਾਲ ਹਮ-ਬਿਸਤਰ ਹੋਣ ਲਈ ਮਜ਼ਬੂਰ ਕੀਤਾ ਜਾਂਦਾ ਹੈ। 'ਆਦਮੀ ਤੀਮੀਂ' ਕਹਾਣੀ ਦਾ ਪਾਤਰ ਬਨਵਾਰੀ ਲਾਲ ਬਿਮਾਰ ਹੋਣ ਦਾ ਢੋਂਗ ਕਰ ਰਿਹਾ ਹੈ। ਰਾਧਾ ਦੇ ਆਉਣ ਤੈ ਉਹ ਬਿਮਾਰੀ ਦਾ ਨਾਟਕ ਕਰਦਾ ਹੈ, ਜਦੋਂ ਰਾਧਾ ਉਹਦੇ ਮੱਥੇ ਤੇ ਪਿਆਰ ਨਾਲ ਹੱਥ ਫੇਰਦੀ ਹੈ ਤਾਂ ਬਨਵਾਰੀ ਰਜਾਈ ਲਾਹ ਕੇ ਪਰੇ ਸਿੱਟ ਦਿੰਦਾ ਹੈ। ਪਹਿਲਾਂ ਰਾਧਾ ਬਨਵਾਰੀ ਦੇ ਵਤੀਰੇ ਦਾ ਵਿਰੋਧ ਕਰਦੀ ਹੈ, ਪਰ ਅਖੀਰ ਵਿਚ ਰਜਾਮੰਦੀ ਵੀ ਜ਼ਾਹਿਰ ਕਰ ਦਿੰਦੀ ਹੈ। ਇੱਥੇ ਦੋਵੇਂ ਪਾਤਰਾਂ ਦੀ ਆਪਸੀ ਸਹਿਮਤੀ ਹੈ ਜਿਸ ਕਰਕੇ ਉਹਨਾਂ ਵਿਚ ਕੋਈ ਸੰਬੰਧ ਪੈਂਦਾ ਹੁੰਦਾ ਹੈ ਪਰ 'ਮੋਤੀਆਂ ਬਿੰਦ' ਕਹਾਣੀ ਦੀ ਪਾਤਰ ਚੰਚਲ ਦੀ ਮਿਸਟਰ ਖੁੱਲਰ ਵਿਚ ਕੋਈ ਦਿਲਚਸਪੀ ਨਹੀਂ ਹੈ। ਉਹ ਧੱਕੇ ਨਾਲ ਹੀ ਉਸ ਨਾਲ ਅਸ਼ਲੀਲ਼ ਹਰਕਤਾਂ ਤੇ ਉਤਾਰੂ ਹੋ ਜਾਂਦਾ ਹੈ। ਮਿਸਟਰ ਖੁੱਲਰ ਜਾਣ ਬੁੱਝ ਕੇ ਹੀ ਸਕੂਟਰ ਦੀਆਂ ਬਰੇਕਾਂ ਮਾਰਦਾ ਹੈ ਤਾਂ ਕਿ ਚੰਚਲ ਦਾ ਸਰੀਰ ਉਸ ਨਾਲ ਜੁੜ ਜਾਵੇ।

"ਬਰੇਕਾਂ ਉੱਤੇ ਜ਼ੋਰ ਦੇਂਦਿਆਂ ਉਸ ਨੇ ਸੱਜਾ ਪੈਰ ਇਕੋ ਝਟਕੇ ਨਾਲ ਜ਼ਮੀਨ ਉੱਤੇ ਲਾਉਂਦਿਆਂ ਸਕੂਟਰ ਨੂੰ ਰੋਕਿਆ। ਇਸ ਅਚਾਨਕ ਲੱਗੇ ਧੱਕੇ ਨਾਲ ਪਿਛੇ ਬੈਠੀ ਚੰਚਲ ਸਾਰੀ ਦੀ ਸਾਰੀ, ਅਗੇ ਮਿਸਟਰ ਖੁੱਲਰ ਦੀ ਪਿੱਠ ਉੱਤੇ ਆ ਪਈ।"[9]

ਮਿਸਟਰ ਖੁੱਲਰ ਲਿਫਟ ਨਾ ਚੱਲਣ ਦਾ ਫਾਇਦਾ ਉਠਾਉਂਦਾ ਹੈ, "ਫੇਰ ਝਟ ਆਪਣੇ ਮੋਟੇ-ਮੋਟੇ ਹੋਠਾਂ ਨਾਲ ਚੰਚਲ ਦੇ ਫੁੱਲ ਪੱਤੀਆਂ ਵਰਗੇ ਕਲੇਜੀ ਕਲਰ ਦੀ ਲਿਪਸਟਿਕ ਨਾਲ ਰੰਗੇ ਦੋਵੇਂ ਹੋਠ ਨਪੀੜ ਸੁੱਟੇ।"[10] ਮਿਸਟਰ ਖੁੱਲਰ ਇੱਥੇ ਹੀ ਬੱਸ ਨਹੀਂ ਕਰਦਾ ਮਿਸਟਰ ਚਮਨ ਦੇ ਫਲੈਟ ਵਿਚ ਚਮਨ ਦੇ ਨਾ ਮਿਲਣ ਤੇ ਉਹ ਚੰਚਲ ਨੂੰ ਨਾਈਲੋਨ ਦੀ ਬਰੀਕ ਜਿਹੀ ਹਲਕੇ ਗੁਲਾਬੀ ਰੰਗ ਦੀ ਇਕ ਨਾਇਟੀ ਹੈਂਗਰ ਵਿਚੋਂ ਉਤਾਰ ਕੇ ਚੰਚਲ ਵੱਲ ਕਰਦਾ ਹੈ। ਇਹ ਨਾਇਟੀ ਦਾ ਚੰਚਲ ਵੱਲ ਨੂੰ ਕਰਨਾ ਚੰਚਲ ਦੇ ਸਰੀਰਕ ਸ਼ੋਸ਼ਣ ਦਾ ਮੈਟਾਫ਼ਰ ਹੈ। "ਲਓ ਡਾਰਲਿੰਗ ਥੋੜੇ ਚਿਰ ਲਈ ਪਹਿਲਾਂ ਇਸ ਨੂੰ ਪਹਿਨ ਲਵੋ ਫੇਰ ਚਲਾਂਗੇ"[11]

ਮਿਸਟਰ ਖੁੱਲਰ ਕੰਮ ਦਿਲਵਾਉਣ ਦੇ ਬਹਾਨੇ ਚੰਚਲ ਦੇ ਸਰੀਰ ਦਾ ਸ਼ਿਕਾਰ ਕਰਨ ਦੀ ਤਾਕ ਵਿਚ ਹੈ। ਲੇਖਿਕਾ ਨੇ ਦੱਸਿਆ ਹੈ ਕਿ ਬਹੁਤ ਸਾਰੇ ਮੌਕਿਆ ਤੇ ਕੰਮ ਦਿਲਵਾਉਣ ਦੇ ਢੌਂਗ ਵਿਚ ਖੁੱਲਰ ਵਰਗੇ ਲੋਕ ਔਰਤਾਂ ਦਾ ਸ਼ੋਸ਼ਣ ਕਰ ਰਹੇ ਹਨ। ਚੰਚਲ ਮਿਸਟਰ ਖੁੱਲਰ ਨਾਲ ਸੰਬੰਧ ਸਥਾਪਿਤ ਕਰਕੇ ਖੁਸ਼ ਨਹੀਂ ਹੈ। ਮਿਸਟਰ ਖੁੱਲਰ ਉਸ ਦੀ ਮਜ਼ਬੂਰੀ ਦਾ ਫਾਇਦਾ ਉਠਾ ਰਿਹਾ ਹੈ। ਪਗਡੰਡੀਆਂ ਤੇ ਹੋਰ ਕਹਾਣੀਆਂ ਕਿਤਾਬ ਦੀ ਭੂਮਿਕਾ ਵਿਚ ਸੰਤ ਸਿੰਘ ਸੇਖੋਂ ਦੀ ਟਿੱਪਣੀ ਦਰਜ ਹੈ, 'ਬਚਿੰਤ ਕੌਰ ਦੀਆਂ ਕਹਾਣੀਆਂ ਨੂੰ ਪੰਜਾਬੀ ਕਹਾਣੀ ਜਗਤ ਵਿਚ ਬਾਕੀ ਇਸਤਰੀ ਕਹਾਣੀਕਾਰਾਂ ਨਾਲੋਂ ਵਿਲੱਖਣ ਅਤੇ ਵਿਸ਼ੇਸ਼ ਕਹਿਣ ਵਿਚ ਮੈਨੂੰ ਕੋਈ ਝਿੱਜਕ ਨਹੀਂ ਕਿਉਂਕਿ ਇਸ ਦੀਆਂ ਕਹਾਣੀਆਂ ਵਿਚਲੇ ਮਰਦ ਅਤੇ ਇਸਤਰੀ ਪਾਤਰਾਂ ਦੀ ਵੇਦਨਾ ਨੂੰ ਬਚਿੰਤ ਕੌਰ ਨੇ ਇਕੋ ਦ੍ਰਿਸ਼ਟੀ ਨਾਲ ਸਮਝਿਆਂ ਬੁਝਿਆ ਹੈ।'

ਲੇਖਿਕਾ ਨੇ ਅਜਿਹੀਆਂ ਔਰਤਾਂ ਦਾ ਦਾ ਵੀ ਚਿੱਤਰਣ ਕੀਤਾ ਹੈ ਜਿਹੜੀਆਂ ਇਕ ਤੋਂ ਵੱਧ ਵਾਰ ਮਰਦਾਂ ਦੀ ਹਵਸ ਦਾ ਸ਼ਿਕਾਰ ਹੋਈਆਂ ਹਨ। ਰੁਲਦੂ 'ਮੁਕਲਾਵੇ ਵਾਲੀ ਰਾਤ' ਕਹਾਣੀ ਦਾ ਅਜਿਹਾ ਪਾਤਰ ਹੈ ਜਿਹੜਾ ਬੇਜ਼ਮੀਨਾ ਹੋਣ ਕਰਕੇ ਸ਼ੇਰੂ ਦੇ ਖੇਤਾਂ ਵਿਚ ਕਾਮੇ ਦੀ ਨੌਕਰੀ ਕਰਦਾ ਹੈ। ਉਹ ਸ਼ੇਰੂ ਨੂੰ ਕੰਮ ਕਰ-ਕਰ ਕੇ ਦਿੰਦਾ ਹੈ, ਪਰ ਵਿਆਹ ਵਾਲੇ ਦਿਨ ਸ਼ੇਰੂ ਰੁਲਦੂ ਦੀ ਪਤਨੀ ਦੀ ਪੱਤ ਪੈਸੇ ਦੇ ਜ਼ੋਰ ਤੇ ਲੁੱਟ ਲੈਂਦਾ ਹੈ। "ਨਸ਼ੇ ਵਿਚ ਅੰਨੇ ਹੋਏ ਸ਼ੇਰੂ ਨੇ ਅੰਦਰ ਵੜਦਿਆਂ ਹੀ ਲਾਲਟੈਣ ਦੀ ਚਿਮਨੀ ਚੂਰ-ਚੂਰ ਕਰ ਸਿੱਟੀ ਤੇ ਰੁਲਦੂ ਨੂੰ ਜ਼ੋਰ ਦੇ ਇਕ ਧੱਕੇ ਨਾਲ ਪਰ੍ਹਾਂ ਸੁੱਟਦਿਆਂ ਉਸ ਨੇ ਆਪਣੀ ਦੋਨਾਲੀ ਵਿਚੋਂ ਠਾਹ !ਠਾਹ ਦੋ ਫ਼ਾਇਰ ਕੀਤੇ।"[12]

ਤਾਕਤਵਰ ਲਈ ਸੀਰੀ ਦੀ ਪਤਨੀ ਫੂਲਾਂ ਵੀ ਉਸ ਦੀ ਗ਼ੁਲਾਮੀ ਦੇ ਪ੍ਰਤੀਕ ਵਜੋਂ ਪੇਸ਼ ਹੋਈ ਹੈ। ਫੂਲਾਂ ਘਾਇਲ ਹਿਰਨੀ ਵਾਂਗ ਤੜਪਦੀ ਚੁਬਾਰੇ ਦੇ ਇਕ ਖੂੰਜੇ ਵਿਚ ਲੱਗੀ ਰੁਲਦੂ ਵੱਲ ਰੋਸ ਭਰੀਆਂ ਨਜ਼ਰਾਂ ਨਾਲ ਤੱਕਦੀ ਰਹੀ। ਜੇ ਸ਼ੇਰੂ ਫੂਲਾਂ ਨਾਲ ਆਪਣੇ ਪੈਸੇ ਦੀ ਤਾਕਤ ਦੇ ਜੋਰ ਨਾਲ ਜੋਰ ਜਬਰਦਸਤੀ ਕਰਦਾ ਹੈ ਤਾਂ 'ਕਬਰਿਸਤਾਨ' ਕਹਾਣੀ ਦਾ ਪਾਤਰ ਡੁੱਡਾ ਜੀਤ ਵੀ ਅਜਿਹਾ ਹੀ ਹੈ। ਉਹ ਅੱਠ ਸਾਲ ਦੀ ਨਥੀਆਂ ਨੂੰ ਮਿੱਠੀਆਂ ਗੋਲੀਆਂ, ਬਾਥੂ ਦੇ ਲੱਡੂ, ਦਾਲ ਸੇਵੀਆਂ ਜਿਹੀਆਂ ਚੀਜ਼ਾਂ ਖੁਆ ਕੇ ਉਸ ਨੂੰ ਮਾਂ ਦੇ ਸਾਹਮਣੇ ਚੁੱਪ ਰਹਿਣ ਲਈ ਕਹਿੰਦਾ ਹੈ। "ਜਦੋਂ ਉਸ ਨੇ ਪਹਿਲੀ ਵਾਰ ਐਸਾ ਕੀਤਾ ਸੀ ਤਾਂ ਉਸ ਨੇ ਦਬੇ ਜਿਹੇ ਬੋਲਾਂ ਵਿਚ ਨਥੀਆ ਨੂੰ ਹੋਲੇ ਜਿਹੇ ਕਿਹਾ ਸੀ, "ਨਥੀਆ ਤੂੰ ਰੋਈਂ ਨਾ ਦੇਖ ਅਜ ਮੈਂ ਤੇਰੇ ਲਈ ਕਿੰਨੀਆਂ ਗੋਲੀਆਂ ਲਿਆਂਦੀਆਂ ਨੇ।"[13]

ਡੁੱਡਾ ਜੀਤ ਤਾਂ ਕੁਕਰਮ ਕਰਦਾ ਹੀ ਕਰਦਾ ਹੈ, ਉਸ ਦਾ ਦੋਸਤ ਕੁੱਤਿਆਂ ਵਾਲਾ ਬਾਬੂ ਵੀ ਅਜਿਹਾ ਹੀ ਉਸ ਬੱਚੀ ਨਾਲ ਕਰਦਾ ਹੈ, ਜਦੋਂ ਇਹਨਾਂ ਸਭ ਨਜ਼ਾਇਜ ਕੰਮਾਂ ਦਾ ਨਥੀਆਂ ਦੀ ਮਾਂ ਨੂੰ ਪਤਾ

ਚੱਲਦਾ ਹੈ ਤਾਂ ਉਹ ਉਸ ਨੂੰ ਖੋਲੀ ਵਿਚੋਂ ਬਾਹਰ ਕੱਢ ਦਿੰਦੇ ਹਨ। ਨਥੀਆਂ ਦੀ ਮਾਂ ਉਸ ਖੋਲੀ ਵਿਚ ਆਪਣੀ ਧੀ ਨਾਲ ਰਹਿ ਰਹੀ ਹੁੰਦੀ ਹੈ। ਬਚਿੰਤ ਕੌਰ ਦੱਸਦੀ ਹੈ ਕਿ ਇਹ ਸੰਬੰਧ ਔਰਤ ਮਰਦ ਸੰਬੰਧ ਨਹੀਂ , ਇਹ ਇਕ ਮਰਦ ਵਲੋਂ ਆਪਣੀ ਹਵਸ ਪੂਰੀ ਕਰਨ ਲਈ ਅੱਠ ਸਾਲਾਂ ਦੀ ਅਣਭੋਲ ਬੱਚੀ ਨਾਲ ਬਲਾਤਕਾਰ ਹੈ। "ਫਿਰ ਉਸ ਨੇ ਓਵੇਂ ਹੀ ਖੋਸਲੇ ਬਾਬੇ ਦੇ ਡੁੰਡੇ ਪੁੱਤ ਵਾਂਗ ਮੈਨੂੰ ਆਪਣੀ ਉੱਪਰ ਲੈਣ ਵਾਲੀ ਚਾਦਰ ਹੇਠਾਂ ਲਪੇਟ ਲਿਆ। "[14]

ਕੁੱਕ-ਕੁੱਕ ਕਹਾਣੀ ਦਾ ਮੁਖਤਾਰ ਗਿੱਲ (ਬੀ.ਡੀ.ਓ) ਕਿਹੜਾ ਘੱਟ ਹੈ ਉਹ ਰਾਤ ਨੂੰ ਇਕੱਲੀ ਪਈ ਬਲਵੀਰ ਕੌਰ ਦੇ ਸਰੀਰ ਉੱਪਰ ਬਾਘ ਦੀ ਤਰ੍ਹਾਂ ਜਾ ਝਪਟਦਾ ਹੈ। ਉਸ ਦੀਆਂ ਕੋਮਲ ਕੋਮਲ ਕਲਾਈਆਂ ਨੂੰ ਆਪਣੇ ਦਰਿੰਦਿਆਂ ਵਰਗੇ ਹੱਥਾਂ ਦੇ ਪੰਜਿਆਂ ਵਿਚ ਜਕੜਨ ਦਾ ਯਤਨ ਕਰਦਾ ਹੈ।

ਕਹਾਣੀਕਾਰਾਂ ਇਸ ਗੱਲ ਤੇ ਪੂਰਾ ਧਿਆਨ ਕੇਂਦਰਿਤ ਕਰਦੀ ਹੈ ਕਿ ਕੁੜੀ ਚਾਹੇ ਛੋਟੀ ਉਮਰ ਦੀ ਹੋਵੇ ਚਾਹੇ ਵੱਡੀ ਉਮਰ ਦੀ ਬਲਵੀਰ ਕੌਰ ਵਰਗੀ ਬਹੁਤੇ ਮਰਦਾਂ ਦੀ ਮਾਨਸਿਕਤਾ ਅਜਿਹੀ ਹੀ ਹੈ। ਉਹ ਹਰ ਹੀਲਾ ਵਰਤ ਕੇ ਔਰਤ ਦਾ ਸਰੀਰ ਨੋਚ ਲੈਣਾ ਚਾਹੁੰਦੇ ਹਨ। ਉਹਨਾਂ ਨੂੰ ਸਬਕ ਹੀ ਅਜਿਹਾ ਮਿਲਿਆ ਹੈ ਜਿਸ ਵਿਚ ਉਹ ਔਰਤਾਂ ਪ੍ਰਤੀ ਸਤਿਕਾਰ ਦੀ ਨਜ਼ਰ ਨਾਲ ਦੇਖ ਹੀ ਨਹੀਂ ਸਕਦੇ ਤੇ ਮਾੜਾ ਜਿਹਾ ਮੌਕਾ ਮਿਲਦਿਆ ਹੀ ਔਰਤ ਤੇ ਝਪਟ ਪੈਂਦੇ ਹਨ। ਬਚਿੰਤ ਕੌਰ ਨੇ ਆਪਣੀਆਂ ਕਹਾਣੀਆਂ ਵਿਚ ਔਰਤ ਮਰਦ ਸੰਬੰਧਾਂ ਨੂੰ ਅਨੇਕਾਂ ਪੱਖਾਂ ਤੋਂ ਵਰਣਨ ਕੀਤਾ ਹੈ ਕਿਤੇ ਇਹ ਸੰਬੰਧ ਸੁਖਾਵੇਂ ਹਨ ਤੇ ਕਿਤੇ ਅਸੁਖਾਵੇਂ। ਕਿਤੇ ਔਰਤ ਮਰਦ ਦਾ ਇਸਤੇਮਾਲ ਕਰ ਰਹੀ ਹੈ ਤੇ ਕਿਤੇ ਮਰਦ ਔਰਤ ਦਾ ਇਸਤੇਮਾਲ ਕਰ ਰਿਹਾ ਹੈ। ਸਮੁੱਚੀਆਂ ਕਹਾਣੀਆਂ ਦੀ ਪੜ੍ਹਤ ਮਗਰੋਂ ਇਹ ਸਿੱਟਾ ਨਿਕਲਦਾ ਹੈ ਕਿ ਔਰਤ ਪਾਤਰਾਂ ਤੇ ਮਰਦ ਪਾਤਰ ਭਾਰੂ ਹਨ।

ਹਵਾਲੇ ਤੇ ਟਿੱਪਣੀਆਂ

1 ਬਚਿੰਤ ਕੌਰ,ਪਗਡੰਡੀਆਂ ਤੇ ਹੋਰ ਕਹਾਣੀਆਂ, 'ਭੁੱਬਲ ਦੀ ਅੱਗ' ਪੰਨਾ-498.
2 ਉਹੀ, ਪੰਨਾ-501.
3 ਉਹੀ, ਪੰਨਾ-532.
4 ਉਹੀ,ਪੰਨਾ-540.
5 ਬਚਿੰਤ ਕੌਰ,ਪਗਡੰਡੀਆਂ ਤੇ ਹੋਰ ਕਹਾਣੀਆਂ, 'ਸੂਹਾ ਰੰਗ ਸਿਆਹ ਰੰਗ', ਪੰਨਾ-603.
6 ਬਚਿੰਤ ਕੌਰ, ਕਿਆਰੀ ਲੌਂਗਾਂ ਦੀ, ਪੰਨਾ-15.
7 ਉਹੀ, ਪੰਨਾ-21.
8 ਉਹੀ, ਪੰਨਾ-51.
9 ਉਹੀ,ਪੰਨਾ-75.
10 ਉਹੀ, ਪੰਨਾ-78.
11 ਉਹੀ,ਪੰਨਾ-79.
12 ਬਚਿੰਤ ਕੌਰ ਪਗਡੰਡੀਆਂ ਤੇ ਹੋਰ ਕਹਾਣੀਆਂ, ਪੰਨਾ-292.
13 ਉਹੀ, ਪੰਨਾ-293.
14 ਉਹੀ, ਪੰਨਾ-296.

ਮੋਬਾ. 9464330803

ਮਿੱਟੀ ਬੋਲ ਪਈ : ਇਤਿਹਾਸਕ ਬਿਰਤਾਂਤ ਤੋਂ ਬਿਰਤਾਂਤਕ ਗਲਪ

-ਡਾ. ਅਨੁਰਾਗ ਸ਼ਰਮਾ

ਬਲਬੀਰ ਮਾਧੋਪੁਰੀ ਦਾ ਨਾਵਲ 'ਮਿੱਟੀ ਬੋਲ ਪਈ' ਇੱਕੋ ਵਾਰ ਕਈ ਚਿਹਨਕਾਂ ਦਾ ਧਾਰਨੀ ਬਣਦਾ ਸ਼ਬਦ ਦੀ ਵਿਅੰਜਨਾ ਸ਼ਕਤੀ ਨਾਲ ਜਾਣ-ਪਛਾਣ ਕਰਾਉਂਦਾ ਹੈ। ਬਲਬੀਰ ਪੰਜਾਬੀ ਦਾ ਮੰਨਿਆ-ਪ੍ਰਮੰਨਿਆ ਲੇਖਕ ਹੈ ਅਤੇ ਆਪਣੀ ਸਵੈਜੀਵਨੀ 'ਛਾਂਗਿਆ ਰੁੱਖ' ਕਾਰਨ ਸੰਸਾਰ ਵਿੱਚ ਪ੍ਰਸਿੱਧ ਹੈ। 44 ਤੋਂ ਵੱਧ ਪੁਸਤਕਾਂ ਦੀ ਸੰਪਾਦਨਾ ਤੇ 38 ਪੁਸਤਕਾਂ ਦੇ ਅਨੁਵਾਦ ਦਾ ਤਜ਼ਰਬਾ ਹੱਥਲੇ ਨਾਵਲ ਦੇ ਮੁੱਢਲੇ ਪੰਨਿਆਂ ਵਿੱਚ ਨਜ਼ਰ ਆਉਂਦਾ ਹੈ। ਨਾਵਲ ਦੁਆਬਾ ਖੇਤਰ ਵਿੱਚ ਆਦਿ-ਧਰਮੀ ਲਹਿਰ ਜਿਸ ਦੇ ਬਾਨੀ ਗ਼ਦਰੀ ਬਾਬਾ ਮੰਗੂ ਰਾਮ ਸਨ, ਜੀਵਨ ਤੇ ਉਨ੍ਹਾਂ ਵੱਲੋਂ ਚਲਾਈ ਇਸ ਸਮਾਜਕ ਸੁਧਾਰ ਲਹਿਰ ਦੇ ਇਤਿਹਾਸਕ ਗਲਪ ਨੂੰ ਕਲਮਬੱਧ ਕਰਦਾ ਹੈ। ਇਤਿਹਾਸ ਨਹੀਂ ਇਤਿਹਾਸਕ ਗਲਪ ਸ਼ਬਦ ਇਸ ਲਈ ਵਰਤਿਆ ਹੈ ਕਿ ਉੱਤਰ-ਆਧੁਨਿਕ ਆਲੋਚਕਾਂ ਦਾ ਕਥਨ ਹੈ ਕਿ ਇਤਿਹਾਸ ਹਮੇਸ਼ਾ ਪੁਨਰ-ਸਿਰਜਨਾਵਾਂ ਰਾਹੀ ਪੇਸ਼ ਹੁੰਦਾ ਹੈ ਤੇ ਜਿਨ੍ਹਾਂ ਦੀ ਬਿਰਤੀ ਗਲਪੀ ਹੈ। ਇਤਿਹਾਸ ਦੀ ਉੱਤਰ-ਆਧੁਨਿਕ ਸੋਚ ਇਸ ਗੱਲ ਉੱਪਰ ਅਧਾਰਿਤ ਹੈ ਕਿ ਗਿਆਤਾ ਸੱਚਾਈ ਨੂੰ ਅਸਿੱਧੇ ਰੂਪ ਵਿੱਚ ਗ੍ਰਹਿਣ ਕਰਦਾ ਹੈ,ਉਸ ਤਰ੍ਹਾਂ ਨਹੀਂ,ਜਿਸ ਤਰ੍ਹਾਂ ਦੀ ਹੁੰਦੀ ਹੈ। ਉਹ ਆਪਣੇ ਦ੍ਰਿਸ਼ਟੀਕੋਣ ਮੁਤਾਬਕ ਸੱਚ ਨੂੰ ਚੁਣਦਾ ਹੈ ਤੇ ਵਿਸ਼ਲੇਸ਼ਣ ਕਰਦਾ ਹੈ। 'ਇਤਿਹਾਸ ਜਿਸ ਤਰ੍ਹਾਂ ਸਚਮੁੱਚ ਹੋਇਆ ਸੀ,ਇਸ ਤਰ੍ਹਾਂ ਭੂਤ ਨੂੰ ਨਹੀਂ ਦਿਖਾ ਸਕਦਾ ਸਿਰਫ਼ ਭੂਤ ਖੁਦ ਇਤਿਹਾਸਕਾਰ ਦੇ ਵਰਤਮਾਨ ਸਾਹਮਣੇ ਆਪਣੇ ਆਪ ਨੂੰ ਪ੍ਰਗਟਾਉਂਦਾ ਹੈ'।[1] ਇਸ ਲਈ ਭੂਤ ਨੂੰ ਭਵਿੱਖ ਦੇ ਦ੍ਰਿਸ਼ਟੀਕੋਣ ਰਾਹੀਂ ਹੀ ਪ੍ਰਗਟਾਇਆ ਜਾਂਦਾ ਹੈ। ਸੋ ਇਸ ਤਰ੍ਹਾਂ ਭੂਤ ਦੀ ਵਰਤਮਾਨ ਉੱਪਰ ਵਧੀਕੀ ਖਤਮ ਹੋ ਜਾਂਦੀ ਹੈ। ਦੂਸਰਾ ਇਹ ਕਿ ਇਤਿਹਾਸ ਹਮੇਸ਼ਾ ਭਾਸ਼ਾ ਤੇ ਗਲਪ ਰਾਹੀਂ (ਆਦਿ,ਮੱਧ ਤੇ ਅੰਤ) ਰਾਹੀਂ ਪ੍ਰਗਟਾਇਆ ਜਾਂਦਾ ਹੈ। ਘਟਨਾਵਾਂ ਵੀ ਇਤਿਹਾਸਕਾਰ ਆਪਣੀ ਮਰਜ਼ੀ ਨਾਲ ਚੁਣਦਾ ਹੈ। ਇਸ ਲਈ ਇਤਿਹਾਸ ਗਲਪ ਵਾਂਗ ਬਣਤਰ ਹੈ,ਪੂਰੀ ਸੱਚਾਈ ਨਹੀਂ।[2] ਹੈਡਨ ਵਾਈਟ ਅਨੁਸਾਰ ਇਤਿਹਾਸ ਸਾਹਿਤ ਰਾਹੀਂ ਹੀ ਪ੍ਰਾਪਤ ਕੀਤਾ ਜਾ ਸਕਦਾ ਹੈ ਅਤੇ ਇਸਦਾ ਵਿਸ਼ਲੇਸ਼ਣ ਸਾਹਿਤਕ ਭਾਸ਼ਾ ਦੇ ਰਾਹੀਂ ਵਿਸ਼ਲੇਸ਼ਿਤ ਹੁੰਦਾ ਹੈ।

ਜੇ ਇਤਿਹਾਸ ਗਲਪ ਹੈ ਤੇ ਇਤਿਹਾਸਕ ਨਾਵਲ ਫਿਰ ਕੀ ਹੈ? ਇਸ ਨੂੰ ਸਮਝਣ ਲਈ ਇਹ ਮੰਨਣਾ ਪਏਗਾ ਕਿ ਇਤਿਹਾਸ ਸਿਰਜਨਾਤਮਿਕ ਬਣਤਰਾਂ ਰਾਹੀਂ ਸਮਝਿਆ ਜਾਂਦਾ ਹੈ। ਚਾਹੇ ਉਹ ਲਿਖਿਤ ਗਵਾਹੀਆਂ ਹੋਣ ਜਾਂ ਸਬੂਤ ਜਾਂ ਕੋਈ ਹੋਰ ਪੁਰਾਤੱਤਵ ਵਸਤੂਆਂ ਕਹਿਣ ਤੋਂ ਭਾਵ ਕਿ ਇਨ੍ਹਾਂ ਉੱਪਰ ਅਸੀਂ ਇਤਿਹਾਸ ਸਿਰਜਦੇ ਹਾਂ,ਉਪਰੋਕਤ ਬਣਤਰਾਂ ਉੱਪਰ ਇਤਿਹਾਸ ਇੱਕ ਸਿਰਜਨਾਤਮਕ ਬਣਤਰ ਹੈ। ਇਸ ਸਿਰਜਨਾਤਮਿਕ ਬਣਤਰ ਨੂੰ

ਆਧਾਰ ਬਣਾ ਕੇ ਗਲਪ ਰਚਿਆ ਜਾਂਦਾ ਹੈ। ਇਸ ਗਲਪ ਵਿੱਚ ਉਹ ਆਤਮ ਸ਼ਾਮਲ ਹੈ ਜਿਹੜਾ ਪਹਿਲੇ ਵਾਲੇ ਵਿੱਚ ਹਾਸ਼ੀਕ੍ਰਿਤ ਹੈ। ਜੇਮਜ਼ ਗਰੂਟ ਮੁਤਾਬਿਕ 'ਜਿਸ ਤਰ੍ਹਾਂ ਕੁਝ ਵਿਦਵਾਨ ਵਿਵਾਦ ਵਿੱਚ ਪੈਂਦੇ ਹਨ ਕਿ ਉਹ ਆਧੁਨਿਕ ਗਲਪ ਦੇ ਇਤਿਹਾਸਕ ਪਲਾਂ ਦੀ ਖ਼ਾਸ ਕਰ (ਭਿੰਨ-ਭਿੰਨ ਮੱਤ) ਦੀ ਤਰਜਮਾਨੀ ਕਰਦਾ ਹੈ ਤੇ ਹਾਸ਼ੀਆਕ੍ਰਿਤ ਲੋਕਾਂ ਨੂੰ ਬਰਾਬਰ ਦੇ ਆਤਮ ਰੂਪ ਵਿੱਚ ਉਭਾਰਨ ਲਈ ਮਦਦ ਕਰਦਾ ਹੈ'।[1] ਇਹ ਨਾਵਲ ਕੁੱਝ ਸੱਚਾਈਆਂ ਦੇ ਸ਼ੋਰ ਵਿੱਚ ਜਿਹੜੀਆਂ ਹੋਰ ਸੱਚਾਈਆਂ ਦੱਬ ਕੇ ਰਹਿ ਗਈਆਂ ਉਨ੍ਹਾਂ ਦੀ ਗੱਲ ਕਰਦਾ ਹੈ। ਇੱਕ ਸੱਚਾਈ ਹੈ, ਦੁਆਬੇ ਵਿੱਚ 1920 ਈਸਵੀਂ ਤੋਂ ਉੱਭਰੀ ਆਦਿ ਧਰਮ ਲਹਿਰ ਇੱਕ ਖ਼ਾਸ ਵਰਗ ਦੇ ਲੋਕ ਜਿਹੜੇ ਕਿਰਤੀ ਸਨ ਪਰ ਧਰਮ ਦੀ ਆੜ ਵਿੱਚ ਉਨ੍ਹਾਂ ਦਾ ਸ਼ੋਸ਼ਣ ਕੀਤਾ ਜਾ ਰਿਹਾ ਸੀ ਦੇ ਰਾਜਨੀਤਕ, ਸਮਾਜਿਕ, ਚੇਤਨਾ ਤੋਂ ਆਰੰਭ ਹੋਈ।

ਅੰਗਰੇਜ਼ ਤੇ ਅੰਗਰੇਜ਼ੀ ਵਿੱਦਿਆ ਕਾਰਨ ਜਦੋਂ ਕੁੱਝ ਸੱਚਾਈਆਂ ਨਾਲ ਉਹਨਾਂ ਦੀ ਬਾਬਸਤਗੀ ਹੋਈ ਤਾਂ ਉਹਨਾਂ ਨੂੰ ਆਪਣੀ ਦੀਨ-ਹੀਨ ਸਥਿਤੀ ਵਿੱਚ ਪਹਿਲੀ ਵਾਰ ਸ਼ੋਸ਼ਣਕਾਰੀ ਵਰਗ ਪ੍ਰਤਿ ਚੇਤਨਾ ਆਈ। ਸ਼ੋਸ਼ਿਤ ਵਰਗ ਦੀ ਪ੍ਰਤਿਨਿਧਤਾ ਲਈ ਲੇਖਕ ਨੇ ਇੱਕ ਕਿਰਦਾਰ ਅਜਿਹਾ ਸਿਰਜਿਆ ਹੈ ਜਿਹੜਾ ਉਸਦਾ ਦਾਦਾ ਹੈ! ਉਹ ਦਾਦੇ ਦੇ ਪਾਤਰ ਰਾਹੀਂ ਦਲਿਤ ਸ਼੍ਰੇਣੀ ਦੇ ਸ਼ੋਸ਼ਣ ਤੇ ਉਹਨਾਂ ਦੇ ਸੰਘਰਸ਼ ਦੀ ਗਾਥਾ ਸੁਣਾਉਂਦਾ ਹੈ। ਇਹ ਗਾਥਾ ਉਹਨਾਂ ਲੋਕਾਂ ਦੀ ਹੈ ਜਿਨ੍ਹਾਂ ਨੂੰ ਕਦੇ ਇਨਸਾਨ ਹੀ ਨਹੀਂ ਸਮਝਿਆ ਗਿਆ। 'ਵਿਆਹਾਂ ਵਿੱਚ ਸਾਡੇ ਗਰੀਬ-ਗੁਰਬਿਆਂ ਨੂੰ ਪੱਕੀ ਰੋਟੀ ਪਾਉਣ ਤੋਂ ਮਨਾਹੀ ਆ!ਬਾਜਾ ਨਹੀਂ ਵਜਾਉਣ ਦਿੰਦੇ ਤੇ ਆਪ ਸਾਡੇ ਕਿਸੇ ਬੰਦੇ ਦੀ ਪਿੱਠ 'ਤੇ ਢੋਲ-ਨਗਾਰਾ ਬੰਨ੍ਹ ਕੇ ਉਹਨੂੰ ਬਜਾਉਂਦੇ ਆ!...ਧੀ ਧਿਆਣੀ ਨੂੰ ਪੀੜ੍ਹੀ ਤੇ ਬਿਠਾਲ ਕੇ ਵਿਦਾ ਕਰਨ ਨੂੰ ਮਜਬੂਰ ਕਰਦੇ ਆ...।[ਸਫ਼ਾ 26] ਉਹਨਾਂ ਸ਼ੋਹਦਿਆਂ ਨੂੰ ਸਾਡੀਆਂ ਧੀਆਂ-ਭੈਣਾਂ ਤੋਂ ਭਿੱਟ ਨਹੀਂ ਚੜ੍ਹਦੀ।[ਸਫ਼ਾ26] ਆਹੋ ਤੈਨੂੰ ਕਿੱਦਾਂ ਸਮਝਾਮਾਂ,ਬਾਹਮਣਾਂ ਦੇ ਬਣਾਏ ਚਾਰ ਬਰਣ ਆ,ਅਸੀਂ ਉਹਨਾਂ 'ਚੋਂ ਕਿਸੇ ਚੋਂ ਬੀ ਨਹੀਂ ਆਉਂਦੇ। ਇਸੇ ਕਰਕੇ ਸਾਨੂੰ ਅਛੂਤ ਸੱਦਦੇ ਆ। ਤਈਨੂੰ ਬੀ ਤਾਂ ਸਕੂਲ ਚ ਨਿੱਤ ਦੁਰਕਾਰੇ ਜਾਣ ਦਾ ਪਤਾ ਹੀ ਆ...! ਸਾਨੂੰ ਇਹਨਾਂ ਚੌਹਾਂ ਵਰਣਾਂ ਦੀ ਸੇਵਾ ਦਾ ਅਧਿਕਾਰ ਦਿੱਤਾ ਹੋਇਆ।[ਸਫ਼ਾ 17] ਦਲਿਤਾਂ ਦੇ ਸ਼ੋਸ਼ਣ ਦੇ ਉਚਾਰ ਸਾਰੇ ਨਾਵਲ ਵਿੱਚ ਮਿਲਦੇ ਹਨ। ਭਾਰਤ ਵਿੱਚ ਦਲਿਤਾਂ ਦੀ ਸਮਾਜਿਕ ਸਥਿਤੀ ਬਾਰੇ ਬਿਆਨ ਕਰਦਾ ਡਾ.ਸਰਬਜੀਤ ਕਹਿੰਦਾ ਹੈ,"ਸਮਾਜਕ ਰੁਤਬੇ, ਸਭਿਆਚਾਰਕ ਗੌਰਵ,ਗੌਣ ਧਾਰਮਿਕ ਅਧਾਰਾਂ, ਰਾਜਨੀਤਿਕ ਅਧਿਕਾਰਾਂ ਅਤੇ ਕਲਾਵਾਂ ਤੋਂ ਵਿਛਿੰਨਿਆ ਵਰਗ ਹੈ। ਭਾਰਤੀ ਦਲਿਤ ਦੀ ਵਿਭਿੰਨ ਸਭਿਆਚਾਰਾਂ ਅਤੇ ਸਮਾਜਿਕ-ਆਰਥਿਕ ਬਣਤਰਾਂ ਤੋਂ ਇਹ ਗੁਣਾਤਮਕ ਰੂਪ ਵਿੱਚ ਭਿੰਨਤਾ ਹੈ ਕਿ ਇਸ ਕੋਲ ਤਾਂ ਮਨੁੱਖ ਹੋਣ ਦਾ ਰੁਤਬਾ ਵੀ ਨਹੀਂ ਰਿਹਾ,ਇਹ ਵਰਗ ਅਧਿਕਾਰਾਂ ਤੋਂ ਵਿਛਿੰਨਿਆ ਹੋਇਆ ਹਮੇਸ਼ਾਂ ਹਾਸ਼ੀਆਕ੍ਰਿਤ ਰਿਹਾ"।[4]

ਅਜਿਹੇ ਸ਼ੋਸ਼ਣ ਦੇ ਖ਼ਿਲਾਫ਼ ਇੱਕ ਨਾਇਕ ਉੱਭਰਦਾ ਹੈ ਜਿਸ ਦਾ ਨਾਂ ਹੈ ਮੰਗੂ ਰਾਮ ਮੁੱਗੋਵਾਲ, ਜਿਹੜਾ ਇਸ ਅਤਿਆਚਾਰ ਦੇ ਵਿਰੁੱਧ ਆਵਾਜ਼ ਉਠਾਉਂਦਾ ਹੈ ਤੇ ਆਦਿ-ਧਰਮ ਮੰਡਲ ਦੀ ਸਥਾਪਨਾ ਕਰਦਾ ਹੈ। ਇਸ ਸੰਸਥਾ ਦੇ ਕੁੱਝ ਮੁੱਢਲੇ ਨਿਯਮ ਨੇ ਜਿਵੇਂ "ਆਦਿ ਧਰਮ ਦੇ ਲੋਕਾਂ ਦੇ ਪਛਾਣ ਚਿੰਨ੍ਹ ਜਿਵੇਂ ਲਾਲ ਪੇਟੀ,ਲਾਲ ਪਗੜੀ,ਗੇਰੂਆ ਝੰਡਾ ਆਦਿ,ਮਿਲਣ ਤੇ ਜੈ ਗੁਰਦੇਵ ਤੇ ਅਗਲੇ ਵਲੋਂ ਧੰਨ ਗੁਰਦੇਵ"।[5] ਇੰਝ ਦੁਆਬੇ ਵਿੱਚ ਇਹ ਲਹਿਰ ਬੜੇ ਜ਼ੋਰ ਸ਼ੋਰ ਨਾਲ ਉੱਭਰੀ। ਹੱਥਲੇ ਨਾਵਲ ਵਿੱਚ ਇਸ ਲਹਿਰ ਦੇ ਉਭਾਰ, ਇਸ ਲਹਿਰ ਦੇ ਨੇਤਾਵਾਂ ਤੇ ਸੰਘਰਸ਼ ਦਾ ਵਰਣਨ ਲੇਖਕ ਦੇ ਦਾਦੇ ਰਾਹੀਂ ਕੀਤਾ ਗਿਆ ਹੈ। ਇਹ ਉਹ ਸ਼ਖ਼ਸ ਹੈ ਜਿਹੜਾ ਸਟੇਜਾਂ 'ਤੇ ਸਾਰੰਗੀ ਨਾਲ ਕੀਰਤਨ ਕਰਦਾ ਤੇ ਆਦਿ-ਧਰਮ ਲਹਿਰ ਨੂੰ ਪਰਚਾਰਦਾ ਵੀ ਹੈ।ਆਪਣਾ ਸਾਰਾ ਤਨ,ਮਨ,ਧਨ ਅਰਪਿਤ ਵੀ ਕਰਦਾ ਹੈ। ਲੇਖਕ ਜਿਹੜਾ ਉਸ ਦਾ ਪੋਤਾ ਹੈ, ਉਹ ਉਸ ਨੂੰ ਆਪਣੇ ਨਾਲ ਰੱਖਦਾ ਹੈ। ਮੀਟਿੰਗਾਂ 'ਤੇ ਲੈ ਕੇ ਜਾਂਦਾ ਹੈ ਤੇ ਆਦਿ ਧਰਮ ਦੇ ਇਤਿਹਾਸ ਤੇ ਇਤਿਹਾਸਕ ਪੁਰਖਾਂ ਨਾਲ ਪਰੀਚਿਤ ਵੀ ਕਰਾਉਂਦਾ ਹੈ। "ਭਾਈ ਸੰਗਤੀਆ ਪੋਤੇ ਨੂੰ ਸਿੱਧਾ ਸਮਝਾ ਪਈ ਮੰਗੂ ਰਾਮ ਨੇ ਸਾਡੇ ਬਚਾਅ ਲਈ ਆਦਿ-ਧਰਮ ਆਲ੍ਹਣਾ ਬਣਾਤਾ। ਜੋਰਾਵਰਾਂ ਤੋਂ ਬਚਾਅ ਲਈ' ਪਿੱਛਿਉਂ ਅਚਾਨਕ ਕਿਸੇ ਨੇ ਜੁਮਲਾ ਮਾਰਿਆ।[ਸਫ਼ਾ18] ਇਹ ਮੰਗੂ ਰਾਮ ਮੁੱਗੋਵਾਲ ਕੌਣ ਹਨ, ਇਸ ਦਾ ਪਰੀਚੈ ਬਲਬੀਰ ਮਾਧੋਪੁਰੀ ਆਪਣੇ ਇਤਿਹਾਸਕ ਨਿਬੰਧ ਗ਼ਦਰੀ ਬਾਬਾ ਮੰਗੂ ਰਾਮ ਤੇ ਉਨ੍ਹਾਂ ਦੀ ਆਦਿ ਧਰਮ ਲਹਿਰ ਵਿੱਚ ਲਿਖਦਾ ਹੈ। ਉਨ੍ਹਾਂ ਨੂੰ ਹਿੰਦੋਸਤਾਨ ਦੀ ਅਜ਼ਾਦੀ ਨਾਲੋਂ ਅਛੂਤਾਂ ਦੀ ਅਜ਼ਾਦੀ ਵਧੇਰੇ ਅਹਿਮ ਲੱਗੀ। ਉਨ੍ਹਾਂ ਗ਼ਦਰ ਲਹਿਰ ਦੇ ਸਿਰਕੱਢ ਯੋਧੇ ਦੀ ਦਲੀਲ ਨਾਲ ਸਹਿਮਤ ਹੁੰਦਿਆਂ ਤੇ ਕਦਰ ਕਰਦਿਆਂ ਪਾਰਟੀ ਨੇ ਉਨ੍ਹਾਂ ਨੂੰ ਅਛੂਤਾਂ ਦੀ ਬੇਹਤਰੀ ਲਈ ਕੰਮ ਕਰਨ ਦੀ ਆਗਿਆ ਦੇ ਦਿੱਤੀ।[6] ਸਾਰੇ ਨਾਵਲ ਦਾ ਆਧਾਰ ਹੀ ਦਲਿਤ ਸੰਘਰਸ਼ ਤੇ ਦਲਿਤਾਂ ਦੀ ਸਮਾਜਿਕ ਅਜ਼ਾਦੀ ਹੈ। ਨਾਵਲ ਵਿੱਚ ਲੇਖਕ ਨੇ ਵਿਸਤਾਰ ਨਾਲ ਬਾਬੂ ਜੀ ਦੀ ਜੀਵਨੀ ਹੂ-ਬ-ਹੂ ਇਸੇ ਤਰ੍ਹਾਂ ਲਿਖੀ ਹੈ। "ਅਮਰੀਕਾ ਵਿੱਚ ਰਹਿੰਦਿਆਂ ਗ਼ਦਰ ਪਾਰਟੀ ਲਈ ਬੁਲੰਦ ਹੌਂਸਲਾ ਸਿਪਾਹੀ ਵਜੋਂ ਦਿਨ ਰਾਤ ਇੱਕ ਕੀਤਾ। ਹਿੰਦੋਸਤਾਨ ਨੂੰ ਅਜ਼ਾਦ ਕਰਾਉਣ ਲਈ ਹਥਿਆਰ ਸਮਗਲ ਕਰਦਿਆਂ ਫੜੇ ਜਾਣ 'ਤੇ ਜੇਲਾਂ ਕੱਟੀਆਂ, ਤੋਪ ਨਾਲ ਉੜਾਏ ਜਾਣ ਦੇ ਯਤਨਾਂ......... ਦੇਸ਼ ਦੇ ਬਸ਼ਿੰਦਿਆਂ ਦੀਆਂ ਦੇ ਹਾਲਾਤ ਦੇਖ ਕੇ ਪੰਜਾਬ ਪਹੁੰਚੇ ਤੇ ਇਨ੍ਹਾਂ ਧੁਆਡੇ ਲਈ ਹੱਕ,ਸੱਚ ਤੇਇੰਸਾਫ਼ ਦਾ ਬੀੜਾ ਚੁੱਕਿਆ ਹੋਇਆ ਹੈ"। ਇਸ ਤੋਂ ਬਾਅਦ ਸਫ਼ਾ74,75,76,77 ਬਾਬੂ ਜੀ ਦੀ ਤਕਰੀਰ ਨਾਲ ਭਰੇ ਹੋਏ ਹਨ !ਸਫ਼ਾ73 ਜਿਸ ਵਿੱਚ ਉਹ ਹਾਸ਼ੀਆਕ੍ਰਿਤ ਲੋਕਾਂ ਨਾਲ ਹੁੰਦੀ ਬੇ-ਇੰਸਾਫੀ ਤੇ ਉਨ੍ਹਾਂ ਦੇ ਹੱਕ ਦੁਆਉਣ ਲਈ ਕੀਤੇ ਲੰਮੇ ਸੰਘਰਸ਼ ਦਾ ਜ਼ਿਕਰ ਹੈ। ਹਿੰਦੋਸਤਾਨ ਦੀ ਅਜ਼ਾਦੀ ਲਈ ਲੜਿਆ ਸਿਰਕੱਢ ਘੁਲਾਟੀਆ ਜਦੋਂ ਸਵੈ-ਪਛਾਣ ਲਈ ਚੇਤੰਨ ਹੁੰਦਾ ਹੈ ਤਾਂ ਸਾਰਾ ਜੀਵਨ ਦਲਿਤਾਂ ਦੇ ਉਥਾਨ ਲਈ ਨਿਸ਼ਕਾਮ ਸੇਵਾ ਵਿੱਚ ਜੁੱਟ ਜਾਂਦਾ ਹੈ।

ਇਸ ਸਾਰੇ ਇਤਿਹਾਸ ਨੂੰ ਜਿਸ ਨੂੰ ਕਿ ਇਤਿਹਾਸਕ ਬਿਰਤਾਂਤ ਕਿਹਾ ਗਿਆ ਹੈ, ਗਲਪ ਵਿੱਚ ਬਦਲਣ ਲਈ ਲੇਖਕ ਨੇ ਸੰਵਾਦਾਤਮਕ ਜੁਗਤ ਨੂੰ ਅਪਣਾਇਆ ਹੈ। ਇੰਝ ਇਹ ਨਾਵਲ ਪਾਰ ਗਲਪ ਅਰਥਾਤ ਅਤੇ ਪ੍ਰਬੰਧਕੀ ਰੂਪ ਵਿੱਚ ਆਪਣੀ ਹੋਂਦ ਪ੍ਰਤੀ ਇੱਕ ਕਲਾ ਦੇ ਰੂਪ ਵਜੋਂ ਧਿਆਨ ਦੁਆਉਂਦੇ ਹਨ। ਇਸ ਲਈ ਤਾਂ ਕਿ ਗਲਪ ਤੇ ਸੱਚਾਈ ਦੇ ਸੰਬੰਧਾਂ ਉੱਪਰ ਪ੍ਰਸ਼ਨ ਖੜ੍ਹੇ ਕੀਤੇ ਜਾ ਸਕਣ।[7] ਇਹਨਾਂ ਸੰਵਾਦਾਂ ਰਾਹੀਂ ਲੇਖਕ ਗੱਲਬਾਤ ਰਾਹੀਂ ਆਪਣੀ ਵਿਚਾਰਧਾਰਾ ਪ੍ਰਗਟਾਉਂਦਾ ਹੈ। ਇਹ ਨਾਵਲ ਨੂੰ ਕਥਾ ਰਸ ਵੱਲ ਲੈ ਜਾਂਦੀ ਹੈ। ਬਾਬੇ ਰਾਹੀਂ ਲੇਖਕ ਇਤਿਹਾਸ ਤੇ ਮੌਜੂਦਾ ਸਥਿਤੀ ਦੇ ਪੰਨੇ ਫ਼ਰੋਲਦਾ ਹੈ, ਇਹ ਜੁਗਤ ਪਾਠਕ ਨੂੰ ਵਰਤਮਾਨ ਤੋਂ ਭੂਤ ਵੱਲ ਲੈ ਜਾਂਦੀ ਹੈ। ਲੇਖਕ ਭੂਤ ਦਾ ਭਰਮ ਸਿਰਜਦਾ ਹੈ। ਇਸ ਭਰਮ ਨੂੰ ਹੋਰ ਤਿਖੇਰਾ ਬਣਾਉਣ ਲਈ ਲੇਖਕ,

ਸਭਿਆਚਾਰ, ਭੂਗੋਲ, ਸਥਾਨਕ ਰੰਗਣ ਦਾ ਸਹਾਰਾ ਲੈਂਦਾ ਹੈ। "ਇਤਿਹਾਸਕ ਘਟਨਾਵਾਂ ਭੂਤ ਵਿੱਚ ਖ਼ਾਸ ਸਥਾਨ ਉੱਤੇ ਵਾਪਰੀਆਂ ਹੁੰਦੀਆਂ ਹਨ। ਇਸ ਲਈ ਲੇਖਕ ਦਾ ਉਨ੍ਹਾਂ ਘਟਨਾਵਾਂ ਨੂੰ ਸਹੀ ਬਿਆਨ ਅਤੇ ਵਾਤਾਵਰਨ ਦਾ ਪ੍ਰਭਾਵ ਪਾਉਣ ਲਈ ਉਸ ਸਥਾਨ ਦੇ ਚੱਪੇ-ਚੱਪੇ ਤੋਂ ਵਾਕਫ਼ ਹੋਣਾ ਜਰੂਰੀ ਹੈ।[8] ਮਾਧੋਪੁਰੀ ਹੁਸ਼ਿਆਪੁਰ ਜੈਜੋਂ ਤੇ ਮੁਲਤਾਨ ਸ਼ਹਿਰ ਦਾ ਲੋਕੇਲ ਚੁਣਦਾ ਹੈ। ਹੁਸ਼ਿਆਰਪੁਰ ਦੇ ਆਲੇ ਦੁਆਲੇ ਦਾ ਪ੍ਰਕਿਰਤੀ ਚਿਤਰਨ, ਉਸ ਦੇ ਚੋਅ,ਜੰਗਲੀ ਚਰਿੰਦ ਤੇ ਪਰਿੰਦ, ਜੈਜੋਂ ਸ਼ਹਿਰ ਵਿਚਲੀਆਂ ਇਮਾਰਤਾਂ ਤੇ ਮੁਲਤਾਨ ਦੀਆਂ ਮਸਜਿਦਾਂ,ਮਜ਼ਾਰਾਂ ਤੇ ਬਜ਼ਾਰਾਂ ਦਾ ਵਰਣਨ ਨਾਵਲ ਵਿੱਚ ਏਨਾ ਸਹਿਜ ਹੋਇਆ ਹੈ ਕਿ ਪਾਠਕ ਅਚਨਚੇਤ ਹੀ ਉਸ ਸਮੇਂ ਵਿੱਚ ਪਹੁੰਚ ਜਾਂਦਾ ਹੈ। ਇਹ ਨਾਵਲ ਦਾ ਬੜਾ ਸਰਲ ਪੱਖ ਹੈ। "ਖੋਖਾ-ਨੁਮਾ ਸਾਡੀ ਇਹ ਦੁਕਾਨ ਜੈਜੋਂ ਦੇ ਘੁਮਾਰ ਮੁਹੱਲੇ ਕੋਲ ਚਮਾਰ ਮੁਹੱਲੇ ਵਿੱਚ ਸੀ। ਕੋਲ ਹੀ ਬਰੇੜ ਆਪਣੇ ਹੱਥੀਂ ਚੂੜੀਆਂ-ਵੰਗਾਂ ਬਣਾਉਂਦੇ....ਸਾਡੀ ਦੁਕਾਨ ਤੋਂ ਥੋੜ੍ਹਾ ਅੱਗੇ ਮਰਾਸੀ ਮੁਹੱਲਾ ਤੇ ਫ਼ਿਰ ਕੰਜਰਖਾਨਾ ਹੈ"।[ਸਫ਼ਾ39,40,53,80,214]

'ਮਿੱਟੀ ਬੋਲ ਪਈ' ਨਾਵਲ ਦੀ ਵੱਖਰਤਾ ਇਸ ਗੱਲ ਵਿੱਚ ਹੈ ਕਿ ਨਾਵਲਕਾਰ ਨੇ ਪਹਿਲੀ ਵਾਰ ਆਰਥਿਕ ਪੱਖੋਂ ਨਾ ਬਰਾਬਰੀ ਦੀ ਨਹੀਂ ਸਗੋਂ ਨਿਰੋਲ ਸਮਾਜਿਕ ਨਾ ਬਰਾਬਰੀ ਦੀ ਗੱਲ ਕੀਤੀ ਹੈ। ਆਰਥਿਕ ਪੱਖੋਂ ਹੀਣਾ ਹੋ ਕੇ ਤਾਂ ਇੱਕ ਬ੍ਰਾਹਮਣ ਵੀ ਦਲਿਤ ਹੋ ਸਕਦਾ ਹੈ ਪਰ ਸਮਾਜਿਕ ਤੇ ਧਾਰਮਿਕ ਪੱਖੋਂ ਨਾ ਬਰਾਬਰੀ ਵਰਣ ਆਸ਼ਰਮ ਵਿੱਚ ਮੌਜੂਦ ਹੈ। ਪੁਰਾਣੇ ਜ਼ਮਾਨੇ ਵਿੱਚ ਅਮੀਰ ਦਲਿਤ ਵੀ ਸਮਾਜਿਕ ਨਾ ਬਰਾਬਰੀ ਦਾ ਸ਼ਿਕਾਰ ਸਨ। ਲੇਖਕ ਦੁਆਬੇ ਦੇ ਦਲਿਤਾਂ ਦੀ ਆਰਥਿਕ ਹੀਣਤਾ ਦੀ ਗੱਲ ਨਹੀਂ ਕਰਦਾ ਸਗੋਂ ਉਸ ਮੁਤਾਬਿਕ "ਚਮੜੇ ਦਾ ਸਾਰਾ ਕਾਰੋਬਾਰ ਤੇ ਦਾਰੋਮਦਾਰ ਸਾਡੇ ਹੱਥ ਆ। ਬਥੇਰਾ ਮਾਲ ਨਿਕਲਦਾ ਪਟਿਆਲੇ ,ਦਿੱਲੀ,ਬਹਾਵਲਪੁਰ ਤੇ ਹੋਰ ਥਾਮਾਂ ਨੂੰ"।[ਸਫ਼ਾ82] "ਰਵਿਦਾਸੀਆ ਸਿੱਖ ਰਿਆਸਤ ਮਹਾਰਾਜਾ ਪਟਿਆਲਾ,ਫ਼ਲੌਰ ਰਿਆਸਤ ਮਲੇਰਕੋਟਲਾ ਤੇ ਹੋਰ ਪਿੰਡਾਂ ਵਿੱਚ ਜ਼ਮੀਨ ਦੇ ਮਾਲਕ ਆ। ਲੁਧਿਆਣਾ,ਅੰਮ੍ਰਿਤਸਰ ਦੇ ਸ਼ਹਿਰਾਂ ਤੇ ਬਹੁਤ ਸਾਰੇ ਪਿੰਡਾਂ ਵਿੱਚ ਜ਼ਮੀਨਾਂ ਤੇ ਧਰਮਸ਼ਾਲਾ ਹਨ"।[ਸਫ਼ਾ211] ਇਸੇ ਦੌਰਾਨ ਮੈਨੂੰ ਚੁੱਲ੍ਹੇ ਵੱਲੋਂ ਬਾਸਮਤੀ ਦੇ ਚੌਲਾਂ ਤੇ ਕੜ੍ਹੀ ਦੇ ਰਿੱਝਣ ਦੀਆਂ ਖੁਸ਼ਬੋਆਂ ਆਈਆਂ।[ਸਫ਼ਾ190] ਨਾਵਲਕਾਰ ਆਪ ਮੰਨਦਾ ਹੈ ਕਿ "ਲੱਗਦਾ ਸੀ ਜਿਵੇਂ ਉਨ੍ਹਾਂ ਨੂੰ ਗੁਲਾਮੀ ਤੇ ਅਜ਼ਾਦੀ ਦੇ ਮਹਿਨੇ ਸੱਚਮੁੱਚ ਸਮਝ ਆ ਗਏ ਹੋਣ ਤੇ ਉਹ ਸਮਾਜਕ ਬਰਾਬਰੀ ਖਾਤਰ ਕੁੱਝ ਵੀ ਕਰ ਗੁਜਰਣ ਲਈ ਤਿਆਰ ਹੋਣ।[ਸਫ਼ਾ69] ਇਸ ਸਮਾਜਿਕ ਬਰਾਬਰੀ ਹਾਸਲ ਕਰਨ ਲਈ ਸੰਗਤੀਆ ਲੋਕਾਂ ਨੂੰ ਆਪਣੇ ਬੱਚੇ ਸਕੂਲਾਂ ਤੇ ਨੌਜੁਆਨ ਮੁੰਡਿਆਂ ਨੂੰ ਫ਼ੌਜ ਵਿੱਚ ਭਰਤੀ ਕਰਾਉਣ ਲਈ ਪ੍ਰੇਰਨਾ ਦਿੰਦਾ ਹੈ। ਉਸ ਦਾ ਖ਼ਿਆਲ ਹੈ ਕਿ ਵਿੱਦਿਆ ਤੇ ਆਰਥਿਕ ਪੱਖੋਂ ਮਜ਼ਬੂਤੀ ਦਲਿਤਾਂ ਵਿੱਚ ਜ਼ਿਆਦਾ-ਜ਼ਿਆਦਾ ਚੇਤਨਾ ਲਿਆਏਗੀ। ਲੇਖਕ ਇਹ ਵੀ ਦੱਸਦਾ ਹੈ ਕਿ ਬਾਬੂ ਜੀ ਦੀ ਕੁਰਬਾਨੀ ਸਦਕਾ ਲੋਕ ਚੇਤਨਾ ਪੈਦਾ ਹੋ ਰਹੀ ਹੈ ਤੇ ਅੰਗਰੇਜ਼ ਸਰਕਾਰ ਦਲਿਤਾਂ ਨੂੰ ਜ਼ਿਆਦਾ ਹੱਕ ਦੇ ਰਹੀ ਹੈ। ਪਹਿਲੀ ਵਾਰ ਧਰਮ ਤੇ ਜਾਤ ਦੇ ਨਾਂ 'ਤੇ ਦਲਿਤਾਂ ਦੀ ਇੱਕ ਰੈਜਮੈਂਟ ਕਾਇਮ ਕੀਤੀ ਗਈ ਹੈ। ਇਹ ਪਹਿਲਾਂ ਮੌਕਾ ਹੈ ਇਤਿਹਾਸ ਵਿੱਚ ਜਦੋਂ ਸਰਕਾਰ ਵਲੋਂ ਦਲਿਤ ਸ਼੍ਰੇਣੀ ਸੈਨਿਕ ਬਣ ਰਹੀ ਹੈ। "ਕਾਂਗੜਾ,ਚੰਬਾ ਤੇ ਮੰਡੀ ਦੇ ਗਭਰੂ ਆਦਿ ਧਰਮ ਮੰਡਲ ਦੇ ਪ੍ਰਧਾਨ ਬਾਬਾ ਮੰਗੂ ਰਾਮ ਮੁੱਗੋਵਾਲ ਦੇ ਉਤਸ਼ਾਹ ਭਰੇ ਜੋਸ਼ ਨਾਲ ਭਰਤੀ ਹੋਣ ਲਈ ਉਤਾਵਲੇ ਹੋ ਗਏ ਹਨ। ਉਹ ਆਪਣੀ ਗਰੀਬੀ ਦੇ ਦਲਿੱਦਰ ਨੂੰ ਮਿਟਾਉਣ ਲਈ...[ਸਫ਼ਾ189]।

ਇਸ ਨਾਵਲ ਦਾ ਆਧਾਰ ਇਨ੍ਹਾਂ ਸਤਰਾਂ ਕਿ "ਉਹਨੇ ਅੰਗਰੇਜ਼ਾਂ ਨੂੰ ਦੱਸਿਆ ਕਿ ਅਸੀਂ ਆਦਿ ਧਰਮੀ ਲੋਕ ਤਿੰਨ ਤਰ੍ਹਾਂ ਦੀ ਗੁਲਾਮੀ ਕਰਦੇ ਆਂ ਹਿੰਦੂਆਂ ਰਾਜਿਆਂ, ਹਿੰਦੂ ਸਮਾਜ ਤੇ ਅੰਗਰੇਜ਼ ਹਕੂਮਤ ਦੀ"। ਇਹ ਨਾਵਲ ਭਾਰਤ ਦੀ ਅਜ਼ਾਦੀ ਲਈ ਲੜੇ ਸੰਘਰਸ਼ ਦੀ ਕੋਈ ਗੱਲ ਨਹੀਂ ਕਰਦਾ। ਹਲਾਂਕਿ ਮੰਗੂ ਰਾਮ ਖ਼ੁਦ ਗ਼ਦਰ ਪਾਰਟੀ 'ਚ ਰਹਿ ਕੇ ਕਿਤੇ ਵੀ ਉਨ੍ਹਾਂ ਨੂੰ ਸੰਘਰਸ਼ 'ਚ ਪਏ ਨਹੀਂ ਵਿਖਾਉਂਦਾ। ਸੰਵਾਦ ਤੇ ਤਕਰੀਰ ਸ਼ੈਲੀ ਰਾਹੀਂ ਇਹ ਨਾਵਲ ਇਤਿਹਾਸਕਤਾ ਦੀ ਗੱਲ ਕਰਦਾ ਹੈ। ਨਾਵਲ ਵਿੱਚ ਮਜਬੂਰ ਸਰੀਰ ਵੇਚਣ ਵਾਲੀਆਂ ਔਰਤਾਂ ਤੇ ਬੇਬਸੀ ਦਾ ਸ਼ਿਕਾਰ ਦਲਿਤ ਔਰਤਾਂ ਜਿਨ੍ਹਾਂ ਉੱਪਰ ਜ਼ਬਰ ਜਿਨਾਹ ਉੱਚ ਜਾਤੀਆਂ ਵਲੋਂ ਕੀਤੇ ਜਾਂਦੇ ਹਨ ਦੀ ਗੱਲ ਵੀ ਹੋਈ ਹੈ ਤੇ ਉਸਦਾ ਸਮਾਧਾਨ ਦਲਿਤ ਮਰਦਾਂ ਵੱਲੋਂ ਉਨ੍ਹਾਂ ਨੂੰ ਅਪਣਾਏ ਜਾਣ ਨਾਲ ਕੀਤਾ ਹੈ। ਦੂਸਰੀ ਵੱਡੀ ਜੰਗ ਦੀ ਗੱਲ ਵੀ ਏਸੇ ਤਰ੍ਹਾਂ ਸੂਚਨਾਵਾਂ ਰਾਹੀਂ ਕੀਤੀ ਗਈ ਹੈ। ਇੰਝ ਇਹ ਨਾਵਲ ਸੂਚਨਾਵਾਂ ਤੇ ਸੰਵਾਦ ਵਿਧੀ ਰਾਹੀਂ ਹਾਸ਼ੀਆਕ੍ਰਿਤ ਲੋਕਾਂ ਦੀ ਗੱਲ ਕਰਦਾ ਹੈ।

ਇਸ ਨਾਵਲ ਦੀ ਵੱਡੀ ਵਿਲੱਖਣਤਾ ਹਾਸ਼ੀਆਕ੍ਰਿਤ ਲੋਕਾਂ ਵਲੋਂ ਚਲਾਈ ਗਈ ਆਦਿ-ਧਰਮ ਮੰਡਲ ਦੇ ਨਾਂ ਹੇਠਾਂ ਲਹਿਰ ਜਿਸ ਦੇ ਨੇਤਾ ਮੰਗੂ ਰਾਮ ਹਨ, ਨੂੰ ਵਿਸ਼ਾ ਵਸਤੂ ਦੇ ਰੂਪ ਵਿੱਚ ਲੈਣਾ ਹੈ। ਇਨ੍ਹਾਂ ਲੋਕਾਂ ਦੇ ਸੰਘਰਸ਼ ਤੇ ਸ਼ੋਸ਼ਣ ਦੀ ਦਾਸਤਾਨ ਨੂੰ ਨਾਵਲਕਾਰ ਨੇ 1920 ਤੋਂ1947 ਤੱਕ ਦੇ ਸਮੇਂ ਵਿੱਚ ਬੰਨ੍ਹਿਆ ਹੈ। ਇੱਕ ਗੱਲ ਏਥੇ ਕਹਿਣੀ ਬਣਦੀ ਹੈ ਕਿ ਇਤਿਹਾਸਕ ਨਾਵਲ ਵਿੱਚ ਨਾਵਲ'ਨਾਂਵ'ਹੈ ਤੇ ਇਤਿਹਾਸ'ਵਿਸ਼ੇਸ਼ਣ'ਪਰ ਏਥੇ ਉਲਟ ਹੈ। ਇਤਿਹਾਸ ਏਥੇ 'ਨਾਂਵ'ਬਣ ਗਿਆ ਹੈ ਤੇ ਨਾਵਲ'ਵਿਸ਼ੇਸ਼ਣ'। ਨਾਵਲ ਦੀ ਪ੍ਰਾਪਤੀ ਇਸ ਦੇ ਹਾਸ਼ੀਆਕ੍ਰਿਤ ਲੋਕਾਂ ਦੇ ਸੰਘਰਸ਼ ਤੇ ਉਨ੍ਹਾਂ ਦੇ ਨਾਇਕ ਨੂੰ ਅੱਗੇ ਲਿਆਉਣ ਵਿੱਚ ਹੈ।

ਹਵਾਲੇ

1. ਬ੍ਰਾਈਨ ਫਰੈ, 'ਪੌਪਰ ਐਂਡ ਰਿਚਰਡ-ਹਿਸਟਰੀ ਐਂਡ ਥਿਊਰੀ ਕਨਟੈਂਪਰੇਰੀ ਰੀਡੀਂਗ' (ਸਫ਼ਾ 2)
2. ਹੈਡਨ ਵਾਈਟ, 'ਮੈਟਾ ਹਿਸਟਰੀ ਦੀ ਹਿਸਟੌਰੀਕਲ ਅਮੈਜੀਨੇਸ਼ਨ ਇਨ ਨਾਈਂਨਟੀਥ ਸੈਂਚੁਰੀ' (ਸਫ਼ਾ XII)
3. ਜੇਮਜ਼ ਗਰੂਟ, 'ਹਿਸਟੌਰੀਕਲ ਨਾਵਲ', (ਸਫ਼ਾ 116)
4. ਡਾ. ਸਰਬਜੀਤ ਸਿੰਘ, 'ਦਲਿਤ ਦ੍ਰਿਸ਼ਟੀ' (ਸਫ਼ਾ 12)
5. ਬਲਬੀਰ ਮਾਧੋਪੁਰੀ, ਤ੍ਰੈ ਮਾਸਕ ਪੁਸਤਕ ਲੜੀ 'ਵਾਹਗਾ' (2)
6. ਬਲਬੀਰ ਮਾਧੋਪੁਰੀ, ਤ੍ਰੈ ਮਾਸਕ ਪੁਸਤਕ ਲੜੀ 'ਵਾਹਗਾ' (2)
7. ਜੇਮਜ਼ ਗਰੂਟ, 'ਹਿਸਟੌਰੀਕਲ ਨਾਵਲ' (ਸਫ਼ਾ 117)
8. ਕਾਰਲੋਸ ਮੈਤਰੇ, 'ਬ੍ਰੀਫ਼ ਡੈਫ਼ੀਨੇਸ਼ਨ ਐਂਡ ਕਰੈਕਟਰਾਈਜੇਸ਼ਨ ਆਫ਼ ਹਿਸਟਾਰਿਕ ਨਾਵਲ' (ਸਫ਼ਾ 3)

ਮੋਬਾ. 98552-63576



ਪੇਸ਼ਕਾਰ :
ਡਾ. ਮੋਹਨ ਤਿਆਗੀ
ਸੰਪਰਕ : 98144-79150



ਕਵਿਤਾ : *ਅੰਮ੍ਰਿਤਪਾਲ ਸਿੰਘ ਸ਼ੈਦਾ*

ਸੰਪ. 98552-32575

ਅੰਮ੍ਰਿਤਪਾਲ ਸਿੰਘ ਸ਼ੈਦਾ ਪੰਜਾਬੀ ਗ਼ਜ਼ਲ ਦਾ ਇਕ ਮਾਣਯੋਗ ਹਸਤਾਖ਼ਰ ਹੈ। ਉਹ ਲਗਭਗ ਪਿਛਲੇ ਤਿੰਨ ਦਹਾਕਿਆਂ ਤੋਂ ਗ਼ਜ਼ਲ ਸਿਰਜਣਾ ਵਿਚ ਲੀਨ ਹੈ। ਉਸਦਾ ਇਹ ਹਾਸਿਲ ਹੈ ਕਿ ਉਸਦੀ ਗ਼ਜ਼ਲ ਪਰੰਪਰਕ ਲੀਹਾਂ ਨੂੰ ਤਿਲਾਂਜਲੀ ਦਿੰਦੀ ਹੋਈ ਲੋਕ-ਹਿਤੂ ਸਰੋਕਾਰਾਂ ਨਾਲ ਆਪਣਾ ਅਹਿਦ ਪਾਲਦੀ ਹੈ। ਕਿਸੇ ਵੀ ਲੇਖਕ ਦੀ ਕਾਵਿ-ਦ੍ਰਿਸ਼ਟੀ ਉਸਦੇ ਵਿਚਾਰਧਾਰਕ ਅਮਲ ਵਿਚ ਪਈ ਹੁੰਦੀ ਹੈ। ਸ਼ੈਦਾ ਇਸ ਕਸੌਟੀ ਤੇ ਖ਼ਰਾ ਉਤਰਦਾ ਹੈ। ਇਸਦੇ ਹਵਾਲੇ ਵਜੋਂ ਸ਼ੈਦਾ ਦੀ ਗ਼ਜ਼ਲ ਪੁਸਤਕ 'ਫ਼ਸਲ ਧੁੱਪਾਂ ਦੀ' ਵਾਚੀ ਜਾ ਸਕਦੀ ਹੈ। ਉਸਦੀ ਗ਼ਜ਼ਲਕਾਰੀ ਸਾਡੇ ਸਮਾਜਿਕ, ਸਭਿਆਚਾਰਕ ਅਤੇ ਰਾਜਨੀਤਕ ਵਰਤਾਰਿਆਂ ਨੂੰ ਵੇਖਦੀ ਪਰਖਦੀ ਹੋਈ ਮਾਨਵੀ ਪ੍ਰਸੰਗਾਂ ਵਿਚ ਪਰਿਭਾਸ਼ਤ ਕਰਨ ਦਾ ਯਤਨ ਕਰਦੀ ਹੈ। ਇਸ ਗ਼ਜ਼ਲ ਦੀ ਖ਼ੂਬਸੂਰਤੀ ਇਸ ਗੱਲ ਵਿਚ ਪਈ ਹੋਈ ਹੈ ਕਿ ਇਹ ਗ਼ਜ਼ਲ ਕੁਝ ਕਰ ਗੁਜ਼ਰਨ ਦੀ ਚਾਹਤ ਪਾਲਦੀ ਹੈ। ਇਸ ਰਚਨਾ ਦਾ ਇਹ ਵਿਹਾਰਕ ਅਤੇ ਅਮਲੀ ਸਿਧਾਂਤ ਇਸ ਨੂੰ ਸਾਹਿਤ ਦੇ ਮੂਲ ਸਮਾਜਿਕ ਪ੍ਰਯੋਜਨ ਨਾਲ ਜੋੜ ਦਿੰਦਾ ਹੈ।

-ਡਾ. ਮੋਹਨ ਤਿਆਗੀ

•

ਕਦੀ ਜਦ ਮੈਂ ਅਪਣੀ ਕਹਾਣੀ ਲਿਖਾਂਗਾ
ਹਰਿੱਕ ਸ਼ਬਦ ਸੂਰਜ ਦਾ ਹਾਣੀ ਲਿਖਾਂਗਾ

ਤੂੰ ਮੈਨੂੰ ਕਿਤਾਬ ਅਪਣੇ ਸਹਿਰਾ ਦੀ ਦੇ ਦੇ
ਹਰਿੱਕ ਪੰਨੇ ਉਪਰ ਮੈਂ ਪਾਣੀ ਲਿਖਾਂਗਾ

ਜੇ ਅਸਮਾਨ ਵਾਲਾ ਜ਼ਰਾ ਸੇਧ ਬਖ਼ਸ਼ੇ
ਕੁਈ ਮੈਂ ਵੀ ਅਸਮਾਨੀ ਬਾਣੀ ਲਿਖਾਂਗਾ

ਜੁਨੂੰ ਨੂੰ ਸ਼ਹਿਨਸ਼ਾਹ ਦਾ ਨਾਂ ਦਿਆਂਗਾ
ਤਮੰਨਾ ਨੂੰ ਪੀੜਾਂ ਦੀ ਰਾਣੀ ਲਿਖਾਂਗਾ

ਰਿੜਕ ਕੇ ਨਿਖੇੜੇ ਜੋ ਅੰਮ੍ਰਿਤ ਤੇ ਵਿਸ਼ ਨੂੰ
ਕਲਮ ਨੂੰ ਹੀ ਮੈਂ ਉਹ ਮਧਾਣੀ ਲਿਖਾਂਗਾ

ਮਿਰਾ ਨਾਮ ਬੇਸ਼ਕ ਤੂੰ ਅੰਬਰ 'ਤੇ ਲਿਖ ਦੇ
ਮੈਂ ਸੁਧ-ਬੁਧ ਨੂੰ ਫਿਰ ਵੀ ਨਿਮਾਣੀ ਲਿਖਾਂਗਾ

ਹਥੇਲੀ 'ਤੇ ਧਰ ਕੇ ਮੈਂ ਸੀਸ ਅਪਣਾ 'ਸ਼ੈਦਾ'
ਕਥਾ ਫਿਰ ਤੋਂ ਸਦੀਆਂ ਪੁਰਾਣੀ ਲਿਖਾਂਗਾ

•

•

ਆਈਨਾ ਇਤਿਹਾਸ ਦਾ ਇਕ ਸ਼ਬਦ ਬੂੰਦ
ਸਾਰੇ ਜਗ ਦਾ ਫ਼ਸਲਫ਼ਾ ਇਕ ਸ਼ਬਦ ਬੂੰਦ

ਅਰਥ ਦੀ ਹੈ ਹੋਂਦ ਕੇਵਲ ਇਸ ਲਈ
ਸੋਚ ਦੀ ਹੈ ਆਤਮਾ ਇਕ ਸ਼ਬਦ ਬੂੰਦ


ਦਿਲ ਦੀ ਖ਼ਾਮੋਸ਼ੀ ਹੈ ਰੱਬਾ ! ਹੌਲ਼ਨਾਕ
ਏਸ ਗੂੰਗੇ ਨੂੰ ਪਿਲਾ ਇਕ ਸ਼ਬਦ ਬੂੰਦ

ਇਸ ਕਥਨ ਵਿਚ ਕੋਈ ਅਤਿਕਥਨੀ ਨਹੀਂ
ਸਰਬ ਰੋਗਾਂ ਦੀ ਦਵਾ ਇਕ ਸ਼ਬਦ ਬੂੰਦ

ਮੈਂ ਤਿਰੇ ਸਾਗਰ ਤੋਂ ਲੈਣੈਂ ਕੀ ਭਲਾ
ਪਾ ਮਿਰੇ ਪਿਆਲੇ 'ਚ ਪਾ ਇਕ ਸ਼ਬਦ ਬੂੰਦ

ਹੋਰ ਵੀ ਹੋ ਜਾਏਗਾ ਰੌਸ਼ਨ ਜ਼ਮੀਰ
ਘੋਲ ਰੱਤ ਵਿਚ ਦੋਸਤਾ ! ਇਕ ਸ਼ਬਦ ਬੂੰਦ

•



ਪੁਸਤਕ ਚਰਚਾ

- **ਖਿੱਦੋ** (ਨਾਵਲ) ***ਜਸਬੀਰ ਭੁੱਲਰ***

ਇਨਾਮ ਸਨਮਾਨ ਸਾਹਿਤ ਲਈ ਜ਼ਰੂਰੀ ਹੁੰਦੇ ਹਨ। ਇਨ੍ਹਾਂ ਨਾਲ ਲਿਖਣ ਵਾਲੇ ਲੇਖਕ ਨੂੰ ਉਤਸ਼ਾਹ ਮਿਲਦਾ ਹੈ। ਉਹਦੀ ਹੌਂਸਲਾ ਅਫਜ਼ਾਈ ਹੁੰਦੀ ਹੈ ਤੇ ਉਹ ਹੋਰ ਚੰਗਾ ਤੇ ਪ੍ਰੇਰਨਾਦਾਇਕ ਲਿਖਣ ਲਈ ਉਦਮ ਕਰਦਾ ਹੈ। ਸਰਕਾਰਾਂ, ਸੰਸਥਾਵਾਂ ਤੇ ਅਦਾਰੇ ਅਜਿਹੇ ਇਨਾਮਾਂ ਨੂੰ ਸਥਾਪਤ ਕਰਦੇ ਹਨ। ਇਨਾਮ ਦੇਣ ਲਈ ਨੇਮ ਘੜਦੇ ਹਨ, ਰਚਨਾਵਾਂ ਪਰਖਦੇ ਹਨ, ਉਨ੍ਹਾਂ ਬਾਰੇ ਆਲੋਚਨਾਤਮਕ ਟਿੱਪਣੀਆਂ 'ਤੇ ਗੌਰ ਕਰਦੇ ਹਨ। ਮਕਸਦ ਸਿਰਫ ਏਨਾ ਹੁੰਦਾ ਹੈ ਕਿ ਸਹੀ ਲੇਖਕ ਤੇ ਸਹੀ ਕਿਤਾਬ ਦੀ ਚੋਣ ਹੋਵੇ ਤਾਂ ਜੋ ਇਨਾਮ ਦਾ ਕੱਦ ਬਹੁਤ ਉਚਾ ਹੋਵੇ ਪਰ ਜਿਵੇਂ ਅਸੀਂ ਦੇਖਦੇ ਹਾਂ ਕਿ ਸਾਡੇ ਸਮਾਜ ਵਿਚ ਫੈਲੇ ਭ੍ਰਸ਼ਟਾਚਾਰ ਨੇ ਇਨ੍ਹਾਂ ਇਨਾਮਾਂ ਸਨਮਾਨਾਂ ਦੇ ਵਕਾਰ ਨੂੰ ਸੱਟ ਹੀ ਨਹੀਂ ਮਾਰੀ ਸਗੋਂ ਇਕ ਪ੍ਰਕਾਰ ਦੇ ਅਜਿਹੇ ਮਾਫੀਏ ਨੂੰ ਸਥਾਪਤ ਕੀਤਾ ਜੋ ਇਨਾਮ ਸਨਾਮਨ ਦੇਣ ਵਾਲਿਆਂ ਤੇ ਲੈਣ ਵਾਲਿਆਂ ਦੇ ਗਠਜੋੜ 'ਤੇ ਆਧਾਰਤ ਹੈ। ਜਸਬੀਰ ਭੁੱਲਰ ਰਚਿਤ ਹੱਥਲਾ ਨਾਵਲ 'ਖਿੱਦੋ' ਏਸੇ ਥੀਮ ਦੇ ਆਲੇ ਦੁਆਲੇ ਉਸਰਿਆ ਹੋਇਆ ਹੈ।

ਕੁਝ ਵਿਦਵਾਨ ਇਸਨੂੰ ਨਾਵਲ ਹੀ ਨਹੀਂ ਮੰਨ ਰਹੇ। ਉਨ੍ਹਾਂ ਦਾ ਤਰਕ ਹੈ ਕਿ ਇਹ ਪਰੰਪਰਾਗਤ ਨਾਵਲੀ ਪਰਿਭਾਸ਼ਾ ਤੇ ਬਿਰਤਾਂਤਕ ਨੇਮਾਂ 'ਤੇ ਖਰਾ ਨਹੀਂ ਉਤਰਦਾ ਪਰ ਉਹ ਇਹ ਭੁੱਲ ਜਾਂਦੇ ਹਨ ਕਿ ਕਈ ਕਿਤਾਬਾਂ ਆਪਣੇ ਰੂਪਾਕਾਰਾਂ ਦੀਆਂ ਪਰਿਭਾਸ਼ਾਵਾਂ ਤੋਂ ਜਾਂ ਤਾਂ ਪਰ੍ਹੇ ਖੜੀਆਂ ਨਜ਼ਰ ਆਉਂਦੀਆਂ ਹਨ ਜਾਂ ਉਨ੍ਹਾਂ ਨੂੰ ਉਲੰਘ ਕੇ ਨਵੀਆਂ ਪਰਿਭਾਸ਼ਾਵਾਂ ਸਿਰਜਦੀਆਂ ਹਨ। ਇਸ ਪ੍ਰਸੰਗ ਵਿਚ ਖਿੱਦੋ ਨਾਵਲ ਨਵੀਂ ਪਰਿਭਾਸ਼ਾ ਦੇ ਸਨਮੁੱਖ ਹੈ।

ਇਸ ਨਾਵਲ ਵਿਚ ਲੇਖਕ ਨੇ ਭਾਸ਼ਾ ਵਿਭਾਗ ਪੰਜਾਬ ਤੇ ਭਾਰਤੀ ਸਾਹਿਤ ਅਕਾਦਮੀ ਦੇ ਪੰਜਾਬੀ ਵਿੰਗ ਵਿਚ ਫੈਲੇ ਭ੍ਰਸ਼ਟਾਚਾਰ ਨੂੰ ਤਿੱਖੀ ਵਿਅੰਗ ਸ਼ੈਲੀ ਵਿਚ ਪੇਸ਼ ਕੀਤਾ ਹੈ। ਨਾਵਲ ਦੇ ਸ਼ੁਰੂ ਵਿਚ ਹੀ ਇਨਾਮਾਂ ਲਈ ਅਰਜੋਈਆਂ ਵਾਲੀਆਂ ਚਿੱਠੀਆਂ ਦਾ ਜਿਕਰ ਹੈ। ਬਹੁਤ ਸਾਰੇ ਕੱਚਘਰੜ ਲੇਖਕ ਅਜਿਹੀਆਂ ਜੁਗਤਾਂ ਵਰਤਦੇ ਹਨ ਹਾਲਾਂਕਿ ਉਨ੍ਹਾਂ ਨੂੰ ਇਹ ਵੀ ਨਹੀਂ ਪਤਾ ਹੁੰਦਾ ਕਿ ਸਾਹਿਤ ਕਿਸ ਬਲਾ ਦਾ ਨਾਂ ਹੈ। ਪੰਜਾਬੀ ਵਿਚ ਕਵਿਤਾ ਕਹਾਣੀ ਲਿਖਣ ਵਾਲੇ ਏਥੇ ਹੀ ਸਾਹਿਤ ਨੂੰ ਫੁੱਲ ਸਟਾਪ ਲਾ ਦੇਂਦੇ ਹਨ। ਅਜਿਹੀ ਇਕ ਚਿੱਠੀ ਦੀ ਮਿਸਾਲ ਲਈ ਜਾ ਸਕਦੀ ਹੈ –

'ਦੂਜੀ ਚਿੱਠੀ ਦੀਨਾਪੁਰ ਵਾਲੇ ਚੰਨਣ ਸਿੰਘ ਦੀ ਸੀ। ਗੁਰਦਾਸਪੁਰ ਦੇ ਸਰਕਾਰੀ ਕਾਲਜ ਵਿਚ ਹੋਏ ਸਾਹਿਤਕ ਸਮਾਗਮ ਵੇਲੇ ਉਹ ਸੁਰਮੀਤ ਨੂੰ ਮਿਲਿਆ ਸੀ। ਉਹਨੇ ਹੁੱਬ ਕੇ ਸੁਰਮੀਤ ਨੂੰ ਆਪਣੀ ਕਿਤਾਬ ਦਿਤੀ ਸੀ। ਸੁਰਮੀਤ ਨੇ ਚੰਨਣ ਸਿੰਘ ਦੀ ਕੋਈ ਵੀ ਰਚਨਾ ਪਹਿਲੋਂ ਕਦੇ ਨਹੀਂ ਸੀ ਪੜ੍ਹੀ। ਉਹਦੀ ਕਿਤਾਬ ਦਾ ਦੂਜਾ ਸਫ਼ਾ ਕਿਤਾਬਾਂ ਦੇ ਨਾਵਾਂ ਨਾਲ ਭਰਿਆ ਹੋਇਆ ਸੀ। ਹੈਰਾਨ ਕਰਨ ਵਾਲੀ ਗੱਲ ਇਹ ਸੀ ਕਿ ਉਹਨੇ ਕਿਤਾਬਾਂ ਦੇ ਨਾਂ ਵੱਖਰੇ ਵੱਖਰੇ ਸਿਰਲੇਖਾਂ ਹੇਠ ਛਾਪੇ ਹੋਏ ਸਨ। ਉਹ ਸਿਰਲੇਖ ਇਸ ਤਰ੍ਹਾਂ ਸਨ—

◆ ਪ੍ਰਕਾਸ਼ਿਤ ਪੁਸਤਕਾਂ ◆ ਪ੍ਰਕਾਸ਼ਨ ਅਧੀਨ ਪੁਸਤਕਾਂ ◆ ਵਿਚਾਰ ਅਧੀਨ ਪੁਸਤਕਾਂ ◆ ਸੋਚ ਅਧੀਨ ਪੁਸਤਕਾਂ

ਏਸੇ ਤਰ੍ਹਾਂ ਦੀ ਫੋਨ ਕਾਲ ਵਿਦੇਸ਼ ਬੈਠੇ ਲੇਖਕ ਇੰਦਰ ਸਿੰਘ ਬਰਨਾਲਵੀ ਦੀ ਆਉਂਦੀ ਹੈ। ਉਹ ਕਹਿੰਦਾ ਹੈ—ਬਾਬਿਓ ਮੈਂ ਇੰਦਰ ਸਿੰਘ ਬੋਲਦਾਂ— ਤੈਨੂੰ ਤਾਂ ਪਤਾ ਈ ਐ ਯਾਰ ਮੇਰੀਆਂ ਦੋ ਬੇਟੀਆਂ ਹੀ ਨੇ। ਏਥੇ ਮੈਂ ਵੱਡੀ ਕੋਲ ਆਇਆ ਹੋਇਆ ਵਾਂ। ਅੱਜ ਕੱਲ੍ਹ ਮੈਂ ਕੁਝ ਬਿਮਾਰ ਰਹਿੰਨਾ ਵਾਂ। ਇਥੇ ਪਿਛਲੇ ਦਿਨੀਂ ਮੈਨੂੰ, ਕੈਲੀਫੋਰਨੀਆ ਦੀ ਸਾਹਿਤ ਸਭਾ ਨੇ ਸਨਮਾਨਤ ਕੀਤਾ ਸੀ। ਉਹਨਾਂ ਆਪਸ ਵਿਚ ਇਕੱਠੇ ਕਰਕੇ ਮੈਨੂੰ ਪੰਜ ਸੌ ਡਾਲਰ ਵੀ ਦਿਤੇ ਸਨ। ਸੋਚਿਆ ਹੁਣ ਤੇਰੇ ਕੋਲੋਂ ਵੀ ਵਧਾਈ ਲੈ ਲਵਾਂ।'

ਇਹੋ ਜਿਹੀਆਂ ਤਿਕੜਮਬਾਜੀਆਂ ਦੇ ਨੈਰੇਟਿਵ ਥਾਂ ਪੁਰ ਥਾਂ ਹਨ। ਹਰ ਲੇਖਕ ਇਨਾਮੇਸਨਾਮਨ ਲੈਣ ਲਈ ਹਰ ਤਰ੍ਹਾਂ ਦੇ ਹਰਬੇ ਵਰਤਦਾ ਨਜ਼ਰ ਆਉਂਦਾ ਹੈ। ਇਹਦੇ ਲਈ ਸ਼ਰਾਬ, ਕਬਾਬ ਤੇ ਸ਼ਬਾਬ ਦਾ ਪ੍ਰਬੰਧ ਕੀਤਾ ਜਾ ਰਿਹਾ ਹੈ। ਜਿੰਨਾ ਕੋਈ ਵੱਡਾ ਘੜੰਮ ਚੌਧਰੀ ਹੈ ਓਨੀਆਂ ਉਹਦੀਆਂ ਗਰਜਾਂ ਪੂਰੀਆਂ ਕੀਤੀਆਂ ਜਾ ਰਹੀਆਂ ਹਨ। ਕਈ ਤਾਂ ਇਥੋਂ ਤੱਕ ਜੋਰ ਲਾਉਂਦੇ ਦਿਖਾਈ ਦੇਂਦੇ ਹਨ ਕਿ ਪੈਸਾ ਭਾਵੇਂ ਇਨਾਮ ਤੋਂ ਵਧੇਰੇ ਲਗ ਜਾਵੇ ਪਰ ਇਨਾਮ ਉਨ੍ਹਾਂ ਦੀ ਝੋਲੀ ਹੀ ਪੈਣਾ ਚਾਹੀਦਾ ਹੈ। ਸਾਹਿਤ ਤੇ ਸਿਆਸਤ ਦਾ ਇਹ ਨਾ੍ਪਾਕ ਗਠਜੋੜ ਇਸ ਗੱਲ 'ਤੇ ਟਿਕਿਆ ਹੋਇਆ ਹੈ ਕਿ ਇਸ ਵਾਰ ਕਿਹੜਾ ਸ਼੍ਰੋਮਣੀ ਲੇਖਕ ਹੋਵੇਗਾ, ਕਿਹੜਾ ਸਾਹਿਤ ਅਕਾਡਮੀ ਲੇਖਕ ਹੋਵੇਗਾ। ਇਸਨੂੰ ਵਾਰੀ ਵੱਟੇ ਦੀ ਖੇਡ ਵਜੋਂ ਹਰ ਘੜੰਮ ਚੌਧਰੀ ਖੇਡਦਾ ਹੈ। ਇਸ ਇਨਾਮੀ ਰਾਜਨੀਤੀ ਬਾਰੇ ਲੇਖਕ ਲਿਖਦਾ

ਹੈ–'ਇਨਾਮਾਂ ਦੀ ਰਾਜਨੀਤੀ ਕੁਝ ਹੋਰ ਹੈ। ਇਹ ਰਾਜਨੀਤੀ ਉਨ੍ਹਾਂ ਨੂੰ ਆਉਂਦੀ ਹੈ ਜਿਹੜੇ ਲੇਖਕ ਨਹੀਂ ਹੁੰਦੇ, ਪਰ ਲੇਖਕਾਂ ਵਾਂਗੂੰ ਦਿਸਦੇ ਹਨ।' ਇਸ ਖੇਡ ਵਿਚ ਵੱਡੇ-ਵੱਡੇ ਨਾਮੀ ਲੇਖਕ ਆਪਣੀਆਂ ਪ੍ਰੇਮਕਾਵਾਂ ਤੇ ਕਈ ਆਪਣੇ ਮਿੱਤਰਾਂ ਨੂੰ ਇਨਾਮ ਦਿਵਾਉਣ ਲਈ ਕਾਹਲੇ ਹਨ। ਸੌਦੇ ਮਾਰੇ ਜਾ ਰਹੇ ਹਨ। ਪਾਰਟੀਆਂ ਹੋ ਰਹੀਆਂ ਹਨ। ਪਹਾੜਾਂ ਦਾ ਹੁਸਨ ਮਾਣਿਆ ਜਾ ਰਿਹਾ ਹੈ। ਅਜਿਹਾ ਹੀ ਇਕ ਸੌਦਾ ਵਿਦੇਸ਼ੀ ਕਵੀ ਵੀ ਕਰਦਾ ਹੈ ਜੋ ਪਹਿਲਾਂ ਹੀ ਜੂਰੀ ਦੇ ਮੈਂਬਰਾਂ ਲਈ ਨੋਟਾਂ ਦੇ ਭਰੇ ਲਿਫਾਫੇ ਤਿਆਰ ਕਰਕੇ ਲਿਆਂਦਾ ਹੈ। ਉਹ ਤਾਂ ਘੜੰਮ ਚੌਧਰੀ ਨੂੰ ਉਸ ਤੋਂ ਵੀ ਵੱਡਾ ਲਿਫਾਫਾ ਦੇਂਦਾ ਹੈ ਜਿਸਨੇ ਇਨਾਮ ਲਈ ਹਰ ਤਰ੍ਹਾਂ ਦੇ ਗਠਜੋੜ ਕੀਤੇ ਹੋਏ ਹਨ। ਕੁਝ ਅਜਿਹੇ ਪਾਤਰ ਵੀ ਦਿਖਾਏ ਹਨ ਜੋ ਯੂਨੀਵਰਸਿਟੀਆਂ ਦੇ ਘੜੰਮ ਚੌਧਰੀ ਹਨ, ਜਿਨ੍ਹਾਂ ਨੇ ਖ਼ੁਦ ਮੰਨਿਆ ਕਿ ਉਨ੍ਹਾਂ ਨੇ ਪੰਜਾਬ ਦੇ ਸਾਰੇ ਕਾਲਜਾਂ ਵਿਚ ਨਲਾਇਕ ਅਧਿਆਪਕ ਭਰਤੀ ਕਰਕੇ ਸਿਖਿਆ ਦਾ ਭੱਠਾ ਬਿਠਾਇਆ ਹੈ। ਜਦੋਂ ਇਕ ਘੜੰਮ ਚੌਧਰੀ ਵਿਆਗਰਾ ਖਾ ਕੇ ਮੌਤ ਦੇ ਮੂੰਹ ਜਾ ਪੈਂਦਾ ਹੈ ਤਾਂ ਉਹਦੀ ਥਾਂ ਲੈਣ ਲਈ ਉਹਦਾ ਦੂਸਰਾ ਸਾਥੀ ਉਹਦੀ ਗੱਦੀ ਸਾਂਭ ਲੈਂਦਾ ਹੈ। ਉਹਦੇ ਵਰਗੇ ਕਾਰਨਾਮਿਆਂ ਨੂੰ ਹੀ ਅੰਜਾਮ ਦੇਣ ਵਿਚ ਉਹ ਵੀ ਉਹਦੇ ਵਾਂਗ ਮਾਹਰ ਹੈ। ਕੁੰਡੀਆਂ ਲਾਉਂਦਾ ਹੈ ਕੁੜੀਆਂ ਮੱਛੀਆਂ ਨੂੰ ਫਸਾਉਣ ਲਈ।

ਸਮੁੱਚੇ ਨਾਵਲ ਦੇ ਪਾਤਰ ਪਛਾਣਨਯੋਗ ਚੇਹਰੇ ਹਨ ਤੇ ਲੇਖਕ ਨੇ ਉਨ੍ਹਾਂ ਨੂੰ ਉਨ੍ਹਾਂ ਦੀ ਭਾਸ਼ਾ ਰਾਹੀਂ ਹੀ ਪ੍ਰਾਣਵੰਤ ਕਰਨ ਦਾ ਜਤਨ ਕੀਤਾ ਹੈ। ਹੋ ਸਕਦਾ ਹੈ ਕਿ ਪਾਠਕ ਨੂੰ ਇਹ ਨਾਵਲ ਪੜ੍ਹ ਕੇ ਉਹ ਲੇਖਕ ਚੰਗੇ ਲੱਗਣੋਂ ਹੱਟ ਜਾਣ ਜਿਨ੍ਹਾਂ ਨੂੰ ਉਹ ਆਪਣੇ ਆਦਰਸ਼ ਮੰਨਦਾ ਹੈ। ਪਰ ਜਦੋਂ ਉਹ ਉਨ੍ਹਾਂ ਦੇ ਭ੍ਰਿਸ਼ਟਾਚਾਰ 'ਤੇ ਨਜ਼ਰ ਮਾਰੇਗਾ ਤਾਂ ਸਮਝ ਆਏਗੀ ਕਿ ਅਸਲ ਮਸਲਾ ਕੀ ਹੈ। ਨਾਵਲਕਾਰ ਨੇ ਗਲਪੀ ਰਸ ਦੀਆਂ ਜੁਗਤਾਂ ਰਾਹੀਂ ਹੀ ਇਸ ਕਿਰਤ ਨੂੰ ਪਾਠਕਾਂ ਸਾਹਮਣੇ ਪੇਸ਼ ਕੀਤਾ ਹੈ ਹੁਣ ਅੰਤਮ ਫੈਸਲਾ ਵੀ ਪਾਠਕ ਹੀ ਕਰਨਗੇ।

- **ਇਕ ਸਫ਼ਾ ਮੇਰਾ ਵੀ** (ਕਵਿਤਾ) ***ਸੁਰਿੰਦਰ ਗਿੱਲ ਜੈਪਾਲ***

ਕੁਲਵੰਤ ਸਿੰਘ ਔਜਲਾ ਸੂਖਮ ਸੰਵੇਦਨਾ ਵਾਲਾ ਕਵੀ ਹੈ। ਉਹਦੇ ਕੋਲ ਕਾਵਿ ਅਨੁਭਵ ਨੂੰ ਸ਼ਿਲਪ ਰਾਹੀਂ ਪ੍ਰਗਟਾਉਣ ਦਾ ਹੁਨਰ ਹੈ। ਮਾਂ ਇਕ ਅਜਿਹਾ ਬਿੰਬ ਹੈ ਜਿਸ 'ਤੇ ਆਦ ਕਾਲ ਤੋਂ ਕਵਿਤਾ ਰਚੀ ਜਾ ਰਹੀ ਹੈ। ਮਨੁੱਖ ਦੀ ਜੜ੍ਹ ਮਾਂ ਹੁੰਦੀ ਹੈ ਤੇ ਮਾਂ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ। ਮਨੁੱਖਤਾ ਵਿਚ ਮਾਂ ਦਾ ਲਹੂ ਸੰਚਾਰਤ ਹੁੰਦਾ ਹੈ ਤੇ ਏਸੇ ਕਰਕੇ ਕਾਵਿ ਸਾਹਿਤ ਵਿਚ ਮਾਂ ਦੀ ਵਡਿਤਣ ਨੂੰ ਕੇਂਦਰ ਵਿਚ ਰੱਖ ਕੇ ਸੰਗ੍ਰਹਿ ਰਚੇ ਗਏ ਹਨ। ਹਥਲੀ ਕਿਤਾਬ ਵਿਚ ਲੇਖਕ ਨੇ ਮਾਂ ਬਾਰੇ ਬੜੀਆਂ ਅਹਿਮ ਕਵਿਤਾਵਾਂ ਦੀ ਰਚਨਾ ਕੀਤੀ ਹੈ। ਕੁਝ ਉਦਾਹਰਣਾਂ ਲਈਆਂ ਜਾ ਸਕਦੀਆਂ ਹਨ –

- ਸਾਡੇ ਘਰ ਵਿਚ ਹੁੰਦਾ ਸੀ ਜੋ / ਚੁੱਲ੍ਹਾ ਇਕ ਉਦਾਸ ਜਿਹੇ-ਮਾਂ ਵਰਗੀ ਮਿੱਟੀ ਦਾ ਬਣਿਆ / ਤੇ ਮਘਦੇ ਹੋਏ ਇਤਿਹਾਸ ਜਿਹਾ / ਨਾ ਹੁਣ ਮਾਂ ਤੇ ਨਾ ਹੀ ਚੁੱਲ੍ਹਾ / ਤੇ ਨਾ ਹੀ ਮੈਂ ਅਕਾਸ਼ ਜਿਹੇ-ਅਜੇ ਵੀ ਜਿਊਂਦਾ ਖ਼ਾਬਾਂ ਦੇ ਵਿਚੇ-ਚੁੱਲ੍ਹਾ ਦਿਲ ਅਹਿਸਾਸ ਜਿਹਾ
- ਮਾਂ ਜਦੋਂ ਤੂੰ ਜਿਊਂਦੀ ਸੀ ਤਾਂ ਅਕਸਰ ਭੁੱਲ ਜਾਂਦਾ ਸਾਂ ਤੈਨੂੰ / ਭੁੱਲ ਜਾਂਦਾ ਸਾਂ ਤੇਰੇ ਗੋਡਿਆਂ ਦੀ ਪੀੜ ਨੂੰ / ਭੁੱਲ ਜਾਂਦਾ ਸਾਂ ਤੇਰੇ ਚੇਹਰੇ ਉਤੇ ਉਭਰ ਆਈਆਂ / ਝੁਰੜੀਆਂ ਦੀ ਤਪਿਸ਼ ਨੂੰ
- ਮਾਵਾਂ ਦਾ ਰੱਬ ਹੁੰਦੇ ਨੇ ਬੱਚੇ / ਜਿਊਣ ਦਾ ਸਬੱਬ ਹੁੰਦੇ ਨੇ ਬੱਚੇ / ਦੁਨੀਆ ਦੇ ਕਿਸੇ ਵੀ ਕੋਨੇ ਵਿਚ / ਕੁਚਲੀ ਜਾਂਦੀ ਹੈ ਜਦੋਂ ਮਾਸੂਮੀਅਤ / ਤਾਂ ਤੜਪ ਉਠਦੀ ਹੈ ਮਮਤਾ / ਵਲੂੰਧਰੇ ਜਾਣ ਮਾਵਾਂ ਦੇ ਹਿਰਦੇ / ਭੁੱਲ ਜਾਣ ਬੇਸ਼ਕ ਬੰਦੇ / ਭੁੱਲਦੀਆਂ ਨਹੀਂ ਪਰ ਮਾਵਾਂ / ਬੱਚਿਆਂ ਵਾਸਤੇ ਮਾਵਾਂ ਕੋਲ ਹੁੰਦੀਆਂ / ਅਸੀਸਾਂ, ਅਰਜੋਈਆਂ ਤੇ ਦੁਆਵਾਂ

ਕਵੀ ਨੇ ਮਾਂ ਨਾਲ ਜੁੜੀਆਂ ਯਾਦਾਂ, ਘਟਨਾਵਾਂ, ਸਰੋਕਾਰਾਂ, ਕਾਰਾਂ ਵਿਹਾਰਾਂ ਸਭ ਨੂੰ ਮਾਂ ਦੇ ਬਿੰਬ ਵਿਚ ਢਾਲ ਦਿੱਤਾ ਹੈ। ਮਾਂ ਦਾ ਕਾਵਿ ਬਿੰਬ ਵਿਭਿੰਨ ਦਿਸ਼ਾਵਾਂ ਵਿਚ ਫੈਲਦਾ ਨਜ਼ਰ ਆਉਂਦਾ ਹੈ। ਮਾਂ ਦੇ ਹੋਣ ਤੋਂ ਨਾ ਹੋਣ ਵਿਚ ਵਡਿਆਈ ਓਹਲੇ ਵਿਚ ਹੁੰਦੀ ਹੈ ਪਰ ਜਦੋਂ ਮਾਂ ਰੁਖਸਤ ਹੋ ਜਾਂਦੀ ਹੈ ਤੇ ਬਿੰਬ ਬਣ ਜਾਂਦੀ ਹੈ ਤਾਂ ਓਸੇ ਮਾਂ ਨਾਲ ਜੁੜੇ ਵਰਤਾਰੇ, ਵਿਹਾਰ, ਵਸਤੂਆਂ, ਵਖਰੇਵੇਂ, ਵਿਗੋਚੇ ਸਾਰੇ ਅਗਰਭੂਮੀ ਵਿਚ ਆ ਜਾਂਦੇ ਹਨ। ਇਨ੍ਹਾਂ ਛਿੰਨਾਂ ਨੂੰ ਹੀ ਕਵੀ ਨੇ ਕਾਵਿ ਵਿਚ ਢਾਲ ਦਿਤਾ ਹੈ।

ਕਵੀ ਕੋਲ ਪ੍ਰਗੀਤਕ ਸੂਝ ਹੈ। ਇਸ ਰਾਹੀਂ ਉਹ ਕਾਵਿ ਸੰਗੀਤ ਸਿਰਜਦਾ ਹੈ। ਸ਼ਬਦ ਛਣਕਦੇ ਨਜ਼ਰ ਆਉਂਦੇ ਹਨ। ਉਨ੍ਹਾਂ ਦੀ ਖਨਕ ਵਿਚ ਕਾਵਿਕਤਾ ਪਈ ਹੈ। ਮਾਂ ਦੇ ਬਿੰਬ ਨੂੰ ਸੁਹਜਮਈ ਰੂਪ ਵਿਚ ਢਾਲਣ ਲਈ ਮਾਂ ਦੇ ਨੇੜੇ ਦੀ ਆਮ ਭਾਸ਼ਾ ਵਿਚੋਂ ਚੋਣ ਕਰਕੇ ਲੇਖਕ ਉਸਨੂੰ ਵਿਸ਼ੇਸ਼ ਅਰਥ ਤੇ ਵਿਸ਼ੇਸ਼ ਸੰਦਰਭਾਂ ਵਿਚ ਰਖ ਕੇ ਉਹਦੀ ਮਹੱਤਾ ਉਜਾਗਰ ਕਰਦਾ ਹੈ। ਮਾਂ ਦਾ ਚੁੱਲ੍ਹਾ, ਅਰਜੋਈ, ਮਾਂ, ਮਾਂ ਜਦੋਂ ਜਿਊਂਦੀ ਸੀ, ਮਾਂ ਦਾ ਕਾਵਿਕ ਹੋਕਾ, ਮਾਂ ਦਾ ਕਾਵਿਮਈ ਸੁਪਨਾ, ਮਾਂ ਭੁੱਲਦੀ ਨਹੀਂ ਹਰ ਰੋਜ਼ ਜਾਣਾ ਗੁਰਦਵਾਰੇ, ਮਾਵਾਂ, ਆਹਰ ਕਰਦੀ ਮਾਂ, ਮੇਰੀ ਅਨਪੜ੍ਹ ਮਾਂ, ਮਾਂ ਦੀ ਅਰਦਾਸ, ਮਾਂ ਦਾ ਸੰਦੂਕ, ਮੰਡੀ ਯੁੱਗ ਦੀਆਂ ਮਾਵਾਂ ਤੇ ਹੋਰ ਅਨੇਕਾਂ ਕਵਿਤਾਵਾਂ ਦੇਖੀਆਂ ਜਾ ਸਕਦੀਆਂ ਹਨ ਜੋ ਕਾਵਿ ਬਿੰਬ ਨੂੰ ਫੈਲਾਂਦੀਆਂ ਹਨ। ਪੰਜਾਬੀ ਪਾਠਕਾਂ ਲਈ ਅਜਿਹੀ ਕਵਿਤਾ ਵਰਦਾਨ ਹੈ ਕਿਉਂਕਿ ਮਾਂ ਦਾ ਜੁੜਾਵ ਹਰ ਇਨਸਾਨ ਨਾਲ ਹੁੰਦਾ ਹੈ।

-ਪਰਮਜੀਤ ਢੀਂਗਰਾ

- **ਚਿਨਾਰ ਦੀ ਬੇਟੀ** (ਨਾਵਲ) *ਰਤਨ ਸਿੰਘ ਕੰਵਲ*

ਰਤਨ ਸਿੰਘ ਕੰਵਲ ਦਾ ਨਾਵਲ ਚਿਨਾਰ ਦੀ ਬੇਟੀ ਕਸ਼ਮੀਰ ਦੀ ਧਰਤੀ ਦੇ ਸਮਾਜਕ, ਰਾਜਨੀਤਕ, ਧਾਰਮਿਕ, ਆਰਥਿਕ ਤੇ ਸਭਿਆਚਾਰਕ ਪੱਖਾਂ ਦਾ ਜ਼ਿਕਰ ਕਰਦਾ ਹੋਇਆ ਕਸ਼ਮੀਰ ਦੀ ਨਾਰੀ ਦੇ ਸਮਾਜਕ ਸਥਾਨ ਨੂੰ ਦ੍ਰਿਸ਼ਟੀਗੋਚਰ ਕਰਦਾ ਹੈ। ਚਿਨਾਰ ਕਸ਼ਮੀਰ ਦੀ ਸਾਂਝੀ ਵਿਰਾਸਤ ਦਾ ਪ੍ਰਤੀਕ ਹੈ। ਇਹ ਮਾਂ ਦੀ ਠੰਡੀ ਛਾਂ ਵਾਂਗ ਹੈ। ਮਸਰੱਤ, ਆਲੀਆ, ਸ਼ਫ਼ੀਕ, ਰਜੀਆ, ਰਾਜਨ ਤੇ ਮੈਡਮ ਲੋਕ ਸ਼ਕਤੀ ਤੇ ਕ੍ਰਾਂਤੀਕਾਰੀ ਬਿਰਤੀ ਕਰਕੇ ਅਕਬਰ, ਮਾਸਟਰ ਖੁਰਸ਼ੀਦ, ਬਿਲਾਲ ਤੇ ਰਾਖੇ ਦੀ ਜਾਗੀਰਦਾਰੀ ਸੋਚ ਦਾ ਵਿਰੋਧ ਕਰਦੇ ਹਨ। ਨਾਇਕਾ ਆਲੀਆ ਦੁਖਾਂਤਕ ਪ੍ਰਸਥਿਤੀਆਂ ਵਿਚ ਵੀ ਸੰਘਰਸ਼ ਦੇ ਰਸਤੇ ਉੱਪਰ ਕਾਇਮ ਰਹਿੰਦੀ ਹੈ ਅਤੇ ਨਾਰੀ ਚੇਤਨਾ ਨੂੰ ਸ਼ਕਤੀ ਪ੍ਰਦਾਨ ਕਰਦੀ ਹੈ। ਨਾਵਲਕਾਰ ਨੇ ਔਰਤ ਨੂੰ ਸਵੈ-ਹੋਂਦ, ਆਜ਼ਾਦੀ, ਪਹਿਚਾਣ, ਸਮਾਨਤਾ ਦੀ ਕਾਇਮੀ ਲਈ ਨਿਡਰਤਾ ਵਜੋਂ ਰੂਪਮਾਨ ਕੀਤਾ ਹੈ। ਨਾਵਲ ਵਿਚ ਕੋਹਝੀ ਰਾਜਨੀਤੀ, ਭ੍ਰਿਸ਼ਟਾਚਾਰੀ, ਆਰਥਿਕ ਨਾ-ਬਰਾਬਰੀ, ਅਮਾਨਵੀ ਵਿਵਹਾਰ, ਆਤੰਕਵਾਦ ਦਾ ਖ਼ੌਫ਼, ਸਰਕਾਰੀ ਸਿਸਮਟ ਦਾ ਅਨਿਆਂਪੂਰਨ ਵਰਤਾਰਾ, ਮਨੁੱਖਤਾ ਦਾ ਘਾਣ, ਸਹਿਮ ਦਾ ਵਾਤਾਵਰਨ, ਘੱਟ ਗਿਣਤੀਆਂ ਉੱਤੇ ਤਸ਼ੱਦਦ, ਦਹਿਸ਼ਤੀ ਗਤੀਵਿਧੀਆਂ ਦਾ ਬਿਰਤਾਂਤ ਉਸਾਰਿਆ ਹੈ। ਨਾਵਲ ਪੇਂਡੂ ਆਂਚਲਿਕਤਾ ਨਾਲ ਸੰਬੰਧ ਹੈ। ਇਥੋਂ ਦਾ ਪ੍ਰਮੁੱਖ ਕਿੱਤਾ ਖੇਤੀਬਾੜੀ ਤੇ ਬਾਗ਼ਬਾਨੀ ਹੈ। ਪਿੰਡ ਖਾਮਪੁਰ ਤੇ ਰਿਛਨਾੜ ਵਿਚ ਫਿਊਡਲ ਸਮਾਜ ਦੇ ਵਿਭਚਾਰੀ ਰੂਪ ਨੂੰ ਨੰਗਿਆਂ ਕਰਦਾ ਹੈ। ਨਾਵਲ ਵਿਚ ਕਸ਼ਮੀਰ ਸੰਕਟ ਨਾਲ ਸੰਬੰਧਤ ਮੂਲ ਕਾਰਨ ਦਾ ਜ਼ਿਕਰ ਵੀ ਮਿਲਦਾ ਹੈ ਜਿਸ ਨੇ ਕਸ਼ਮੀਰ ਦੀ ਜੰਨਤ ਨੂੰ ਗ੍ਰਹਿਣ ਲਗਾ ਦਿੱਤਾ ਹੈ। ਗਾਲਪਨਿਕ ਪੱਖ ਤੋਂ ਨਾਵਲ ਪਾਠਕਾਂ ਸੁਹਜ-ਸੁਆਦ ਦੇ ਨਾਲ-ਨਾਲ ਕਸ਼ਮੀਰ ਵਿਚਲੀਆਂ ਗੰਭੀਰ ਪ੍ਰਸਥਿਤੀਆਂ ਤੋਂ ਜਾਣੂ ਕਰਵਾਉਂਦਾ ਹੈ। ਰਤਨ ਸਿੰਘ ਕੰਵਲ ਦਾ ਗਹਿਣ ਜੀਵਨ ਤਜ਼ਰਬਾ ਉਸ ਦੀਆਂ ਰਚਨਾਵਾਂ ਵਿਚ ਯਥਾਰਥਵਾਦ ਦੀ ਸੁਰ ਉਭਾਰਦਾ ਹੈ। ਕਸ਼ਮੀਰ ਦੀ ਪਰੰਪਰਕ ਤੇ ਵਰਤਮਾਨ ਸਥਿਤੀ ਜਾਨਣ ਲਈ ਪਾਠਕਾਂ ਲਈ ਇਹ ਨਾਵਲ ਸਹਾਇਕ ਸਿੱਧ ਹੋਵੇਗਾ।

- **ਪੌਣਾਂ ਦੇ ਸਿਰਨਾਵੇਂ** (ਸੰਪਾਦਕ) *ਡਾ. ਸਰਬਜੀਤ ਕੌਰ ਸੋਹਲ*

'ਪੌਣਾਂ ਦੇ ਸਿਰਨਾਵੇਂ' (ਕਾਵਿ ਸੰਗ੍ਰਹਿ) ਡਾ. ਸਰਬਜੀਤ ਕੌਰ ਸੋਹਲ ਨੇ ਸੰਪਾਦਿਤ ਕੀਤੀ ਹੈ। ਇਸ ਵਿਚਲੀਆਂ 13 ਕਵਿਤਰੀਆਂ ਕੋਲ ਬਹੁ-ਦਿਸ਼ਾਵੀ ਤਜ਼ਰਬੇ ਹਨ। ਜੀਵਨ ਪੰਧ ਦੀਆਂ ਤਲਖ਼ ਸੱਚਾਈਆਂ ਇਸ ਦੀਆਂ ਗਵਾਹ ਹਨ। ਵਿਸ਼ਿਆਂ ਦੀਆਂ ਵਿਭਿੰਨ ਪਰਤਾਂ ਉਨ੍ਹਾਂ ਦੇ ਚਿੰਤਨ ਤੇ ਮੰਥਨ ਨੂੰ ਦ੍ਰਿਸ਼ਟੀਗੋਚਰ ਕਰਦੀਆਂ ਹਨ। 'ਔਰਤ ਕੋਲ ਕਰਮਸ਼ੀਲਤਾ, ਸਹਿਣਸ਼ੀਲਤਾ, ਸਿਰਜਣਸ਼ੀਲਤਾ ਦਾ ਅਧਿਕਾਰ ਹੈ ਪਰ ਬੋਲਣਸ਼ੀਲਤਾ ਨਹੀਂ।' ਇਸ ਲਈ ਕਵਿੱਤਰੀਆਂ ਦੀ ਬੁਲੰਦ ਆਵਾਜ਼ ਸਮਾਜਕ ਕੁਰੀਤੀਆਂ ਦੇ ਵਿਰੋਧ ਵਿਚ ਦ੍ਰਿਸ਼ਟਮਾਨ ਹੁੰਦੀ ਹੈ। ਡਾ. ਵਨੀਤਾ ਦੀਆਂ ਕਵਿਤਾਵਾਂ ਸਾਦਗੀ ਤੇ ਗੰਭੀਰਤਾ ਦੇ ਵਿਸ਼ਿਆਂ ਨੂੰ ਰੂਪਮਾਨ ਕਰਦੀਆਂ ਹਨ। ਅਰਤਿੰਦਰ ਸੰਧੂ ਦੀਆਂ ਕਵਿਤਾਵਾਂ ਵਿਚ ਸੰਜੀਦਗੀ, ਵਿਸ਼ਵ ਵਿਆਪੀ ਮੰਚ, ਯਥਾਰਥਕੀ ਤਜ਼ਰਬੇ, ਸਮਾਜਕ ਸਮੱਸਿਆਵਾਂ, ਔਰਤ ਦੀ ਪਹਿਚਾਣ ਦੇ ਮੁੱਦੇ ਦਾ ਮੰਥਨ ਆਪਣੀ ਚਿੰਤਨਸ਼ੀਲ ਦ੍ਰਿਸ਼ਟੀ ਨਾਲ ਕਰਦੇ ਹਨ। ਸਰਬਜੀਤ ਕੌਰ ਸੋਹਲ ਇਸ ਪੁਸਤਕ ਦੀ ਸੰਪਾਦਕ ਹਨ। ਉਨ੍ਹਾਂ ਦੀਆਂ ਕਵਿਤਾਵਾਂ ਮਨ ਦੇ ਅੰਤਹਕਰਨ ਨੂੰ ਦ੍ਰਿਸ਼ਟੀਗੋਚਰ ਕਰਦੀਆਂ ਹਨ। ਪ੍ਰੇਮ-ਪਿਆਰ ਦੀ ਸੱਚੀ ਸੁੱਚੀ ਬਾਤ ਪਾਉਂਦੀਆਂ ਤੇ ਯਥਾਰਥੀ ਵਾਤਾਵਰਣ ਦਾ ਚਿਤਰਨ ਕਰਨ ਵਿਚ ਸਮਰੱਥ ਹਨ। ਅਮੀਆ ਕੁੰਵਰ ਨਸਲੀ ਵਿਤਕਰੇ ਦਾ ਸ਼ਿਕਾਰ ਹੋਣ ਦੇ ਬਾਵਜੂਦ ਆਪਣੇ ਹੱਕਾਂ ਪ੍ਰਤੀ ਡਟੀ ਰਹੀ ਤੇ ਕਵਿਤਾ ਵਿਚ ਸਵੈ-ਪਹਿਚਾਣ ਬਰਕਰਾਰ ਰੱਖਦੀ ਹੈ। ਗੁਰਚਰਨ ਕੋਚਰ ਇਸਤਰੀ ਦੀ ਤ੍ਰਾਸਦੀ, ਭਵਿੱਖੀ ਖ਼ਤਰੇ ਤੇ ਸਮਾਜਕ ਸਿਸਟਮ ਤੋਂ ਸੁਚੇਤ ਕਰਦੀ ਹੈ। ਸੁਰਿੰਦਰ ਸਿਦਕ ਜਨਮ ਤੋਂ ਮੌਤ ਤਕ ਨਾਰੀ ਦੀ ਤ੍ਰਾਸਦਿਕ ਹਯਾਤੀ ਨੂੰ ਕਵਿਤਾਵਾਂ ਵਿਚ ਪ੍ਰਸਤੁਤ ਕਰਦੀ ਹੈ। ਪਵਿੱਤਰ ਮਾਟੀ ਰਿਸ਼ਤਾ-ਨਾਤਾ ਪ੍ਰਣਾਲੀ ਵਿਚ ਔਰਤ ਦੀ ਦੱਬ ਕੁਚਲੀ ਹੋਂਦ ਦਾ ਜ਼ਿਕਰ ਕਰਦੀ ਹੈ। ਸੁਰਜੀਤ ਕੌਰ ਦੀ ਕਵਿਤਾ ਅਦਿੱਖ ਸੰਸਾਰ ਦੀ ਖੋਜ ਕਰਨ ਲਈ ਯਤਨਸ਼ੀਲ ਹੈ। ਡਾ. ਜੱਸ ਮਲਕੀਤ ਪਰਵਾਸ 'ਚ ਬੇਗ਼ਾਨਗੀ ਦੇ ਸੰਕਲਪ ਨੂੰ ਅੰਕਿਤ ਕਰਦੀ ਹੈ। ਰਮਨਦੀਪ ਵਿਰਕ ਦੀਆਂ ਨਜ਼ਮਾਂ ਸੰਖੇਪ ਪਰ ਚਿੰਤਨ ਦੀਆਂ ਗਵਾਹ ਹਨ। ਪ੍ਰਵੀਨ ਕੌਰ ਹਿਮਾਚਲ ਦੇ ਮਨਮੋਹਕ ਦ੍ਰਿਸ਼ਾਂ ਦੇ ਦੀਦਾਰੇ ਕਰਵਾਉਂਦੀ ਪਦਾਰਥਵਾਦੀ ਸਿਸਟਮ ਤੋਂ ਨਿਜਾਤ ਦਿਵਾਉਣ ਦੇ ਕੁਦਰਤ ਦੇ ਲੜ ਲੱਗਣ ਲਈ ਪ੍ਰੇਰਦੀ ਹੈ। ਪੁਸਤਕ ਵਿਚਲੀਆਂ ਕਵਿਤਰੀਆਂ ਨਾਰੀ ਚਿੰਤਨ ਦੀ ਚੇਤਨਾ ਤੇ ਸੰਵੇਦਨਾਵਾਂ ਨੂੰ ਬਹੁਤ ਹੀ ਖ਼ੂਬਸੂਰਤ ਖ਼ਿਆਲਾਂ ਤੇ ਸ਼ਬਦਾਂ ਰਾਹੀਂ ਪੇਸ਼ ਕਰਦੀਆਂ ਹਨ। ਡਾ. ਸਰਬਜੀਤ ਸੋਹਲ ਜੀ ਦਾ ਕਵਿਤਰੀਆਂ ਦੇ ਜੀਵਨ ਤਜ਼ਰਬਿਆਂ ਵਿਚੋਂ ਫੁੱਟਦੀ ਕਵਿਤਾ ਨੂੰ ਪਾਠਕਾਂ ਦੇ ਰੂਬਰੂ ਕਰਵਾਉਣਾ ਸ਼ਲਾਘਾਯੋਗ ਕਦਮ ਹੈ।

- **ਸ੍ਰੀ ਗੁਰੂ ਨਾਨਕ ਦੇਵ ਬਾਣੀ ਤੇ ਵਿਚਾਰ** (ਵਾਰਤਕ) *ਡਾ. ਸੁਦਰਸ਼ਨ ਗਾਸੋ*

ਡਾ. ਸੁਦਰਸ਼ਨ ਗਾਸੋ ਪੰਜਾਬੀ ਸਾਹਿਤ ਜਗਤ ਅਤੇ ਆਲੋਚਨਾ ਦੇ ਖੇਤਰ ਵਿਚ ਵਿਸ਼ੇਸ਼ ਸਥਾਨ ਰੱਖਦੇ ਹਨ। ਉਨ੍ਹਾਂ ਦੀ ਕਲਮ ਨੇ

ਨਵੀਨ ਪ੍ਰਤੀਮਾਨ ਸਥਾਪਿਤ ਕੀਤੇ। ਗਾਸੋ ਦੀ ਕਲਮ ਤੋਂ ਕਾਵਿ-ਸੰਗ੍ਰਹਿ, ਕਹਾਣੀ ਸੰਗ੍ਰਹਿ, ਵਾਰਤਕ, ਅਨੁਵਾਦਿਤ ਪੁਸਤਕਾਂ, ਜੀਵਨੀ ਤੇ ਆਲੋਚਨਾਤਮਕ ਪੁਸਤਕਾਂ ਦੀ ਸਿਰਜਣਾ ਹੋਈ। ਡਾ. ਗਾਸੋ ਦੀ ਅਣਥੱਕ ਮਿਹਨਤ ਤੇ ਸਾਕਾਰਾਤਮਕ ਸਿਰਜਣੀ ਦੀ ਉਪਜ ਪੁਸਤਕ 'ਸ੍ਰੀ ਗੁਰੂ ਨਾਨਕ ਦੇਵ ਬਾਣੀ ਤੇ ਵਿਚਾਰ' ਹੈ। ਇਸ ਵਿਚ ਡਾ. ਗਾਸੋ ਦੀ ਨਿਮਰਤਾ, ਸਹਿਜਤਾ ਤੇ ਪ੍ਰਭਾਵਦਾਇਕ ਸ਼ਬਦ ਚੋਣ ਦ੍ਰਿਸ਼ਟੀਗੋਚਰ ਹੁੰਦੀ ਹੈ। ਇਸ ਵਾਰਤਕ ਪੁਸਤਕ ਵਿਚ 16 ਆਰਟੀਕਲ ਹਨ ਜੋ ਗੁਰੂ ਸਾਹਿਬ ਦੇ ਚਿੰਤਨ ਤੇ ਵਿਚਾਰਧਾਰਕ ਪੱਖ ਨੂੰ ਬਹੁਤ ਹੀ ਸਰਲ, ਸਪੱਸ਼ਟ ਸ਼ਬਦਾਂ ਵਿਚ ਲੋਕਾਈ ਤਕ ਪਹੁੰਚਾਉਂਦੇ ਹਨ। ਕਿਹਾ ਜਾਂਦਾ ਹੈ ਕਿ 'ਸਭ ਤੋਂ ਔਖਾ ਹੈ ਸੌਖਾ ਕਰਕੇ ਲਿਖਣਾ' ਪੁਸਤਕ ਇਸ ਧਾਰਨਾ ਉੱਪਰ ਖਰੀ ਉਤਰਦੀ ਹੈ। ਨਾਨਕ ਬਾਣੀ ਲੋਕ ਮਾਨਸ ਲਈ ਮਹਿਕ ਹੈ। ਇਸ ਮਹਿਕ ਨੂੰ ਡਾ. ਗਾਸੋ ਨੇ ਪਾਠਕਾਂ ਤਕ ਪਹੁੰਚਾ ਕੇ ਆਪਣੇ ਜੀਵਨ ਦਾ ਅਸਲ ਫ਼ਰਜ਼ ਨਿਭਾਇਆ ਹੈ। ਪੁਸਤਕ ਵਿਚ ਦਾਰਸ਼ਨਿਕਤਾ ਤੇ ਦੁਨਿਆਵੀ ਬਣਤਰ ਵਿਚ ਸੁਮੇਲਤਾ ਸਥਾਪਿਤ ਕੀਤੀ ਹੈ। ਪੁਸਤਕ ਵਿਚਲੀ ਵਾਰਤਕ ਸ਼ੈਲੀ ਰਸਦਾਇਕ ਹੈ। ਜਿਵੇਂ 'ਮਨੁੱਖ ਅਨੇਕਾਂ ਪਾਸਿਆਂ ਤੋਂ ਸਮੱਸਿਆਵਾਂ ਦੇ ਬਰਛਿਆਂ ਵਿਚ ਘਿਰਿਆ ਗਿੜਗਿੜਾ ਰਿਹਾ ਸੀ।' ਆਧੁਨਿਕ ਸਮੇਂ ਦੀਆਂ ਭਿਆਨਕ ਪ੍ਰਸਥਿਤੀਆਂ ਮਹਾਂਮਾਰੀਆਂ ਦਾ ਫੈਲਾਓ, ਅਨੈਤਿਕਤਾ ਦਾ ਪਸਾਰਾ, ਚੋਰ ਬਾਜ਼ਾਰੀ, ਭ੍ਰਿਸ਼ਟਾਚਾਰੀ, ਸਰਕਾਰਾਂ ਦੀ ਦਾਨਵੀ ਪ੍ਰਵਿਰਤੀ, ਅਨਿਆਂ ਵਿਚ ਵਾਧਾ, ਕੁਦਰਤ ਜੀਵਨ ਜਾਂਚ ਨੂੰ ਬਰਬਾਦ ਤੇ ਤਬਾਹ ਕਰ ਰਹੇ ਹਨ। ਇਸ ਭਿਆਨਕ ਵਾਤਾਵਰਣ ਵਿਚ ਗੁਰੂ ਜੀ ਦੀਆਂ ਸਿੱਖਿਆਵਾਂ ਬਾਰੇ ਪੁਸਤਕ ਦੀ ਆਮਦ ਮਨੁੱਖ ਦੇ ਤਪਦਿਆਂ ਹਿਰਦਿਆਂ ਨੂੰ ਠਾਰਨ ਤੇ ਧਰਵਾਸ ਦੇਣ ਵਿਚ ਸਹਾਇਕ ਸਿੱਧ ਹੋਵੇਗੀ। ਗੁਰੂ ਜੀ ਦਾ ਲੋਕਮੁਖੀ ਸਿਧਾਂਤ ਲੋਕਾਈ ਤਕ ਪਹੁੰਚਾਉਣ ਦਾ ਯਤਨ ਸਲਾਹੁਣਯੋਗ ਹੈ। ਵਿਦਵਾਨਾਂ, ਖੋਜਾਰਥੀਆਂ, ਪਾਠਕਾਂ ਤੇ ਆਮ ਇਨਸਾਨਾਂ ਲਈ ਇਹ ਪੁਸਤਕ ਵਿਚਾਰਣਯੋਗ ਹੈ ਅਤੇ ਇਸ ਵਿਚਲੇ ਨੈਤਿਕ ਮੁੱਲ-ਵਿਧਾਨ ਅਪਣਾਉਣ ਯੋਗ ਹਨ।

- **ਦਰਪਨ ਤੇ ਦਰਸ਼ਨ** (ਕਾਵਿ ਸੰਗ੍ਰਹਿ) ***ਰਵਿੰਦਰ ਰਵੀ***

ਰਵਿੰਦਰ ਰਵੀ ਦਾ 'ਦਰਪਨ ਤੇ ਦਰਸ਼ਨ' 25ਵਾਂ ਕਾਵਿ-ਸੰਗ੍ਰਹਿ ਹੈ। ਉਸਦਾ ਪੰਜਾਬੀ ਸਾਹਿਤ ਨੂੰ ਯੋਗਦਾਨ ਇਹ ਹੈ ਕਿ ਉਸਦੀ ਨਵੀਂ ਪੁਸਤਕ ਦੀ ਉਡੀਕ ਪਾਠਕ ਤੇ ਆਲੋਚਕਾਂ ਨੂੰ ਰਹਿੰਦੀ ਹੈ। ਉਸਨੇ ਸਾਹਿਤ ਦੇ ਰੂਪਾਂ ਕਵਿਤਾ, ਕਹਾਣੀ, ਕਾਵਿ-ਨਾਟਕ, ਸਵੈ-ਜੀਵਨੀ, ਵਾਰਤਕ ਤੇ ਆਲੋਚਨਾ ਦੇ ਖੇਤਰ ਵਿਚ ਸਰਬਾਂਗੀ ਪਹਿਚਾਣ ਸਥਾਪਿਤ ਕੀਤੀ। ਉਨ੍ਹਾਂ ਦੀਆਂ ਹੁਣ ਤੱਕ 60 ਦੇ ਕਰੀਬ ਪੁਸਤਕਾਂ ਪ੍ਰਕਾਸ਼ਿਤ ਹੋ ਚੁੱਕੀਆਂ ਹਨ। ਜਿਨ੍ਹਾਂ ਵਿਚ ਕਾਵਿ-ਸੰਗ੍ਰਹਿ 25, ਵਾਰਤਕ 4, ਕਹਾਣੀ ਸੰਗ੍ਰਹਿ 9, ਕਾਵਿ-ਨਾਟਕ 16, ਸਾਹਿਤਕ ਆਲੋਚਨਾ 4, ਸਵੈ-ਜੀਵਨੀ 2, ਯਾਤਰਾ1, ਆਦਿ ਹਨ। ਪਾਕਿਸਤਾਨ ਵਿਚ ਸ਼ਾਹਮੁਖੀ ਵਿਚ ਪੁਸਤਕਾਂ ਵੀ ਉਪਲਬਧ ਹਨ। ਜੇਕਰ ਮਾਣ-ਸਨਮਾਨ ਤੇ ਪੁਰਸਕਾਰਾਂ ਦੀ ਗੱਲ ਕੀਤੀ ਜਾਵੇ ਤਾਂ ਉਹ ਅਣਗਿਣਤ ਹਨ। ਭਾਰਤ ਤੇ ਪਾਕਿਸਤਾਨ ਵਿਚ ਉਸ ਦੀਆਂ ਪੁਸਤਕਾਂ ਉਪਰ ਅਨੇਕ ਖੋਜ-ਪ੍ਰਬੰਧ ਤੇ ਖੋਜ-ਨਿਬੰਧ ਕਰਵਾਏ ਹਨ। 'ਦਰਪਨ ਤੇ ਦਰਸ਼ਨ' ਕਾਵਿ-ਸੰਗ੍ਰਹਿ ਵਿਚ ਸਮਾਜ ਦੇ ਹਰੇਕ ਵਿਸ਼ੇ ਨਾਲ ਸੰਬੰਧਿਤ 59 ਕਵਿਤਾਵਾਂ, ਕਰੋਨਾ ਕਾਲ ਨਾਲ ਸੰਬੰਧਤ 7, ਕਿਸਾਨ ਅੰਦੋਲਨ ਨਾਲ ਸੰਬੰਧਤ 15 ਕਵਿਤਾਵਾਂ ਦਰਜ ਹਨ। ਇਸ ਤੋਂ ਇਲਾਵਾ ਪੁਸਤਕ 'ਚ ਅੰਤਿਕਾ, ਰਵਿੰਦਰ ਰਵੀ ਆਲੋਚਕਾਂ ਦੀ ਨਜ਼ਰ ਵਿਚ, ਪੁਸਤਕ ਦਰਸ਼ਨ ਆਦਿ ਸਿਰਲੇਖਾਂ ਅਧੀਨ ਰਵਿੰਦਰ ਰਵੀ ਦਾ ਜੀਵਨ-ਬਿਊਰਾ, ਰਚਨਾਵਾਂ, ਪੁਰਸਕਾਰ, ਇਨਾਮ, ਸਨਮਾਨ, ਰੀਵਿਊ, ਖੋਜ-ਪ੍ਰਬੰਧ, ਖੋਜ-ਨਿਬੰਧ, ਆਲੋਚਨਾਤਮਕ ਪੁਸਤਕਾਂ ਦੇ ਵੇਰਵੇ ਦਰਜ ਹਨ। ਰਵਿੰਦਰ ਰਵੀ ਬਾਰੇ ਮਹੱਤਵਪੂਰਨ ਜਾਣਕਾਰੀ ਦਰਜ ਹੋਣ ਕਰਕੇ ਖੋਜਾਰਥੀਆਂ ਲਈ ਇਹ ਪੁਸਤਕ ਵਿਚਾਰਣਯੋਗ ਹੈ। ਪੁਸਤਕ 'ਦਰਪਨ ਤੇ ਦਰਸ਼ਨ' ਉੱਪਰ ਫੋਕਸ ਕਰੀਏ ਤਾਂ ਆਧੁਨਿਕ ਸਿਸਟਮੀ ਪ੍ਰਬੰਧ ਵਿਚ ਮਨੁੱਖੀ ਹੋਣੀ ਦੀ ਤਸਵੀਰ ਦ੍ਰਿਸ਼ਟੀਗੋਚਰ ਹੁੰਦੀ ਹੈ। ਮਨੁੱਖ ਸਰਕਾਰੀ ਨਿਜ਼ਾਮ, ਅਨਿਆਂ, ਕਾਰਪੋਰੇਟ ਘਰਾਣਿਆਂ ਦੇ ਮੱਕੜ ਜਾਲ 'ਚ ਫਸਿਆ ਹੈ। ਕੋਵਿਡ ਕਾਲ ਦੌਰਾਨ ਭਾਰਤੀ ਸਿਹਤ ਪ੍ਰਣਾਲੀ ਦੀ ਪੋਲ ਵੀ ਖੁੱਲ੍ਹ ਗਈ ਹੈ ਜਿਸ ਕਾਰਨ ਲੱਖਾਂ ਜਾਨਾਂ ਗਈਆਂ। ਕਿਸਾਨੀ ਅੰਦੋਲਨ, ਸਵੈ-ਪਹਿਚਾਣ ਦਾ ਮੁੱਦਾ, ਸਮਾਜਕ ਸਰੋਕਾਰ, ਆਰਥਿਕ ਨਿਘਾਰ, ਮਾਨਸਿਕ ਸੰਤਾਪ, ਬੇਗ਼ਾਨਗੀ, ਉਦਾਸੀਨਤਾ, ਮਖੌਟਾ ਕਲਚਰ ਆਦਿ ਵਿਸ਼ਵ-ਵਿਆਪੀ ਵਿਸ਼ੇ ਦ੍ਰਿਸ਼ਟੀਗੋਚਰ ਹੁੰਦੇ ਹਨ। ਜਿਸ ਤੋਂ ਆਰੰਭ ਹੋਇਆ ਅੰਦੋਲਨ ਰਾਸ਼ਟਰੀ ਰੂਪ ਧਾਰਨ ਕਰ ਗਿਆ। ਰਵਿੰਦਰ ਰਵੀ ਦੀਆਂ ਕਵਿਤਾਵਾਂ ਵਿਚ ਮਨੁੱਖ ਆਪਣੇ ਹੱਕਾਂ ਪ੍ਰਤੀ ਜੂਝਦਾ ਦਿਖਾਈ ਦਿੰਦਾ ਹੈ। ਸਰਕਾਰਾਂ ਦੀ ਆਪਣੀ ਅਵਾਮ ਨਾਲ ਧੱਕੇਸ਼ਾਹੀ ਦੇ ਪ੍ਰਮਾਣ ਵਜੋਂ : *ਅੱਥਰੂ ਗੋਲੇ, ਪਾਣੀ ਤੋਪਾਂ, ਲਾਠੀਆਂ ਵੀ ਬਰਸਾਣ / ਸ਼ਾਂਤਮਈ ਸੰਘਰਸ਼ ਦੇ ਉੱਤੇ ਕੈਸਾ ਕਹਿਰ ਕਮਾਣ।* ਕਵਿਤਾ ਬਾਰੇ : *ਜਦੋਂ ਸੋਚ ਬਿਮਾਰ ਹੋ ਜਾਏ / ਕੁਝ ਵੀ ਰਾਜ਼ੀ ਨਹੀਂ ਰਹਿੰਦਾ।*

ਰਵਿੰਦਰ ਰਵੀ ਦੇ ਦਰਪਨ ਤੇ ਦਰਸ਼ਨ ਦੇ ਸਾਹਮਣੇ ਸਾਰਿਆਂ ਦੇ ਅਸਲ ਚਿਹਰੇ ਉਜਾਗਰ ਹੋ ਜਾਂਦੇ ਹਨ। ਸਰਕਾਰੀ ਸਿਸਟਮ ਦੀਆਂ ਅੰਦਰਵਰਤੀ ਪਰਤਾਂ ਨੂੰ ਨਸ਼ਰ ਕਰਕੇ ਕੋਵਿਡ ਮਹਾਂਮਾਰੀ ਤੇ ਕਾਲੇ ਕਾਨੂੰਨਾਂ ਪਿੱਛੇ ਕਾਰਜਸ਼ੀਲ ਘਰਾਣਿਆਂ ਦੇ ਚਿਹਰੇ ਨਜ਼ਰ ਆਉਂਦੇ ਹਨ ਜੋ ਸਾਰੀ ਕਿਰਤੀ ਅਵਾਮ ਦੇ ਪੈਰਾਂ ਹੇਠੋਂ ਜ਼ਮੀਨ ਕੱਢਣਾ ਚਾਹੁੰਦੀ ਹੈ। ਰਵਿੰਦਰ ਰਵੀ ਦੀ ਪੁਸਤਕ 'ਦਰਸ਼ਨ ਤੇ ਦਰਪਣ' ਦੀ ਆਮਦ ਮਨੁੱਖ ਨੂੰ ਤੱਥ ਤੇ ਸੱਚ ਨਾਲ ਜੋੜਨ ਲਈ ਸ਼ਲਾਘਾਯੋਗ ਤੇ ਪ੍ਰਭਾਵਦਾਇਕ ਕਦਮ ਹੈ।

- **ਬਰਖ਼ਿਲਾਫ਼ ਬਜ਼ਾਤੇ ਖ਼ੁਦ** (ਸੰਪਾਦਕ) *ਦੇਸ ਰਾਜ ਕਾਲੀ*

ਡਾ. ਸਰਬਜੀਤ ਕੌਰ ਸੋਹਲ ਦਾ ਸਮੁੱਚਾ ਕਾਵਿ-ਸੰਗ੍ਰਹਿ ਹੈ। ਇਸ ਵਿਚ 6 ਪੁਸਤਕਾਂ ਦੀਆਂ ਚੋਣਵੀਆਂ ਕਵਿਤਾਵਾਂ ਦਰਜ ਹਨ। ਦੇਸ ਰਾਜ ਕਾਲੀ ਨੇ ਭੂਮਿਕਾ ਵਿਚ ਸੋਹਲ ਕਾਵਿ ਦੇ ਨਿਵੇਕਲੇ ਤੇ ਪ੍ਰਭਾਵਦਾਇਕ ਪੱਖਾਂ ਨੂੰ ਦ੍ਰਿਸ਼ਟੀਗੋਚਰ ਕੀਤਾ ਹੈ। ਸੋਹਲ ਕਾਵਿ ਦੇ ਸਮਾਜਕ, ਆਰਥਿਕ, ਰਾਜਨੀਤਕ, ਧਾਰਮਿਕ, ਸਭਿਆਚਾਰਕ ਧਰੋਹਰ ਅਧੀਨ ਨਾਰੀ ਚੇਤਨਾ ਤੇ ਚਿੰਤਨ ਨੂੰ ਰੂਪਮਾਨ ਕੀਤਾ ਹੈ। ਕਾਵਿ-ਸੰਗ੍ਰਹਿ ਵਿਚ ਪ੍ਰਮੁੱਖ ਪ੍ਰਸ਼ਨ ਕੀ ਨਾਰੀ ਆਦਿ ਤੋਂ ਆਧੁਨਿਕ ਤੱਕ ਸਫ਼ਰ ਕਰਨ ਤੋਂ ਬਾਅਦ ਆਜ਼ਾਦ ਹੋਂਦ ਪ੍ਰਾਪਤ ਕਰ ਸਕੀ ? ਫ਼ਿਜ਼ਾ ਵਿਚ ਲਗਾਤਾਰ ਧੁਨੀ ਗੂੰਜਦੀ ਹੈ। 'ਸਫ਼ਰ ਦਰ ਸਫ਼ਰ' ਵਿਚ ਮਾਨਵੀ ਚਿੰਤਨ ਦੇ ਸਰੋਕਾਰ ਮਾਤ੍ਰਿਤਵ, ਸੰਵੇਦਨਾ ਤੇ ਵਾਤਸਲਯ ਹਨ। ਇਸ ਵਿਚ ਉਹ ਦੁਨੀਆ ਦੀ ਖ਼ੈਰ ਦਾ ਪ੍ਰਵਚਨ ਉਚਾਰਦੀ ਤੇ ਉਸਾਰਦੀ ਹੈ। ਮਨੁੱਖ ਇਕੱਲਤਾ ਤੇ ਬੇਗ਼ਾਨਗੀ ਕਾਰਨ ਉਦਾਸ ਹੈ। 'ਐਵੇਂ ਕਿਵੇਂ' ਵਿਚ ਔਰਤ-ਮਰਦ ਦੇ ਸੰਬੰਧਾਂ ਦੀ ਯਥਾਰਥੀ ਤਸਵੀਰ ਪ੍ਰਸਤੁਤ ਹੁੰਦੀ ਹੈ। ਦਾਰਸ਼ਨਿਕ ਪੱਖੋਂ ਔਰਤ-ਮਰਦ ਦੀ ਸਵੈ-ਪਹਿਚਾਣ ਤੇ ਵਿਵਹਾਰਕਤਾ ਨੂੰ ਵਿਸਥਾਰਦੀ ਹੈ। ਪੰਜਾਬੀ ਅਖਾਣ, ਮੁਹਾਵਰੇ ਤੇ ਸਭਿਆਚਾਰਕ ਪਰਤਾਂ ਨੂੰ ਦਾਰਸ਼ਨਿਕ ਸੰਦਰਭ ਵਿਚ ਬਿਆਨਦੀ ਹੈ। 'ਗੁੰਨ੍ਹੀ ਮਿੱਟੀ' ਸੰਗ੍ਰਹਿ ਦੀਆਂ ਕਵਿਤਾਵਾਂ ਵਿਚ 'ਮੈਂ ਤੋਂ ਮੈਂ' ਭਾਵ ਨਿੱਜੀਕਰਨ ਦੇ ਹਿੱਤਾਂ ਤਕ ਸਿਮਟ ਜਾਣ ਦਾ ਵਿਰੋਧ ਕਰਦੀ ਹੈ। ਮਨੁੱਖਤਾ ਦੇ ਖਚਿਤ ਤੇ ਖਾਰੇ ਪਲਾਂ ਦਾ ਸੰਵੇਦਨਾਮਈ ਬਿਆਨ ਹੈ। ਉਹ ਸਹਿਮਤੀ ਨਾਲੋਂ ਅਸਹਿਮਤੀ ਵਿਚ ਮਨੁੱਖ ਦੀ ਆਜ਼ਾਦ ਹੋਂਦ ਨੂੰ ਬਰਕਰਾਰ ਰੱਖਣ 'ਤੇ ਜ਼ੋਰ ਦਿੰਦੀ ਹੈ। 'ਕਾਵਿ ਕੁਣਕਾ' ਵਿਚ ਸੋਹਲ ਨੇ ਇਸ਼ਕ ਦੇ ਜੋਗਮਤੀ ਸਰੂਪ ਨੂੰ ਉਸਾਰਿਆ ਹੈ। ਇਸ ਵਿਚ ਨਾਥਾਂ ਦੀ ਲੋਕਮੁਖਤਾ ਦੀ ਧੁਨੀ ਦਾ ਨਾਦ ਗੂੰਜਦਾ ਹੈ। ਜੋਗਮਤ ਕਾਰਨ ਕਵਿਤਾਵਾਂ ਗਹਿਣ ਜੀਵਨ-ਜਾਂਚ ਦੀ ਧਾਰਨਾ ਦਾ ਪ੍ਰਵਚਨ ਹਨ। 'ਮੁਹੱਬਤਗਿਰੀ' ਸੰਗ੍ਰਹਿ ਦੀਆਂ ਕਵਿਤਾਵਾਂ ਨਾਰੀ ਚਿੰਤਨ ਤੇ ਸੂਖ਼ਮ ਤੋਂ ਸੂਖ਼ਮ ਪੱਖਾਂ ਦੀ ਤਸਵੀਰ ਹਨ। ਕਾਰਪੋਰੇਟ ਘਰਾਣਿਆਂ ਦੀ ਪਦਾਰਥਕਤਾ ਕਾਰਨ ਔਰਤ ਤੇ ਮਰਦ ਦੋਵੇਂ ਹੀ ਇਸ ਦਾ ਸ਼ਿਕਾਰ ਹਨ। ਆਧੁਨਿਕ ਤਕਨਾਲੋਜੀ ਦੀ ਦਿਖਾਵੇਬਾਜ਼ੀ ਉੱਪਰ ਤਨਜ਼ ਕੱਸਿਆ ਹੈ। 'ਐਨੀਮੇਟਿਡ ਰਿਸ਼ਤੇ' ਵਿਚ ਨਾਰੀ ਤੇ ਨਰ ਦੇ ਦਵੰਦਾਤਮਕ ਰਿਸ਼ਤਿਆਂ ਦੀ ਹੋਣੀ ਉਜਾਗਰ ਹੁੰਦੀ ਹੈ। ਐਬਸਰਡ ਦੀ ਜੁਗਤ ਕਰਕੇ ਉਸ ਦੀਆਂ ਕਵਿਤਾਵਾਂ ਵਿਚਲਾ ਨਿਵੇਕਲਾ ਅੰਦਾਜ਼-ਏ-ਬਿਆਨ ਬਰਕਰਾਰ ਰਹਿੰਦਾ ਹੈ। ਆਧੁਨਿਕ ਮਨੁੱਖਤਾ ਦੀ ਹੋਣੀ ਤੇ ਸਵੈ-ਪਹਿਚਾਣ ਐਨੀਮੇਟਿਡ ਰਿਸ਼ਤਿਆਂ ਵਿਚ ਤਬਦੀਲ ਹੋ ਗਈ ਹੈ ਜਿਸ ਕਾਰਨ ਮਨੁੱਖ ਸਮੱਸਿਆਵਾਂ ਵਿਚ ਘਿਰਿਆ ਬੇਬਸ ਹੋ ਗਿਆ ਹੈ। ਦੇਸ ਰਾਜ ਕਾਲੀ ਦੁਆਰਾ ਸੰਪਾਦਿਤ ਬਰਖ਼ਿਲਾਫ਼ ਬਜ਼ਾਤੇ ਖ਼ੁਦ ਸੋਹਲ ਦੇ ਕਾਵਿ-ਲੋਕ ਦੀ ਮਨੁੱਖ ਦੀ ਸਵੈ-ਪਹਿਚਾਣ ਨੂੰ ਬਰਕਰਾਰ ਰੱਖਣ 'ਤੇ ਕੇਂਦਰਤ ਹੈ। ਪਾਠਕਾਂ ਲਈ ਵਿਚਾਰਣਯੋਗ ਪੁਸਤਕ ਹੈ।

- **ਲੌਕਡਾਊਨ** (ਕਾਵਿ ਸੰਗ੍ਰਹਿ) *ਸੁਖਿੰਦਰ*

ਸੁਖਿੰਦਰ ਦਾ ਕਾਵਿ-ਸੰਗ੍ਰਹਿ 'ਲੌਕਡਾਊਨ' ਤਰਕ ਭਾਰਤੀ ਪ੍ਰਕਾਸ਼ਨ, ਬਰਨਾਲਾ ਨੇ ਛਾਪਿਆ ਹੈ। ਇਸ ਵਿਚ ਕੋਵਿਡ-19 ਕਾਰਨ 'ਲੌਕਡਾਊਨ' ਵਿਚ ਮਨੁੱਖੀ ਸੰਤਾਪ ਦਾ ਪ੍ਰਵਚਨ ਉਸਰਿਆ ਗਿਆ ਹੈ। ਸੁਖਿੰਦਰ ਨੇ ਪੰਜਾਬੀ ਸਾਹਿਤ ਜਗਤ ਦੀ ਝੋਲੀ 18 ਕਿਤਾਬਾਂ ਪਾਈਆਂ ਹਨ। ਇਹ ਮਨੁੱਖ ਦੀਆਂ ਸਮੱਸਿਆਵਾਂ ਨੂੰ ਪੇਸ਼ ਕਰਦੀਆਂ ਹਨ। ਸਾਮਰਾਜੀ ਸਰਕਾਰਾਂ ਨੇ ਇਸ ਮਹਾਂਮਾਰੀ ਨੂੰ ਵੀ ਮੰਡੀ ਦੀ ਦ੍ਰਿਸ਼ਟੀ ਤੋਂ ਲਾਭ ਪ੍ਰਾਪਤ ਵਜੋਂ ਲਿਆ ਹੈ। ਸੁਖਿੰਦਰ ਨੇ ਭਾਰਤੀ ਰਾਜਨੀਤੀ ਤੇ ਮੀਡੀਏ ਦੇ ਵਿਕਰਾਲ ਰੂਪ ਨੂੰ ਨੇੜਿਓਂ ਤੱਕਦੇ ਹੋਏ ਸੌੜੀ ਰਾਜਨੀਤੀ ਦਾ ਪਰਦਾਫਾਸ਼ ਕੀਤਾ ਹੈ। ਭਾਰਤ ਨੂੰ ਬੰਦ ਕਰਨਾ ਵਿਗਿਆਨ ਫ਼ੈਸਲਾ ਹੋ ਸਕਦਾ ਹੈ ਪਰ ਨੇਤਾਵਾਂ ਨੇ ਅੰਧ-ਵਿਸ਼ਵਾਸ ਦੀ ਰਾਜਨੀਤੀ ਖੇਡੀ : *ਕਰੋਨਾ ਵਾਇਰਸ ਦੇਵਤਾ ਪਧਾਰ ਰਿਹਾ ਹੈ / ਦੇਸ਼ ਵਾਸੀਆਂ ਨੂੰ ਹੁਕਮ ਹੈ / ਭਰਵਾਂ ਸੁਆਗਤ ਕੀਤਾ ਜਾਵੇ*।

ਕੇਂਦਰ ਸਰਕਾਰ ਨੇ ਅੰਬਾਨੀ, ਅੰਡਾਨੀ ਵਰਗੇ ਵਪਾਰੀਆਂ ਨੂੰ ਲਾਭ ਪਹੁੰਚਾਉਣ ਲਈ ਮਨੁੱਖਤਾ ਦਾ ਘਾਣ ਕੀਤਾ, ਮੰਦੇ ਕਾਨੂੰਨ ਬਣਾਏ, ਜ਼ਬਰ ਜ਼ੁਲਮ ਕੀਤਾ, ਕੰਮ ਠੱਪ ਹੋ ਗਏ। ਭੁੱਖਮਰੀ ਵਧੀ, ਮਨੁੱਖੀ ਅੰਗਾਂ ਦੀ ਤਸਕਰੀ ਕੀਤੀ, ਕਿਸਾਨੀ ਉੱਤੇ ਕਾਲੇ ਕਾਨੂੰਨ ਥੋਪੇ, ਸਿਹਤ ਸਹੂਲਤਾਂ ਮੁਹੱਈਆ ਨਾ ਕਰਵਾਈਆਂ, ਮੋਦੀ ਮੀਡੀਏ ਨੇ ਅੰਧ ਵਿਸ਼ਵਾਸ ਫੈਲਾਇਆ, ਮੋਦੀ ਦਾ ਗੁਣਗਾਣ ਕੀਤਾ, ਅਸਲ ਤੱਥਾਂ ਨੂੰ ਬਿਆਨ ਨਾ ਕੀਤਾ। ਕਵੀ ਨੇ ਮੋਦੀ ਦੀ ਖ਼ਤਰਨਾਕ ਸਿਆਸਤ ਨੂੰ ਨਸ਼ਰ ਕੀਤਾ : *ਹਿੰਦੂ ਕਰੋਨਾ ਮੁਸਲਿਮ ਕਰੋਨਾ ਦੀ / ਹਾਲ ਦੁਹਾਈ ਪਾ ਕੇ / ਲੋਕ ਮਾਨਸਿਕਤਾ ਵਿਚ / ਨਿੱਤ ਜ਼ਹਿਰ ਦਾ ਧੂੜਾ ਮਾਰ ਰਹੇ ਹਨ*।

ਅਮਰੀਕਾ ਤੇ ਚੀਨ ਨੇ ਕਰੋਨਾ ਦੇ ਸੰਸਾਰ ਵਿਚ ਫੈਲਣ 'ਤੇ ਇਕ-ਦੂਜੇ ਉੱਪਰ ਤੋਹਮਤਾਂ ਲਗਾਈਆਂ ਪਰ ਆਮ ਮਨੁੱਖਤਾ ਦੇ ਦੁੱਖ ਦਰਦ ਦੂਰ ਕਰਨ ਦੇ ਯਤਨ ਨਾ ਕੀਤੇ। ਸੁਖਿੰਦਰ ਨੇ ਸੱਤਾਧਾਰੀ ਸੋਚ ਵਾਲੇ ਪੰਜਾਬੀ ਬੁੱਧੀਜੀਵੀ, ਪੱਤਰਕਾਰ, ਟੀਵੀ ਐਂਕਰ, ਲੇਖਕ, ਕਲਾਕਾਰ ਤੇ ਗੋਦੀ ਮੀਡੀਏ ਨੂੰ ਕਵਿਤਾਵਾਂ ਵਿਚ ਨਸ਼ਰ ਕੀਤਾ। ਸੁਖਿੰਦਰ ਨੇ ਅਗਨ ਭਾਸ਼ਾ ਵਰਤ ਕੇ ਪਦਾਰਥਵਾਦੀ ਸਿਸਟਮ ਦਾ ਵਿਰੋਧ ਕੀਤਾ ਹੈ। ਸੁਖਿੰਦਰ ਦੀ ਕਵਿਤਾ ਦਾ ਮਾਡਲ ਤਿੱਖੀ ਪੱਤਰਕਾਰੀ ਵਾਂਗ ਹੈ ਜਿਸ ਨੂੰ ਪਾਠਕਾਂ ਦਾ ਵਿਸ਼ੇਸ਼ ਵਰਗ

ਪੜ੍ਹਦਾ ਹੈ। ਕਵੀ ਦੀ ਕਵਿਤਾ ਮਾਨਵ-ਵਿਰੋਧੀ ਸ਼ਕਤੀਆਂ ਨਾਲ ਸੰਵਾਦ ਰਚਾਉਂਦੀ ਹੋਈ ਰੋਸ ਦਾਖ਼ਲ ਕਰਵਾਉਂਦੀ ਹੈ। ਕਰੋਨਾ ਸੰਕਟ ਨੇ ਮਨੁੱਖ ਨੂੰ ਅੰਦਰੋਂ ਬਾਹਰੋਂ ਝੰਜੋੜਿਆ ਜਿਸ ਵਿਚ ਸੰਦੇਵਨਸ਼ੀਲਤਾ ਕਈ ਕੋਣਾਂ ਤੋਂ ਪਛਾਣੀ ਗਈ। ਕਾਵਿ-ਸੰਗ੍ਰਹਿ ਵਿਚ ਕਰੋਨਾ ਸੰਕਟ ਦੇ ਬਹੁਪਰਤੀ ਆਯਾਦ ਤੇ ਪ੍ਰਭਾਵ ਦਾ ਜ਼ਿਕਰ ਕੀਤਾ ਹੈ। ਕਵੀ ਨੇ ਭਾਰਤ ਦੇ ਸ਼ਕਤੀਸ਼ਾਲੀ ਦੇਸ ਹੋਣ ਦੇ ਭਰਮ ਜਾਲ ਨੂੰ ਤਾਲਾਬੰਦੀ ਦੇ ਹਵਾਲੇ ਨੇ ਤੋੜਿਆ ਹੈ। ਕਵੀ ਨਿਡਰਤਾ ਨਾਲ ਕਹਿੰਦਾ ਹੈ ਕਿ ਕਰੋਨਾ ਸੰਕਟ ਦੇ ਬਹਾਨੇ ਸਾਮਰਾਜੀ ਸ਼ਕਤੀਆਂ ਨੇ ਕਾਰਪੋਰੇਟ ਘਰਾਣਿਆਂ ਨੂੰ ਮਨੁੱਖਤਾ ਉੱਤੇ ਕਬਜ਼ਾ ਕਰਨ ਦਾ ਅਧਿਕਾਰ ਦੇ ਦਿੱਤਾ ਹੈ।

- **ਚਿਹਰਾ ਚਿਹਰਾ ਮੈਂ** (ਕਾਵਿ ਸੰਗ੍ਰਹਿ) *ਡਾ. ਰਵਿੰਦਰ*

ਡਾ. ਰਵਿੰਦਰ ਦੀ ਪੰਜਾਬੀ ਸਾਹਿਤ ਨੂੰ ਮਹੱਤਵਪੂਰਨ ਦੇਣ ਹੈ। ਉਸਨੇ ਆਪਣੀਆਂ ਕਾਵਿ-ਰਚਨਾਵਾਂ ਰਾਹੀਂ ਸਮਾਜਕ ਮੁੱਦਿਆਂ ’ਤੇ ਫੋਕਸ ਕੀਤਾ। ਉਸਦੀ ਕਲਮ ਨੇ ਦਸ ਕਾਵਿ-ਸੰਗ੍ਰਹਿ ਤੇ ਰਸਾਲਿਆਂ ਦਾ ਸੰਪਾਦਨ ਵੀ ਕੀਤਾ। ਕਾਵਿ-ਸੰਗ੍ਰਹਿ ‘ਚਿਹਰਾ ਚਿਹਰਾ ਮੈਂ’ ਵਿਚ 43 ਕਵਿਤਾਵਾਂ ਦਰਜ ਹਨ। ਇਨ੍ਹਾਂ ਕਵਿਤਾਵਾਂ ਵਿਚ ਸਮਾਜਕ, ਆਰਥਿਕ, ਰਾਜਨੀਤਕ, ਧਾਰਮਿਕ, ਸਭਿਆਚਾਰਕ, ਲੌਕਡਾਊਨ ਤੇ ਕਰੋਨਾ ਸੰਕਟ ਦਾ ਜ਼ਿਕਰ ਕੀਤਾ। ਕਵਿਤਾ ‘ਇਕ ਯੁੱਧ ਇਹ ਵੀ’ ਵਿਚ ਮਨੁੱਖ ਦੀ ਆਪੇ ਉੱਤੇ ਜਿੱਤ ਅਤੇ ਦੂਜਿਆਂ ਉੱਤੇ ਜਿੱਤ ਪ੍ਰਾਪਤ ਕਰਨ ਦੀ ਪ੍ਰਕਿਰਿਆ ਨਿਰੰਤਰ ਚੱਲਦੀ ਰਹਿੰਦੀ ਹੈ ਪਰ ਉਹ ਅਸਫ਼ਲ ਰਹਿੰਦਾ ਹੈ। ਲਾਕਡਾਊਨ ਦੌਰਾਨ ਮਜ਼ਦੂਰ ਵਰਗ ਦੀ ਤ੍ਰਾਸਦਿਕ ਸਥਿਤੀ ਨੂੰ ‘ਇਹ ਲੋਕ’ ਤੇ ‘ਆਫ਼ਤ ਵੱਡੀ ਛੋਟੀ’ ਕਵਿਤਾਵਾਂ ਵਿਚ ਬਿਆਨ ਕੀਤਾ ਹੈ। ਕਿਸਾਨਾਂ ਦਾ ਕਰਜ਼ੇ ਥੱਲੇ ਦੱਬੇ ਜਾਣਾ ਤੇ ਪਰਵਾਸ ਧਾਰਨ ਕਰਨ ਦੀ ਪ੍ਰਵਿਰਤੀ ਵੀ ਦ੍ਰਿਸ਼ਟੀਗੋਚਰ ਹੁੰਦੀ ਹੈ। ‘ਕਿਰਤ ਕੀਤੀ ਜਦੋਂ’ ਤੇ ‘ਨਾਨਕ ਸ਼ਾਹ ਫ਼ਕੀਰ’ ਵਿਚ ਗੁਰੂ ਨਾਨਕ ਦੇਵ ਜੀ ਦੇ ਕਿਰਤ ਸਿਧਾਂਤ ਦੀ ਉੱਚਤਾ ਤੇ ਜੀਵਨ ਦਰਸ਼ਨ ਨੂੰ ਆਧਾਰ ਬਣਾਇਆ ਹੈ। ਕਵੀ ਦਾ ਤਰਕ ਤੇ ਯਥਾਰਥਵਾਦ ਦੀ ਮਿਸਾਲ : *ਉਹ ਸਾਂਝਾ ਗੁਰੂ, ਸਾਂਝਾ ਪੀਰ ਤੇ ਸਾਂਝਾ ਪੈਗੰਬਰ ਸੀ / ਉਹਦੀ ਬਾਣੀ, ਉਹਦੀ ਸਿੱਖੀ, ਨਾ ਚੀਰੋ ਵੰਡੀਆਂ ਪਾ ਕੇ* ।

ਕਵਿਤਾਵਾਂ ਮਾਂ ਦੀ ਗੋਦ, ਮਾਂ ਦੀ ਸਹੁੰ, ਮੇਰੀ ਗੋਦੀ ’ਚ ਮਾਂ, ਮਾਂ ਤੂੰ ਮੈਨੂੰ ਜਿਉਂਦੇ ਜੀ, ਮਾਂ ਦਾ ਮਰਨਾ ਵਿਚ ਮਾਂ ਦੀ ਨਿਰਮਲ ਠੰਢੀ ਛਾਂ ਤੇ ਤਪੱਸਿਆ ਨੂੰ ਪ੍ਰਤੀਕਾਤਮਕ ਅੰਦਾਜ਼ ਵਿਚ ਬਿਆਨ ਕੀਤਾ ਹੈ। ‘ਬਸਰੇ ਦੀ ਲਾਮ’ ਵਿਚ ਨੌਜਵਾਨਾਂ ਦੀ ਵਿਦੇਸ਼ੀ ਸਫ਼ਾਰਤਖਾਨਿਆਂ ਸਾਹਮਣੇ ਲੰਮੀਆਂ ਕਤਾਰਾਂ ਦਾ ਜ਼ਿਕਰ ਕੀਤਾ ਹੈ। ਵਿਡੰਬਨਾ ਇਹ ਹੈ ਕਿ ਵਿਦੇਸ਼ ਜਾਣ ਲਈ ਨੌਜਵਾਨਾਂ ਦੇ ਮਾਪਿਆਂ ਦਾ ਬੈਂਕ ਬੈਲੈਂਸ ਦੇਖਿਆ ਜਾਂਦਾ ਹੈ ਜਿਸ ਲਈ ਜ਼ਮੀਨਾਂ ਵਿਕ ਜਾਂਦੀਆਂ ਹਨ। ਡਾ. ਰਵਿੰਦਰ ਦੀਆਂ ਕਵਿਤਾਵਾਂ ਦਾ ਕਲਾਤਮਕ ਪੱਖ ਬਹੁ-ਦਿਸ਼ਾਵੀ ਵਿਸ਼ੇ ਹਨ ਜਿਸ ਵਿਚ ਮਨੁੱਖੀ ਸਮੱਸਿਆਵਾਂ ਦਾ ਜ਼ਿਕਰ ਕੀਤਾ ਗਿਆ ਹੈ।

- **ਇਕ ਚੂੰਢੀ ਅਸਮਾਨ** (ਕਵਿਤਾ) *ਗਗਨਮੀਤ*

ਮਨੁੱਖੀ ਸਭਿਅਤਾ ਦੇ ਪਹਿਲੇ ਬੋਲ ਕਵਿਤਾ ਸਨ। ਰਿਗਵੇਦ ਇਸ ਦਾ ਪ੍ਰਮਾਣ ਹੈ। ਕਾਵ ਬੋਲ ਮਨੁੱਖਤਾ ਦੇ ਧੁਰ ਅੰਦਰ ਪਹੁੰਚਦੇ ਹਨ। ਕਵਿਤਾ ਦਿਲਾਂ ਦੀ ਬੋਲੀ ਹੈ ਜਿਸ ਦੀਆਂ ਵਿਭਿੰਨ ਧੁਨਾਂ ਮਨੁੱਖ ਦੇ ਵਿਭਿੰਨ ਭਾਵਾਂ ਨੂੰ ਪੇਸ਼ ਕਰਦੀਆਂ ਹਨ। ਇਕ ਚੂੰਢੀ ਅਸਮਾਨ ਗਗਨ ਮੀਤ ਦਾ ਪਲੇਠਾ ਕਾਵਿ-ਸੰਗ੍ਰਹਿ ਹੈ ਜਿਸ ਵਿਚ ਮਨੁੱਖੀ ਮਨ ਧਰਤ ਤੋਂ ਅਸਮਾਨ ਤੇ ਅਸਮਾਨ ਤੋਂ ਯਥਾਰਥ ਤਕ ਦਾ ਸਫ਼ਰ ਤੈਅ ਕਰਦਾ ਆਪਣੇ ਅੰਦਰ ਅਨੇਕ ਵਿਸ਼ਿਆਂ ਨੂੰ ਸਮੋਈ ਰੱਖਦਾ ਹੈ। ਮੀਤ ਦੀਆਂ ਛੋਟੀਆਂ ਭਾਵਪੂਰਤ ਨਜ਼ਮਾਂ ਜੀਵਨ ਦੀਆਂ ਯਥਾਰਥੀ ਪ੍ਰਸਥਿਤੀਆਂ ਨੂੰ ਉਘਾੜਦੀਆਂ ਹਨ। ‘ਇਕ ਚੂੰਢੀ ਅਸਮਾਨ’ ਜੀਵਨ ਦੀਆਂ ਤਲਖ਼ ਸੱਚਾਈਆਂ ਵਜੋਂ ਰੂਪਮਾਨ ਹੁੰਦਾ ਹੈ। ਕਵਿਤਰੀ ਕੁਦਰਤ ਕੋਲੋਂ ਕੁਦਰਤੀਪਣ ਮੰਗ ਕੇ ਅੰਦਰਲੇ ਨੂੰ ਰੌਸ਼ਨਾਉਣਾ ਚਾਹੁੰਦੀ ਹੈ। ਕਵਿਤਰੀ ਨਾਰੀ ਦੇ ਹੱਕਾਂ ਪ੍ਰਤੀ ਚਿੰਤਨਸ਼ੀਲ ਹੈ। ਉਹ ਨਾਰੀ ਨਾਲ ਹੋਈ ਬੇਪਤੀ ਲਈ ਹਾਅ ਦਾ ਨਾਹਰਾ ਮਾਰਦੀ ਹੈ। ਆਸਿਫ਼ਾ, ਜੋਤੀ ਤੇ ਨਿਰਭਯਾ ਨਾਲ ਹੋਈ ਹੈਵਾਨੀਅਤ ਨਾਲ ਧੁਰ ਅੰਦਰ ਤਕ ਤੜਫ਼ ਉੱਠਦੀ ਹੈ। ਸਰਕਾਰੀ ਸਿਸਟਮ ਤੋਂ ਨਿਆਂ ਦੀ ਮੰਗ ਕਰਦੀ ਹੈ। ਗਗਨਮੀਤ ਕਰੋਨਾ ਮਹਾਂਮਾਰੀ ਕਾਰਨ ਫੈਲੀ ਅਸਥਿਰਤਾ ਦਾ ਵੀ ਜ਼ਿਕਰ ਕਰਦੀ ਹੈ ਜਿਸ ਵਿਚ ਹਰੇਕ ਮਨੁੱਖ ਬੇਗ਼ਾਨਗੀ ਤੇ ਬੇਚਾਰਗੀ ਦਾ ਸੰਤਾਪ ਭੋਗਦਾ ਹੈ। ਸਰਕਾਰੀ ਨਿਜ਼ਾਮ ਤੇ ਨੇਤਾਵਾਂ ਦੀ ਤਾਨਾਸ਼ਾਹੀ ਦਾ ਜ਼ਿਕਰ ਉਸ ਦੀਆਂ ਕਵਿਤਾਵਾਂ ਵਿਚ ਨਜ਼ਰ ਆਉਂਦਾ ਹੈ। ਉਸਦੀ ਕਵਿਤਾ ਵਿਦਰੋਹੀਆਂ ਲਈ ਤਲਵਾਰ ਤੇ ਆਪਣਿਆਂ ਲਈ ਪਿਆਰ ਦੇ ਵਲਵਲੇ ਉਜਾਗਰ ਕਰਦੀ ਹੈ। ‘ਇਕ ਚੂੰਢੀ ਅਸਮਾਨ’ ਮਨੁੱਖੀ ਆਜ਼ਾਦੀ ਵਜੋਂ ਰੂਪਮਾਨ ਹੁੰਦਾ ਹੈ। ਇਸ ਪ੍ਰਕਾਰ ਪਾਠਕਾਂ ਲਈ ਪੁਸਤਕ ‘ਇਕ ਚੂੰਢੀ ਅਸਮਾਨ’ ਵਿਚਾਰਣਯੋਗ ਹੈ।

-ਡਾ. ਹਰਿੰਦਰ ਸਿੰਘ ‘ਤੁੜ’

• **ਤੁਮ ਉਦਾਸ ਕਿਉਂ ਹੋ** (ਕਹਾਣੀ ਸੰਗ੍ਰਹਿ) ***ਕੁਲਬੀਰ ਬਡੇਸਰੋਂ***

ਤੇਈ ਵਰ੍ਹਿਆਂ ਤੋਂ ਮਹਾਂਨਗਰ ਮੁੰਬਈ ਵਿਚ ਫ਼ਿਲਮਾਂ ਤੇ ਲੜੀਵਾਰ ਸੀਰੀਅਲਾਂ ਵਿਚ ਅਦਾਕਾਰ ਵਜੋਂ ਵਿਚਰ ਰਹੀ ਕੁਲਬੀਰ ਬਡੇਸਰੋਂ ਇਕ ਕਲਮਕਾਰ ਵੀ ਹੈ। ਕਹਾਣੀ, ਨਾਵਲਿਟ, ਬਾਲ ਸਾਹਿਤ ਅਨੁਵਾਦ ਦੇ ਖੇਤਰ ਵਿਚ ਉਸਦੀਆਂ ਕਿਤਾਬਾਂ ਛਪ ਚੁੱਕੀਆਂ ਹਨ। ਹਾਲ ਹੀ ਵਿਚ ਉਸਦੀ ਕਹਾਣੀਆਂ ਦੀ ਨਵੀਂ ਕਿਤਾਬ 'ਤੁਮ ਉਦਾਸ ਕਿਉਂ ਹੋ ?' ਆਈ ਹੈ। ਇਕ ਸੌ ਛੱਤੀ ਪੰਨਿਆਂ ਦੀ ਆਰਸੀ ਪਬਲਿਸ਼ਰਜ਼ ਦਿੱਲੀ ਵੱਲੋਂ ਛਪੀ ਇਸ ਪੁਸਤਕ ਵਿਚ ਗਿਆਰਾਂ ਕਹਾਣੀਆਂ ਹਨ। ਆਰੰਭ ਵਿਚ ਕੁਝ ਸ਼ਬਦ ਲੇਖਕਾ ਵੱਲੋਂ ਵੀ ਹਨ। ਇਹ ਕਹਾਣੀਆਂ ਪੰਜਾਬੀ ਕਹਾਣੀ ਦੇ ਖੇਤਰ ਵਿਚ ਇਕ ਵੱਖਰਾ ਰੰਗ ਲੈ ਕੇ ਆਉਂਦੀਆਂ ਹਨ ਕਿਉਂਕਿ ਇਸ ਵਿਚ ਅਦਾਕਾਰੀ ਦੇ ਖੇਤਰ ਵਿਚ ਕੰਮ ਕਰਨ ਵਾਲੀਆਂ ਔਰਤਾਂ ਦੀ ਜ਼ਿੰਦਗੀ ਦੇ ਹਾਲਾਤ ਦੀਆਂ ਮੁਸ਼ਕਲਾਂ ਕਈ ਕਹਾਣੀਆਂ ਵਿਚ ਗੁੰਦੀਆਂ ਪਈਆਂ ਹਨ। ਕਿਤਾਬ ਦੇ ਸਿਰਲੇਖ ਵਾਲੀ ਕਹਾਣੀ, ਸਕੂਲ ਟਰਿੱਪ, ਮਾਂ ਨੀ, ਮਜਬੂਰੀ, ਆਕ੍ਰੋਸ਼ ਤੇ ਬਕ ਬਕ ਕਹਾਣੀਆਂ, ਅਦਾਕਾਰੀ ਦੇ ਮਾਹੌਲ ਵਿਚ ਵਿਚਰਦੀਆਂ ਔਰਤ ਕਲਾਕਾਰਾਂ ਦੀ ਜ਼ਿੰਦਗੀ ਦੇ ਹਾਲਾਤ ਦੀਆਂ ਪਰਤਾਂ ਫਰੋਲਦੀਆਂ ਹਨ। ਫੇਰ, ਭੈਣ ਜੀ, ਨੂੰਹ-ਸੱਸ, ਤੂੰ ਵੀ ਖਾ ਲੈ ਤੇ ਦੋ ਔਰਤਾਂ, ਰਿਸ਼ਤਿਆਂ ਵਿਚਲੇ ਅਹਿਸਾਸਾਂ ਦੀ ਬਾਤ ਕਰਦੀਆਂ ਹਨ। ਇਨ੍ਹਾਂ ਸਾਰੀਆਂ ਕਹਾਣੀਆਂ ਦਾ ਆਪਣਾ ਅੰਦਾਜ਼ ਤੇ ਆਪਣੀ ਰਹਿਤਲ ਹੈ।

ਇਨ੍ਹਾਂ ਸਾਰੀਆਂ ਕਹਾਣੀਆਂ ਵਿਚੋਂ ਲੇਖਕਾ ਉੱਘੜ ਕੇ ਆਉਂਦੀ ਹੈ। ਆਖ਼ਰ ਹਰੇਕ ਕਲਮਕਾਰ, ਹਾਲਾਤ ਨੂੰ ਆਪਣੇ ਮਨ ਤੇ ਸੋਚ ਵਿਚ ਡੋਬ ਕੇ ਹੀ ਲਿਖਦਾ ਹੈ। ਕੁਲਬੀਰ ਬਡੇਸਰੋਂ ਆਪਣੀਆਂ ਕਹਾਣੀਆਂ ਵਿਚੋਂ ਇਕ ਸੰਵੇਦਨਸ਼ੀਲ ਔਰਤ ਦੇ ਰੂਪ ਵਿਚ ਸਾਹਮਣੇ ਆਉਂਦੀ ਹੈ। ਉਂਜ ਕਹਾਣੀਆਂ ਵਿਚ ਮੁੱਖ ਤੌਰ 'ਤੇ ਹਰੇਕ ਵਿਸ਼ਾ ਤੇ ਕਥਾ ਔਰਤ ਮਨ ਦੇ ਅਹਿਸਾਸਾਂ ਨਾਲ ਓਤਪੋਤ ਹੈ ਪਰ ਪਹਿਲੀ ਕਹਾਣੀ ਵਿਚ ਉਹ ਇਕ ਕਿਸ਼ੋਰ ਉਮਰ ਦੇ ਲੜਕੇ ਦੇ ਭਾਵਾਂ ਦਾ ਚਿਤਰਣ ਵੀ ਬੇਹੱਦ ਬਰੀਕਬੀਨੀ ਨਾਲ ਹੋਇਆ ਹੈ। ਅਸਲ ਵਿਚ ਬਡੇਸਰੋਂ ਹਰ ਕਹਾਣੀ ਤੇ ਹਰ ਘਟਨਾ ਦਾ ਦ੍ਰਿਸ਼ ਚਿਤਰਣ ਏਨੀ ਮਹੀਨ ਸੂਝ ਨਾਲ ਕਰਦੀ ਹੈ ਕਿ ਪਾਠਕ ਨੂੰ ਉਹ ਪ੍ਰਤੱਖ ਨਜ਼ਰ ਹੀ ਨਹੀਂ ਆਉਂਦਾ ਸਗੋਂ ਉਸਦੇ ਚੇਤਿਆਂ ਵਿਚ ਵੀ ਵੱਸ ਜਾਂਦਾ ਹੈ। ਉਸਦੇ ਪਾਤਰ ਪਾਠਕ ਦੇ ਮਨ ਵਿਚ ਧਸ ਜਾਂਦੇ ਹਨ।

ਉਸਦੀਆਂ ਕਹਾਣੀਆਂ ਦੇ ਪਾਤਰ ਲੇਖਕਾ ਦੇ ਮਨ ਦੇ ਪਾਣੀਆਂ ਵਿਚ ਭਿੱਜ ਕੇ ਪਾਠਕ ਦੇ ਰੂਬਰੂ ਹੁੰਦੇ ਹਨ। ਕੁਲਬੀਰ ਦੀਆਂ ਕਹਾਣੀਆਂ ਵਿਚਲੀ ਔਰਤ, ਸਮਾਜ ਤੇ ਰਿਸ਼ਤਿਆਂ ਦੀ ਸਤਾਈ ਹੋਈ ਹੈ ਪਰ ਉਹ ਸਾਰੇ ਦੁੱਖਾਂ ਤਕਲੀਫ਼ਾਂ ਨੂੰ ਮਹਿਸੂਸ ਕਰਦਿਆਂ ਇਕ ਸਵੈਮਾਣ ਨਾਲ ਸਿਰ ਬਸਿਰ ਮੁਸ਼ਕਲਾਂ ਦਾ ਸਾਹਮਣਾ ਕਰਦੀ ਹੈ ਤੇ ਆਪਣੇ ਹੀ ਬਲਬੂਤੇ ਆਪਣੀਆਂ ਤੇ ਆਪਣੇ ਬੱਚਿਆਂ ਦੀਆਂ ਜ਼ਿੰਮੇਵਾਰੀਆਂ ਨੂੰ ਸੰਪੰਨ ਕਰਨਾ ਲੋਚਦੀ ਹੈ। ਇਹ ਸਿਲਸਿਲਾ ਸਾਰੀਆਂ ਕਹਾਣੀਆਂ ਵਿਚ ਚੱਲਦਾ ਹੈ ਤੇ ਆਖ਼ਰੀ ਕਹਾਣੀ ਤੱਕ ਪਹੁੰਚਦਿਆਂ, ਕਹਾਣੀ ਦਾ ਔਰਤ ਕਿਰਦਾਰ ਆਪਣੀ ਭਾਵਾਤਮਕ ਥਿੜਕਣ ਤੇ ਉਦਾਸੀ ਨੂੰ ਪਾਰ ਕਰਕੇ ਮਾਣ ਨਾਲ ਤਣ ਕੇ ਖਲੋਣ ਦੇ ਸਵੈ-ਵਿਸ਼ਵਾਸ ਤੱਕ ਪਹੁੰਚ ਜਾਂਦਾ ਹੈ। ਇਨ੍ਹਾਂ ਕਹਾਣੀਆਂ ਦਾ ਆਪਣੇ ਹੀ ਰੰਗਾਂ ਵਿਚ ਵੱਸਿਆ ਸੰਸਾਰ ਹੈ ਤੇ ਇਹ ਮਨੁੱਖੀ ਅਹਿਸਾਸਾਂ ਨਾਲ ਓਤਪੋਤ ਦਿਲਚਸਪ ਤੇ ਜਾਨਦਾਰ ਕਹਾਣੀਆਂ ਹਨ। ਕੁਲਬੀਰ ਬਡੇਸਰੋਂ ਨੂੰ ਬਹੁਤ ਮੁਬਾਰਕਾਂ ਤੇ ਸ਼ੁੱਭ ਇੱਛਾਵਾਂ।

• **ਅੱਥਰੂ ਦੀ ਆਤਮਕਥਾ** (ਕਾਵਿ ਸੰਗ੍ਰਹਿ) ***ਲਖਵਿੰਦਰ ਜੌਹਲ***

"ਅੱਥਰੂ ਦੀ ਆਤਮਕਥਾ" ਪ੍ਰਬੁੱਧ ਸ਼ਾਇਰ ਤੇ ਪੱਤਰਕਾਰ ਲਖਵਿੰਦਰ ਜੌਹਲ ਦੀ ਚੇਤਨਾ ਪ੍ਰਕਾਸ਼ਨ ਵੱਲੋਂ ਛਾਪੀ ਗਈ ਨਵੀਂ ਕਾਵਿ ਪੁਸਤਕ ਹੈ। ਇਹ ਕਿਤਾਬ ਲਖਵਿੰਦਰ ਜੌਹਲ ਦੀ ਆਪਣੇ ਸਮਕਾਲ ਦੇ ਸਮਾਜਕ ਸਰੋਕਾਰਾਂ ਨੂੰ ਸਮਰਪਿਤ ਸ਼ਾਇਰੀ ਦੀ ਲੜੀ ਦਾ ਅਗਲਾ ਮਣਕਾ ਹੈ। ਉਸ ਦੀਆਂ ਲੰਬੀ ਕਵਿਤਾ ਦੀਆਂ ਪਹਿਲੀਆਂ ਦੋ ਕਿਤਾਬਾਂ ,ਇੱਕ ਸੁਪਨਾ ਇੱਕ ਸੰਵਾਦ ਤੇ ਬਲੈਕ ਹੋਲ ਵਾਂਗ ਇਹ ਵੀ ਲੰਬੀ ਕਵਿਤਾ ਦੀ ਕਿਤਾਬ ਹੈ ਤੇ ਉਸ ਦੀ ਵਿਲੱਖਣ ਕਾਵਿ ਪ੍ਰਤਿਭਾ ਦੀ ਨੁਹਾਰ ਦਾ ਇਕ ਹੋਰ ਅਕਸ ਹੈ। ਲਖਵਿੰਦਰ ਜੌਹਲ ਨੇ ਕਾਵਿ ਨਿਬੰਧ ਲਿਖੇ ਹਨ,ਅਨੁਵਾਦ ਕੀਤੇ ਹਨ ਤੇ ਉਸ ਦੀ ਇੱਕ ਕਿਤਾਬ ਸਮੀਖਿਆ ਦੀ ਵੀ ਹੈ । ਪਰ ਉਸ ਦੇ ਆਪਣੇ ਸ਼ਬਦਾਂ ਅਨੁਸਾਰ ਕਵਿਤਾ ਉਸ ਦੇ ਅੰਦਰ ਖੌਲਦੀ ਹੈ। ਸੋ ਮੁਢਲੇ ਤੌਰ ਤੇ ਉਹ ਕਵੀ ਹੀ ਹੈ ਤੇ ਅੱਥਰੂ ਦੀ ਆਤਮੁਕਥਾ ਉਸ ਖੌਲਦੀ ਸ਼ਾਇਰੀ ਦੀ ਹਵਾੜ ਦੀ ਹੀ ਇੱਕ ਹੋਰ ਵੰਨਗੀ ਹੈ।

ਜਿਹੜੇ ਅੱਥਰੂ ਦੀ ਆਤਮ-ਕਥਾ ਇਸ ਕਾਵਿ ਕਿਤਾਬ ਵਿੱਚ ਹੈ ਉਹ ਸ਼ਾਇਰ ਦੀ ਹੀ ਅੱਖ ਦਾ ਅੱਥਰੂ ਨਹੀਂ ਤੇ ਨਾ ਹੀ ਉਹ ਕਿਸੇ ਹੋਰ ,ਇੱਕ ਅੱਖ ਦੇ ਅੱਥਰੂ ਦੀ ਦਾਸਤਾਨ ਹੈ। ਇਹ ਕਾਵਿ ਕਥਾ ਤਾਂ ਸਮੁੱਚੇ ਦੇਸ਼ ,ਸਗੋਂ ਸਮੁੱਚੀ ਧਰਤ ਤੇ ਵੱਸਦੀ ਲੋਕਾਈ ਦੀ ਹੰਢਾਈ ਜਾ ਰਹੀ ਪੀੜ ਚੋਂ ਰਿਸ ਰਹੇ ਅੱਥਰੂ ਦੀ ਗਾਥਾ ਹੈ ।ਅਸਲ ਵਿੱਚ ਇਹ ਅੱਜ ਦੇ ਸਮਿਆਂ ਵਿੱਚ ਜੀਣ ਦੇ ਸਿਰਲੇਖ ਹੇਠ ਹੰਢਦੇ ਤੇ ਵਰਤੀਂਦੇ ਜਾ ਰਹੇ ਇਨਸਾਨ ਦੀ ਕਹਾਣੀ ਹੈ। ਇਹ ਇਸ ਤਰਾਂ ਸ਼ੁਰੂ ਹੁੰਦੀ ਹੈ : ਮੇਰੇ ਮੱਥੇ ਦੇ ਮੰਚ ਉੱਤੇ ਕਥਾ ਚੱਲ ਰਹੀ ਹੈ...ਤੇ ਫਿਰ ਇਹ ਲੰਬੀ ਕਾਵਿ ਕਥਾ ਖਤਮ ਵੀ ਇਹਨਾ ਹੀ ਸਤਰਾਂ ਨਾਲ ਹੁੰਦੀ ਹੈ। ਵਿੱਚ ਵਿਚਾਲੇ ਵਾਰ ਵਾਰ ਮੀਲ ਪੱਥਰਾਂ ਵਾਂਗ ਇਹ ਸਤਰ ਕਵਿਤਾ ਦੇ ਨਾਲ ਨਾਲ ਤੁਰਦੀ ਹੋਈ ਪਾਠਕ ਨੂੰ ਆਪਣੀ ਹੋਂਦ ਜਤਾਉਂਦੀ ਰਹਿੰਦੀ ਹੈ ।ਇਹ ਸ਼ਬਦ ਪਾਠਕ ਨੂੰ ਚੇਤੇ ਕਰਵਾਉਂਦੇ

ਰਹਿੰਦੇ ਹਨ ਕਿ ਮਨੁੱਖ ਨਾਲ ਬੀਤ ਰਹੇ ਵੇਲੇ ਦੇ ਸੱਚ ਦੇ ਉਹਲੇ ਬੈਠੇ ਝੂਠ ਤੇ ਝੂਠ ਉਹਲੇ ਪਏ ਸੱਚ ਬਾਰੇ ਸ਼ਾਇਰ ਦੇ ਮੱਥੇ ਵਿੱਚ ਚੱਲਦੇ ਚਿੰਤਨ ਦੀ ਕਥਾ ਚੱਲ ਹੀ ਰਹੀ ਹੈ।

ਇਸ ਕਥਾ ਦੀਆਂ ਅਨੇਕ ਧਰਾਤਲਾਂ, ਅਨੇਕ ਮੌਸਮ, ਅਨੇਕ ਪਰਤਾਂ,ਅਨੇਕ ਰੰਗ ਤੇ ਅਨੇਕ ਅਹਿਸਾਸ ਹਨ। ਖਿਆਲ ਆਉਂਦਾ ਹੈ ਕਿ ਸ਼ਾਇਰ, ਯਾਨਿ ਅੱਜ ਦਾ ਮਨੁੱਖ ਅੱਥਰੂ ਦੀ ਆਪ੍ਬੀਤੀ ਕਿਓਂ ਲਿਖ ਰਿਹਾ ਹੈ। ਅਸਲ ਵਿੱਚ ਇਹ ਕਾਰਜ ਮਨੁੱਖ ਵੱਲੋਂ ਆਪਣੇ ਅੱਥਰੂ ਦੇ ਕਤਰੇ ਵਿੱਚੋਂ ਕਾਵਿਕ ਸੋਚ ਦੇ ਚਾਨਣ ਦੀ ਕਿਰਨ ਆਰ ਪਾਰ ਕਰਨ ਦੀ ਪ੍ਰਕਿਰਿਆ ਵਰਗਾ ਹੈ। ਇਹ ਚਾਨਣ ,ਸ਼ੀਸ਼ੇ ਦੇ ਪਰਿਜ਼ਮ ਵਿੱਚੋਂ ਰੋਸ਼ਨੀ ਦੇ ਲੰਘਣ ਵਾਂਗ ਅੱਥਰੂ ਵਿਚੋਂ ਲੰਘਦਾ ਹੈ ਉਸ ਦੇ ਅੰਦਰਲੇ ਰੰਗਾਂ ਨੂੰ ਨਿਖੇੜ ਕੇ ਰੱਖ ਦੇਂਦਾ ਹੈ। ਫਿਰ ਉਸ ਖਲਾਰ ਵਿੱਚੋਂ ਉਹ ਸਾਰੇ ਦਰਦ ਝਲਕ ਪੈਂਦੇ ਹਨ ਜਿਨ੍ਹਾ ਨੇ ਇਸ ਨੂੰ ਪੈਦਾ ਕੀਤਾ ਹੈ।ਇਸ ਵਿੱਚ ਮਨੁੱਖ ਦੀਆਂ ਆਸਾਂ ਹਨ,ਨਿਰਾਸਤਾਵਾਂ ਹਨ, ਕਰਜ਼ਿਆਂ ਵਿੱਚ ਕੈਦ ਹੋਈ ਮੁਸਕਣੀ ਹੈ,ਆਂਦਰਾਂ ਦੀ ਭੁੱਖ ਹੈ, ਮੋਹ ਦੇ ਸਾਹਾਂ ਵਿਚਲੀ ਸਿਲ੍ਹ ਹੈ,ਝੁਰੜੀਆਂ ਪਿਛਲੇ ਸਫ਼ਰ ਹਨ,ਬੇਮੁਹਾਰੇ ਮਨਾ ਦੀਆਂ ਮੁਹਾਰਾਂ ਹਨ। ਪਤਝੜਾਂ ਹਨ, ਪਰਲੋ ਦੇ ਪਰਛਾਵੇਂ ਹਨ, ਅਹਿਲਿਆ ਨਾਲ ਹੋਇਆ ਛੱਲ ਹੈ, ਮੋਤੀਏ ਪਿੱਛੇ ਦੱਬੇ ਘੁੱਟੇ ਸੁਪਨੇ ਹਨ,ਰੇਗਿਸਤਾਨ ਹਨ, ਸੱਤਾ ਵੱਲੋਂ ਲੋਕਾਂ ਨੂੰ ਕਲਾਵੇ ਵਿੱਚ ਲੈ ਕੇ ਦਮ ਘੁੱਟਦੀਆਂ ਤਸੱਲੀਆਂ ਹਨ,ਬੇਬੱਸੀ ਹੈ ਤੇ ਇਸ ਤਰਾਂ ਦੇ ਹੋਰ ਕਈ ਕੁਝ ਦੇ ਅੰਬਾਰ ਹਨ ਜੋ ਬਹੱਤਰ ਪੰਨਿਆਂ ਵਿੱਚ ਫੈਲੇ ਪਏ ਹਨ। ਅਸਲ ਵਿੱਚ ਇਹ ਸਭ ਕੁਝ ਸਮਿਆਂ ਵੱਲੋਂ ਜ਼ਿੰਦਗੀ ਦੇ ਲੇਖਾਂ ਵਿੱਚ ਲਿਖੇ ਜਾ ਰਹੇ ਸੱਚ ਦੀ ਸਕਰਿਪਟ ਹੈ ।ਜਿਸ ਦੀ ਕਦੇ ਉਹ ਅਦਾਕਾਰੀ ਵੀ ਕਰਦਾ ਹੈ ਪਰ ਅਸਲ ਵਿੱਚ ਉਹ ਇਸ ਨੂੰ ਭੋਗਣ ਵਾਸਤੇ ਮਜ਼ਬੂਰ ਹੈ। ਇਸ ਦਰਦ ਦਾ ਅੱਥਰੂ ਹੈ ਇਹ !

ਇਸ ਨੂੰ ਲਿਖਣ ਵਿੱਚ ਲਖਵਿੰਦਰ ਜੌਹਲ ਦਾ ਪਹਿਲੀਆਂ ਕਾਵਿ ਪੁਸਤਕਾਂ ਵਾਲਾ ਸਹਿਜ , ਤਹੱਮਲ ਸੰਵੇਦਨਸ਼ੀਲਤਾ ਤੇ ਸਹਿਜ ਕਾਵਿ ਬੁਣਨ ਦਾ ਹੁਨਰ ਪੂਰੇ ਜਲੌਅ ਨਾਲ ਵਿਦਮਾਨ ਹੈ।ਇਹ ਸਭ ਕੁਝ ਇਸ ਕਾਵਿ ਨੂੰ ਇੱਕ ਵਿਸ਼ੇਸ਼ ਮੁਹਾਂਦਰਾ ਪ੍ਰਦਾਨ ਕਰਦਾ ਹੈ ਤੇ ਸ਼ਾਇਰ ਨੂੰ ਮਨੁੱਖਤਾ ਦੇ ਦਰਦ ਨੂੰ ਕਾਵਿ ਸ਼ਬਦਾਂ ਵਿੱਚ ਚਿਤਰਨ ਵਾਲਾ ਚਿਤੇਰਾ ਸਿੱਧ ਕਰਦਾ ਹੈ। ਇਸ ਹਕੀਕਤ ਨੂੰ ਪਾਠਕ ਕਿਤਾਬ ਪੜ੍ਹ ਕੇ ਹੀ ਮਹਿਸੂਸ ਕਰ ਸਕਦਾ ਹੈ।

- **ਫ਼ਰਿਸ਼ਤਾ** (ਕਾਵਿ-ਸੰਗ੍ਰਿਹ) ***ਸਨੋਬਰ***

ਜੰਮੂ ਵੱਸਦੀ ਸ਼ਾਇਰਾ ਸਨੋਬਰ ਆਪਣੀ ਪਲੇਠੀ ਦੀ ਕਾਵਿ ਕਿਤਾਬ "ਫ਼ਰਿਸ਼ਤਾ" ਨਾਲ ਪੰਜਾਬੀ ਪਾਠਕਾਂ ਦੇ ਰੂ-ਬ-ਰੂ ਹੈ।ਉਹ ਪੰਜਾਬੀ ਸ਼ਾਇਰ ਸਵ: ਕੰਵਰ ਇਮਤਿਆਜ਼ ਦੀ ਬੇਟੀ ਹੈ ਜਿਸ ਦੀ ਰਗ ਰਗ ਵਿਚ ਸ਼ਾਇਰੀ ਵੱਸੀ ਹੋਈ ਸੀ। ਉਹ ਜੰਮੂ ਨਿਵਾਸਣ ਜ਼ਰੂਰ ਹੈ ਪਰ ਧੀ ਉਹ ਪੰਜਾਬ ਦੀ ਹੀ ਹੈ । ਉਹ ਪੰਜਾਬੀ ਦੇ ਲੋਰੀਆਂ ਗੀਤਾਂ ਨੂੰ ਆਪਣੀ ਗੁੜ੍ਹਤੀ ਮੰਨਦੀ ਹੈ । ਇਸੇ ਕਰਕੇ ਉਸ ਦੇ ਅੰਦਰੋਂ ਪੰਜਾਬੀ ਕਵਿਤਾ ਫੁੱਟ ਰਹੀ ਹੈ। ਉਸ ਦੀ ਇਹ ਪਹਿਲੀ ਕਾਵਿ ਕਿਤਾਬ ਉਸ ਦੀ ਕਵਿਤਾ ਦੀਆਂ ਉੱਜਲ ਭਵਿੱਖੀ ਸੰਭਾਵਨਾਵਾਂ ਦੀ ਸੂਹ ਦੇਂਦੀ ਹੈ।

ਕਈ ਸ਼ਾਇਰਾਂ ਦੀਆਂ ਪਲੇਠੀ ਦੀਆਂ ਕਿਤਾਬਾਂ ਵਿਚ ਇੱਕ ਰੁਝਾਨ ਵੇਖਿਆ ਜਾਂਦਾ ਹੈ ...ਸਿਰਫ ਆਪਣੇ ਹੀ ਅੰਦਰ ਰਹਿਣਾ ਤੇ ਆਪਣੇ ਬਾਰੇ ਹੀ ਲਿਖੀ ਜਾਣਾ। ਪਰ ਸਨੋਬਰ ਦੀ ਕਵਿਤਾ ਦੇ ਸਰੋਕਾਰ ਔਰਤ ਤੋਂ ਲੈ ਕੇ ਰਿਸ਼ਤਿਆਂ ਤੇ ਸਮਾਜਕ ਸਮੱਸਿਆਵਾਂ ਤੱਕ ਨੂੰ ਆਪਣੇ ਕਲਾਵੇ ਵਿੱਚ ਲੈਂਦੇ ਹਨ। ਉਹ ਕੰਨਿਆ ਭਰੂਣ ਹੱਤਿਆ ਦੇ ਘਿਨਾਉਣੇ ਵਰਤਾਰੇ ਤੇ ਆਪਣੀ ਕਵਿਤਾ "ਕੁੱਖ ਦੀ ਚੀਕ" ਰਾਹੀਂ ਪ੍ਰਸ਼ਨ ਚੁੱਕਦੀ ਹੈ। ਗਰੀਬੀ ਵਿਚ ਪਿਸ ਰਹੀ ਮਾਂ ਦੇ ਬਾਲ ਦੇ ਦਰਦ ਨੂੰ ਮਹਿਸੂਸ ਕਰਦੀ ਹੈ (ਮਜ਼ਦੂਰ ਦਾ ਬੱਚਾ)। ਅਜੋਕੇ ਸਮੇਂ ਵਿੱਚ ਵਾਪਰ ਰਹੇ ਅਜਿਹੇ ਹੋਰ ਕਈ ਵਰਤਾਰਿਆਂ ਦਾ ਦਰਦ ਉਸ ਦੀਆਂ ਕਈ ਕਵਿਤਾਵਾਂ ਵਿਚ ਉੱਭਰਦਾ ਹੈ, ਜਿਵੇਂ ਮਾਨਵਤਾ, ਮਾਸੂਮ ਚੀਖ, ਰਿਸ਼ਤਿਆਂ ਦੀ ਤੰਦ, ਪਾਣੀ ਦੀ ਆਵਾਜ਼, ਕਰੋਨਾਵਾਇਰਸ ਦਾ ਖ਼ੌਫ਼, ਆਜ਼ਾਦ ਭਾਰਤ, ਸੱਚ ਤੇ ਵਕਤ ਆਦਿ ।ਉਸ ਦੀ ਸਾਰੀ ਕਵਿਤਾ ਵਿੱਚ ਉਸ ਦੇ ਸੰਵੇਦਨਸ਼ੀਲ ਸੁਭਾਅ ਦੀ ਝਲਕ ਹੈ। ਇਸ ਤੋਂ ਬਿਨਾ ਉਸ ਨੂੰ ਕੁੜੀਆਂ ਵਾਂਗ ਬਚਪਨ ਵਿਚ ਮਾਣੇ ਹੋਏ ਪੰਜਾਬ ਦੇ ਪਿੰਡਾਂ ਵਿਚਲੇ ਸਾਵਣ ਦੇ ਰੰਗਲੇ ਨਜ਼ਾਰੇ ਯਾਦ ਹਨ। ਸਨੋਬਰ ਨੂੰ ਕੁਦਰਤ ਨਾਲ ਖ਼ਾਸ ਤੌਰ ਕੇ ਮੋਹ ਹੈ ਜੋ ਕਈ ਕਵਿਤਾਵਾਂ ਰਾਹੀਂ ਫੁੱਟਦਾ ਜਾਪਦਾ ਹੈ।ਇੱਕ ਵੰਨਗੀ ਇਸ ਤਰਾਂ ਹੈ : ਪੂਰੀ ਕਾਇਨਾਤ ਵਿੱਚੇ ਖੁਸ਼ਬੂ ਦੀ ਧੂਣੀ ਲਾਵਣ ਕੱਚੀਆਂ ਕਲੀਔਂ ਰਾਤ ਚਾਨਣੀ ਸੰਗ ਰਿਸ਼ਮਾਂ ਦੇ...। ਉਸ ਕਵਿਤਾ ਪੜ੍ਹਦਿਆਂ ਉਸ ਦੇ ਅੰਦਰ ਤਰੰਨਮ ਦੇ ਬੀਜ ਪਏ ਮਹਿਸੂਸ ਹੁੰਦੇ ਹਨ ਤੇ ਅਗਲੀਆਂ ਕਵਿਤਾਵਾਂ ਵਿਚ ਉਹਨਾ ਦੇ ਫੁੱਟਣ ਦੀ ਆਸ ਵੀ ਹੈ। ਇਸ ਪੁਸਤਕ ਵਾਸਤੇ ਸਨੋਬਰ ਨੂੰ ਮੁਬਾਰਕਾਂ।

- **ਮੈਂ ਤੇ ਸਮੁੰਦਰ** (ਕਾਵਿ-ਪੁਸਤਕ) ***ਕਾਰਿਆ ਪ੍ਰਭਜੋਤ***

"ਮੈਂ ਤੇ ਸਮੁੰਦਰ "ਕਾਰਿਆ ਪ੍ਰਭਜੋਤ ਕੌਰ ਦੀ ਪਲੇਠੀ ਦੀ ਕਾਵਿ ਪੁਸਤਕ ਹੈ ।ਇੱਕ ਸੌ ਅੱਠਵਿੰਜਾ ਸਫ਼ਿਆਂ ਦੀ ਕਾਵਿ ਪੁਸਤਕ ਵਿੱਚ 99 ਕਵਿਤਾਵਾਂ ਹਨ। ਬਹੁਤੀਆਂ ਕਵਿਤਾਵਾਂ ਸ਼ਾਇਰਾ ਦੇ ਮਨ ਮੰਡਲ ਵਿੱਚ ਘੁੰਮਦੇ ਵਿਚਰਦੇ ਵਿਚਾਰਾਂ ਦੀ ਬਾਤ ਪਾਉਂਦੀਆਂ ਹਨ। ਉਸ ਦਾ ਆਪਣਾ ਕਥਨ ਹੈ ਕਿ "ਮੈਂ ਭਟਕੀ ਰੂਹ ਇਸ ਜਨਮ ਤੋਂ ਕਿਤੇ ਪਾਰ ਤੁਰਦੀ ਬਾਤਾਂ ਰੂਹ ਦੀਆਂ ਭੋਗਦੀ-ਤੁਰਦੀ ਤੁਰਦੀ" ਇੰਜ ਮੇਰਾ ਹਰ ਅੱਖਰ ਹਵਾ ਹੋ ਤੁਰਦਾ ਹੈ,ਤੇ ਮੈਂ ਰੇਤ ਹੋ ਕਿਰਦੀ ਹਾਂ।

ਇਸੇ ਰੰਗ ਦੀਆਂ ਪਰਤਾਂ ਵਿੱਚ ਰਚੀਆਂ ਹਨ ਇਸ ਕਿਤਾਬ ਦੀਆਂ ਕਵਿਤਾਵਾਂ । ਇਹਨਾ ਬਾਰੇ ਨਾਮਵਰ ਸ਼ਾਇਰ ਡਾ: ਮੋਹਨਜੀਤ ਨੇ ਲਿਖਿਆ ਹੈ : ਕਾਰਿਆਂ ਪ੍ਰਭਜੋਤ ਕੌਰ ਨੇ ਆਪਣਾ ਕੇਂਦਰ ਮਿੱਥ ਲਿਆ ਹੈ। ਉਹਦਾ ਕੇਂਦਰ ਕਿਸੇ ਦੀ ਚਾਹਤ ਹੈ ਜੋ ਮਿਲਨ ਤੋਂ ਪਰ੍ਹੇ ਹੈ।...ਇਸ ਦੁਨੀਆਂ ਵਿੱਚ ਪ੍ਰਕਿਰਤੀ ਉਸ ਦੀ ਸਹਾਇਤਾ ਕਰਦੀ ਹੈ। ਉਹ ਖ਼ਾਬਾਂ ਦੇ ਸਫ਼ੇ 'ਅਹਿਸਾਸਾਂ ਦੀ ਸਿਆਹੀ' ਉਮੀਦ ਦੀ ਕਲਮੇ ਕਿੱਏ ਮੈਥੋਂ ਨੇ ਅੱਜ ਗੁਆਚ ਗਏ...। ਹੁਣ ਨਾ ਮੁਮਕਿਨ ਹੈ—ਰੂਹ ਨੂੰ ਮੁੜੇ ਸਫ਼ਿਆਂ 'ਚ ਢਾਲਣਾ।

ਇਸ ਤਰਾਂ ਉਹ ਖਿਆਲਾਂ ਦੇ ਝੰਝਾਵਾਤ ਵਿੱਚ ਵਿਚਰਦੀ ਵੱਖ ਵੱਖ ਸਥਿਤੀਆਂ ਨਾਲ ਸੰਵਾਦ ਕਰਦੀ ਹੈ। ਇੱਕ ਕਵਿਤਾ ਉਸਦੀ ਮਿਥਿਹਾਸਕ ਇਸਤਰੀ ਪਾਤਰਾਂ ਦੀਆਂ ਕਥਾਵਾਂ ਦੇ ਪ੍ਰਸੰਗ ਵਿੱਚੋਂ ਕਸ਼ੀਦ ਹੋ ਕੇ ਖ਼ੁਦ ਨੂੰ ਪਰਿਭਾਸ਼ਤ ਕਰਦੀ ਹੈ : ਕੀ ਹੋਇਆ / ਜੇ ਮੈਂ ਤੈਥੋਂ / ਪਾਰ ਜਾਣ ਦਾ / ਸਾਹਸ ਕੀਤਾ / ਮੈਂ ਸੀਤਾ ਨਹੀਂ / ਜੋ ਸਹਿ ਜਾਵਾਂ / ਅਗਨੀ ਪ੍ਰੀਖਿਆ / ਤੋਂ ਬਾਅਦ ਵੀ ਤੇਰਾ ਤਿਆਗ...। ਮੈਂ ਤਾਂ ਹਾਂ / ਕੜਕਦੀ / ਬਲਦੀ / 'ਬਿਜਲੀ' / ਜੋ ਹੈ ਦੂਰ ਖੜ੍ਹੀ ਬ੍ਰਹਿਮੰਡ ਤੋਂ ਵੀ / ਹੈ ਦਿਸਦੀ। ਕਾਰਿਆ ਪ੍ਰਭਜੋਤ ਨੂੰ ਮੁਬਾਰਕਾਂ।

- **ਪਹੁਫੁਟਾਲੇ ਦੇ ਸੁਖ਼ਨ** (ਕਾਵਿ ਸੰਗ੍ਰਹਿ) ***ਜਸਪ੍ਰੀਤ ਸਿੱਧੂ***

ਪਹੁਫੁਟਾਲੇ ਦੇ ਸੁਖ਼ਨ ਸ਼ਾਇਰਾ ਜਸਪ੍ਰੀਤ ਸਿੱਧੂ ਦੀ ਚੌਥੀ ਕਾਵਿ ਪੁਸਤਕ ਹੈ। ਅੱਸੀ ਸਫ਼ਿਆਂ ਦੀ ਕਾਵਿ ਪੁਸਤਕ ਵਿੱਚ ਤਰੇਹਠ ਕਵਿਤਾਵਾਂ ਹਨ। ਕਵਿਤਾ ਦੇ ਬਾਰੇ ਵਿੱਚ ਇੰਕਸ਼ਾਫ ਰੂਪੀ ਸ਼ਬਦਾਂ ਵਿੱਚ ਸ਼ਾਇਰਾ ਦਾ ਆਪਣਾ ਕਥਨ ਹੈ ..."ਮੇਰੇ ਅੰਤਰਮਨ ਦੇ ਖਿਆਲਾਂ ਤੋਂ ਸਮਕਾਲੀ ਸਰੋਕਾਰਾਂ ਤੱਕ ਮੇਰੀ ਮੇਰੀ ਸੋਚ ਤੋਂ ਜ਼ਿੰਦਗੀ ਦੇ ਪਾਸਾਰਾਂ ਤੱਕ ਕਵਿਤਾ ਲਿਖਣਾ ਮੇਰੀ ਲੋੜ ਹੈ।" ਤੇ ਇਸ ਤਰਾਂ ਦੇ ਸੰਵੇਦਨਸ਼ੀਲ ਇਨਸਾਨ ਨੂੰ ਆਲੇ ਦੁਆਲੇ ਦੀ ਹਰ ਵਸਤੂ ਤੇ ਵਰਤਾਰੇ ਵਿੱਚੋਂ ਕੁਝ ਅਜਿਹਾ ਮਿਲ ਜਾਂਦਾ ਹੈ ਜੋ ਉਸ ਨੂੰ ਬੇਚੈਨ ਕਰਦਾ ਹੈ। ਇਸ ਕਰਕੇ ਇਸ ਕਿਤਾਬ ਵਿਚਲੀਆਂ ਕਵਿਤਾਵਾਂ ਦੇ ਵਿਸ਼ੈਗਤ ਸਰੋਕਾਰ ਪਿਆਰ ਤੋਂ ਲੈ ਕੇ ਰਾਜਨੀਤੀ, ਵਿਦਿਆਰਥੀ, ਆਸਿਫਾ, ਜਲ੍ਹਿਆਂਵਾਲਾ ਬਾਗ, ਮੁਕਤੀ, ਇਤਿਹਾਸ, ਅਣਖ, ਅਹੁਦੇਦਾਰੀਆਂ, ਪਿੰਡ ਦੀ ਧੀ, ਘੁਣ, ਅਰਦਾਸ, ਕਵਿਤਾ ਦੀ ਕਿਤਾਬ ਤੇ ਕੌਮ ਦੀ ਆਸ,ਜੰਗਲ਼ ਤੇ ਕਵਿਤਾ ਤੇ ਹੋਰ ਕਈ ਤੱਕ ਵੱਖ ਵੱਖ ਵਿਸ਼ਿਆਂ ਤੱਕ ਫੈਲੇ ਹੋਏ ਹਨ। ਜਸਪ੍ਰੀਤ ਕਵਿਤਾ ਨੂੰ ਆਪਣੀ ਗੁਰੂ ਮੰਨਦੀ ਹੈ। ਇਸ ਮੋਹ ਦੇ ਕਾਰਨ ਹੀ ਸ਼ਾਇਦ ਇਸ ਕਿਤਾਬ ਵਿੱਚ ਕਵਿਤਾ ਨਾਲ ਸਬੰਧਤ ਛੇ ਸੱਤ ਕਵਿਤਾਵਾਂ ਸ਼ਾਮਲ ਹਨ। ਉਹ ਖ਼ੁਦ ਨੂੰ ਵੀ ਸੁਖ਼ਨਾ ਦੀ ਵਾਰਸ ਮੰਨਦੀ ਹੈ।

ਇਸ ਕਿਤਾਬ ਦੀਆਂ ਸਾਰੀਆਂ ਕਵਿਤਾਵਾਂ ਸਮਕਾਲ ਦੇ ਕਿਸੇ ਨਾ ਕਿਸੇ ਉਸ ਵਰਤਾਰੇ ਨਾਲ ਸਬੰਧਤ ਹਨ ਜਿਨ੍ਹਾ ਬਾਰੇ ਸੋਚਿਆ ਵਿਚਾਰਿਆ ਜਾਣਾ ਉਹ ਜ਼ਰੂਰੀ ਸਮਝਦੀ ਹੈ। ਇਸ ਕਵਿਤਾ ਦੀ ਸੁਰ ਵਧੇਰੇ ਕਰ ਕੇ ਸੰਬੋਧਨੀ ਹੈ ਕਿਉਂਕਿ ਸ਼ਾਇਰਾ ਆਪਣੇ ਹਾਂ ਪੱਖੀ ਕਾਵਿ ਹਲੂਣਿਆਂ ਰਾਹੀਂ ਆਪਣੇ ਸੁਨੇਹੇਂ ਸਮਾਜ ਤੱਕ ਪਹੁੰਚਾਉਣਾ ਚਾਹੁੰਦੀ ਹੈ। ਕਿਤਾਬ ਦੇ ਸਿਰਲੇਖ ਵਾਲੀ ਕਵਿਤਾ...। ਪਹੁ ਫੁਟਾਲੇ ਦੇ ਸੁਖ਼ਨ ਉਪਰੋਕਤ ਕਥਨ ਦੀ ਪ੍ਰੋੜ੍ਹਤਾ ਕਰਦੇ ਜਾਪਦੇ ਹਨ। ਵਿਚਾਰਾਂ ਦੀ ਖੜੋਤ ਨੂੰ ਤੋੜਨ ਦੀ ਹਾਮੀ ਕਵਿਤਾ ਰਚਣ ਵਾਲੀ ਕਵਿੱਤਰੀ ਜਸਪ੍ਰੀਤ ਸਿੱਧੂ ਨੂੰ ਸ਼ੁਭ ਇਛਾਵਾਂ।

- **ਜਿਊਂਦੇ ਸ਼ਹੀਦ** (ਵਾਰਤਕ) ***ਸਵਿੰਦਰ ਸੰਧੂ***

ਇਸ ਸਿਰਲੇਖ ਵਾਲੀ ਪੁਸਤਕ ਸਵਿੰਦਰ ਸੰਧੂ ਦੀ ਚੌਥੀ ਕਿਤਾਬ ਹੈ। ਪਹਿਲੀਆਂ ਤਿੰਨ ਕਿਤਾਬਾਂ ਕਵਿਤਾ ਦੀਆਂ ਹਨ। ਲੇਖਕਾ ਦੀ ਵਾਰਤਕ ਦੀ ਇਹ ਪਹਿਲੀ ਕਿਤਾਬ ਹੈ। ਪਹਿਲੀ ਕਿਤਾਬ ਵਿੱਚ ਹੀ ਉਸ ਵੱਲੋਂ ਅਰਥਪੂਰਨ ਵਿਸ਼ਿਆਂ ਨੂੰ ਖ਼ੂਬਸੂਰਤੀ ਨਾਲ ਪੇਸ਼ ਕੀਤਾ ਗਿਆ ਹੈ। ਪੰਦਰਾਂ ਲੇਖਾਂ ਵਿੱਚੋਂ ਪਹਿਲੇ ਦੋ ਲੇਖ "ਜਿਊਂਦੇ ਸ਼ਹੀਦ " ਸਿਰਲੇਖ ਹੇਠ। ਇਹਨਾ ਵਿੱਚ ਪਹਿਲਾ ਲੇਖ ਮੇਜਰ ਕੰਵਲਜੀਤ ਸਿੰਘ ਬਾਰੇ ਹੈ । ਜਿਸ ਦਾ ਇੱਕ ਹੱਥ ਸੈਨਿਕਾਂ ਨੂੰ ਇੱਕ ਗੋਲੇ ਤੋਂ ਬਚਾਉਣ ਵੇਲੇ ਉੱਡ ਗਿਆ ਸੀ ਤੇ ਫਿਰ ਉਹ 1971 ਦੀ ਪਾਕਿਸਤਾਨ ਨਾਲ ਹੋਈ ਲੜਾਈ ਵਿੱਚ ਵੀ ਕੁੱਦ ਪਿਆ । ਬਹਾਦਰੀ ਨਾਲ ਲੜਦਾ ਹੋਇਆ ਪਾਕਿਸਤਾਨੀ ਫੌਜ ਦੇ ਹੱਥ ਆ ਗਿਆ । ਉਸ ਦੀ ਪਤਨੀ ਉਦੋਂ ਬਾਈ ਸਾਲ ਦੀ ਸੀ ਤੇ ਬੇਟੀ ਢਾਈ ਸਾਲ ਦੀ । ਉਸ ਨੂੰ ਪਾਕਿਸਤਾਨ ਦੀ ਜੇਲ੍ਹ ਵਿੱਚੋਂ ਵਾਪਸ ਲਿਆਉਣ ਵਾਸਤੇ ਸਰਕਾਰ ਵੱਲੋਂ ਕੋਈ ਕਦਮ ਨਹੀਂ ਚੁੱਕੇ ਗਏ ਤੇ ਪਰਿਵਾਰ ਅੱਜ ਤੱਕ ਉਸ ਦੀ ਉਡੀਕ ਵਿੱਚ ਹੈ।"ਦੂਜਾ ਜ਼ਿੰਦਾ ਸ਼ਹੀਦ ਕਰਨਬੀਰ ਸਿੰਘ ਨੱਤ ਜੰਮੂ ਕਸ਼ਮੀਰ ਵਿੱਚ ਅੱਤਵਾਦੀਆਂ ਨਾਲ ਮੁਕਾਬਲੇ ਵਿੱਚ ਸਖ਼ਤ ਜ਼ਖਮੀ ਹੋ ਗਿਆ ਤੇ ਅਜੇ ਤੱਕ ਕੋਮਾ ਵਿੱਚ ਹੈ। ਪਰਿਵਾਰ ਉਸ ਨੂੰ ਸੰਭਾਲ ਰਿਹਾ ਹੈ । ਦੇਸ਼ ਦੀ ਖ਼ਾਤਰ ਜਾਨ ਹੂਲ ਦੇਣ ਵਾਲੇ ਪਰਿਵਾਰਾਂ ਦਾ ਹਾਲ ਸਾਡੀ ਵਿਵਸਥਾ ਤੇ ਕਈ ਸੁਆਲ ਉਠਾਉਂਦਾ ਹੈ।

ਇਸ ਤੋਂ ਅੱਗੇ ਹਨ,'ਵਾਦੜੀਆਂ ਸਜਾਦੜੀਆਂ', ਜਿਸ ਵਿੱਚ ਬੱਚੇ ਦੀਆਂ ਬਚਪਨ ਤੋਂ ਹੀ ਆਦਤਾਂ ਬਣਾਉਣ ਤੇ ਚੰਗੀਆਂ ਆਦਤਾਂ ਦਾ ਹੋਣ ਦੀ ਜ਼ਰੂਰਤ ਬਾਰੇ ਸੁਨੇਹਾਂ ਹੈ। 'ਪੰਜੇ ਤੱਤ ਗੰਧਲ਼ੇ' ਵਿੱਚ ਵੱਧ ਰਹੇ ਪ੍ਰਦੂਸ਼ਣ ਬਾਰੇ ਫਿਕਰ ਤੇ 'ਰਿਸ਼ਤਿਆਂ ਦੀ ਬੇਕਦਰੀ 'ਵਿੱਚ ਅਜੋਕੇ ਸਮੇਂ ਵਿੱਚ ਰਿਸ਼ਤਿਆਂ ਦੇ ਘਾਣ ਬਾਰੇ ਦਰਦ ਭਰੀਆਂ ਸੱਚੀਆਂ ਘਟਨਾਵਾਂ ਉਦਾਹਰਣਾਂ ਵਜੋਂ ਦਰਜ ਹਨ। 'ਮੁਢਲੀ ਹਕੂਮਤ' ਵਿੱਚ ਪਰਿਵਾਰ ਵਿੱਚ ਵੱਡਿਆਂ ਦੀ ਸਰਪ੍ਰਸਤੀ ਵਿੱਚ ਹੋਣ ਦੇ ਫ਼ਾਇਦੇ ਤੇ 'ਬੇਦਖਲੀਆਂ 'ਵਿੱਚ ਨਸ਼ਿਆਂ ਜਾਂ ਹੋਰ ਬੁਰੀਆਂ ਆਦਤਾਂ ਵਿੱਚ ਫਸ ਚੁੱਕੇ ਪੁੱਤਰਾਂ ਨੂੰ ਮਾਪਿਆਂ ਵੱਲੋਂ ਮਜ਼ਬੂਰੀ ਵਿੱਚ ਬੇਦਖ਼ਲ ਕਰਨ ਦੇ ਵਰਤਾਰੇ ਪਿੱਛੇ ਲੁਕੇ ਦਰਦ ਬਿਆਨ ਹੋਏ ਹਨ। 'ਮੋਹ ਮਮਤਾ ਦਾ ਘਾਣ' ਵੀ ਮਾਂ ਬਾਪ ਤੇ ਪੁੱਤਰਾਂ ਦੇ ਰਿਸ਼ਤਿਆਂ ਵਿੱਚ ਪੈ ਚੁੱਕੇ ਪਾੜ ਬਾਰੇ ਗੱਲ ਕਰਦਾ ਹੈ । ਅਜਿਹੇ ਸਮੇਂ ਵਿੱਚ ਜਿਸ ਘਰ ਵਿੱਚ ਉਸ ਨੇ

ਰਿਸ਼ਤਿਆਂ ਦਾ ਮਾਣ ਸਨਮਾਨ ਵੇਖਿਆ ਹੈ ਉਸ ਦੀ ਸਿਫ਼ਤ ਅਗਲੇ ਲੇਖ 'ਰਿਸ਼ਤੇ ਅਜੇ ਜਿਊਂਦੇ ਹਨ' ਵਿੱਚ ਕੀਤੀ ਗਈ ਹੈ। ਇਸ ਤੋਂ ਅਗਲੇ ਲੇਖ, 'ਉੱਤਮ ਖੇਤੀ', 'ਮਿੱਟੀ ਦਾ ਇਲਾਜ ਮਿੱਟੀ', 'ਕੁਦਰਤ ਦੀ ਆਫ਼ਤ ਕਰੋਨਾ', 'ਤੈਂ ਕੀ ਦਰਦ ਨਾ ਆਇਆ', 'ਸ਼ਾਹਤੂਸ਼ ਦਾ ਸ਼ਾਲ' ਤੇ 'ਬੁਘਨੀ' ਹਨ। ਇਹਨਾ ਸਾਰੇ ਲੇਖਾਂ ਵਿੱਚ ਸਵਿੰਦਰ ਸੰਧੂ ਦੀ ਸਮਾਜ, ਰਿਸ਼ਤਿਆਂ, ਮਨੁੱਖੀ ਕਦਰਾਂ ਕੀਮਤਾਂ, ਵਾਤਾਵਰਣ ਤੇ ਖੇਤੀ ਆਦਿ ਬਾਰੇ ਫਿਕਰਮੰਦੀ ਬਹੁਤ ਹੀ ਸ਼ਿੱਦਤ ਨਾਲ ਜ਼ਾਹਰ ਹੁੰਦੀ ਹੈ। ਉਸ ਦੀ ਵਾਰਤਕ ਵਿੱਚ ਰਵਾਨੀ ਹੈ ਜੋ ਪਾਠਕ ਦੇ ਮਨ ਵਿੱਚ ਦਿਲਚਸਪੀ ਪੈਦਾ ਕਰ ਕੇ ਉਸ ਨੂੰ ਆਪਣੇ ਨਾਲ ਲੈ ਤੁਰਦੀ ਹੈ । ਇਹ ਗੁਣ ਉਸ ਨੂੰ ਇੱਕ ਸੁਚੱਜੀ ਨਾਗਰਿਕ ਤੇ ਜ਼ੁੰਮੇਵਾਰ ਕਲਮਕਾਰ ਸਿੱਧ ਕਰਦਾ ਹੈ। ਲੇਖਕਾ ਨੂੰ ਮੁਬਾਰਕਾਂ।

- **ਅੰਤਰਨਾਦ** (ਕਾਵਿ–ਕਿਤਾਬ) ***ਹਰਪ੍ਰੀਤ ਕੌਰ ਸੰਧੂ***

ਅੰਤਰਨਾਦ ਸਿਰਲੇਖ ਵਾਲੀ ਪਲੇਠੀ ਦੀ ਕਾਵਿ ਕਿਤਾਬ ਨਾਲ ਕਾਵਿ ਖੇਤਰ ਵਿੱਚ ਉੱਤਰੀ ਸ਼ਾਇਰਾ ਹਰਪ੍ਰੀਤ ਕੌਰ ਸੰਧੂ ਇੱਕ ਨਵੇਕਲੀ ਸੁਰ ਲੈ ਕੇ ਆਈ ਹੈ। ਚੌਹਠ ਪੰਨਿਆਂ ਵਾਲੀ ਇਸ ਕਿਤਾਬ ਵਿਚ ਜ਼ਿੰਦਗੀ ਨਾਲ ਜੁੜੇ ਸਰੋਕਾਰਾਂ ਨੂੰ ਕਵਿੱਤਰੀ ਵੱਲੋਂ ਪੂਰੀ ਸ਼ਿੱਦਤ ਨਾਲ ਆਪਣੇ ਸ਼ਬਦਾਂ ਵਿੱਚ ਅੰਕਿਤ ਕੀਤਾ ਗਿਆ ਹੈ। ਉਹ ਸਮਕਾਲ ਦੇ ਹਾਲਾਤ ਦੀਆਂ ਪਰਤਾਂ ਉਧੇੜਦੀ ਤੇ ਚੁਭਦੇ ਵਰਤਾਰਿਆਂ ਕਾਰਨ ਸਮਾਜ ਨੂੰ ਤੇ ਔਰਤ ਨੂੰ ਦਿੱਤੀ ਜਾ ਰਹੀ ਪੀੜ ਤੇ ਉਂਗਲ ਧਰਦੀ ਹੈ। ਆਪਣੇ ਸ਼ਬਦਾਂ ਵਿਚ ਉਹ ਬਿਨਾ ਸੰਕੋਚ ਇਹ ਵੀ ਕਹਿੰਦੀ ਹੈ ਸਮਾਜ ਵਿੱਚ ਹੋਣਾ ਕੀ ਚਾਹੀਦਾ ਹੈ ਤੇ ਔਰਤ ਕੀ ਚਾਹੁੰਦੀ ਹੈ । ਉਹ ਸਆਲ ਉਠਾਉਂਦੀ ਹੈ ਕਿ ਉਸ ਦੇ ਇਨਸਾਨ ਹੋਣ ਦੇ ਤੱਥ ਨੂੰ ਦਰਕਿਨਾਰ ਕਰ ਕੇ ਉਸ ਦੀ ਹੋਂਦ ਨੂੰ ਸਿਰਫ ਔਰਤ ਹੋਣ ਕਾਰਨ ਹੀ ਛੁਟਿਆਇਆ ਤੇ ਨਕਾਰਿਆ ਜਾ ਰਿਹਾ ਹੈ। ਹਰਪ੍ਰੀਤ ਆਮ ਰੁਝਾਨ ਮੁਤਾਬਿਕ ਸਿਰਫ ਇਸ ਕਰਕੇ ਹੀ ਕੁਝ ਕਹਿਣੋ ਨਹੀਂ ਰੁਕਦੀ ਕਿ ਦੂਜੇ ਕੀ ਕਹਿਣਗੇ, ਜਾਂ ਸਮਾਜ ਵਿੱਚ ਤਾਂ ਇਸ ਤਰਾਂ ਨਹੀਂ ਕਿਹਾ ਜਾਂਦਾ। ਉਹ ਬੇਬਾਕ ਹੈ, ਜਦੋਂ ਕਹਿੰਦੀ ਹੈ ਕਿ ਦੁੱਖ ਦੇਣ ਵਾਲੇ ਨੂੰ ਕਿਓਂ ਨਾ ਬਦ ਦੁਆ ਦੇਵਾਂ ?

ਉਹ ਕਿਸਾਨੀ ਦੇ ਦਰਦ ਨੂੰ ਵੀ ਗਹਿਰਾਈ ਨਾਲ ਸਮਝਦੀ ਹੈ ਤੇ ਇਸ ਕਾਰਨ ਕਿਸਾਨੀ ਬਾਰੇ ਵੀ ਉਸ ਦੀਆਂ ਬਹੁਤ ਸਪਸ਼ਟ ਅੰਦਾਜ਼ ਵਾਲੀਆ ਕਵਿਤਾਵਾਂ ਹਨ। ਰਿਸ਼ਤਿਆਂ ਬਾਰੇ ਬਹੁਤ ਸਾਰੀਆਂ ਖ਼ੂਬਸੂਰਤ ਕਵਿਤਾਵਾਂ ਹਨ ਇਸ ਕਿਤਾਬ ਵਿੱਚ। ਪਰ ਉਹ ਆਪਣੀ ਸਮੁੱਚੀ ਕਵਿਤਾ ਵਿੱਚ ਲੋਕ ਲੁਭਾਉਣੇ ਪ੍ਰਚੱਲਤ ਮੁਹਾਵਰੇ ਤੋਂ ਵਿੱਥ ਸਿਰਜ ਕੇ ਸਿਰਫ ਜੋ ਮਹਿਸੂਸ ਕਰਦੀ ਹੈ ਉਹੋ ਕਹਿੰਦੀ ਤੇ ਉਸ ਨੂੰ ਆਪਣੀ ਮਰਜ਼ੀ ਨੂੰ ਵੇਗ ਭਰੇ ਰੌਂਅ ਨਾਲ ਸ਼ਬਦਾਂ ਵਿੱਚ ਪਰੋਣਾ ਵੀ ਆਉਂਦਾ ਹੈ। ਇਹ ਦੋਵੇਂ ਗੁਣ ,ਪਾਰਦਰਸ਼ਿਤਾ ਤੇ ਬੇਬਾਕੀ ਉਸ ਦੀ ਕਵਿਤਾ ਦੀ ਖ਼ਾਸੀਅਤ ਹਨ । ਕਾਵਿ ਕਿਤਾਬ ਨੂੰ ਜੀ ਆਇਆਂ ਤੇ ਸ਼ਾਇਰਾ ਨੂੰ ਸ਼ੁਭ ਇਛਾਵਾਂ।

- **ਬੁੱਝੋ ਬੱਚਿਓ ਮੈਂ ਹਾਂ ਕੌਣ-1, ਬੁੱਝੋ ਬੱਚਿਓ ਮੈਂ ਹਾਂ ਕੌਣ-2** (ਬਾਲ ਪੁਸਤਕਾਂ) ***ਦਰਸ਼ਨ ਸਿੰਘ ਆਸ਼ਟ***

'ਬੁੱਝੋ ਬੱਚਿਓ ਮੈਂ ਹਾਂ ਕੌਣ–1' ਅਤੇ 'ਬੁੱਝੋ ਬੱਚਿਓ ਮੈਂ ਹਾਂ ਕੌਣ–2' ਦਰਸ਼ਨ ਸਿੰਘ ਆਸ਼ਟ ਵੱਲੋਂ ਲਿਖੀਆਂ ਗਈਆਂ ਬਾਲ ਪੁਸਤਕਾਂ ਹਨ। ਦਰਸ਼ਨ ਸਿੰਘ ਆਸ਼ਟ ਬਾਲ ਸਾਹਿਤ ਨੂੰ ਸਮਰਪਿਤ ਲੇਖਕ ਹਨ। ਇਹਨਾ ਕਿਤਾਬਾਂ ਤੋਂ ਪਹਿਲਾਂ ਉਹਨਾ ਦੀਆਂ ਉਣੱਤੀ ਬਾਲ ਪੁਸਤਕਾਂ ਪ੍ਰਕਾਸ਼ਿਤ ਹੋ ਚੁੱਕੀਆਂ ਹਨ। ਦਰਸ਼ਨ ਸਿੰਘ ਆਸ਼ਟ ਪੰਜਾਬ ਸਰਕਾਰ ਵੱਲੋਂ ਸਟੇਟ ਅਵਾਰਡੀ ਹਨ ਤੇ ਸਾਹਿਤ ਅਕਾਦਮੀ ਪੁਰਸਕਾਰ ਵਿਜੇਤਾ ਵੀ ਹਨ। ਇਹਨਾ ਦੋਹਾਂ ਹੱਥਲੀਆਂ ਕਿਤਾਬਾਂ ਵਿੱਚ ਉਹਨਾ ਨੇ ਨਵੇਕਲੀ ਕਿਸਮ ਦੀ ਮਿਹਨਤ ਕੀਤੀ ਹੈ ।ਹਰੇਕ ਕਿਤਾਬ ਵਿੱਚ ਸਤਾਰਾਂ ਸਤਾਰਾਂ ਬੁਝਾਰਤਾਂ ਹਨ। ਇਹ ਬੁਝਾਰਤਾਂ ਘਰਾਂ ਵਿੱਚ ਤੇ ਆਲੇ ਦੁਆਲੇ ਵਿਚ ਦੇਖੀਆਂ ਜਾਂਦੀਆਂ ਆਮ ਚੀਜ਼ਾਂ ਤੇ ਜੀਵਾਂ ਬਾਰੇ ਹਨ, ਜਿਵੇਂ ਚਾਬੀ, ਚੂਹਾ , ਤੋਤਾ, ਘੜੀ, ਹਾਥੀ, ਕਬੂਤਰ, ਆਂਡਾ ਤੇ ਲੱਡੂ ਆਦਿ ਵਰਗੇ ਨਾਵਾਂ ਬਾਰੇ ਹਨ। ਪਹਿਲੇ ਪੰਨੇ ਤੇ ਇੱਕ ਬੁਝਾਰਤ ਤੇ ਅਗਲੇ ਪਾਸੇ ਉਸ ਦੇ ਜੁਆਬ ਦੀ ਖ਼ੂਬਸੂਰਤ, ਰੰਗਦਾਰ ਤਸਵੀਰ ਹੈ।

ਇਹ ਬਹੁਤ ਆਸਾਨ ਬੋਲੀ ਵਿਚ ਲਿਖੀਆਂ ਗਈਆਂ ਪ੍ਰਗੀਤਕ ਕਵਿਤਾਵਾਂ ਹਨ ਤੇ ਬਾਲਾਂ ਨੂੰ ਜਲਦੀ ਹੀ ਯਾਦ ਵੀ ਹੋ ਜਾਣ ਵਾਲੀਆਂ ਹਨ। ਇਸ ਕਰਕੇ ਇਹ ਬੱਚਿਆਂ ਦੇ ਮਨ ਵਿਚ ਉਤਸੁਕਤਾ ਤੇ ਦਿਲਚਸਪੀ ਜਗਾ ਕੇ ਉਹਨਾ ਦਾ ਮਨੋਰੰਜਨ ਵੀ ਕਰਦੀਆਂ ਹਨ। ਨਵਰੰਗ ਪਬਲੀਕੇਸ਼ਨ ਸਮਾਣਾ ਵੱਲੋਂ ਛਾਪੀਆਂ ਗਈਆਂ ਇਹ ਕਿਤਾਬਾਂ ਦਿੱਖ ਵਿਚ ਵੀ ਖ਼ੂਬਸੂਰਤ ਹਨ।

-ਅਰਤਿੰਦਰ ਸੰਧੂ

- **ਹੱਦ ਤੋਂ ਪਰ੍ਹੇ** (ਨਾਵਲ) ***ਮਹਿੰਦਰ ਸਿੰਘ ਤਤਲਾ***

ਮਹਿੰਦਰ ਸਿੰਘ ਤਤਲਾ ਇਸ ਵਾਰ ਆਪਣਾ ਪਲੇਠਾ ਨਾਵਲ 'ਹੱਦ ਤੋਂ ਪਰ੍ਹੇ' ਲੈ ਕੇ ਪਾਠਕਾਂ ਸਾਹਵੇਂ ਪੇਸ਼ ਹੋਇਆ ਹੈ। ਇਸ ਤੋਂ ਪਹਿਲਾ ਦੋ ਕਹਾਣੀ–ਸੰਗ੍ਰਹਿਆਂ ਨਾਲ ਉਹ ਸਾਹਿਤ ਦੇ ਖੇਤਰ ਵਿੱਚ ਆਪਣੀ ਹਾਜ਼ਰੀ ਮਜ਼ਬੂਤ ਕਰ ਚੁੱਕਾ ਹੈ। ਉਸ ਦੇ ਪਹਿਲੇ ਹੀ ਕਹਾਣੀ ਸੰਗ੍ਰਹਿ '47–ਏ ਦਿੱਲੀ' ਦੀ ਬਹੁਤ ਚਰਚਾ ਹੋਈ। ਇਸ ਵਾਰ ਉਸ ਨੇ ਨਾਵਲ ਉਤੇ ਹੱਥ ਅਜ਼ਮਾਇਆ ਹੈ।

ਮਹਿੰਦਰ ਸਿੰਘ ਤਤਲਾ ਦਾ ਇਹ ਨਾਵਲ ਉਨ੍ਹਾਂ ਮਨੁੱਖੀ ਵਿਕਾਰਾਂ ਦੀ ਤਰਜ਼ਮਾਨੀ ਕਰਦਾ ਹੈ, ਜਿਨ੍ਹਾਂ ਤੋਂ ਸਾਰੇ ਧਰਮਾਂ ਤੇ ਗ੍ਰੰਥਾਂ ਵਿੱਚ

ਰੋਕਿਆ ਤੇ ਵਰਜਿਆ ਜਾਂਦਾ ਰਿਹਾ। ਪਰ ਅਜੇ ਤਕ ਮਨੁੱਖ ਇਨ੍ਹਾਂ ਦੇ ਚੱਕਰਾਂ ਤੋਂ ਬੱਚ ਨਹੀਂ ਸਕਿਆ, ਸਗੋਂ ਇਨ੍ਹਾਂ ਵਿਕਾਰਾਂ ਅੰਦਰ ਉਹ ਪਹਿਲੇ ਤੋਂ ਵੀ ਵੱਧ ਗ੍ਰੱਸਿਆ ਦਿੱਸਦਾ ਹੈ। ਕਾਮ, ਕ੍ਰੋਧ, ਲੋਭ, ਮੋਹ ਤੇ ਅੰਹਕਾਰ ਇਹ ਤੱਤ ਵਿਕਾਰ ਕਹੇ ਗਏ ਹਨ, ਜੋ ਮਨੁੱਖ ਨੂੰ ਮੁਕਤ ਹੋਣ ਜਾਂ ਨਿਰਵਾਣ ਪ੍ਰਾਪਤੀ ਦੇ ਮਾਰਗ ਵਿੱਚ ਸਭ ਤੋਂ ਵੱਧ ਰੁਕਾਵਟਾਂ ਪਾਉਂਦੇ ਹਨ। ਇਨ੍ਹਾਂ ਤੋਂ ਪਾਰ ਜਾਣਾ ਹੀ ਮਨੁੱਖੀ ਜੀਵਨ ਦੀ ਪ੍ਰਾਪਤੀ ਤੇ ਦਿਬਤਾ ਦੀ ਉੱਚਾਈ ਹਾਸਲ ਕਰਨਾ ਹੈ। ਜਦਕਿ ਦੇਖਿਆ ਇਹ ਗਿਆ ਹੈ ਕਿ ਮਨੁੱਖ ਦੇ ਸਿੱਖਿਅਤ ਤੇ ਕਥਿਤ ਤੌਰ ਤੇ 'ਸਭਿਅ' ਹੋਣ ਦੇ ਨਾਲ ਉਸ ਅੰਦਰ ਇਨ੍ਹਾਂ ਪ੍ਰਤੀ ਚਾਹਤ ਪਹਿਲਾ ਤੋਂ ਕਈ ਗੁਣਾ ਵਧੇਰੀ ਹੋ ਗਈ ਹੈ। ਪਰ ਇਸ ਤੋਂ ਵਰਜੇ ਜਾਣ ਜਾਂ ਰੋਕੇ ਜਾਣ ਦਾ ਕਾਰਣ ਬੰਦੇ ਦੇ ਪੱਲੇ ਨਹੀਂ ਪੈਂਦਾ ਕਿ ਇਨ੍ਹਾਂ ਵਿਕਾਰਾਂ ਦਾ ਗੁਲਾਮ ਹੋ ਕੇ ਉਹ ਜਿਸ ਰਾਹ ਉਤੇ ਤੁਰ ਪੈਂਦਾ ਹੈ, ਉਹ ਰਾਹ ਉਸ ਨੂੰ ਜੀਂਦੇ ਜੀਅ ਹੀ ਮਾਰ ਸੁੱਟਦਾ ਹੈ। ਫਿਰ ਉਸ ਦਾ ਜੀਵਨ ਹੀ ਅਸਲ ਵਿੱਚ ਨਰਕ ਬਣ ਜਾਂਦਾ ਹੈ।

ਨਾਵਲ ਦੀ ਥੀਮ ਵਿੱਚ ਧੀਆਂ ਵਾਲੇ ਪਰਿਵਾਰ ਵਿੱਚ ਵੱਡੀ ਜ਼ਮੀਨ ਦਾ ਹੋਣਾ ਤੇ ਉਸ ਜ਼ਮੀਨ ਦਾ ਵਲੀ-ਵਾਰਿਸ ਧੀਆਂ ਵਿਚੋਂ ਕਿਸ ਨੂੰ ਬਣਾਇਆ ਜਾਏ ਨਾਲ ਸੰਬੰਧਤ ਹੈ। ਤਿੰਨਾਂ ਧੀਆਂ ਵਿਚੋਂ ਵੱਡੀ ਕੁੜੀ ਕੁਲਦੀਪ ਸਿਆਣੀ, ਉਸ ਦਾ ਵਿਆਹ ਸਾਊ ਹਰਿੰਦਰ ਨਾਲ ਹੋਇਆ। ਦੋਵੇਂ ਅਧਿਆਪਕ, ਪਰ ਦੂਜੀ ਭੈਣ ਹਰਦੀਪ ਦੀ ਡਾਹ ਸਦਕਾ ਸਿਰਫ਼; ਇਕ ਘਰ ਨਹੀਂ, ਤਿੰਨ ਘਰ ਬਰਬਾਦ ਹੋਏ। ਪਹਿਲਾ ਉਸ ਹਰਿੰਦਰ ਨੂੰ ਆਪਣੇ ਵੱਸ ਕਰ, ਵੱਡੀ ਭੈਣ ਨੂੰ ਖ਼ੁਦਕੁਸ਼ੀ ਕਰਨ ਤੇ ਮਜ਼ਬੂਰ ਕਰ ਦਿੱਤਾ ਤੇ ਘਰਦਿਆਂ ਨੇ ਉਸ ਦਾ ਵਿਆਹ ਹਰਿੰਦਰ ਨਾਲ ਹੀ ਕਰ ਦਿੱਤਾ। ਫਿਰ ਜਦੋਂ ਉਸ ਨੂੰ ਪਤਾ ਲੱਗਾ ਕਿ ਮਾਪੇ, ਛੋਟੀ ਭੈਣ ਲਵਪ੍ਰੀਤ ਤੇ ਉਸ ਦੇ ਪਤੀ ਨੂੰ ਜ਼ਮੀਨ ਸਾਂਭਣ ਖ਼ਾਤਰ ਆਪਣੇ ਘਰ ਰੱਖਣਾ ਚਾਹੁੰਦੇ ਹਨ ਤਾਂ ਜ਼ਮੀਨ ਦੇ ਲਾਲਚ ਵੱਸ ਉਸ ਨੇ ਹਰਿੰਦਰ ਨਾਲ ਰਲ ਕੇ ਅੱਤਵਾਦੀਆਂ ਦੇ ਹਮਲੇ ਰਾਹੀਂ ਛੋਟੀ ਭੈਣ ਤੇ ਭਣਵੀਏ ਨੂੰ ਮਰਵਾ ਦਿੱਤਾ। ਫਿਰ ਆਪਣੇ ਮਾਪਿਆਂ ਦਾ ਕੰਡਾ ਕੱਢ ਦਿੱਤਾ। ਇਸ ਤਰ੍ਹਾਂ ਹਰਿੰਦਰ ਤੇ ਹਰਦੀਪ ਨੇ ਵੱਡੇ ਅਪਰਾਧ ਕਰ, ਨੇੜਲੇ ਰਿਸ਼ਤਿਆਂ ਦਾ ਘਾਣ ਕਰ, ਵੱਡੀ ਜ਼ਮੀਨ ਹਾਸਲ ਕਰ ਲਈ। ਉਨ੍ਹਾਂ ਦੀ ਭੈੜੀ ਨੀਅਤ ਦਾ ਫਲ ਪੁੱਤਰ ਰਣਬੀਰ ਦੇ ਰੂਪ ਵਿੱਚ ਭੁਗਤਣਾ ਪਿਆ। ਜਿਸ ਨੂੰ ਹੱਦੋਂ ਵੱਧ ਲਾਡ-ਪਿਆਰ ਨੇ ਐਨਾ ਵਿਗਾੜ ਦਿੱਤਾ ਕਿ ਉਸ ਨੂੰ ਬਾਰ੍ਬਾਰ ਕਹਿ ਕੁਹਾ ਕੇ ਸਕੂਲ ਵਿੱਚ ਪਾਸ ਕਰਵਾਇਆ ਜਾਂਦਾ ਰਿਹਾ। ਫਿਰ ਉਹ ਨਸ਼ੇ ਤੇ ਹੋਰ ਭੈੜੇ ਪਾਸੇ ਵੱਲ ਪੈ ਗਿਆ। ਸਿਰ ਉਤੇ ਕੇਸ ਬਣ ਜਾਣ ਤੇ ਵੱਡੀ ਰਕਮ ਦੇ ਕੇ ਉਸ ਨੂੰ ਬਾਪ ਥਾਣੇ ਤੋਂ ਛੁਡਵਾ ਕੇ ਲਿਆਇਆ। ਪੁਲਿਸ ਹੱਥੋਂ ਬਚਾਉਣ ਖ਼ਾਤਰ ਮੋਟੀ ਰਕਮ ਤਾਰ ਕੇ ਉਸ ਨੂੰ ਏਜੰਟ ਰਾਹੀਂ ਕਿਸੇ ਜਾਲ੍ਹੀ ਵਿਆਹ ਰਾਹੀਂ, ਕਨੇਡਾ ਭਿਜਵਾ ਦਿੱਤਾ। ਲਾਲਚ ਅਜੇ ਵੀ ਨਾ ਮੁੱਕਿਆ ਤੇ ਪੁੱਤਰ ਦੇ ਇੰਡੀਆ ਆਉਣ ਤੇ ਉਸ ਦੇ ਵਿਆਹ ਬਦਲੇ ਕੁੜੀ ਵਾਲਿਆਂ ਤੋਂ ਬਾਹਰ ਲਿਜਾਉਣ ਦੀ ਮੰਗ ਕਰ ਦਿੱਤੀ। ਕਈ ਕੁੜੀਆਂ ਦੇਖਣ ਤੇ ਵੀ ਮਾਮਲਾ ਤੀਹ ਲੱਖ ਦੀ ਵੱਡੀ ਰਕਮ ਕਾਰਣ ਅੜ ਜਾਂਦਾ ਹੈ। ਇਕ ਕੁੜੀ ਦੇ ਮਾਪੇ ਤਿਆਰ ਹੋ ਗਏ। ਕੁੜੀ ਵੀ ਬਹੁਤ ਸੁਹਣੀ ਤੇ ਪੜ੍ਹੀਲਿਖੀ, ਪਰ ਉਸ ਕੁੜੀ ਨੇ ਸਭ ਦੇ ਸਾਹਮਣੇ ਰਣਬੀਰ ਦੀ ਪੂਰੀ ਜਨਮ੍ਕੁੰਡਲੀ ਉਧੇੜ ਕੇ ਰੱਖ ਦਿੱਤੀ। ਜਿਸ ਦੀ ਨਮੋਸ਼ੀ ਸਦਕਾ ਰਣਬੀਰ ਦਾ ਐਕਸੀਡੈਂਟ ਹੋ ਗਿਆ, ਉਹ ਚਾਰ੍ਦਿਨ ਕੋਮਾ ਵਿੱਚ ਰਹਿ ਕੇ ਮਰ ਗਿਆ। ਮਾਂ ਹਰਦੀਪ ਪੁੱਤਰ ਪਿੱਛੇ ਪਾਗਲ ਹੋ ਗਈ ਤੇ ਇਕ ਦਿਨ ਉਸ ਦੀ ਲਾਸ਼ ਮਿਲੀ। ਬਾਪ ਜ਼ਿੰਦਾ ਰਹਿ ਕੇ ਵੀ ਭਟਕਦਾ ਫਿਰਦਾ, ਅਖ਼ੀਰ ਉਸ ਦਾ ਵੀ ਅੰਤ ਹੋ ਗਿਆ। ਸਾਰਾ ਹੀ ਨਾਵਲ ਪਾਠਕ ਨੂੰ ਬੰਨ੍ਹ ਕੇ ਰੱਖਦਾ ਹੈ। ਜਾਣੀਆਂ-ਪਛਾਣੀਆਂ ਘਟਨਾਵਾਂ ਦੇ ਬਾਵਜੂਦ ਲੇਖਕ ਗੱਲ ਦੀ ਤਾਣੀ ਕਿੱਧਰੇ ਟੁੱਟਣ ਨਹੀਂ ਦੇਂਦਾ। ਜੇ ਇਕ ਬੰਦੇ ਦੇ ਚੰਗੇ ਹੋਣ ਨਾਲ ਕੁੱਲਾਂ ਸੁਧਰ ਜਾਂਦੀਆਂ ਹਨ ਤਾਂ ਕਿਸੇ ਇਕ ਦਾ ਮਾੜਾ ਪਰਛਾਵਾਂ ਕਈ ਘਰਾਂ ਤੇ ਜ਼ਿੰਦਗੀਆਂ ਨੂੰ ਬਰਬਾਦ ਕਰ ਜਾਂਦਾ ਹੈ। ਲੇਖਕ ਅਨੁਸਾਰ, ਹਰ ਬੰਦੇ ਅੰਦਰ ਹੀ ਇਹ ਵਿਕਾਰ ਮੌਜੂਦ ਹਨ ਤੇ ਜਦੋਂ ਇਹ 'ਹੱਦ ਤੋਂ ਪਰ੍ਹੇ' ਚਲੇ ਜਾਂਦੇ ਹਨ, ਫਿਰ ਬੰਦੇ ਨੂੰ ਅੰਨ੍ਹਾ ਕਰ, ਅਜਿਹੇ ਪਾਸੇ ਵੱਲ ਲਿਜਾਂਦੇ ਹਨ, ਜਿੱਥੇ ਸਿਵਾਏ ਦੁਖ ਤੇ ਹਨੇਰੇ ਦੇ ਕੁਝ ਬਾਕੀ ਨਹੀਂ ਰਹਿੰਦਾ।'

ਨਾਵਲ ਵਿੱਚ ਮਾਪਿਆਂ ਵਲੋਂ ਗੱਲਾਂ-ਗੱਲਾਂ ਵਿੱਚ ਹੀ ਧੀ ਦੀ ਮਨਸ਼ਾ ਝੱਟ ਪਛਾਣ ਲੈਣਾ, ਰਿਸ਼ਤਿਆਂ ਵਿੱਚ ਪੈਂਦੀ ਦੂਰੀ ਨੂੰ ਪਾਤਰਾਂ ਰਾਹੀਂ ਚੰਗੀ ਤਰ੍ਹਾਂ ਬਿਆਨ ਕੀਤਾ ਗਿਆ ਹੈ। ਪੁਲਿਸ ਤੇ ਨੰਬਰਦਾਰ ਦੀ ਮਿਲੀਭਗਤ ਨਾਲ, ਰਣਬੀਰ ਉਤੇ ਕੋਈ ਸੰਗੀਨ ਜੁਰਮ ਨਾ ਹੋਣ ਤੇ ਵੀ ਹਰਿੰਦਰ ਕੋਲੋਂ ਵੱਡੀ ਰਕਮ ਮੁੱਛਣਾ, ਕਿਉਂਕਿ ਉਸ ਕੋਲ ਭਾਰੀ ਜ਼ਮੀਨ ਤੇ ਪੱਕੀ ਸਰਕਾਰੀ ਨੌਕਰੀ ਹੈ। ਮੇਵਾ ਸਿੰਘ ਨੇ ਹਰਿੰਦਰ ਦੀ ਮੁਸੀਬਤ ਵੇਲੇ ਮਦਦ ਕੀਤੀ। ਉਸ ਦੇ ਪੁੱਤਰ ਨੂੰ ਬਾਹਰ ਭਿਜਵਾਇਆ ਪਰ ਜਦੋਂ ਮੇਵਾ ਸਿੰਘ ਨੇ ਆਪਣੇ ਰਿਸ਼ਤੇਦਾਰ ਖ਼ਾਤਰ ਗੱਲ ਮੰਨਣ ਲਈ ਕਿਹਾ ਤਾਂ ਹਰਿੰਦਰ ਇਕਦਮ ਘਰੋਂ ਹੀ ਨਿਕਲ ਗਿਆ। ਹਰਦੀਪ ਨੇ ਉਸ ਨੂੰ ਟਾਲ ਦਿੱਤਾ। ਮੇਵਾ ਸਿੰਘ ਨੂੰ ਸਮਝ ਆ ਗਿਆ, ਕਿ ਇਹ ਬੰਦੇ ਸਿਰਫ਼ ਆਪਣਾ ਮਤਲਬ ਪੂਰਾ ਕਰਦੇ ਹਨ, ਇਨ੍ਹਾਂ ਨੂੰ ਕਿਸੇ ਦੇ ਮਾਣ-ਤਾਣ ਨਾਲ ਕੋਈ ਖਿਆਲ ਨਹੀਂ। ਅਜਿਹੀ ਕਈ ਛੋਟੀਆਂ-ਛੋਟੀਆਂ ਘਟਨਾਵਾਂ ਤੇ ਸੰਵਾਦਾਂ ਨਾਲ ਲੇਖਕ ਸਮਾਜ ਦੀ ਨਬਜ਼ ਦੱਸਣ ਦੀ ਕੋਸ਼ਿਸ਼ ਕਰਦਾ ਹੈ। ਪਾਠਕ ਨੂੰ ਅੰਤ ਤਕ ਰਚਨਾ ਨਾਲ ਜੋੜ ਰੱਖਣਾ ਕਿਸੇ ਵੀ ਲੇਖਕ ਦੀ ਪ੍ਰਾਪਤੀ ਕਿਹਾ ਜਾ ਸਕਦਾ ਹੈ। ਬੜੀ ਸਾਦਗੀ ਨਾਲ ਲੇਖਕ ਨੇ ਨੈਤਿਕ ਮੁੱਲਾਂ ਤੋਂ ਵਿਗੋਚੇ ਜਾਂਦੇ ਬੰਦਿਆਂ ਤੇ ਪਰਿਵਾਰਾਂ ਦੀ ਕਥਾ ਨੂੰ ਨਾਵਲੀ ਰੂਪ ਦੇ ਕੇ ਬਿਆਨ ਕੀਤਾ ਹੈ।

-ਜਸਵਿੰਦਰ ਕੌਰ ਬਿੰਦਰਾ

- **ਆਥਣ ਵੇਲਾ** (ਕਹਾਣੀ ਸੰਗ੍ਰਹਿ) *ਮੁਖ਼ਤਾਰ ਗਿੱਲ*

"ਆਥਣ ਵੇਲਾ" ਕਹਾਣੀ ਸੰਗ੍ਰਹਿ ਦਾ ਰਚੇਤਾ ਮੁਖ਼ਤਾਰ ਗਿੱਲ ਹੈ ਇਹ ਲੇਖਕ ਦਾ ਛੇਵਾਂ ਕਹਾਣੀ ਸੰਗ੍ਰਹਿ ਹੈ। ਇਸ ਪੁਸਤਕ ਵਿਚ ਕੁੱਲ ਮਿਲਾ ਕੇ ਦਸ ਕਹਾਣੀਆਂ ਹਨ। ਇਹ ਕਹਾਣੀਆਂ ਲੰਬੀਆਂ ਜ਼ਰੂਰ ਹਨ ਪਰ ਨਾਲ ਹੀ ਦਿਲਚਸਪ ਵੀ ਹਨ। ਪੜ੍ਹ ਕੇ ਬਿਲਕੁਲ

ਵੀ ਬੋਰੀਅਤ ਮਹਿਸੂਸ ਨਹੀਂ ਹੁੰਦੀ। ਜ਼ਿਆਦਾਤਰ ਕਹਾਣੀਆਂ ਵਿੱਚ ਲੇਖਕ ਨੇ ਕਈ ਪਿੰਡਾਂ ਦਾ ਜ਼ਿਕਰ ਕੀਤਾ ਹੈ। ਪੁਸਤਕ ਵਿਚਲੀ ਪਹਿਲੀ ਕਹਾਣੀ "ਮੋਰ-ਘੁੱਗੀਆਂ ਦਾ ਮਾਤਮ" ਵਿੱਚ ਲੇਖਕ ਨੇ ਬਹੁਤ ਸੋਹਣੇ ਢੰਗ ਨਾਲ ਪਿੰਡ ਦੇ ਹਾਲਾਤ ਨੂੰ ਬਿਆਨ ਕੀਤਾ ਹੈ ਕਹਾਣੀ ਵਿਚਲਾ ਮੁੱਖ ਪਾਤਰ ਕਸ਼ਮੀਰ ਦੁਬਈ ਤੋਂ ਵਾਪਸ ਆ ਕੇ ਆਪਣੇ ਪਿੰਡ ਦੇ ਹਾਲਾਤਾਂ ਬਾਰੇ ਸੁਣਦਾ ਹੈ ਤਾਂ ਉਸ ਨੂੰ ਬਹੁਤ ਦੁੱਖ ਹੁੰਦਾ ਹੈ। ਇਸ ਤਰ੍ਹਾਂ ਇਹ ਕਹਾਣੀ ਮੋਰ ਘੁੱਗੀਆਂ ਦੇ ਮਾਤਮ ਨੂੰ ਦਰਸਾਉਂਦੀ ਹੈ ਪਰ ਕਹਾਣੀ ਦਾ ਅੰਤ ਥੋੜਾ ਸਕੂਨ ਦੇਣ ਵਾਲਾ ਹੈ। ਇਸ ਤੋ ਇਲਾਵਾ ਪੁਸਤਕ ਵਿਚਲੇ ਸਿਰਲੇਖ ਵਾਲੀ ਕਹਾਣੀ "ਆਥਣ ਵੇਲਾ" ਵਿੱਚ ਇਕ ਬਜ਼ੁਰਗ ਕਾਮਰੇਡੀ ਲੇਖਕ ਨਾਲ ਹੋਈ ਮਿਲਣੀ ਦਾ ਜ਼ਿਕਰ ਹੈ ਜੋ ਕਿ ਕਾਫ਼ੀ ਰਕਮ ਖ਼ਰਚ ਕਰਕੇ ਆਪਣੇ ਪੁੱਤਰ ਨੂੰ ਕੈਨੇਡਾ ਪਹੁੰਚਾਉਂਦਾ ਹੈ ਪਰ ਉਸ ਦੇ ਪੁੱਤਰ ਵੱਲੋਂ ਪਿਓ ਨਾਲ ਕੋਈ ਚੰਗਾ ਵਿਵਹਾਰ ਨਾ ਹੋਣ ਕਰਕੇ ਉਸ ਨੂੰ ਬਹੁਤ ਦੁੱਖ ਹੁੰਦਾ ਹੈ ਤੇ ਲੇਖਕ ਨੂੰ ਆਪਣੇ ਬੁਢਾਪੇ ਦੀ ਇਕੱਲਤਾ ਦਾ ਸੰਤਾਪ ਭੋਗਣਾ ਪੈਂਦਾ ਹੈ। ਇਸੇ ਤਰ੍ਹਾਂ ਪੁਸਤਕ ਵਿਚਲੀਆਂ ਕਈ ਕਹਾਣੀਆਂ ਕਿਰਤੀ ਲੋਕਾਂ ਦੀ ਆਰਥਕ ਦਸ਼ਾ ਨੂੰ ਵੀ ਦਰਸਾਉਂਦੀਆਂ ਹਨ ਜਿਵੇਂ "ਅੰਨ੍ਹੇ ਖ਼ੂਹ ਵੱਲ ਕਦਮ", ਸੁਨਹਿਰੇ ਸੁਪਨੇ ਆਦਿ ਕਹਾਣੀਆਂ। ਇਨ੍ਹਾਂ ਕਹਾਣੀਆਂ ਵਿਚਲੀ ਸ਼ੈਲੀ ਉੱਤਮ ਪੁਰਖ ਦੀ ਹੈ। ਇਸ ਤੋ ਇਲਾਵਾ "ਮੋਹ ਮਮਤਾ ਦਾ ਰਿਣ" ਕਹਾਣੀ ਵਿੱਚ ਲੇਖਕ ਨੇ ਮਾਂ ਦੀ ਮਮਤਾ ਨੂੰ ਦਰਸਾਇਆ ਹੈ। ਕਹਾਣੀ ਧੁਆਂਖੀ ਧੁੰਦ ਤੇ ਬੇਗਾਨਾ ਪਿੰਡ ਵਿਚ ਲੇਖਕ ਨੇ ਪਿੰਡਾਂ ਦਾ ਜਿਕਰ ਬਹੁਤ ਵਧੀਆ ਢੰਗ ਨਾਲ ਕੀਤਾ ਹੈ ਵਰਤਮਾਨ ਸਮੇਂ ਪਿੰਡ ਵਿਚ ਵੀ ਪ੍ਰਦੂਸ਼ਣ ਦੀ ਸਮੱਸਿਆ ਆ ਰਹੀ ਹੈ ਜੋ ਕਿ ਲੇਖਕ ਨੂੰ ਧੁਆਂਖੀ ਧੁੰਦ ਵਾਂਗ ਲੱਗਦਾ ਹੈ। ਕਹਾਣੀ "ਬੇਗਾਨਾ ਪਿੰਡ" ਵਿਚ ਲੇਖਕ ਨੇ ਦਿਖਾਇਆ ਹੈ ਕਿ ਕਹਾਣੀ ਵਿਚਲੇ ਪਾਤਰ ਨੂੰ ਬਾਹਰੋਂ ਆ ਕੇ ਆਪਣੇ ਪਿੰਡ ਵਿੱਚ ਇੱਕ ਬੇਗਾਨੇਪਨ ਦਾ ਅਹਿਸਾਸ ਹੁੰਦਾ ਹੈ ਹੋ ਸਕਦਾ ਹੈ ਕਿ ਜਦ ਉਹ ਇਸ ਪਿੰਡ ਵਿਚ ਹੁੰਦਾ ਸੀ ਧੀਆਂ ਨੂੰ ਤੋਰਨ ਸਮੇਂ ਬਹੁਤ ਕਾਰ ਵਿਹਾਰ ਹੁੰਦੇ ਸਨ ਪਰ ਅੱਜ ਕੱਲ ਦੇ ਸਮੇਂ ਵਿੱਚ ਸਭ ਬਦਲ ਗਿਆ ਹੈ ਤੇ ਉਸ ਨੂੰ ਆਪਣਾ ਇਹ ਪਿੰਡ ਬੇਗਾਨਿਆ ਦੀ ਤਰਾਂ ਲਗਦਾ ਹੈ ਇਸੇ ਤਰ੍ਹਾਂ ਪੁਸਤਕ ਵਿਚ ਬਾਕੀ ਕਹਾਣੀਆਂ ਵੀ ਪੜ੍ਹਨਯੋਗ ਹਨ ਤੇ ਸਾਰੀਆਂ ਕਹਾਣੀਆਂ ਯਥਾਰਥ ਦਾ ਵਰਣਨ ਕਰਦੀਆਂ ਹਨ ਕਹਾਣੀਆਂ ਦੀ ਆਤਮਿਕ ਕਲਾਤਮਕਤਾ ਹੈ ਕਹਾਣੀਆਂ ਵਿੱਚਲੀ ਸ਼ੈਲੀ ਬਹੁਤ ਵਧੀਆ ਹੈ। ਕਹਾਣੀਆਂ ਵਿਚਲੀ ਭਾਸ਼ਾ ਪੇਂਡੂ ਹੈ ਜੋ ਕਿ ਸਮਝ ਵਿਚ ਆਉਣ ਵਾਲੀ ਹੈ। ਪੁਸਤਕ ਵਿਚਲੀ ਹਰ ਇੱਕ ਕਹਾਣੀ ਦੀ ਇੱਕ ਡੂੰਘੀ ਰਮਜ਼ ਹੈ ਜਿਸ ਤੋਂ ਪਤਾ ਚਲਦਾ ਹੈ ਕਿ ਲੇਖਕ ਕੋਲ ਉਤਮ ਪੁਰਖੀ ਪਾਤਰ ਸਿਰਜਨ ਦੀ ਇੱਕ ਵਿਧੀ ਹੈ। ਇਹ ਪੁਸਤਕ ਵਰਤਮਾਨ ਸਮੇਂ ਦੀ ਤਰਾਸਦੀ ਨੂੰ ਦਰਸਾਉਂਦੀ ਹੈ। ਲੇਖਕ ਨੂੰ ਇਸ ਪੁਸਤਕ ਦੇ ਆਉਣ ਦੀਆਂ ਬਹੁਤ ਬਹੁਤ ਮੁਬਾਰਕਾਂ।

- **ਖ਼ਿਲਾਫ਼-ਏ-ਦਸਤੂਰ** (ਵਾਰਤਕ) ***ਜਯੋਤੀ ਬਾਵਾ***

'ਖ਼ਿਲਾਫ਼-ਏ-ਦਸਤੂਰ' ਪੁਸਤਕ ਜਯੋਤੀ ਬਾਵਾ ਦੀ ਲਿਖੀ ਹੋਈ ਹੈ। ਇਸ ਪੁਸਤਕ ਨੂੰ ਪੜ੍ਹ ਕੇ ਲੱਗਦਾ ਹੈ ਕਿ ਲੇਖਿਕਾ ਨੇ ਜਿਵੇਂ ਆਪਣੀ ਸ੍ਵੈ-ਜੀਵਨੀ ਲਿਖੀ ਹੋਵੇ। ਇਹ ਪੁਸਤਕ ਔਰਤ ਦੀ ਦਾਸਤਾਨ ਹੈ। ਇਸ ਪੁਸਤਕ ਵਿਚ ਲੇਖਿਕਾ ਨੇ ਬਹੁਤ ਹੀ ਖ਼ੂਬਸੂਰਤ ਢੰਗ ਨਾਲ ਔਰਤ ਦੀ ਜ਼ਿੰਦਗੀ ਵਿਚ ਆਉਂਦੇ ਕਈ ਪੜਾਵਾਂ ਨੂੰ ਚੰਗੇ ਤਰੀਕੇ ਨਾਲ ਪਰੋਇਆ ਹੈ। ਪੁਸਤਕ ਪੜ੍ਹ ਕੇ ਪ੍ਰਤੀਤ ਹੁੰਦਾ ਹੈ ਕਿ ਔਰਤ ਜੇ ਚਾਹੇ ਤਾਂ ਆਪਣੀ ਜ਼ਿੰਦਗੀ ਨੂੰ ਆਪਣੇ ਅਨੁਸਾਰ ਜੀਅ ਸਕਦੀ ਹੈ ਤੇ ਆਪਣੀ ਜ਼ਿੰਦਗੀ ਨੂੰ ਖ਼ੂਬਸੂਰਤ ਵੀ ਬਣਾ ਸਕਦੀ ਹੈ। ਪੁਸਤਕ ਵਿਚ ਲੇਖਕ ਨੇ ਆਪਣੀ ਸੋਚ ਨੂੰ ਇਕ ਚੰਗੇ ਢੰਗ ਨਾਲ ਵਿਅਕਤ ਕੀਤਾ ਹੈ ਕਿ ਕਿਸ ਤਰ੍ਹਾਂ ਲੇਖਿਕਾ ਨੂੰ ਕੁਆਰੇ ਹੁੰਦੇ ਹੋਏ ਇਕ ਕੁੜੀ ਹੋਣ ਦੇ ਨਾਤੇ ਕਈ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਿਆ ਤੇ ਕਾਫ਼ੀ ਕੁਝ ਸਹਿਣ ਵੀ ਕਰਨਾ ਪਿਆ। ਲੇਖਕ ਦੇ ਮਾਂ-ਬਾਪ ਕੁੜੀਆਂ ਨਾਲ ਸਖ਼ਤੀ ਨਾਲ ਪੇਸ਼ ਆਉਂਦੇ ਸਨ ਪਰ ਲੇਖਕਾਂ ਇਹ ਸਭ ਸਹਿਣ ਕਰ ਵੀ ਆਪਣੀ ਜ਼ਿੰਦਗੀ ਵਿਚ ਅੱਗੇ ਵਧੀ। ਲੇਖਿਕਾ ਨੇ ਇਸ ਪੁਸਤਕ ਵਿਚ ਇਕ ਔਰਤ ਦਾ ਉਹ ਰੂਪ ਪੇਸ਼ ਕੀਤਾ ਹੈ ਜੋ 90 ਪ੍ਰਤੀਸ਼ਤ ਔਰਤਾਂ ਸਹਿੰਦੀਆਂ ਹਨ ਪਰ ਬੋਲਦੀਆਂ ਨਹੀਂ। ਇਹ ਪੁਸਤਕ ਆਪਣੇ ਆਪ ਵਿਚ ਮੂੰਹੋਂ ਬੋਲਦੀ ਹੈ। ਲੇਖਕਾ ਨੇ ਇਸ ਪੁਸਤਕ ਵਿਚ ਆਪਣੀ ਜ਼ਿੰਦਗੀ ਦੇ ਕਾਫ਼ੀ ਅਜਿਹੇ ਪੱਖ ਰੱਖੇ ਹਨ ਜੋ ਕਿ ਹਰ ਔਰਤ ਦੀ ਜ਼ਿੰਦਗੀ ਵਿਚ ਆਉਂਦੇ ਹਨ। ਜ਼ਿਆਦਾਤਰ ਔਰਤਾਂ ਇਨ੍ਹਾਂ ਚੀਜ਼ਾਂ ਵੱਲ ਧਿਆਨ ਨਹੀਂ ਕਰਦੀਆਂ ਤੇ ਕਈ ਵਾਰ ਉਨ੍ਹਾਂ ਨੂੰ ਕਿਸੇ ਸ਼ੋਸ਼ਣ ਦਾ ਸ਼ਿਕਾਰ ਹੋਣਾ ਪੈਂਦਾ ਹੈ। ਇਸ ਪੁਸਤਕ ਵਿਚ ਜ਼ਿਆਦਾਤਰ ਔਰਤ ਤੇ ਮਰਦ ਦੇ ਫ਼ਰਕ ਨੂੰ ਸਪੱਸ਼ਟ ਕੀਤਾ ਹੈ। ਲੇਖਕਾ ਚਾਹੁੰਦੀ ਹੈ ਕਿ ਔਰਤਾਂ ਦੀ ਜ਼ਿੰਦਗੀ ਮਰਦਾਂ ਤੋਂ ਬਾਹਰ ਹੋਣੀ ਚਾਹੀਦੀ ਹੈ ਪਰ ਅਜਿਹਾ ਨਹੀਂ ਹੁੰਦਾ। ਕਈ ਔਰਤਾਂ ਮਰਦਾਂ ਦੀ ਗੁਲਾਮੀ ਸਹਿੰਦੀਆਂ ਹਨ ਤੇ ਕੁਝ ਕੁ ਘਰ-ਗ੍ਰਹਿਸਥੀ ਛੱਡ ਜਾਂਦੀਆਂ ਹਨ, ਜਿਸ ਕਾਰਨ ਉਨ੍ਹਾਂ ਦੀ ਜ਼ਿੰਦਗੀ ਵੀ ਖ਼ਰਾਬ ਹੋ ਜਾਂਦੀ ਹੈ। ਇਹ ਪੁਸਤਕਾਂ ਔਰਤਾਂ ਲਈ ਪ੍ਰੇਰਨਾ ਸਰੂਪ ਹੈ। ਇਸ ਪੁਸਤਕ ਵਿਚ ਲੇਖਿਕਾ ਨੇ ਸਾਰੀਆਂ ਗੱਲਾਂ ਦਾ ਖੁੱਲ੍ਹ ਕੇ ਜਵਾਬ ਦਿੱਤਾ ਹੈ। ਲੇਖਕਾਂ ਅਨੁਸਾਰ ਔਰਤ ਦੀ ਜ਼ਿੰਦਗੀ ਘਰ ਵਿਚ ਰਹਿ ਕੇ ਹੀ ਆਜ਼ਾਦ ਹੋਵੇ ਨਾ ਕਿ ਘਰ-ਬਾਰ ਛੱਡ ਕੇ। ਸੋ ਇਹ ਪੁਸਤਕ ਔਰਤਾਂ ਲਈ ਚਾਨਣ-ਮੁਨਾਰਾ ਹੈ। ਇਹ ਪੁਸਤਕ ਹਰ ਇਕ ਔਰਤ ਨੂੰ ਜ਼ਰੂਰ ਪੜ੍ਹਨੀ ਚਾਹੀਦੀ ਹੈ। ਲੇਖਕਾ ਦੀ ਇਸ ਪੁਸਤਕ ਲਈ ਮੈਂ ਉਸ ਨੂੰ ਮੁਬਾਰਕਬਾਦ ਦਿੰਦੀ ਹਾਂ।

- **ਗਾਥਾ ਇਕ ਸੂਰਮੇ ਦੀ** (ਸੰਪਾਦਤ) ***ਹਰਭਗਵਾਨ ਭੀਖੀ***

'ਗਾਥਾ ਇਕ ਸੂਰਮੇ ਦੀ' ਪੁਸਤਕ ਹਰਭਗਵਾਨ ਭੀਖੀ ਨੇ ਸੰਪਾਦਿਤ ਕੀਤੀ ਹੈ। ਇਸ ਪੁਸਤਕ ਵਿਚ ਵੱਖ-ਵੱਖ ਲੇਖਕਾਂ ਨੇ

ਸ਼ਹੀਦ ਬਲਦੇਵ ਸਿੰਘ ਮਾਨ ਬਾਰੇ ਲਿਖਿਆ ਹੈ। ਬੇਸ਼ੱਕ ਪੁਸਤਕ ਦਾ ਸੰਪਾਦਕ ਬਲਦੇਵ ਸਿੰਘ ਦਾ ਸਮਕਾਲੀ ਨਹੀਂ ਹੈ ਪਰ ਉਸ ਦਾ ਇਸ ਪੁਸਤਕ ਨੂੰ ਸੰਪਾਦਿਤ ਕਰਨਾ ਸਭ ਤੋਂ ਵੱਡੀ ਪ੍ਰਾਪਤੀ ਹੈ। ਇਹ ਉਸ ਦਾ ਇਨਕਲਾਬੀ ਲਹਿਰ ਦੇ ਵਿਛੜ ਚੁੱਕੇ ਆਗੂਆਂ ਅਤੇ ਸ਼ਹੀਦਾਂ ਪ੍ਰਤੀ ਮੋਹ ਹੈ ਜਿਨ੍ਹਾਂ ਨੇ ਲੇਖਕ ਨੂੰ ਪੁਸਤਕ ਸੰਪਾਦਿਤ ਕਰਨ ਲਈ ਪ੍ਰੇਰਿਤ ਕੀਤਾ। ਹੱਥਲੀ ਪੁਸਤਕ ਵਿਚ ਵੱਖ-ਵੱਖ ਲੇਖਾਂ ਵਿਚ ਬਲਦੇਵ ਸਿੰਘ ਮਾਨ ਦੀ ਸ਼ਖ਼ਸੀਅਤ ਨੂੰ ਬਹੁਤ ਵਧੀਆ ਢੰਗ ਨਾਲ ਪੇਸ਼ ਕੀਤਾ ਗਿਆ ਹੈ। ਪੁਸਤਕ ਵਿਚਲੇ ਲੇਖਾਂ ਵਿਚ ਪੜ੍ਹ ਕੇ ਅਜਿਹਾ ਪ੍ਰਤੀਤ ਹੁੰਦਾ ਹੈ ਕਿ ਬਲਦੇਵ ਸਿੰਘ ਮਾਨ ਦਾ ਕਿਰਦਾਰ ਇਕ ਅਜਿਹਾ ਕਿਰਦਾਰ ਹੈ ਜਿਹੜਾ ਪੰਜਾਬ ਦੀ ਇਨਕਲਾਬੀ ਲਹਿਰ ਦਾ ਸਭ ਤੋਂ ਵੱਧ ਪਿਆਰਾ ਆਗੂ ਸੀ। ਕਈ ਲੇਖ ਅਜਿਹੇ ਹਨ ਜਿਨ੍ਹਾਂ ਨੂੰ ਪੜ੍ਹ ਕੇ ਪਤਾ ਚੱਲਦਾ ਹੈ ਕਿ ਮਾਨ ਇਕ ਅਜਿਹੀ ਸ਼ਖ਼ਸੀਅਤ ਦਾ ਨਾਂ ਹੈ ਜਿਸ ਦੇ ਹੁੰਦਿਆਂ ਪੁਲਿਸ ਪਿੰਡ ਵਿਚ ਕਦੇ ਦਾਖ਼ਲ ਨਹੀਂ ਹੋ ਸਕਦੀ ਸੀ।

ਪੁਸਤਕ ਵਿਚਲਾ ਅੰਤਲਾ ਲੇਖ ਜਿਹੜਾ ਕਿ ਸਵਰਾਜਬੀਰ ਦਾ ਲਿਖਿਆ ਹੋਇਆ ਹੈ। ਉਸ ਵਿਚ ਦੱਸਿਆ ਹੈ ਕਿ ਮਾਨ ਨੇ ਆਪਣੀ ਨਵਜੰਮੀ ਧੀ ਨੂੰ ਇਕ ਖ਼ਤ ਲਿਖਿਆ ਹੈ ਜਿਸ ਵਿਚ ਉਸਨੇ ਆਪਣੇ ਕੰਮਾਂ ਬਾਰੇ ਤੇ ਆਪਣੀ ਧੀ ਨੂੰ ਜ਼ਿੰਦਗੀ ਵਿਚ ਅੱਗੇ ਵਧਣ ਦੀ ਪ੍ਰੇਰਨਾ ਦਿੱਤੀ ਹੈ। ਪੁਸਤਕ ਵਿਚਲੇ ਕੁਝ ਲੇਖ 1984 ਵਿਚ ਹੋਏ ਹਮਲੇ ਬਾਰੇ ਵੀ ਦੱਸਦੇ ਹਨ। ਇਹ ਲੇਖ ਬਲਦੇਵ ਸਿੰਘ ਮਾਨ ਨੇ ਆਪ ਲਿਖੇ ਹਨ। ਇਹ ਲੇਖ ਅੱਜ ਦੀ ਨੌਜਵਾਨ ਪੀੜ੍ਹੀ ਨੂੰ ਇਕ ਹਲੂਣਾ ਦਿੰਦੇ ਹਨ। 1984 ਵਿਚ ਕਰਵਾਏ ਗਏ ਸਿੱਖ ਕਤਲੇਆਮ ਨੂੰ ਲੋਕ ਕਿਸ ਤਰ੍ਹਾਂ ਭੁੱਲ ਸਕਦੇ ਹਨ। ਇਨ੍ਹਾਂ ਲੇਖਾਂ ਵਿਚ ਬਾਖ਼ੂਬੀ ਦੱਸਿਆ ਹੈ ਕਿ ਕਿਸ ਤਰ੍ਹਾਂ ਹਰਿਮੰਦਰ ਸਾਹਿਬ ਵਿਖੇ ਹਮਲਾ ਹੋਇਆ ਤੇ ਕਿੰਨੀਆਂ ਲਾਸ਼ਾਂ ਨੂੰ ਫ਼ੌਜ ਨੇ ਬਾਹਰ ਕੱਢਿਆ। ਸਮੁੱਚੇ ਤੌਰ 'ਤੇ ਇਸ ਪੁਸਤਕ ਵਿਚ ਵੱਖ-ਵੱਖ ਲੇਖਕਾਂ ਨੇ ਆਪਣੇ ਲੇਖਾਂ ਵਿਚ ਬਲਦੇਵ ਸਿੰਘ ਮਾਨ ਨਾਲ ਬਿਤਾਏ ਖੱਟੇ-ਮਿੱਠੇ ਪਲਾਂ ਨੂੰ ਸੋਹਣੇ ਢੰਗ ਨਾਲ ਬਿਆਨ ਕੀਤਾ ਹੈ। ਇਸ ਪੁਸਤਕ ਵਿਚ ਸਿਆਸੀ ਮਸਲਿਆਂ ਬਾਰੇ ਖ਼ੂਬ ਚਾਨਣਾ ਪਾਇਆ ਹੈ। ਸ਼ਹੀਦ ਬਲਦੇਵ ਸਿੰਘ ਮਾਨ ਦੇ ਘਰ ਪਰਿਵਾਰ ਬਾਰੇ ਵੀ ਦੱਸਿਆ ਗਿਆ ਹੈ। ਪੁਸਤਕ ਵਿਚਲੇ ਅੰਤਲੇ ਲੇਖ ਬਲਦੇਵ ਸਿੰਘ ਮਾਨ ਨੇ ਆਪਣੀ ਧੀ ਨੂੰ ਖ਼ਤ ਲਿਖੇ ਹਨ ਤੇ ਕੁਝ ਕਵਿਤਾਵਾਂ ਵੀ ਹਨ। ਸੋ ਇਹ ਪੁਸਤਕ ਲੇਖਕ ਵੱਲੋਂ ਨਵਾਂ ਉਪਰਾਲਾ ਹੈ ਜੋ ਕਿ ਪੜ੍ਹਨ ਵਿਚ ਦਿਲਚਸਪੀ ਤੇ ਜਾਣਕਾਰੀ ਭਰਪੂਰ ਹੈ। ਹਰ ਇਕ ਨੌਜਵਾਨ ਨੂੰ ਇਹ ਪੁਸਤਕ ਜ਼ਰੂਰ ਪੜ੍ਹਨੀ ਚਾਹੀਦੀ ਹੈ।

- **ਲਫ਼ਜ਼ਾਂ ਦੇ ਰੰਗ** (ਕਾਵਿ ਸੰਗ੍ਰਹਿ) ***ਸਵਰਨ ਕਵਿਤਾ***

'ਲਫ਼ਜ਼ਾਂ ਦੇ ਰੰਗ' ਕਾਵਿ-ਸੰਗ੍ਰਹਿ ਦੀ ਕਵਿਤਰੀ ਸਵਰਨ ਕਵਿਤਾ ਹੈ। ਇਹ ਕਵਿਤਰੀ ਦਾ ਪਹਿਲਾ ਕਾਵਿ-ਸੰਗ੍ਰਹਿ ਹੈ। ਇਸ ਕਾਵਿ-ਸੰਗ੍ਰਹਿ ਵਿਚ ਕਵਿਤਰੀ ਨੇ ਵੱਖ-ਵੱਖ ਵਿਸ਼ਿਆਂ ਨੂੰ ਛੂਹਿਆ ਹੈ। ਪੁਸਤਕ ਵਿਚਲੀਆਂ ਕਵਿਤਾਵਾਂ ਸਮਾਜਿਕ, ਰਾਜਨੀਤਕ ਤੇ ਸਮਾਜ ਦੀਆਂ ਕਦਰਾਂ-ਕੀਮਤਾਂ 'ਤੇ ਆਧਾਰਿਤ ਹਨ। ਹੱਥਲੀ ਪੁਸਤਕ ਬਹੁਤ ਹੀ ਦਿਲਚਸਪ ਹੈ ਕਿਉਂਕਿ ਇਸ ਵਿਚ ਲੇਖਕਾ ਵੱਖ-ਵੱਖ ਵਿਸ਼ਿਆਂ ਨੂੰ ਛੂੰਹਦੀ ਹੋਈ ਅਸਮਾਨ ਵਿਚ ਉਡਾਰੀ ਮਾਰਨ ਦੀ ਇੱਛਾ ਰੱਖਦੀ ਹੈ। ਲੇਖਕਾ ਨੇ ਪੁਸਤਕ ਵਿਚਲੀ ਪਹਿਲੀ ਕਵਿਤਾ ਰਾਹੀਂ ਆਪਣੇ ਮਨ ਦੇ ਵਲਵਲਿਆਂ ਨੂੰ ਪੇਸ਼ ਕੀਤਾ ਹੈ। ਪੁਸਤਕ ਵਿਚਲੀਆਂ ਕਵਿਤਾਵਾਂ ਵਿਚ ਕਿਧਰੇ ਕਵਿਤਰੀ ਧੀ ਦੀ ਹਾਲਤ, ਕਿਧਰੇ ਮਾਂ-ਬੋਲੀ ਪੰਜਾਬੀ, ਕਿਧਰੇ ਜ਼ਿੰਦਗੀ, ਕਿਧਰੇ ਪਰਮਾਤਮਾ ਦੀ ਗੱਲ ਕਰਦੀ ਹੈ। ਗੁਰਮੁਖੀ ਲਿਪੀ ਕਵਿਤਾ ਵਿਚ ਲੇਖਕ ਪੰਜਾਬੀ ਭਾਸ਼ਾ ਦੀ ਗੱਲ ਕਰਦੀ ਹੋਈ ਕਹਿੰਦੀ ਹੈ ਕਿ *ਕਿਸੇ ਹੋਰ ਭਾਸ਼ਾ ਨਾਲ ਸਾਨੂੰ ਗਿਲਾ ਨਹੀਂ / ਕੋਈ ਸਾਡੀ ਮਾਂ ਪੰਜਾਬੀ ਐ*। ਇਸ ਤੋਂ ਇਲਾਵਾ ਕਵਿਤਰੀ ਨਸ਼ੇ, ਦਾਜ, ਭਰੂਣ ਹੱਤਿਆ, ਧੀਆਂ ਬਾਰੇ ਵੀ ਲਿਖਦੀ ਹੈ। ਕਵਿਤਾ ਧੀਆਂ ਦਾ ਹੱਕ ਵਿਚ ਕਵਿਤਰੀ ਕਹਿੰਦੀ ਹੈ: *ਕੁੱਖਾਂ ਦਾ ਸ਼ਿੰਗਾਰ / ਕਰਦੇ ਧੀਆਂ ਮਾਰ / ਕਰਦੇ ਵਿਚ ਸੰਸਾਰ / ਮੁੰਡਿਆਂ ਦਾ ਵਪਾਰ*।

ਇਸੇ ਤਰ੍ਹਾਂ ਕਵਿਤਰੀ ਦੀਆਂ ਲਿਖੀਆਂ ਸਾਰੀਆਂ ਕਵਿਤਾਵਾਂ ਹੀ ਨਿਵੇਕਲੀਆਂ ਹਨ ਪਰ ਕਵਿਤਾਵਾਂ ਵਿਚ ਕਿਧਰੇ-ਕਿਧਰੇ ਕੁਝ ਕਮੀ ਮਹਿਸੂਸ ਹੁੰਦੀ ਹੈ ਜਿਸ ਕਾਰਨ ਕਵਿਤਾਵਾਂ ਅਧੂਰੀਆਂ ਜਾਪਦੀਆਂ ਹਨ। ਲੇਖਕਾ ਨੂੰ ਇਸ ਪਾਸੇ ਥੋੜ੍ਹਾ ਧਿਆਨ ਦੇਣ ਦੀ ਲੋੜ ਹੈ। ਫਿਰ ਵੀ ਲੇਖਕਾ ਦੀ ਤਾਰੀਫ਼ ਕਰਨੀ ਬਣਦੀ ਹੈ ਕਿ ਉਸ ਨੇ ਆਪਣੀ ਜ਼ਿੰਦਗੀ ਵਿਚ ਏਨੀਆਂ ਮੁਸ਼ਕਲਾਂ ਦੇ ਬਾਵਜੂਦ ਆਪਣਾ ਪਹਿਲਾ ਕਾਵਿ-ਸੰਗ੍ਰਹਿ ਪਾਠਕਾਂ ਦੀ ਝੋਲੀ ਪਾਇਆ। ਇਸ ਕਾਵਿ-ਸੰਗ੍ਰਹਿ ਵਿਚ ਲਿਖਣ ਦੀ ਨਿਵੇਕਲੀ ਵਿਚਾਰਧਾਰਾ ਹੈ। ਹੱਥਲੀ ਪੁਸਤਕ ਪਾਠਕਾਂ ਨੂੰ ਸਾਂਝੀਵਾਲਤਾ ਦਾ ਸੁਨੇਹਾ ਦਿੰਦੀ ਹੋਈ ਨਜ਼ਰ ਆਉਂਦੀ ਹੈ। ਪੁਸਤਕ ਵਿਚਲਾ ਹਰ ਇਕ ਰੰਗ ਹਰ ਇਕ ਪਾਠਕ ਦੇ ਲਫ਼ਜ਼ਾਂ ਦਾ ਰੰਗ ਹੈ। ਇਹ ਪੁਸਤਕ ਹਰ ਇਕ ਨੂੰ ਪੜ੍ਹਨੀ ਚਾਹੀਦੀ ਹੈ। ਲੇਖਕਾ ਨੂੰ ਉਸਦੇ ਪਹਿਲੇ ਕਾਵਿ-ਸੰਗ੍ਰਹਿ ਲਈ ਬਹੁਤ ਬਹੁਤ ਵਧਾਈ।

- **ਸੀਨੇ ਖਿੱਚ ਜਿਨ੍ਹਾਂ ਨੇ ਖਾਧੀ** (ਨਾਵਲ) ***ਚੰਨ ਮੋਮੀ***

ਨਾਵਲ 'ਸੀਨੇ ਖਿੱਚ ਜਿਨ੍ਹਾਂ ਨੇ ਖਾਧੀ' ਚੰਨ ਮੋਮੀ ਦਾ ਲਿਖਿਆ ਹੋਇਆ ਹੈ। ਇਹ ਨਾਵਲ ਹਰਮੇਸ਼ ਕੌਰ ਦੀ ਜ਼ਿੰਦਗੀ 'ਤੇ ਆਧਾਰਿਤ ਹੈ। ਇਸ ਨਾਵਲ ਤੋਂ ਪਹਿਲਾਂ ਲੇਖਕ ਦੀਆਂ ਹੋਰ ਕਿਤਾਬਾਂ ਵੀ ਪੰਜਾਬੀ ਸਾਹਿਤ ਦੀ ਝੋਲੀ ਵਿਚ ਆਈਆਂ ਹਨ ਤੇ ਕੁਝ

ਕਿਤਾਬਾਂ ਆਉਣ ਵਾਲੀਆਂ ਹਨ। ਹਥਲਾ ਨਾਵਲ ਇਕ ਬਹਾਦਰ ਕੁੜੀ ਦੀ ਸੂਰਮਤਾ ਨੂੰ ਦਰਸਾਉਂਦਾ ਹੈ। ਨਾਵਲ ਵਿਚ ਬਹੁਤ ਹੀ ਚੰਗੇ ਢੰਗ ਨਾਲ ਹਰਮੇਸ਼ ਕੌਰ ਯੋਧੇ ਦੀ ਜ਼ਿੰਦਗੀ ਨੂੰ ਬਿਆਨ ਕੀਤਾ ਹੈ। ਕਿਸ ਤਰ੍ਹਾਂ ਇਸ ਬਹਾਦਰ ਕੁੜੀ ਨੇ ਆਪਣੀ ਜ਼ਿੰਦਗੀ ਵਿਚ ਵਾਪਰੀਆਂ ਘਟਨਾਵਾਂ ਨਾਲ ਲੜਿਆ ਹੈ। ਹਰਮੇਸ਼ ਕੌਰ ਦੀ ਜ਼ਿੰਦਗੀ ਵਿਚ ਬਹੁਤ ਦੁੱਖ ਆਏ ਪਰ ਇਸ ਬਹਾਦਰ ਕੁੜੀ ਨੇ ਹੌਂਸਲਾ ਨਹੀਂ ਹਾਰਿਆ। ਆਪਣੀ ਜ਼ਿੰਦਗੀ ਵਿਚ ਅੱਗੇ ਵਧਦੀ ਰਹੀ ਤੇ ਜ਼ਿੰਦਗੀ ਵਿਚ ਸਹੀ ਮੁਕਾਮ ਹਾਸਿਲ ਕੀਤਾ। ਸੋ ਇਹ ਨਾਵਲ ਪੂਰੀ ਤਰ੍ਹਾਂ ਨਾਲ ਇਹ ਦਰਸਾਉਂਦਾ ਹੈ ਕਿ ਹਰਮੇਸ਼ ਕੌਰ ਦੀ ਜ਼ਿੰਦਗੀ ਵਿਚ ਕਦੇ ਅਜਿਹਾ ਨਹੀਂ ਵਾਪਰਿਆ ਸੀ ਕਿ ਉਸ ਨੂੰ ਦੁੱਖ ਨਾ ਦੇਖਣੇ ਪਏ ਹੋਣ ਪਰ ਇਹ ਇਕ ਅਜਿਹੀ ਕੁੜੀ ਹੈ ਜਿਸ ਨੇ ਆਪਣੀ ਪੂਰੀ ਜ਼ਿੰਦਗੀ ਵਿਚ ਹੌਸਲਾ ਨਹੀਂ ਹਾਰਿਆ ਤੇ ਜ਼ਿੰਦਗੀ ਵਿਚ ਅੱਗੇ ਵਧਦੀ ਗਈ। ਇਸ ਤਰ੍ਹਾਂ ਇਹ ਨਾਵਲ ਇਕ ਪ੍ਰੇਰਨਾ ਹੈ, ਖ਼ਾਸ ਕਰਕੇ ਔਰਤਾਂ ਲਈ ਇਹ ਨਾਵਲ ਇਕ ਜੀਵਨ ਮਾਰਗ ਹੈ। ਨਾਵਲ ਵਿਚਲੀ ਭਾਸ਼ਾ ਸਪੱਸ਼ਟ ਹੈ। ਘਟਨਾਵਾਂ ਵਿਚਲੀ ਤਰਤੀਬ ਨੂੰ ਲੇਖਕ ਨੇ ਬਹੁਤ ਚੰਗੀ ਤਰ੍ਹਾਂ ਪਰੋਇਆ ਹੈ। ਇਹ ਨਾਵਲ ਇਕ ਕਰਮਸ਼ੀਲ ਯੋਧਾ ਦੇ ਚਰਿੱਤਰ ਨੂੰ ਉਜਾਗਰ ਕਰਦਾ ਹੈ। ਲੇਖਕ ਅਨੁਸਾਰ ਨਾਵਲ ਵਿਚਲੀ ਪਾਤਰ ਹਰਮੇਸ਼ ਉਸ ਨੂੰ ਕੁੜੀ ਨਾ ਹੋ ਕੇ ਇਕ ਮਰਦ ਵਧੇਰੇ ਜਾਪਦੀ ਹੈ ਕਿਉਂਕਿ ਇਹ ਬਹੁਤ ਬਹਾਦੁਰ ਕੁੜੀ ਹੈ ਜੋ ਜ਼ਿੰਦਗੀ ਦੀਆ ਮੁਸ਼ਕਿਲਾਂ ਤੋਂ ਭੱਜਦੀ ਨਹੀਂ, ਸਗੋਂ ਡਟ ਕੇ ਮੁਕਾਬਲਾ ਕਰਦੀ ਹੈ। ਲੇਖਕ ਨੇ ਇਹ ਨਾਵਲ ਲਿਖ ਕੇ ਇਕ ਨਿਵੇਕਲਾ ਯਤਨ ਕੀਤਾ ਹੈ ਜੋ ਕਿ ਪੂਰੀ ਤਰ੍ਹਾਂ ਸਫ਼ਲ ਹੈ। ਲੇਖਕ ਨੂੰ ਇਸ ਨਾਵਲ ਲਈ ਬਹੁਤ ਮੁਬਾਰਕਾਂ।

-ਇੰਦਰਪ੍ਰੀਤ ਕੌਰ

- **ਤੰਦਾਂ** (ਨਾਵਲ) *ਅਸ਼ੋਕ ਵਾਸਿਸ਼ਠ*

ਅਸ਼ੋਕ ਵਾਸਿਸ਼ਠ ਪੰਜਾਬੀ ਗਲਪ ਸਾਹਿਤ ਵਿਚ ਜਾਨਿਆ-ਪਣਾਨਿਆ ਨਾਮ ਹੈ। ਨਵੇਂ ਨਾਵਲ 'ਤੰਦਾਂ' ਤੋਂ ਪਹਿਲਾਂ ਉਸਦੇ ਦੋ ਹੋਰ ਨਾਵਲ 'ਵੱਡਾ ਚੌਰਾਹਾ' ਅਤੇ 'ਤੇਰੇ ਨਾਲ' ਛਪ ਚੁੱਕੇ ਹਨ। ਇਨ੍ਹਾਂ ਦੋਹਾਂ ਨਾਵਲਾਂ ਦਾ ਪੰਜਾਬੀ ਸਾਹਿਤ ਜਗਤ ਵਿਚ ਸਵਾਗਤ ਹੋਇਆ ਸੀ। ਇਸ ਤੋਂ ਛੁੱਟ ਉਨ੍ਹਾਂ ਦੇ ਚਾਰ-ਕਹਾਣੀ ਸੰਗ੍ਰਹਿ 'ਤੇਰਾ ਵਾਅਦਾ', 'ਤੇਰਾ ਕਰਮ ਮੇਰਾ ਕਰਮ', 'ਖ਼ਾਲੀ ਪਲਾਂ ਦੀ ਦਾਸਤਾਨ' ਅਤੇ 'ਰੱਬ ਨਾ ਕਰੇ' ਦੇ ਨਾਲ-ਨਾਲ ਅੱਠ ਅਨੁਵਾਦਿਤ ਪੁਸਤਕਾਂ ਪ੍ਰਕਾਸ਼ਿਤ ਹੋ ਚੁੱਕੀਆਂ ਹਨ। ਨਾਵਲ 'ਤੰਦਾਂ' ਵਿਚ 1947 ਦੀ ਹਿੰਦ-ਪਾਕਿ ਵੰਡ ਅਤੇ 1984 ਦੇ ਸਿੱਖ ਵਿਰੋਧੀ ਦੰਗਿਆਂ ਸਮੇਂ ਪੰਜਾਬੀਆਂ ਨਾਲ ਹੋਏ ਧੱਕੇ, ਜਬਰ ਅਤੇ ਅਨਿਆਂ ਦਾ ਬਿਆਨ ਕੀਤਾ ਗਿਆ ਹੈ। ਇਹ ਦੱਸਿਆ ਗਿਆ ਹੈ ਕਿ ਪੰਜਾਬੀਆਂ ਨੇ ਕਿਸ ਤਰ੍ਹਾਂ ਆਪਣੇ ਵੱਡੇ ਜਿਗਰੇ ਨਾਲ ਸੰਘਰਸ਼ ਕਰਕੇ ਨਾ ਕੇਵਲ ਆਪਣਾ ਮੁੜ ਵਸੇਬਾ ਕੀਤਾ ਸਗੋਂ ਸਮਾਜ ਦੇ ਦੂਜੇ ਵਰਗਾਂ ਦੀ ਸਹਾਇਤਾ ਵੀ ਕੀਤੀ ਸੀ। ਜੇ ਮੈਂ ਇਹ ਕਹਾਂ ਕਿ 'ਤੰਦਾਂ' ਪੰਜਾਬੀਆਂ ਦੇ ਉੱਦਮ ਦੀ ਕਹਾਣੀ ਹੈ ਤਾਂ ਅਤਕਥਨੀ ਨਹੀਂ ਹੋਵੇਗੀ।

ਦੂਜੇ ਪਾਸੇ ਪੰਜਾਬੀਆਂ ਦੇ ਵੱਡੇ ਜਿਗਰੇ, ਅਸਮਾਨੀ ਹੌਂਸਲਾ, ਸਖ਼ਤ ਮਿਹਨਤੀ ਸੁਭਾਅ ਬਾਰੇ ਵੀ ਦੱਸਿਆ ਗਿਆ ਹੈ। ਹਕੂਮਤ ਭਾਵੇਂ ਕਿਸੇ ਦੀ ਹੋਵੇ, ਪੰਜਾਬੀ ਹਮੇਸ਼ਾ ਆਪਣੇ ਸਿਰੜ ਤੇ ਕਰੜੀ ਘਾਲਣਾਵਾਂ ਸਦਕਾ ਹੀ ਅੱਗੇ ਵਧਦੇ ਰਹੇ ਹਨ। ਸੰਤਾਲੀ ਦੀ ਵੰਡ ਵੇਲੇ ਜਾਨ ਤੇ ਮਾਲ ਦਾ ਬਹੁਤ ਨੁਕਸਾਨ ਹੋਇਆ ਸੀ ਪਰ ਪੰਜਾਬੀ ਜਿਥੇ ਵੀ ਗਏ, ਉਥੇ ਹੀ ਆਪਣੀ ਛਾਪ ਛੱਡੀ ਹੈ। ਸੰਨ ਚੁਰਾਸੀ ਵੇਲੇ ਹਸਦੇ-ਵਸਦੇ ਪਰਿਵਾਰਾਂ ਨੂੰ ਉਜਾੜ ਦਿੱਤਾ ਗਿਆ ਸੀ। ਉਨ੍ਹਾਂ ਉੱਪਰ ਹੋਏ ਬੇਰਹਿਮ ਜ਼ੁਲਮਾਂ ਦੀ ਕਹਾਣੀਆਂ ਤੋਂ ਅਸੀਂ ਸਾਰੇ ਵਾਕਫ਼ ਹਾਂ। ਅਸ਼ੋਕ ਵਾਸਿਸ਼ਠ ਨੇ 'ਤੰਦਾਂ' ਨਾਵਲ ਵਿਚ ਇਸ ਦਰਦਨਾਕ ਪਹਿਲੂ ਦਾ ਵਰਨਣ ਤਾਂ ਕੀਤਾ ਹੈ ਪਰ ਨਾਲ ਹੀ ਉਨ੍ਹਾਂ ਦੇ ਮੁੜ ਤੋਂ ਅੱਗੇ ਵਧਣ ਦੀ ਕਹਾਣੀ ਵੀ ਬਿਆਨ ਕੀਤੀ ਹੈ। ਰਣਜੋਧ ਸਿੰਘ, ਗੁਲਾਮ ਦੀਨ, ਰਾਮ ਮੋਹਰ ਅਤੇ ਦੂਜੀ ਪੀੜ੍ਹੀ ਦੇ ਯਾਦਵਿੰਦਰ ਸਿੰਘ, ਜੋਗਿੰਦਰ ਸਿੰਘ, ਬ੍ਰਿਜ ਮੋਹਨ ਜਿਹੇ ਪਾਤਰ ਪੰਜਾਬੀ ਜਨ ਜੀਵਨ ਵਿਚ ਆਮ ਮਿਲ ਜਾਂਦੇ ਹਨ। ਕੁਲ ਮਿਲਾ ਕੇ ਇਹ ਨਾਵਲ ਪੰਜਾਬੀਆਂ ਦੇ ਵਿਲੱਖਣ ਸੁਭਾਅ ਉਪਰ ਚਾਨਣਾ ਪਾਉਂਦੀ ਹੈ। ਮੈਂ 'ਤੰਦਾਂ' ਨੂੰ ਖ਼ੁਸ਼ਆਮਦੀਦ ਕਹਿੰਦੀ ਹਾਂ।

-ਡਾ. ਤਰਿੰਦਰ ਕੌਰ

- **ਝਨਾਂ ਦਿਆ ਪਾਣੀਆ ਵੇ** (ਗੀਤ) *ਦਿਲਜੀਤ ਬੰਗੀ*

ਦਿਲਜੀਤ ਨੇ ਆਪਣੇ ਗੀਤਾਂ ਰਾਹੀਂ ਸਾਡੀ ਵਿਰਾਸਤ ਦੇ ਜਲੌਅ ਨੂੰ ਪੇਸ਼ ਕੀਤਾ ਹੈ। ਉਸਦੀ ਲਿਖਤ ਵਿਚ ਮਾਂ-ਬੋਲੀ ਪੰਜਾਬੀ, ਗੁਰੂ ਸਾਹਿਬਾਨਾਂ ਦੀ ਅਦੁੱਤੀ ਦੇਣ, ਪੀਰਾਂ-ਫ਼ਕੀਰਾਂ, ਲਿਖਾਰੀਆਂ, ਯੋਧਿਆਂ, ਸ਼ਹੀਦਾਂ ਨੂੰ ਅਕੀਦਤ ਪੇਸ਼ ਕੀਤੀ ਗਈ ਹੈ। ਪੁਸਤਕ ਦਾ ਸਿਰਲੇਖ 'ਝਨਾਂ ਦਿਆ ਪਾਣੀਆ ਵੇ' ਪੁਸਤਕ ਦੀ ਅੰਤਰਧੁਨੀ ਹੈ। ਇਹ ਮੈਟਾਫ਼ਰ ਹੈ ਪੰਜਾਂ ਪਾਣੀਆਂ ਵਿਚ ਘੁਲ਼ੇ ਇਸ਼ਕ ਦਾ, ਸ਼ਿੱਦਤ ਦਾ, ਦ੍ਰਿੜ੍ਹਤਾ ਦਾ। ਪੁਸਤਕ ਦਾ ਪਹਿਲਾ ਗੀਤ 'ਮਾਂ ਬੋਲੀ ਮੇਰੀ ਸ਼ਾਨ' ਪੜ੍ਹੋ—*ਮਾਂ ਬੋਲੀ ਮੇਰੀ ਗੁਰੂਆਂ ਜਾਈ / ਇਹ ਵਡਭਾਗੀ ਬੋਲੀ / ਇਸ ਦੇ ਹਰਫ਼ਾਂ ਦੇ ਵਿਚ ਇਹਦੇ / ਸ਼ਾਇਰਾਂ ਮਿਸ਼ਰੀ ਘੋਲੀ*।

ਦਿਲਜੀਤ ਦੇ ਗੀਤ ਅਜੋਕੇ ਸਮੇਂ ਦੀਆਂ ਦੁਸ਼ਵਾਰੀਆਂ ਨੂੰ ਬੇਬਾਕੀ ਨਾਲ ਚਿਤਰਦੇ ਹਨ। ਬੇਕਾਰੀ, ਨਸ਼ਾਖੋਰੀ, ਰਿਸ਼ਵਤਖੋਰੀ, ਅਰਾਜਕਤਾ ਤੇ ਪਤਨ ਵੱਲ ਵਧ ਰਹੀਆਂ ਮਨੁੱਖੀ ਕਦਰਾਂ-ਕੀਮਤਾਂ ਉਸਦੀ ਚਿੰਤਾ ਦਾ ਵਿਸ਼ਾ ਹੈ। ਉਸਦੀ ਕਲਮ ਨੌਜਵਾਨਾਂ ਵਿਚ ਵਧ ਰਹੀ ਇਕੱਲਤਾ, ਅਲਹਿਦਗੀ, ਤਣਾਓ ਆਦਿ ਦੀ ਫ਼ਿਕਰ ਕਰਦੀ ਹੈ। ਰਾਜਨੀਤਕ ਲੋਕਾਂ ਵੱਲੋਂ ਦੇਸ਼ ਨੂੰ ਵੱਡੀ ਗਿਰਾਵਟ

ਵੱਲ ਲਿਆਂਦਾ ਗਿਆ ਹੈ। ਇਸ ਪ੍ਰਸੰਗ ਵਿਚ ਉਹ 'ਭਾਰਤ ਦੇਸ਼ ਮਹਾਨ' ਗੀਤ ਵਿਚ ਬੋਲਦਾ ਹੈ—*ਕਦਮ ਕਦਮ 'ਤੇ ਮਿਲਦੇ ਏਥੇ ਲੱਖਾਂ ਹੀ ਬੇਈਮਾਨ / ਦੱਸੋ ਜੀ ਤੁਸੀਂ ਦੱਸੋ ਜੀ / ਕਿੰਝ ਭਾਰਤ ਦੇਸ਼ ਮਹਾਨ ?*

ਫਿਰ ਵੀ ਆਪਣੀ ਸ਼ਾਇਰੀ 'ਚ ਉਹ ਅਨੇਕਾਂ ਗੱਲਾਂ ਦੇ ਬਾਵਜੂਦ ਆਸ਼ਾਵਾਨ ਹੈ। ਇਕ ਲਿਸ਼ਕ ਹੈ ਜਿਹੜੀ ਸ਼ਾਇਰ ਨੂੰ ਆਸ਼ਾਵਾਨ ਬਣਾਉਂਦੀ ਹੈ। ਸ਼ਾਇਰ ਨੂੰ ਸ਼ੁਭ ਇੱਛਾਵਾਂ।

-ਸਤਪਾਲ ਭੀਖੀ

- **ਬੰਸਰੀ 'ਚ ਕੈਦ ਸੁਰ** (ਗ਼ਜ਼ਲਾਂ) *ਰਮਨ ਸੰਧੂ*

ਅਜੋਕੇ ਦੌਰ ਵਿਚ ਗ਼ਜ਼ਲ ਪੰਜਾਬੀ ਕਾਵਿ ਦੀ ਮੁੱਖ ਧਾਰਾ ਹੈ ਤੇ ਇਸ ਸਿਨਫ਼ ਨੇ ਪੰਜਾਬੀ ਕਵਿਤਾ ਨੂੰ ਅਮੀਰੀ ਪ੍ਰਦਾਨ ਕੀਤੀ ਹੈ। ਭਰਪੂਰ ਫ਼ਸਲ ਵਿਚ ਨਦੀਨਾਂ ਨੂੰ ਰੋਕਿਆ ਨਹੀਂ ਜਾ ਸਕਦਾ। ਹਾਂ, ਉਪਾਅ ਹੋ ਸਕਦੇ ਹਨ। ਇਵੇਂ ਹੀ ਪੰਜਾਬੀ ਗ਼ਜ਼ਲ ਵਿਚ ਗੁਟਬੰਦੀ, ਤੁਕਬੰਦੀ ਤੇ ਬੁਝਾਰਤਬੰਦੀ ਨੇ ਵੀ ਪੈਰ ਪਸਾਰੇ ਹਨ ਪਰ ਗ਼ਜ਼ਲ ਦੇ ਚੇਤਨ ਤੇ ਸਿਆਣੇ ਪਾਠਕ ਇਸ ਵਰਤਾਰੇ ਨੂੰ ਮੂਲੋਂ ਹੀ ਰੱਦ ਕਰ ਦਿੰਦੇ ਹਨ। ਵਕਤ ਨਾਲ ਜੂਝਦਿਆਂ ਪੰਜਾਬੀ ਗ਼ਜ਼ਲ ਨੇ ਵੀ ਨਵੀਆਂ ਸੰਭਾਵਨਾਵਾਂ ਤੇ ਦਿਸਹੱਦੇ ਤੈਅ ਕੀਤੇ ਹਨ। ਮੈਂ ਪੰਜਾਬੀ ਗ਼ਜ਼ਲ ਦਾ ਸੰਘਰਸ਼ਮਈ ਦੌਰ ਵੀ ਦੇਖਿਆ ਹੈ ਤੇ ਇਸ ਦੇ ਸਫ਼ਰ ਦੀਆਂ ਪੈੜਾਂ ਦੇ ਨਾਲ ਨਾਲ ਵੀ ਰਿਹਾ ਹਾਂ। ਬਿਨਾਂ ਸ਼ੱਕ ਕੁਝ ਫ਼ਿਕਰ ਅਜੇ ਵੀ ਮੌਜੂਦ ਹਨ ਪਰ ਅਜੋਕੀ ਪੰਜਾਬੀ ਗ਼ਜ਼ਲ ਮੇਰੇ ਲਈ ਇਕ ਸੁਖਦ ਅਨੁਭਵ ਹੈ। ਪੰਜਾਬੀ ਗ਼ਜ਼ਲ ਲਈ ਨਿਸ਼ਚੇ ਹੀ ਕੁਝ ਨਵਾਂ ਕਰਨ ਦੀ ਲੋੜ ਸੀ ਜੋ ਕੀਤਾ ਜਾ ਰਿਹਾ ਵੀ ਹੈ। ਵੀਹਵੀਂ ਸਦੀ ਦੇ ਬਿਲਕੁਲ ਅੰਤ 'ਤੇ ਇੱਕੀਵੀਂ ਸਦੀ ਦੀ ਸ਼ੁਰੂਆਤ ਤੋਂ ਪੰਜਾਬੀ ਗ਼ਜ਼ਲ ਵਿਚ ਵਰਨਣਯੋਗ ਤਬਦੀਲੀਆਂ ਦਰਜ ਹੋਈਆਂ ਹਨ। ਇਨ੍ਹਾਂ ਤਬਦੀਲੀਆਂ ਵਿਚ ਮਹੱਤਵਪੂਰਨ ਯੋਗਦਾਨ ਪਾਉਣ ਵਾਲਾ ਜ਼ਿਕਰਯੋਗ ਨਾਮ ਰਮਨ ਸੰਧੂ ਵੀ ਹੈ। 'ਬੰਸਰੀ 'ਚ ਕੈਦ ਸੁਰ' ਉਸ ਦੀਆਂ ਗ਼ਜ਼ਲਾਂ ਦਾ ਤੀਸਰਾ ਸੰਗ੍ਰਹਿ ਹੈ ਜਿਸ ਵਿਚ ਸ਼ਾਮਿਲ ਕੁਝ ਗ਼ਜ਼ਲਾਂ ਨੂੰ ਤਾਂ ਮੈਂ ਦੁਬਾਰਾ ਪੜ੍ਹਿਆ ਹੈ। ਅਜਿਹਾ ਨਹੀਂ ਕਿ ਬਾਕੀ ਗ਼ਜ਼ਲਾਂ ਪ੍ਰਭਾਵਹੀਣ ਹਨ ਉਹ ਵੀ ਇਕ ਪੱਧਰ ਨਿਸ਼ਚਿਤ ਕਰਦੀਆਂ ਹਨ। ਸੰਧੂ ਦੀ ਇਸ ਪੁਸਤਕ ਨੂੰ ਪੜ੍ਹਦਿਆਂ ਇਹ ਮਹਿਸੂਸ ਹੁੰਦਾ ਹੈ ਕਿ ਉਹ ਸ਼ਿਅਰੀ ਲੋੜਾਂ, ਅਕੀਦਿਆਂ, ਸ਼ਿਲਪਕਾਰੀ, ਪੇਸ਼ਕਾਰੀ ਤੇ ਮੰਜ਼ਰਕਾਰੀ ਦਾ ਚੋਖਾ ਗਿਆਨ ਰੱਖਦਾ ਹੈ। ਗ਼ਜ਼ਲਾਂ ਦੇ ਸ਼ਿਅਰਾਂ ਵਿਚ ਰੰਗਾਂ ਦੀਆਂ ਨਵੀਆਂ ਸ਼ੇਡਜ਼ ਹਨ ਤੇ ਆਪਣੀ ਭਾਂਤ ਦੀ ਮਹਿਕ ਦੀ ਰੁਮਕਣ ਹੈ। ਗ਼ਜ਼ਲਕਾਰ ਦੀਆਂ ਗ਼ਜ਼ਲਾਂ ਦੇ ਕਈ ਸ਼ਿਅਰ ਨਵੇਂ ਮੁਹਾਵਰੇ ਸਿਰਜਦੇ ਹਨ ਤੇ ਪੁਰਾਣਿਆਂ ਨੂੰ ਡੂੰਘਾ ਦਫ਼ਨਾਉਂਦੇ ਹਨ। ਇਸ ਸੰਗ੍ਰਹਿ ਦੀਆਂ ਬਹੁਤੀਆਂ ਗ਼ਜ਼ਲਾਂ ਆਮਦ 'ਚੋਂ ਸਹਿਜਤਾ ਨਾਲ ਲਿਖੀਆਂ ਗਈਆਂ ਮਹਿਸੂਸ ਹੁੰਦੀਆਂ ਹਨ। ਜ਼ੋਰ ਜਬਰ ਨਾਲ ਲਿਖੀ ਗਈ ਰਚਨਾ ਕਦੇ ਵੀ ਪ੍ਰਭਾਵੀ ਨਹੀਂ ਹੋ ਸਕਦੀ। ਸੰਤੁਸ਼ਟੀ ਇਸ ਦੀ ਵੀ ਹੈ ਕਿ ਰਮਨ ਨੇ ਗ਼ਜ਼ਲ ਦੀ ਵਿਆਕਰਣ ਦਾ ਨਿਰਾਦਰ ਨਾ ਕਰਕੇ ਇਸ ਦੀ ਪਾਲਣਾ ਕੀਤੀ ਹੈ ਵਰਨਾ ਗ਼ਜ਼ਲ ਦੀ ਵਿਆਕਰਣ ਦੀ ਅਵੱਗਿਆ ਕਰਨਾ ਵੀ ਫੈਸ਼ਨ ਵਜੋਂ ਲਿਆ ਜਾਣ ਲੱਗਾ ਹੈ। ਕਈ ਗ਼ਜ਼ਲਕਾਰ ਹੋਰਨਾਂ ਗ਼ਜ਼ਲਕਾਰਾਂ ਤੇ ਗ਼ਜ਼ਲ ਦੇ ਨਿਯਮਾਂ ਸੰਬੰਧੀ ਭੰਡੀ ਪ੍ਰਚਾਰ ਕਰਕੇ ਉਸ ਨੂੰ ਇਕ ਢਾਲ ਤੇ ਮਸ਼ਹੂਰੀ ਦੇ ਕਾਰਕ ਵਜੋਂ ਲੈਂਦੇ ਹਨ। ਰਮਨ ਸੰਧੂ ਇਸ ਮੁਆਮਲੇ ਵਿਚ ਮੈਨੂੰ ਬਹੁਤ ਹੀ ਸਾਊ ਗ਼ਜ਼ਲਕਾਰ ਜਾਪਿਆ ਹੈ। ਇਸ ਵਿਚ ਦੋ ਰਾਵਾਂ ਨਹੀਂ ਕਿ ਕਿਸੇ ਪੁਸਤਕ ਦੀਆਂ ਸਾਰੀਆਂ ਹੀ ਗ਼ਜ਼ਲਾਂ ਇਕ ਪਾਏ ਦੀਆਂ ਹੋਣ, ਗ਼ਜ਼ਲ ਵਿਚ ਇਕ ਕਾਮਯਾਬ ਸ਼ਿਅਰ ਹਲਕੇ ਸ਼ਿਅਰਾਂ ਦਾ ਵੀ ਬੇੜਾ ਪਾਰ ਕਰ ਦਿੰਦਾ ਹੈ। ਪਰ ਰਮਨ ਸੰਧੂ ਦੀ ਹਰੇਕ ਗ਼ਜ਼ਲ ਦੇ ਅੱਧੋਂ ਵੱਧ ਸ਼ਿਅਰ ਸੁਬਹਾਨ ਅੱਲਾਹ ਹਨ। ਮੁੱਢਲੇ ਦੌਰ ਵਿਚ ਲਿਖੀਆਂ ਗ਼ਜ਼ਲਾਂ ਨੂੰ ਅੱਜ ਦੇ ਸੰਦਰਭ ਤੋਂ ਪੜ੍ਹਨਾ ਵੀ ਨਿਆਂਸੰਗਤ ਨਹੀਂ ਹੈ। ਪਰੰਪਰਾਵਾਂ ਮਾੜੀਆਂ ਨਹੀਂ ਹੁੰਦੀਆਂ ਸਮੇਂ ਦੇ ਨਾਲ ਉਨ੍ਹਾਂ ਦਾ ਨਵੀਨੀਕਰਨ ਕਰਦੇ ਰਹਿਣਾ ਚਾਹੀਦਾ ਹੈ ਤੇ ਮੈਂ ਆਪਣੇ ਕੁਝ ਪੁਰਾਣੇ ਗ਼ਜ਼ਲਕਾਰਾਂ ਨੂੰ ਇਹ ਸੰਗ੍ਰਹਿ ਪੜ੍ਹਨ ਦੀ ਸਿਫਾਰਿਸ਼ ਕਰਾਂਗਾ। ਨਵਿਆਂ ਲਈ ਵੀ ਇਸ ਸੰਗ੍ਰਹਿ ਨੂੰ ਪੜ੍ਹਨਾ ਓਨਾ ਹੀ ਲਾਭਕਾਰੀ ਹੋਵੇਗਾ। ਰਮਨ ਸੰਧੂ ਦੇ ਇਸ ਗ਼ਜ਼ਲ ਸੰਗ੍ਰਹਿ ਨੇ ਨਿਸ਼ਚੇ ਹੀ ਮੈਨੂੰ ਬਹੁਤ ਪ੍ਰਭਾਵਿਤ ਕੀਤਾ ਹੈ। ਆਸ ਹੈ ਭਵਿੱਖ ਵਿਚ ਉਹ ਇਸ ਤੋਂ ਵੱਧ ਨਿੱਠ ਕੇ ਲਿਖੇਗਾ ਤੇ ਆਲੋਚਨਾ ਦੇ ਨਵੇਂ ਲਫਟੈਣਾਂ ਦੇ ਗ਼ੈਰ-ਪ੍ਰਸੰਗਕ ਜੁਮਲਿਆਂ ਤੋਂ ਆਪਣੇ ਆਪ ਨੂੰ ਮਹਿਫ਼ੂਜ਼ ਰੱਖੇਗਾ। ਉਸਦਾ ਇਹ ਸ਼ਿਅਰ ਪੂਰੀ ਕਿਤਾਬ ਦਾ ਮੁੱਲ ਮੋੜਨ ਲਈ ਕਾਫ਼ੀ ਹੈ—*ਕਿਵੇਂ ਇਕ ਲਫ਼ਜ਼ ਅਪਣੇ ਆਪ ਨੂੰ ਵਿਸਥਾਰ ਦਿੰਦਾ ਹੈ / ਕਿ ਮਾਂ ਦਾ ਔਂਤਰਾ ਕਹਿਣਾ ਵੀ ਸੀਨਾ ਠਾਰ ਦਿੰਦਾ ਹੈ।*

-ਗੁਰਦਿਆਲ ਰੌਸ਼ਨ

- **ਜ਼ਰਖੇਜ਼** (ਨਾਵਲ) *ਭਗਵੰਤ ਰਸੂਲਪੁਰੀ*

ਭਗਵੰਤ ਰਸੂਲਪੁਰੀ ਪੰਜਾਬੀ ਕਹਾਣੀ ਦੇ ਖੇਤਰ ਵਿਚ ਆਪਣੀ ਕਹਾਣੀ ਸਦਕਾ ਵੱਖਰੀ ਪਛਾਣ ਦੇ ਧਾਰਨੀ ਹਨ। ਦਮਿਤ ਸ਼ੋਸ਼ਿਤ ਵਰਗਾਂ ਨੂੰ ਆਪਣਆਂ ਕਹਾਣੀਆਂ ਵਿਚ ਸੰਵੇਦਨਾ ਸਹਿਤ ਪੇਸ਼ ਕਰਨ ਵਾਲੇ ਇਸ ਕਹਾਣੀਕਾਰ ਨੇ ਆਪਣੇ ਪਲੇਠੇ ਨਾਵਲ 'ਜ਼ਰਖੇਜ਼' ਵਿਚ ਵੀ ਆਪਣੀ ਸੰਵੇਦਨਾ ਨੂੰ ਕਾਇਮ ਰੱਖਦਿਆਂ ਯਥਾਰਥ ਦੀ ਕਠੋਰਤਾ ਨੂੰ ਵੀ ਪੇਸ਼ ਕਰਨ ਦੀ ਪਹਿਲ ਕਦਮੀ ਕੀਤੀ ਹੈ। ਪਰੰਪਰਾਗਤ ਪਰਵਾਸੀ ਨਾਵਲਾਂ ਦੇ ਵਿਸ਼ਿਆਂ ਤੋਂ ਹਟ ਕੇ ਨਾਵਲਕਾਰ ਇਸ ਨਾਵਲ ਵਿਚ ਪਰਵਾਸ ਕਰ ਰਹੀ ਅਜੋਕੀ ਨੌਜਵਾਨ ਪੀੜ੍ਹੀ ਅਤੇ ਉਥੇ ਪੱਕੇ ਵੱਸ ਚੁੱਕੇ ਪਰਵਾਸੀਆਂ ਦੇ ਚਰਿੱਤਰ, ਸੰਘਰਸ਼ ਅਤੇ ਔਕੜਾਂ ਨੂੰ ਬੜੀ ਖ਼ੂਬਸੂਰਤੀ ਨਾਲ

ਚਿਤਰਦਾ ਹੈ। ਪਰਵਾਸ ਆਦਿ ਕਾਲ ਦਾ ਵਰਤਾਰਾ ਹੈ। ਪਰਵਾਸ ਪਿੱਛੇ ਭਾਵੇਂ ਕਈ ਕਾਰਨ ਕਾਰਜਸ਼ੀਲ ਰਹਿੰਦੇ ਹਨ ਪਰ ਪਰਵਾਸ ਦਾ ਮੁੱਖ ਕਾਰਨ ਆਰਥਿਕਤਾ ਹੀ ਰਿਹਾ ਹੈ। ਇਹ ਜ਼ਹਿਰ ਸਿਰਫ਼ ਹਵਾ ਵਿਚ ਹੀ ਨਹੀਂ ਸਮਾਜ ਵਿਚ, ਜ਼ਿਹਨ ਵਿਚ ਵੀ ਘੁਲਿਆ ਮਹਿਸੂਸ ਹੁੰਦਾ ਹੈ। ਪੰਜਾਬੋਂ ਜਾਣ ਵਾਲੇ ਲੋਕਾਂ ਬੇਰੁਜ਼ਗਾਰੀ, ਰਾਜਨੀਤਕ ਅਸਥਿਰਤਾ, ਨਸ਼ਿਆਂ ਦਾ ਵਧਣਾ, ਇਸ ਸਭ ਦੇ ਨਾਲ ਨਾਲ ਪਰਵਾਸ ਤੋਂ ਪਰਤੇ ਲੋਕਾਂ ਦਾ ਪਰਵਾਸੀ ਜੀਵਨ ਜਾਂਚ ਅਤੇ ਸਿਸਟਮ ਦੀਆਂ ਤਰੀਫ਼ਾਂ ਕਰਨਾ, ਪੰਜਾਬੀਆਂ ਦੇ ਜ਼ਿਹਨ ਵਿਚ ਪਰਵਾਸ ਪ੍ਰਤੀ ਖਿੱਚ ਪੈਦਾ ਕਰਦਾ ਹੈ ਅਤੇ ਰੁੱਖਾਂ ਨੂੰ ਲੱਗੇ ਡਾਲਰਾਂ ਦੇ ਸੁਪਨੇ ਉਹਨੂੰ ਕੈਨੇਡਾ ਜਾਣ ਲਈ ਉਤਸ਼ਾਹਿਤ ਕਰਦੇ ਨਜ਼ਰੀਂ ਪੈਂਦੇ ਹਨ। ਇਹ ਚਮਕ ਅਤੇ ਰਾਹੁਲ ਦੀ ਫੀਸ ਅਤੇ ਪੜ੍ਹਾਈ ਲਈ ਡਾਲਰ ਇਕੱਠੇ ਕਰਨ ਦੀ ਜ਼ਰੂਰਤ ਡਾਕਟਰ ਦੀ ਪਹਿਲੀ ਕੈਨੇਡਾ ਫੇਰੀ ਦਾ ਸਬੱਬ ਬਣਾਉਂਦੀ ਹੈ। ਕੈਨੇਡਾ ਦੀ ਧਰਤੀ ਦੀ ਚਕਾਚੌਂਧ ਇਥੇ ਆਉਣ ਵਾਲੇ ਹਰ ਪੰਜਾਬੀ ਨੂੰ ਇਹੀ ਅਹਿਸਾਸ ਕਰਵਾਉਂਦੀ ਹੈ ਜਿਵੇਂ ਕਿ ਉਹ ਸਵਰਗ ਵਿਚ ਆ ਗਿਆ ਹੋਵੇ। ਪਰ ਇਥੋਂ ਦੇ ਵਰਕ ਕਲਚਰ ਦੇ ਰੂਬਰੂ ਹੁੰਦਿਆਂ ਅਤੇ ਇਥੋਂ ਦੇ ਅਸਥਾਈ ਪਰਵਾਸ ਦੌਰਾਨ ਸਮਾਜਕ ਹਾਲਤਾਂ ਨਾਲ ਸਾਹਮਣਾ ਕਰਦਿਆਂ ਉਸ ਨੂੰ ਇਹ ਅਹਿਸਾਸ ਹੁੰਦਾ ਹੈ ਕਿ ਇਸ ਸਵਰਗ ਵਿਚ ਥਾਂ ਪਾਉਣਾ ਏਡਾ ਸੌਖਾ ਵੀ ਨਹੀਂ ਹੈ। ਜਦੋਂ ਡਾਕਟਰ ਸੁਰਜੀਤ ਹੋਰਾਂ ਦੇ ਸੇਬਾਂ ਦਾ ਫਾਰਮਾਂ ਵਿਚ ਕੰਮ ਕਰਨ ਦੇ ਨਾਲ ਨਾਲ ਉਨ੍ਹਾਂ ਕੋਲ ਉਨ੍ਹਾਂ ਦੇ ਨਾਲ ਰਹਿਣ ਦੀ ਗੱਲ ਕਰਦਾ ਹੈ ਤਾਂ ਉਹ ਅਸਲੀਅਤ ਨਾਲ ਰੂਬਰੂ ਹੁੰਦਾ ਹੈ।

ਦੂਸਰਾ ਵੱਡਾ ਮੁੱਦਾ ਜੋ ਨਾਵਲਕਾਰ ਨੇ ਆਪਣੇ ਇਸ ਨਾਵਲ ਰਾਹੀਂ ਉਭਾਰਿਆ ਹੈ ਉਹ ਹੈ ਪੰਜਾਬੀ ਵਿਦਿਆਰਥੀਆਂ ਦਾ ਪਰਵਾਸ ਅਤੇ ਇਥੋਂ ਦੇ ਪੰਜਾਬੀਆਂ (ਪੱਕੇ ਪੰਜਾਬੀਆਂ) ਦੁਆਰਾ ਉਨ੍ਹਾਂ ਦਾ ਕੀਤਾ ਜਾਂਦਾ ਸ਼ੋਸ਼ਣ ਅਤੇ ਨਾਲ ਹੀ ਇਨ੍ਹਾਂ ਵਿਦਿਆਰਥੀਆਂ ਦੀਆਂ ਇਸ ਜ਼ਰਖੇਜ਼ ਜ਼ਮੀਨ ਵਿਚ ਆਪਣੀਆਂ ਜੜ੍ਹਾਂ ਲਾਉਣ ਦੀਆਂ ਪੁਰਜ਼ੋਰ ਕੋਸ਼ਿਸ਼ਾਂ। ਜਿਸ ਸਦਕਾ ਇਹ ਜ਼ਮੀਨ ਉਨ੍ਹਾਂ ਦੇ ਸੁਪਨਿਆਂ ਅਤੇ ਮਿਹਨਤ ਨੂੰ ਬੂਰ ਪਾਉਣ ਤੇ ਫ਼ਲ ਦੇਣ ਦੇ ਕਾਬਿਲ ਬਣਾਉਂਦੀ ਹੈ। ਇਸ ਸਭ ਦੇ ਬਾਵਜੂਦ ਵੀ ਡਾਕਟਰ ਇਸ ਭੋਇੰ ਨੂੰ ਜ਼ਰਖੇਜ਼ ਸਮਝਦਾ ਹੈ ਜਿਹੜੀ ਕਿ ਸਾਰਿਆਂ ਨੂੰ ਮੌਲਣ ਵਿਗਸਣ ਦੇ ਮੌਕੇ ਦਿੰਦਿਆਂ ਪੰਜਾਬੀਆਂ ਨੂੰ ਆਪਣੀਆਂ ਜੜ੍ਹਾਂ ਲਾਉਣ ਵਿਚ ਸਹਾਇਤਾ ਕਰ ਰਹੀ ਹੈ। ਸਖ਼ਤ ਠੰਡ ਤੇ ਬਰਫ਼ ਦੇ ਮੌਸਮ ਵਿਚ ਕੰਮ ਕਰਦਿਆਂ ਡਾਕਟਰ ਨੂੰ ਲਗਦਾ ਹੈ ਕਿ ਡਾਲਰ ਕਮਾਉਣਾ ਏਨਾ ਸੌਖਾ ਵੀ ਨਹੀਂ ਜਿੰਨਾ ਹਰ ਪੰਜਾਬੀ ਨੂੰ ਕੈਨੇਡਾ ਤੋਂ ਗਏ ਪੰਜਾਬੀ ਦੀ ਚਮਕ ਦਮਕ ਦੇਖ ਕੇ ਲੱਗਦਾ ਹੈ। ਇਸੇ ਚਮਕ ਦਮਕ ਨੂੰ ਹਰ ਹੀਲੇ ਹਰ ਪੰਜਾਬੀ ਪਾਉਣਾ ਚਾਹੁੰਦਾ ਹੈ ਤੇ ਕੈਨੇਡਾ ਵਿਚ ਆਪਣੀਆਂ ਜੜ੍ਹਾਂ ਲਾਉਣਾ ਚਾਹੁੰਦਾ ਹੈ।

ਇਸ ਪ੍ਰਕਾਰ ਨਾਵਲਕਾਰ ਨੇ ਇਸ ਨਾਵਲ ਵਿਚ ਪੰਜਾਬ ਕੈਨੇਡਾ ਦੀ ਖੇਤੀ ਕਲਚਰ, ਵਿਦਿਆਰਥੀਆਂ ਦੇ ਪਰਵਾਸ ਤੇ ਫਿਰ ਜੱਦੋਜਹਿਦ ਅਤੇ ਹੋਂਦ ਲਈ ਸੰਘਰਸ਼ ਦੇ ਨਾਲ-ਨਾਲ ਕੈਨੇਡੀਅਨ ਬਣੇ ਪੰਜਾਬੀਆਂ ਦੇ ਚਰਿੱਤਰ ਅਤੇ ਸੁਭਾਅ ਨੂੰ ਬਾਖ਼ੂਬੀ ਪੇਸ਼ ਕੀਤਾ ਹੈ ਜਿਹੜੇ ਕਿ ਜ਼ਿਹਨੀ ਤੌਰ ’ਤੇ ਪੰਜਾਬੀ ਖਸਲਤ ਤਾਂ ਰੱਖਦੇ ਹਨ ਪਰ ਆਪਣਿਆਂ ਦਾ ਹੀ ਸੋਸ਼ਣ ਕਰਦੇ ਨਜ਼ਰੀਂ ਪੈਂਦੇ ਹਨ। ਕੱਚੇ ਕਾਮਿਆਂ ਦੇ ਤੌਰ ’ਤੇ ਵਿਜਟਰ ਵੀਜ਼ੇ ਤੇ ਕੰਮ ਕਰ ਰਹੇ ਪੰਜਾਬੀਆਂ ਦੀਆਂ ਔਕੜਾਂ ਤੇ ਸੰਘਰਸ਼ ਨੂੰ ਨਾਵਲ ਦਾ ਹਿੱਸਾ ਬਣਾਇਆ ਗਿਆ ਹੈ। ਕੈਨੇਡਾ ਸੰਬੰਧੀ ਕਈ ਭਰਮਾਂ ਨੂੰ ਦੂਰ ਕਰਦੇ ਇਸ ਨਾਵਲ ਦਾ ਆਪਣਾ ਇਕ ਫਲੇਵਰ ਹੈ, ਜਿਹੜਾ ਕਿ ਪਾਠਕ ਨੂੰ ਇਕ ਵੱਖਰਾ ਸੁਆਦ ਤੇ ਅਨੁਭਵ ਦਿੰਦਾ ਹੈ।

-ਡਾ. ਸੁਖਪਾਲ ਕੌਰ

- **ਗੁਰੂ ਤੇਗ ਬਹਾਦਰ : ਜੀਵਨ ਦਰਪਣ ਤੇ ਬਾਣੀ** : *ਦਲਜੀਤ ਕੌਰ ਦਾਊਂ*

ਦਲਜੀਤ ਕੌਰ ਦਾਊਂ ਸਿਰੜੀ ਲੇਖਿਕਾ ਹੈ। ਕੋਵਿਡ 19 ਦੀ ਇਕ ਤੋਂ ਬਾਅਦ ਦੂਜੀ ਕਹਿਰੀ ਲਹਿਰ ਕਾਰਨ ਆਮ ਲੋਕ ਖ਼ੌਫ਼ਜ਼ਦਾ ਹੋਏ ਹਨ। ਅਜਿਹੇ ਮੌਕੇ ਲੇਖਿਕਾ ਵੱਲੋਂ ਭੈਅ ਮੁਕਤ ਕਰਨ ਵਾਲੀ ਬਾਣੀ ਦੇ ਰਚੇਤਾ ਨੌਵੇਂ ਗੁਰੂ ਜੀ ਬਾਰੇ ਪੁਸਤਕ ਲਿਖ ਛਪਾਉਣੀ ਵੱਡੀ ਸੇਵਾ ਹੈ। ਸਖ਼ਤ ਮਿਹਨਤ ਕਰਨਾ ਲੇਖਿਕਾ ਦੀ ਸੂਰਬੀਰਤਾ ਦਾ ਕੰਮ ਹੈ। ਇਹ ਬਹੁਤ ਕਠਿਨ ਕਾਰਜ ਵੀ ਹੈ। ਉਸਨੇ ਇਹ ਪ੍ਰੋਜੈਕਟ ਸਿਦਕ ਤੇ ਲਗਨ ਨਾਲ ਪੂਰਾ ਕੀਤਾ ਹੈ, ਸੋ ਉਹ ਵਧਾਈ ਦੀ ਪਾਤਰ ਹੈ। ਪੰਜਾਬ ਦੇ ਇਤਿਹਾਸ ਅਤੇ ਖ਼ਾਸ ਕਰਕੇ ਸਿੱਖ ਇਤਿਹਾਸ ਬਾਰੇ ਜੋ ਕੁਝ ਪੜ੍ਹਨ ਨੂੰ ਮਿਲਦਾ ਹੈ, ਉਸ ਦੇ ਅਨੇਕਾਂ ਬਿੰਦੂਆਂ ਉੱਤੇ ਵਿਦਵਾਨਾਂ ਦੇ ਮੱਤਭੇਦ ਵੀ ਮਿਲਦੇ ਹਨ। ਲੇਖਿਕਾ ਨੇ ਇਸ ਪੁਸਤਕ ਵਿਚ ਜਿਹੜੀ ਪਹੁੰਚ ਅਪਣਾਈ ਹੈ ਉਹ ਸਰਵ ਪ੍ਰਮਾਣਿਤ ਤੱਥਾਂ ਦੀ ਚੋਣ ਕਰਨ ਵਾਲੀ ਹੈ।

ਪੁਸਤਕ ਦਿੱਖ ਵਜੋਂ ਸੁਹਜਮਈ ਪ੍ਰਭਾਵ ਪਾਉਂਦੀ ਹੈ। ਇਹ ਹਵਾਲਾ ਪੁਸਤਕ ਵੀ ਹੈ। ਘਰੇਲੂ ਲਾਇਬ੍ਰੇਰੀ ਵਿਚ ਅਜਿਹੀਆਂ ਪੁਸਤਕਾਂ ਰੱਖੀਆਂ ਹੋਣ ਤਾਂ ਪਰਿਵਾਰਾਂ ਨੂੰ ਵੀ ਲਾਭ ਪਹੁੰਚਦਾ ਹੈ। ਲੇਖਿਕਾ ਨੇ ਗੁਰੂ ਜੀ ਨਾਲ ਸੰਬੰਧਤ ਬਹੁਤੇ ਸਥਾਨ ਆਪ ਵੇਖੇ ਹਨ, ਇਸ ਕਾਰਨ ਲਿਖੇ ਦੀ ਪ੍ਰਮਾਣਿਕਤਾ ਵਿਚ ਵਾਧਾ ਹੋਇਆ ਹੈ। ਪੰਜਾਬੀ ਸਾਹਿਤ, ਸਭਿਆਚਾਰ ਤੇ ਭਾਸ਼ਾ ਨਾਲ ਪ੍ਰਣਾਏ ਦਾਊਂ ਪਰਿਵਾਰ ਦੀ ਪੰਜਾਬੀ ਪਾਠਕਾਂ ਨੂੰ ਇਹ ਭੇਟ ਵਡਮੁੱਲੀ ਹੈ। ਇਕ ਅਧਿਆਪਕਾਂ ਵੱਲੋਂ ਲਿਖੇ ਹੋਣ ਕਾਰਨ ਇਹ ਹੋਰ ਵੀ ਵਡਿਆਈ ਯੋਗ ਹੈ।

-ਡਾ. ਕਰਨੈਲ ਸਿੰਘ ਸੋਮਲ

ਅਫ਼ਗ਼ਾਨਿਸਤਾਨ ਵਿੱਚ ਤਾਲਿਬਾਨਾ ਕਬਜ਼ੇ ਕਾਰਨ ਬਦਲੇ ਹੋਏ ਹਾਲਾਤ ਦੀਆਂ ਪਲ ਪਲ ਮਿਲਦੀਆਂ ਖ਼ੌਫ਼ਨਾਕ ਖ਼ਬਰਾਂ ਸੁਣ ਕੇ ਹਰੇਕ ਸੋਚਵਾਨ ਮਨੁੱਖ ਦਾ ਧਿਆਨ ਉੱਧਰ ਹੀ ਲੱਗਾ ਹੋਇਆ ਹੈ। ਅਸੀਂ ਪੰਜਾਬੀਆਂ ਨੇ ਵੀ ਕੁਝ ਦੇਰ ਵਾਸਤੇ ਇਸ ਤਰ੍ਹਾਂ ਦਾ ਸਮਾਂ ਵੇਖਿਆ ਸੀ ਜਦੋਂ ਹਰ ਆਸ ਉਮੀਦ ਦਮ ਤੋੜਦੀ ਲੱਗ ਰਹੀ ਸੀ। ਉਸ ਨਾਲ਼ੋਂ ਵੀ ਭਿਅੰਕਰ ਮੰਜ਼ਰ ਹੁਣ ਅਫ਼ਗ਼ਾਨਿਸਤਾਨ ਵਿੱਚ ਹੈ। ਦੁਨੀਆਂ ਦੇ ਦੋ ਵੱਡੇ ਦੇਸ਼ਾਂ ਅਤੇ ਅਫ਼ਗ਼ਾਨਿਸਤਾਨ ਲਈ ਹਮਦਰਦੀ ਦਾ ਮੁਖੌਟਾ ਪਾਈ ਬੈਠੇ ਗੁਆਂਢੀ ਦੇਸ਼ ਦੀਆਂ ਸਿਆਸਤੀ ਸਕੀਮਾਂ ਨੇ ਇਸ ਖ਼ੂਬਸੂਰਤ ਦੇਸ਼ ਤੇ ਦੇਸ਼ ਵਾਸੀਆਂ ਨੂੰ ਦੋ ਦਹਾਕਿਆਂ ਚੋਂ ਵੱਧ ਸਮੇਂ ਵਿੱਚ ਕੱਖੋਂ ਹੌਲੇ ਕਰ ਕੇ ਰੱਖ ਦਿੱਤਾ ਹੈ। ਹੁਣ ਤਾਲਿਬਾਨ ਵੱਲੋਂ ਦੇਸ਼ ਤੇ ਕੰਟਰੋਲ ਕਰਨ ਪਿੱਛੋਂ ਨਵੇਂ ਤੇ ਬੇਸੁਰੇ ਫ਼ੁਰਮਾਨਾਂ ਨੇ ਸਧਾਰਨ ਨਾਗਰਿਕਾਂ ਨੂੰ ਆਮ ਕਰਕੇ ਤੇ ਔਰਤਾਂ ਦੀ ਜ਼ਿੰਦਗੀ ਨੂੰ ਖਾਸ ਕਰਕੇ ਕਥਿਤ ਨਰਕ ਤੋਂ ਵੀ ਬਦਤਰ ਬਣਾ ਦੇਣ ਵੱਲ ਰੁਖ ਕਰ ਲਿਆ ਹੈ।

ਇਸ ਖ਼ੌਫ਼ ਦਾ ਚਿਹਰਾ ਲੋਕਾਂ ਨੂੰ ਅਮਰੀਕੀ ਫੌਜ ਦੇ ਅਫ਼ਗ਼ਾਨਿਸਤਾਨ ਵਿੱਚੋਂ ਨਿਕਲਣ ਤੋਂ ਪਹਿਲਾਂ ਹੀ ਨਜ਼ਰ ਆਉਣ ਲੱਗ ਪਿਆ ਸੀ। ਤਾਲਿਬਾਨ ਤੋਂ ਡਰਦੇ ਲੋਕ ਆਪਣੇ ਦੇਸ਼, ਘਰਾਂ, ਜਾਇਦਾਦਾਂ ਰਿਸ਼ਤੇਦਾਰਾਂ ਤੇ ਸਨੇਹੀਆਂ ਨੂੰ ਛੱਡ ਕੇ ,ਖਾਲੀ ਹੱਥ ਦੂਜੇ ਦੇਸ਼ਾਂ ਵੱਲ ਨੂੰ ਉੱਡਣ ਲੱਗੇ ਹਵਾਈ ਜਹਾਜ਼ ਦੇ ਪਰਾਂ ਤੇ ਪਹੀਆਂ ਨਾਲ ਚੰਬੜ ਗਏ ਸਨ। ਔਰਤਾਂ ਦੇ ਮਨ ਦੇ ਖ਼ੌਫ਼ ਵਿਚਲੀ ਇੱਕ ਤਸਵੀਰ ਨੇ ਤਾਂ ਦੁਨੀਆਂ ਭਰ ਦੇ ਲੋਕਾਂ ਨੂੰ ਭਾਵਕ ਕਰ ਦਿੱਤਾ ਸੀ। ਕਾਬਲ ਦੇ ਹਵਾਈ ਅੱਡੇ ਤੇ ਇੱਕ ਔਰਤ ਨੇ ਆਪਣੀ ਦੋ ਸਾਲ ਦੀ ਮਾਸੂਮ ਬੱਚੀ ਨੂੰ ਹਵਾਈ ਅੱਡੇ ਦੁਆਲੇ ਲਾਈਆਂ ਗਈਆਂ ਕੰਡੇਦਾਰ ਤਾਰਾਂ ਦੇ ਉੱਪਰੋਂ ਦੀ ਅੰਦਰ ਖੜੇ, ਇੱਕ ਬ੍ਰਿਟਿਸ਼ ਸੈਨਿਕ ਵੱਲ ਉਛਾਲ ਦਿੱਤਾ ਸੀ ਕਿ ਇਸ ਨੂੰ ਆਪਣੇ ਨਾਲ ਲੈ ਜਾਓ ।ਉਸ ਨੇ ਕਿਹਾ ਮੇਰਾ ਪਤੀ ਤਾਲਿਬਾਨੀ ਹੋ ਗਿਆ ਹੈ। ਮੈਂ ਵੀ ਇੱਥੋਂ ਜਾਣਾ ਚਾਹੁੰਦੀ ਹਾਂ ਪਰ ਜਾ ਨਹੀਂ ਸਕਦੀ। ਮੇਰਾ ਤਾਂ ਪਤਾ ਨਹੀਂ ਕੀ ਹੋਵੇ, ਮੇਰੀ ਬੱਚੀ ਲੈ ਜਾਓਗੇ ਤਾਂ ਘੱਟੋ ਘੱਟ ਇਹ ਜਿਊਂਦੀ ਤਾਂ ਰਹੇਗੀ। ਉਹ ਸੈਨਿਕ ਵੀ ਸਿੱਲ੍ਹੀਆਂ ਅੱਖਾਂ ਨਾਲ ਬੱਚੀ ਨੂੰ ਲੈ ਗਿਆ ਸੀ ।

ਇਹ ਉੱਥੋਂ ਦੀ ਦੁਖਦਾਈ ਤਸਵੀਰ ਦੀ ਸਿਰਫ ਇੱਕ ਨਿੱਕੀ ਜਿਹੀ ਝਲਕ ਹੈ।

ਤਾਲਿਬਾਨ ਸ਼ਰੀਆ ਕਾਨੂੰਨ ਲਾਗੂ ਕਰਨ ਦੇ ਬਹਾਨੇ ਅਜੀਬ ਕਾਇਦੇ ਲਾਗੂ ਕਰ ਰਹੇ ਹਨ। ਉਨ੍ਹਾਂ ਦੇ ਬੁਲਾਰੇ ਜ਼ਕੀਰੁੱਲਾਹ ਹਾਸ਼ਮੀ ਨੇ ਕਿਹਾ ਹੈ ਕਿ ਔਰਤਾਂ ਮੰਤਰੀ ਨਹੀਂ ਬਣ ਸਕਦੀਆਂ ਉਨ੍ਹਾਂ ਨੂੰ ਬੱਚੇ ਹੀ ਪੈਦਾ ਕਰਨੇ ਚਾਹੀਦੇ ਹਨ। ਉਨ੍ਹਾਂ ਦੇ ਬਣਾਏ ਵਿੱਦਿਆ ਮੰਤਰੀ ਮੌਲਵੀ ਸ਼ੇਖ ਨੂਰੁੱਲਾ ਮਨੀਰ ਦਾ ਕਥਨ ਹੈ ਕਿ ਇਹ ਪੀਐੱਚ.ਡੀ. ਵਗੈਰਾ ਡਿਗਰੀਆਂ ਬੇਲੋੜੀਆਂ ਹਨ,ਸੱਤਾ 'ਚ ਬੈਠੇ ਮੁੱਲਿਆਂ ਕੋਲ ਹਾਈ ਸਕੂਲ ਦਾ ਸਰਟੀਫ਼ਿਕੇਟ ਵੀ ਨਹੀਂ, ਫਿਰ ਵੀ ਉਹ ਤਾਕਤਵਰ ਹਨ ਤੇ ਸੱਤਾ ਵਿੱਚ ਵੀ ਹਨ।ਇੱਕੀਵੀਂ ਸਦੀ ਵਿੱਚ ਸੱਤਾ ਤੇ ਕਾਬਜ਼ ਲੋਕਾਂ ਵੱਲੋਂ ਇਹੋ ਜਿਹੇ ਬਿਆਨ ਸੁਣ ਕੇ ਅਫ਼ਗ਼ਾਨਿਸਤਾਨ ਦੇ ਹਾਲਾਤ ਦੀ ਤਸਵੀਰ ਦਾ ਸਹਿਜੇ ਹੀ ਅੰਦਾਜ਼ਾ ਲਾਇਆ ਜਾ ਸਕਦਾ ਹੈ।

ਪਹਿਲਾਂ ਅਫਗਾਨ ਜੱਜ ਰਹਿ ਚੁੱਕੀ ਨਜਲਾ ਅਯੂਬੀ ਨੇ ਦੱਸਿਆ ਕਿ ਤਾਲਿਬਾਨਾਂ ਨੇ ਇੱਕ ਔਰਤ ਨੂੰ ਇਸ ਵਾਸਤੇ ਜਿਊਂਦੀ ਨੂੰ ਸਾੜ ਦਿੱਤਾ ਕਿ ਉਸ ਨੇ ਤਾਲਿਬਾਨ ਲੜਾਕਿਆਂ ਵਾਸਤੇ ਖ਼ਰਾਬ ਖਾਣਾ ਬਣਾਇਆ। ਉਸ ਨੇ ਇਹ ਦਾਅਵਾ ਵੀ ਕੀਤਾ ਹੈ ਕਿ ਲੜਕੀਆਂ ਨੂੰ ਤਾਬੂਤਾਂ ਵਿੱਚ ਕੈਦ ਕੀਤਾ ਜਾ ਰਿਹਾ ਹੈ। ਬਾਰ੍ਹਾਂ ਸਾਲ ਤੋਂ ਵੱਡੀ ਲੜਕੀ ਤੇ ਵਿਧਵਾ ਔਰਤ ਬਾਹਰ ਨਿਕਲੀ ਤਾਂ ਤਾਲਿਬਾਨਾਂ ਦੇ ਬੰਦੇ ਉਨ੍ਹਾਂ ਨੂੰ ਚੁੱਕ ਕੇ ਲੈ ਜਾਣਗੇ ।

ਹੁਣ ਜਦੋਂ ਇਸ ਤਰਾਂ ਦੀਆਂ ਅਨੇਕਾਂ ਕਹਾਣੀਆਂ ਸਾਹਮਣੇ ਆ ਰਹੀਆਂ ਹਨ ਕਿ ਤਾਲਿਬਾਨ ਔਰਤ ਦੇ ਵਜੂਦ ਨੂੰ ਅਰਥਹੀਣ ਕਰਨ ਵੱਲ ਰੁਚਿਤ ਹਨ ਤਾਂ ਇਨ੍ਹਾਂ ਕਮਜ਼ੋਰ ਮੰਨੀਆਂ ਗਈਆਂ ਅਫ਼ਗ਼ਾਨ ਔਰਤਾਂ ਨੇ ਆਪਣੇ ਹੌਂਸਲੇ ਤੇ ਹਿੰਮਤ ਨਾਲ ਤਾਲਿਬਾਨ ਨੂੰ ਹੈਰਾਨ ਕਰ ਦਿੱਤਾ ਹੈ। ਬਾਲਖ ਸੂਬੇ ਦੀ ਔਰਤ ਗਵਰਨਰ ਸਲੀਮਾ ਮਜਾਰੀ ਨੇ ਲੋਕਾਂ ਨੂੰ ਜਥੇਬੰਦ ਕੀਤਾ। ਲੋਕਾਂ ਨੇ ਪਸ਼ੂ ਡੰਗਰ ਵੇਚੇ ਤੇ ਪੈਸੇ ਇਕੱਠੇ ਕਰ ਕੇ ਹਥਿਆਰ ਖਰੀਦੇ ।ਕੁਝ ਦਿਨ ਉਨ੍ਹਾਂ ਨੇ ਤਾਲਿਬਾਨਾਂ ਦਾ ਮੁਕਾਬਲਾ ਵੀ ਕੀਤਾ ਪਰ ਉਹ ਸਧਾਰਨ ਲੋਕ ਬਹੁਤੇ ਦਿਨ ਨਾ ਟਿਕ ਸਕੇ। ਸਲੀਮਾ ਮਜਾਰੀ ਪਕੜੀ ਗਈ ਤੇ ਪਤਾ ਨਹੀਂ ਉਹ ਜਾਂਬਾਜ਼ ਔਰਤ ਹੁਣ ਕਿਹੜੇ ਹਾਲ ਵਿੱਚ ਹੈ। ਪਰ ਸੱਤ ਤੇ ਅੱਠ ਸਤੰਬਰ ਨੂੰ ਅਫ਼ਗ਼ਾਨ ਔਰਤਾਂ ਕਾਬਲ ਵਿੱਚ ਹੀ ਨਹੀਂ ਸਗੋਂ ਸੱਤ ਤੋਂ ਵੱਧ ਸ਼ਹਿਰਾਂ ਵਿੱਚ ਘਰਾਂ ਤੋਂ ਬਾਹਰ ਨਿਕਲੀਆਂ ਤੇ ਤਾਲਿਬਾਨ ਦੇ ਨਾਲ ਨਾਲ ਪਾਕਿਸਤਾਨ ਦੇ ਖ਼ਿਲਾਫ਼ ਵੀ ਮੁਰਦਾਬਾਦ ਦੇ ਨਾਅਰੇ ਲਾਏ। ਘਬਰਾਏ ਤਾਲਿਬਾਨਾ ਨੇ ਔਰਤਾਂ ਨੂੰ ਮਾਰਿਆ, ਡਰਾਉਣ ਵਾਸਤੇ ਗੋਲ਼ੀਆਂ ਵੀ ਚਲਾਈਆਂ ਤੇ ਕਈਆਂ ਨੂੰ ਗ੍ਰਿਫਤਾਰ ਵੀ ਕੀਤਾ। ਪਰ ਖ਼ਬਰ ਏਜੰਸੀਆਂ ਅਨੁਸਾਰ ਔਰਤਾਂ ਦੇ ਪ੍ਰਦਰਸ਼ਨ ਵਿੱਚ ਕਮੀ ਆਉਣ ਦੀ ਬਜਾਏ ਇਸ ਵਿੱਚ ਵਾਧਾ ਹੀ ਹੋ ਰਿਹਾ ਹੈ। ਹੁਣ ਔਰਤਾਂ ਦਾ ਸਾਥ ਦੇਣ ਵਾਸਤੇ ਵੱਡੀ ਪੱਧਰ ਤੇ ਮਰਦ ਵੀ ਬਾਹਰ ਨਿਕਲ ਰਹੇ ਹਨ। ਹੁਣ ਤਾਲਿਬਾਨ ਔਰਤਾਂ ਵੱਲੋਂ ਮੁਜ਼ਾਹਰੇ ਕੀਤੇ ਜਾਣ 'ਤੇ ਪਾਬੰਦੀਆਂ ਲਾ ਰਹੇ ਹਨ।ਉਨ੍ਹਾਂ ਦਾ ਹੁਕਮ ਹੈ ਕਿ ਕੋਈ ਵੀ ਜਲੂਸ ਹਕੂਮਤ ਤੋਂ ਇਜਾਜ਼ਤ ਲੈ ਕੇ ਹੀ ਕੱਢਿਆ ਜਾਵੇ ਤੇ ਪਹਿਲਾਂ ਇਹ ਵੀ ਦੱਸਿਆ ਜਾਵੇ ਕਿ ਨਾਅਰੇ ਕਿਹੜੇ ਲਾਏ ਜਾਣਗੇ ,ਯਾਨਿ ਫਿਕਸ ਮੈਚ ਵਰਗਾ ਕੁਝ ਚਾਹੁੰਦੇ ਹਨ ਉਹ। ਪਰ ਇਹ ਨਾਅਰੇ ਤਾਂ ਮਨਾ ਵਿੱਚ ਉੱਸਲਵੱਟੇ ਲੈਂਦੇ ਤੂਫ਼ਾਨ ਦੀ ਜ਼ਬਾਨ ਹਨ, ਗ਼ੁੱਸੇ ਵਿੱਚ ਕਈ ਤਰ੍ਹਾਂ ਦੇ ਬੋਲ ਬੋਲੇ ਜਾ ਸਕਦੇ ਹਨ। ਕਿਵੇਂ ਕੋਈ ਲਿਖ ਕੇ ਦੇਵੇ ਕਿ ਕੀ ਬੋਲਾਂਗੇ !

ਔਰਤਾਂ ਦੇ ਇਨ੍ਹਾਂ ਵਿਰੋਧਮਈ ਪ੍ਰਦਰਸ਼ਨਾਂ ਨਾਲ ਅਫ਼ਗ਼ਾਨੀ ਨਾਗਰਿਕਾਂ ਦੇ ਅੰਦਰ ਵੀ ਹਿੰਮਤ ਪੈਦਾ ਹੋਣ ਲੱਗੀ ਹੈ ਕਿ ਅਸੀਂ ਤਾਲਿਬਾਨ ਨਾਲ ਲੜ ਸਕਦੇ ਹਾਂ ਇਨ੍ਹਾਂ ਜਾਂਬਾਜ਼ ਔਰਤਾਂ ਦੀ ਹਿੰਮਤ ਤੇ ਹੌਂਸਲੇ ਨੂੰ ਸਲਾਮ !


–ਅਰਤਿੰਦਰ ਸੰਧੂ

Sahitak Ekam (Literary Quarterly)
Artinder Sandhu, 404 Tilak Nagar, Amritsar-143001 Mobile : 98153-02081

ISSN No. :2394-1790
RNI No. : PUNPUN/2014/56934


ਪੁਸਤਕਾਂ





































































ਸੰਪਾਦਕ, ਛਾਪਕ, ਮਾਲਕ ਅਤੇ ਪ੍ਰਕਾਸ਼ਕ *ਸ੍ਰੀਮਤੀ ਅਰਤਿੰਦਰ ਸੰਧੂ*, 404, ਤਿਲਕ ਨਗਰ, ਅੰਮ੍ਰਿਤਸਰ ਵੱਲੋਂ
ਸਾਹਿਤਕ ਏਕਮ ਸੁਸਾਇਟੀ (ਰਜਿ.) ਲਈ, ਪ੍ਰਿੰਟਵੈੱਲ, 146, ਇੰਡਸਟਰੀਅਲ ਫੋਕਲ ਪੁਆਇੰਟ ਤੋਂ ਛਪਵਾ ਕੇ
404 ਤਿਲਕ ਨਗਰ, ਅੰਮ੍ਰਿਤਸਰ ਤੋਂ ਪ੍ਰਕਾਸ਼ਿਤ ਕੀਤਾ।